# ਅਜੋਕਾ ਜਲਵਾਯੂ ਸੰਕਟ ਅਤੇ ਸਿਹਤ ਸਮੱਸਿਆਵਾਂ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਅਜੋਕਾ ਜਲਵਾਯੂ ਸੰਕਟ ਅਤੇ ਸਿਹਤ ਸਮੱਸਿਆਵਾਂ**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2013

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲੇਜ ਰੋਡ, ਬਰਨਾਲਾ-148101

ਫ਼ੋਨ : 01679-241744, 233244 ਫ਼ੈਕਸ : 241744

Email : tarksheel@gmail.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2013 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   ਭਾਗ-1 ਭਾਗ-2
   ਭਾਗ-3 ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ
29. ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ
30. ਬਿਮਾਰੀਆਂ ਤੋਂ ਬਚਾਅ ਕਿਵੇਂ?
31. ਗਰੀਬ ਬਨਾਮ ਭਾਰਤੀ ਅਰਥਚਾਰਾ
32. ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?
33. ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ
34. ਅਜੋਕੀ ਸਿੱਖਿਆ ਪ੍ਰਣਾਲੀ ਦਸ਼ਾ ਤੇ ਦਿਸ਼ਾ
35. ਅਜੋਕਾ ਜਲਵਾਯੂ ਸੰਕਟ ਅਤੇ ਸਿਹਤ ਸਮੱਸਿਆਵਾਂ

# ਤਤਕਰਾ


1. ਵਾਤਾਵਰਣ ਸੰਕਟ ਕਰਕੇ ਆਦੀਵਾਸੀ ਜਾਤੀਆਂ ਦਾ ਅਲੋਪ ਹੋਣਾ ਕਿਵੇਂ? 5
2. ਹਵਾ 'ਚ ਘੁਲਦਾ ਜ਼ਹਿਰ ਤੇ ਪ੍ਰਦੂਸ਼ਿਤ ਪਾਣੀ ਕਿਉਂ? 7
3. ਕੀ ਹੈ ਜਲਵਾਯੂ ਤਬਦੀਲੀ ਦਾ ਸਰਬਵਿਆਪੀ ਅਸਰ? 12
4. ਜਲਵਾਯੂ ਸੰਕਟ ਸਬੰਧੀ ਗੱਲਬਾਤ ਹਰ-ਵਾਰੀ ਅਸਫਲ ਕਿਉਂ? 15
5. ਜਲਵਾਯੂ ਸੰਕਟ ਬਾਰੇ ਵੱਖੋ-ਵੱਖ ਨਜ਼ਰੀਏ ਕਿਉਂ? 17
6. ਦਿੱਲੀ 'ਚ ਵਧਦਾ ਯਮੁਨਾ ਨਦੀ ਦਾ ਪ੍ਰਦੂਸ਼ਣ ਹੈ ਕਿਉਂ? 22
7. ਕੀ ਵਾਤਾਵਰਣ ਦੀ ਸ਼ਿਕਾਰ ਗੰਗਾ ਵੀ ਹੈ? 25
8. ਚੰਬਲ ਖੇਤਰ ਵਿੱਚ ਕੀ ਪਾਣੀ ਦਾ ਜ਼ਹਿਰ ਮੋਰਾਂ ਦੀ ਮੌਤ ਲਈ ਹੈ ਜਿੰਮੇਵਾਰ? 29
9. ਕੌਮੀ ਪੇਂਡੂ ਸਿਹਤ ਮਿਸ਼ਨ ਘਪਲੇ ਨੇ ਕੀ ਗੁਲ ਖਿਲਾਏ? 32
10. ਸਫਾਈ ਕਰਮਚਾਰੀਆਂ ਦੀ ਦਸ਼ਾ ਕਿੰਨੀ ਚਿੰਤਾਜਨਕ? 34
11. ਜੀਨ ਪ੍ਰਵਰਤਿਤ ਬੀਜਾਂ ਦਾ ਕੀ ਹੈ ਸਿਹਤ 'ਤੇ ਅਸਰ? 37
12. ਬਿਜਲੀ-ਪਾਣੀ ਦੀ ਸਮਸਿਆ ਨਿਜੀ ਜਾਂ ਸਮੂਹਕ? 39
13. ਭੁਪਾਲ ਗੈਸ ਪੀੜਤਾਂ ਦਾ ਸ਼ਰੀਰ ਗੈਰ ਮਨੁੱਖੀ ਪ੍ਰਯੋਗਾਂ ਲਈ ਕਿਉਂ? 43
14. ਕੁਪੋਸ਼ਣ ਦਾ ਕਹਿਰ-ਬੱਚਿਆਂ 'ਚ ਆਫਤ 45
15. ਕੀ ਤਪਦਿਕ ਗੁਰਦਿਆਂ ਦੀ ਵੀ ਹੋ ਸਕਦੀ ਹੈ? 48
16. ਹੱਡੀਆਂ ਤੇ ਜੋੜਾਂ ਦੀ ਤਪਦਿਕ ਕਿਵੇਂ ਹੁੰਦੀ ਹੈ? 50
17. ਪਿੱਤੇ ਦੀਆਂ ਬੀਮਾਰੀਆਂ ਕਿਹੜੀਆਂ ਤੇ ਕਿਉਂ? 52
18. ਫੇਫੜਿਆਂ ਦੀ ਦਰਦਨਾਕ ਬੀਮਾਰੀ ਨਿਮੋਨੀਆ 54
19. ਕੀ ਹੈ ਸਲਿਪ ਡਿਸਕ ਦਾ ਰੋਗ ਤੇ ਉਸ ਦਾ ਇਲਾਜ? 57
20. ਪਿੱਠ ਦਰਦ ਕਿਉਂ? ਕਾਰਨ, ਇਲਾਜ ਤੇ ਉਪਾਅ 59
21. ਸ਼ੂਗਰ ਦੀ ਬੀਮਾਰੀ ਗੁਰਦੇ ਕਿਵੇਂ ਖਰਾਬ ਕਰਦੀ ਹੈ? 62
22. ਦਿਲ ਦੀ ਝਿਲੀ ਦੀ ਤਪਦਿਕ ਕੀ ਹੈ? 65
23. ਪੇਟ ਦੀ ਤਪਦਿਕ ਦੀ ਮਰਜ਼ ਹੈ ਕੀ? 67
24. ਨੱਕ, ਕੰਨ ਤੇ ਗਲੇ ਦੀ ਤਪਦਿਕ ਕੀ ਹੁੰਦੀ ਹੈ? 69
25. ਹਲਕਾਅ ਦੀ ਬੀਮਾਰੀ ਤੋਂ ਬਚਣ ਦੇ ਉਪਾਅ ਕਿਹੜੇ? 71
26. ਕੀ ਬਾਂਝਪਣ ਦੂਰ ਕੀਤਾ ਜਾ ਸਕਦਾ ਹੈ? 75
27. ਕੀ ਹੈ ਲਿਕੋਰੀਆ ਦੀ ਬੀਮਾਰੀ? 78
28. ਔਰਤ ਦੇ ਜਨਣ ਅੰਗਾਂ ਦੀ ਤਪਦਿਕ 80
29. ਕਿਉਂ ਲਾਭਦਾਇਕ ਹੈ ਮਾਂ ਦਾ ਦੁੱਧ 82
30. ਗਾਂਧੀਵਾਦੀ: ਅਹਿੰਸਾ ਬਨਾਮ ਹਥਿਆਰਾਂ ਦਾ ਵਪਾਰ 86
31. ਕਿੰਗਫਿਸ਼ਰ ਸਾਡੀ ਕੀ ਲੱਗਦੀ ਹੈ? 89
32. ਧਾਰਮਿਕਤਾ ਬਨਾਮ ਤਰਕਸ਼ੀਲਤਾ 93
33. ਅਦਾਲਤ ਕੋਲ ਬਹੁਗਿਣਤੀ ਦੇ ਆਗੂਆਂ ਲਈ ਹੋਰ ਦਲੀਲਾਂ ਤੇ ਘੱਟ-ਗਿਣਤੀਆਂ ਲਈ ਹੋਰ 96
34. ਕਾਂਗਰਸੀ ਧਰਮਨਿਰਪੱਖਤਾ ਦੀ ਕੀ ਹੈ ਅਸਲ ਕਹਾਣੀ? 101
35. ਕੀ ਦਲਿਤ ਲੇਖਕਾਂ ਨੂੰ ਆਤਮ-ਨਿਰਖਣ ਦੀ ਲੋੜ ਹੈ? 104
36. ਕਾਲੇ ਧਨ ਦੀ ਵਿਦੇਸ਼ਾਂ 'ਚ ਮਾਤਰਾ ਕਿੰਨੀ? 106
37. ਗਾਂਧੀ ਬਨਾਮ ਭਗਤ ਸਿੰਘ 109
38. ਕੀ ਸਰਹੱਦ 'ਤੇ ਵੀ ਜਿੰਦਾ ਹੈ ਭਗਤ ਸਿੰਘ? 116
39. ਭਗਤ ਸਿੰਘ ਸਬੰਧੀ ਚੀਜ਼ਾਂ ਨੂੰ ਗੋਲਮੋਲ ਕਰਨ ਦੇ ਯਤਨ ਕਿਉਂ? 119
40. ਕੀ ਹੈ ਹਿੰਦੀ ਪ੍ਰਿੰਟ ਮੀਡੀਆ 'ਚ ਔਰਤਾਂ ਦੀ ਦਸ਼ਾ? 126
41. ਕੀ ਹੈ ਵੰਸਵਾਦ ਤੇ ਲੋਕਤੰਤਰ? 129
42. ਵਧਦੇ ਅਪਰਾਧਾਂ ਦਾ ਦੇਸ਼-ਐਨ. ਸੀ. ਆਰ. ਬੀ. 133
43. ਕੀ ਪੈਨਸ਼ਨ ਬਜ਼ੁਰਗਾਂ ਦਾ ਹੱਕ ਨਹੀਂ? 136
44. ਕੀ ਹੈ ਡੂੰਘਾ ਹੁੰਦਾ ਆਰਥਿਕ ਸੰਕਟ ਤੇ ਵਧਦਾ ਹੋਇਆ ਰਾਜਸੀ ਸੰਕਟ? 139
45. ਕੀ ਹੈ ਭਾਰਤ ਦੀ ਰਾਜਨੀਤੀ 'ਤੇ ਵਿਦੇਸ਼ੀ ਕੰਪਨੀਆਂ ਦਾ ਅਸਰ? 142
46. ਪੈਟਰੋਲ ਕੀਮਤਾਂ 'ਚ ਵਾਧਾ ਸਰਾਸਰ ਧੱਕਾ ਕਿਵੇਂ? 146
47. ਬਹਾਨਾ ਮਦਦ ਦਾ, ਕੰਟਰੋਲ ਵਧੇ ਅਮਰੀਕਾ ਦਾ 152
48. ਸਾਡੀ ਨਿਆਂ ਪ੍ਰਣਾਲੀ ਕਿੰਨੀ ਕੁ ਭਲੀ ਮਾਣਸ? 155
49. ਕਿਉਂ ਹੈ ਵਾਲੀਵਾਲ ਖਿਡਾਰਣ ਸੋਨੂੰ (ਅਰੂਣਿਆਂ) ਨਾਲ ਬੇਇਨਸਾਫੀ? 158

# ਵਾਤਾਵਰਣ ਸੰਕਟ ਕਰਕੇ ਆਦੀਵਾਸੀ ਜਾਤੀਆਂ ਦਾ ਅਲੋਪ ਹੋਣਾ ਕਿਵੇਂ?

ਅਨੰਤਕਾਲ ਤੋਂ ਕੁਦਰਤ ਦੀ ਗੋਦ 'ਚ ਰਹਿਣ ਵਾਲੀਆਂ ਆਦੀਵਾਸੀ ਜਾਤੀਆਂ ਨੂੰ ਲੁਟੇਰੀਆਂ ਬ੍ਰਿਟਿਸ਼ ਬਸਤੀਵਾਦੀ ਨੀਤੀਆਂ ਕਾਰਨ ਦੋ ਸੌ ਸਾਲਾਂ ਤੱਕ ਉਜਾੜਿਆ ਜਾਂਦਾ ਰਿਹਾ। ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਸੁਪਰੀਮ ਕੋਰਟ ਵੱਲੋਂ ਸੰਨ 2000 'ਚ ਜੰਗਲਾਂ ਤੇ ਕੌਮੀ ਦੌਲਤਾਂ 'ਚੋਂ ਸੁਕੀ ਲੱਕੜੀ ਤੇ ਘਾਹ ਕੱਟਣ 'ਤੇ ਵੀ ਰੋਕ ਲਾਉਣੀ ਇਸ ਦਿਸ਼ਾ ਵਿੱਚ ਇੱਕ ਹੋਰ ਕਦਮ ਹੈ। ਇਹ ਜੰਗਲਾਂ 'ਚ ਹਰੇ ਭਰੇ ਦਰੱਖਤ ਕੱਟਣ ਵਾਲੇ ਮਾਫ਼ੀਆ ਖਿਲਾਫ਼ ਉਠਿਆ ਕਦਮ ਲੱਗ ਸਕਦਾ ਹੈ ਪਰ ਸਚਾਈ ਕੁਝ ਹੋਰ ਹੀ ਹੈ। ਇਸ ਫੈਸਲੇ ਕਾਰਨ ਨਜਾਇਜ਼ ਕਟਾਈ ਤਾਂ ਨਹੀਂ ਰੁਕੀ, ਪਰ ਇਹ ਪਾਬੰਦੀ ਵਣ ਖੇਤਰ 'ਚ ਰਹਿਣ ਵਾਲੇ 40 ਲੱਖ ਆਦੀਵਾਸੀਆਂ ਦੀ ਰੋਟੀ ਰੋਜੀ ਲਈ ਭਾਰੀ ਖਤਰਾ ਸਾਬਤ ਹੋਈ ਹੈ। ਇੱਕ ਪਾਸੇ ਵਣ ਵਿਭਾਗ ਨੂੰ ਜਬਰ ਦਾ ਨਵਾਂ ਹੁਥਿਆਰ ਮਿਲਿਆ ਤਾਂ ਦੂਜੇ ਪਾਸੇ ਇਸ ਕਾਰਨ ਲੱਖਾਂ ਆਦੀਵਾਹੀ ਬੇਰੁਜ਼ਗਾਰੀ, ਭੁਖਮਾਰੀ, ਕੰਗਾਲੀ ਤੇ ਉਜਾੜੇ ਦੀ ਪੀੜ ਝਲ ਰਹੇ ਹਨ। ਨਾਲ ਈ ਕਦੀ ਖਣਿਜ ਪਦਾਰਥਾਂ ਦੀ ਲੁੱਟ ਲਈ, ਕਦੀ ਦੇਸੀ ਵਿਦੇਸ਼ੀ ਕੰਪਨੀਆਂ ਨੂੰ ਜ਼ਮੀਨ ਦੇਣ ਲਈ, ਕਦੀ ਜੰਗਲਾਂ ਦੀ ਰਾਖੀ ਦੇ ਨਾਂ ਹੇਠ ਉਹਨਾਂ ਨੂੰ ਉਜਾੜਿਆ ਜਾ ਰਿਹਾ ਹੈ। ਅਨੁਮਾਨ ਹੈ ਕਿ 'ਅਜ਼ਾਦੀ' ਦੇ ਪਿੱਛੋਂ ਤੋਂ ਹੁਣ ਤੱਕ ਲਗਭਗ 2 ਕਰੋੜ ਆਦੀਵਾਸੀਆਂ ਨੂੰ ਵਿਕਾਸ ਪ੍ਰੋਜੈਕਟਾਂ ਦੇ ਨਾਂ 'ਤੇ ਉਹਨਾਂ ਦੀ ਹਜ਼ਾਰਾਂ ਸਾਲਾਂ ਤੋਂ ਸਥਾਪਿਤ ਜ਼ਮੀਨ ਤੇ ਸੁਭਿਅਤਾ ਤੋਂ ਉਜਾੜ ਕੇ ਉਹਨਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਨੂੰ ਛੱਡ ਦਿੱਤਾ ਗਿਆ। ਦਰਅਸਲ ਆਦੀਵਾਸੀਆਂ ਦੀ ਜੀਵਨਸ਼ੈਲੀ 'ਚ ਕਾਰਬਨ ਦੀ ਪੈਦਾਇਸ਼ (ਉਤਸਰਜਨ) ਦੀ ਬਹੁਤ ਹੀ ਘੱਟ ਗੁੰਜਾਇਸ਼ ਹੁੰਦੀ ਹੈ। ਉਹ ਦਰੱਖਤਾਂ ਦੇ ਪੱਤਿਆਂ ਨਾਲ ਬਣੇ ਦੋਨੇ-ਪਤਲਾਂ ਤੇ ਮਿੱਟੀ ਦੇ ਭਾਂਡਿਆਂ ਨਾਲ ਆਪਣਾ ਕੰਮ ਚਲਾ ਲੈਂਦੇ ਹਨ। ਲੱਕੜੀਆਂ ਦੀਆਂ ਖੜਾਵਾਂ, ਬਾਂਸ ਦੀ ਚਾਰਪਾਈ ਤੇ ਰੋਜ਼ਾਨਾ ਜੀਵਨ ਦੀ ਸਾਰੀ ਉਪਯੋਗੀ ਸਮੱਗਰੀ ਉਹਨਾਂ ਨੂੰ ਵਣਾਂ ਤੋਂ ਮਿਲ ਜਾਂਦੀ ਹੈ। ਵਰਤੋਂ ਪਿੱਛੋਂ ਇਹ ਸਭ ਸਾਮਗਰੀ ਸੜ ਕੇ ਕੁਦਰਤ 'ਚ ਘੁਲ-ਮਿਲ ਜਾਂਦੀ ਹੈ। ਕੋਈ ਕਾਰਬਨ ਪੈਦਾਇਸ਼ ਨਹੀਂ, ਕੋਈ ਪ੍ਰਦੂਸ਼ਣ ਨਹੀਂ ਅਤੇ ਸ਼ਹਿਰੀਕਰਨ ਤੋਂ ਪੈਦਾ ਹੋਣ ਵਾਲੇ ਕਚਰੇ ਦੇ ਨਿਪਟਾਰੇ ਦੀ ਕੋਈ ਸਮੱਸਿਆ ਨਹੀਂ।

ਸਥਾਨਕ ਸਮੂਹ ਤੇ ਆਦੀਵਾਸੀ ਲੋਕ ਕਿਸੇ ਵੀ ਕੁਦਰਤੀ ਆਫਤ ਦੇ ਆਉਣ ਦੇ ਖਤਰੇ ਨੂੰ ਸਭ ਤੋਂ ਪਹਿਲਾਂ ਭਾਂਪ ਲੈਂਦੇ ਹਨ। ਮੌਸਮ ਤੇ ਸਥਾਨਕ ਵਾਤਾਵਰਣ ਵਿਗੜਨ 'ਤੇ ਉਹਨਾਂ ਦਾ ਜੀਵਨ ਤੁਰੰਤ ਅਸਰਅੰਦਾਜ਼ ਹੁੰਦਾ ਹੈ। ਇਸ ਲਈ ਕੁਦਰਤ ਦੇ ਇਹ ਮਿੱਤਰ ਵਾਤਾਵਰਣ ਪ੍ਰਦੂਸ਼ਣ ਜਾਂ ਜੰਗਲਾਂ ਦੇ ਵਿਨਾਸ਼ ਖਿਲਾਫ ਫੌਰਨ ਸੰਘਰਸ਼ ਛੇੜ ਦਿੰਦੇ ਹਨ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਮਨੁੱਖਤਾ ਜਿਸ ਭਿਆਨਕ ਤੇ ਵਿਆਪਕ ਵਾਤਾਵਰਣ ਸੰਕਟ ਤੋਂ ਲੰਘ ਰਹੀ ਹੈ। ਇਸ ਹਾਲਤ ਵਿੱਚ ਕੁਦਰਤ ਨੂੰ ਸੁਰੱਖਿਅਤ ਰੱਖਣ ਵਾਲੇ ਆਦੀਵਾਸੀ ਕਿੰਨੀ ਅਹਿਮ ਭੂਮਿਕਾ ਨਿਭਾ ਸਕਦੇ ਹਨ। ਪਰ ਉਲਟਾ ਉਹਨਾਂ ਨੂੰ ਹੀ ਵਿਕਾਸ ਦੇ ਨਾਂ ਹੇਠ ਉਜਾੜਿਆ ਜਾ ਰਿਹਾ ਹੈ ਅਤੇ ਵਿਰੋਧ ਕਰਨ 'ਤੇ ਪੁਲਿਸ ਫੌਜ ਦੇ ਦਮ 'ਤੇ ਉਹਨਾਂ 'ਤੇ ਬੇਰਹਿਮ ਅਤਿਆਚਾਰ

ਕੀਤਾ ਜਾਂਦਾ ਹੈ। ਸੰਨ 2006 ’ਚ ਪਾਸ ਤੇ ਜਨਵਰੀ 2008 ’ਚ ਲਾਗੂ ਵਣ ਅਧਿਕਾਰ ਕਾਨੂੰਨ ਵੰਚਿਤ ਹੱਕ ਮੋੜਨ ਬਾਰੇ ਜੁਬਾਨੀ ਜਮ੍ਹਾਂ-ਖਰਚ ਹੈ ਜਦ ਕਿ ਹਕੀਕਤ ਕੁੱਝ ਹੋਰ ਹੀ ਹੈ। ਆਦੀਵਾਸੀਆਂ ਦੀ ਲੁੱਟ ਕਰਕੇ ਮੌਜ ਕਰਨ ਵਾਲੇ ਲੱਠਮਾਰ, ਪਰਜੀਵੀ ਸਮੂਹਾਂ ਨੇ ਕਈ ਇਲਾਕਿਆਂ ’ਚ ਆਦੀਵਾਸੀਆਂ ਦੇ ਘਰ ਸਾੜ ਦਿੱਤੇ ਅਤੇ ਉਹਨਾਂ ਉਪਰ ਤਰ੍ਹਾਂ-ਤਰ੍ਹਾਂ ਦੇ ਜੁਲਮ ਢਾਹੇ। ਇਹਨਾਂ ਲਠੈਤਾਂ ਨੂੰ ਵਣ ਵਿਭਾਗ, ਪੁਲਸ ਪ੍ਰਸਾਸ਼ਨ ਤੇ ਰਾਜਸੀ ਨੇਤਾਵਾਂ ਦੀ ਸ਼ਹਿ ਹਾਸਲ ਹੁੰਦੀ ਹੈ। ਪਰ ਅੱਜ ਇਹਨਾਂ ਅਤਿਆਚਾਰਾਂ ਨਾਲ ਹਾਰ ਨਾ ਮੰਨਕੇ ਆਦੀਵਾਸੀ ਤੇ ਵਾਹੂਣੇ ਲੋਕਾਂ ਜਲ, ਜੰਗਲ, ਜ਼ਮੀਨ ’ਤੇ ਆਪਣੇ ਅਧਿਕਾਰ ਲਈ ਜੀ ਜਾਨ ਨਾਲ ਲੜ ਰਹੇ ਹਨ।

# ਹਵਾ ’ਚ ਘੁਲਦਾ ਜ਼ਹਿਰ ਤੇ ਪ੍ਰਦੂਸ਼ਿਤ ਪਾਣੀ ਕਿਉਂ?

ਸਨਅਤ, ਆਵਾਜਾਈ ਦੇ ਸਾਧਨ, ਊਰਜਾ ਕਾਰਖਾਨੇ ਤੇ ਨਗਰ ਨਿਗਮਾਂ ਦੇ ਕਚਰੇ ਤੋਂ ਨਿਕਲਣ ਵਾਲੀਆਂ ਗੈਸਾਂ ਲਗਾਤਾਰ ਹਵਾ ’ਚ ਘੁਲ ਰਹੀਆਂ ਹਨ। ਇਹਨਾਂ ਜ਼ਹਿਰਲੀਆਂ ਗੈਸਾਂ ਦੀ ਮਾਰ ਹੇਠ ਆ ਕੇ ਹਰ ਸਾਲ ਦੁਨੀਆਂ ਭਰ ’ਚ 24 ਲੱਖ ਲੋਕ ਠੰਢੀ ਮੌਤ ਮਰਦੇ ਹਨ। ਹਵਾ ਪ੍ਰਦੂਸ਼ਣ ਨਾਲ ਸਾਹ ਲੈਣ ’ਚ ਦਿੱਕਤ, ਦਮੇ ਦੀ ਬੀਮਾਰੀ, ਸਾਹ ਦੀ ਅਲਰਜੀ, ਫੇਫੜਿਆਂ ਤੇ ਦਿਲ ਸਬੰਧੀ ਬੀਮਾਰੀਆਂ ਹੁੰਦੀਆਂ ਹਨ। ਭਾਰਤ ’ਚ 80 ਫੀਸਦੀ ਊਰਜਾ ਦੀ ਪੈਦਾਵਾਰ ਕੋਇਲੇ ਤੋਂ ਹੁੰਦੀ ਹੈ ਜਿਸ ਨਾਲ ਹੋਣ ਵਾਲੇ ਪ੍ਰਦੂਸ਼ਣ ਨਾਲ ਹਰ ਸਾਲ ਤਿੰਨ ਲੱਖ ਲੋਕ ਆਪਣੀ ਜ਼ਿੰਦਗੀ ਤੋਂ ਹੱਥ ਧੋ ਲੈਂਦੇ ਹਨ। ਪੂੰਜੀਵਾਦ ਦੇ ਵਿਕਾਸ ਦੀ ਗੱਲ ਕਰਦੇ ਸਮੇਂ ਉਸ ਦੇ ਹਨੇਰੇ ਪਹਿਲੂਆਂ ’ਤੇ ਗੱਲ ਕਰਨ ਤੋਂ ਲੋਕ ਟਾਲਾ ਵਟਦੇ ਹਨ। ਪਰ ਸੱਚਾਈ ਇਹ ਹੈ ਕਿ ਵੱਧ ਮੁਨਾਫਾ ਕਮਾਉਣ ਲਈ ਪੂੰਜੀਪਤ ਵਾਤਾਵਰਣ ਸੰਬੰਧੀ ਨਿਯਮਾਂ-ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹਨ। ਪੈਸਾ ਬਚਾਉਣ ਲਈ ਇਹ ਫੈਕਟਰੀ ਤੋਂ ਨਿਕਲਦੇ ਗੰਦੇ ਪਾਣੀ ਦੀ ਸਫਾਈ ਲਈ ਜਲਸੋਧ ਉਪਕਰਣ ਲਾਉਣ ਦੀ ਬਜਾਏ ਉਸ ਨੂੰ ਨਦੀ ਨਾਲੀਆਂ ’ਚ ਵਹਾ ਦਿੰਦੇ ਹਨ। ਇੱਥੋਂ ਤੱਕ ਕਿ ਵਾਤਾਵਰਣ ਨੂੰ ਜ਼ਹਿਰਲੀਆਂ ਗੈਸਾਂ ਤੋਂ ਬਚਾਉਣ ਲਈ ਚਿਮਨੀਆਂ ’ਚ ਫਿਲਟਰ ਤੱਕ ਨਹੀਂ ਲਾਉਂਦੇ। ਜ਼ਹਿਰਲੀਆਂ ਗੈਸਾਂ ਦੀਆਂ ਫੈਕਟਰੀਆਂ ਨੇ ਕਈ ਦਿਲ ਦਹਿਲਾ ਦੇਣ ਵਾਲੇ ਹਾਦਸਿਆਂ ਨੂੰ ਜਨਮ ਦਿੱਤਾ ਹੈ।

1952 ’ਚ ਲੰਦਨ ਸ਼ਹਿਰ ’ਚ ਖਤਰਨਾਕ ਧੂੰਏਂ ਦੀ ਮਾਰ ਹੇਠ ਆ ਕੇ 6 ਦਿਨ ’ਚ ਇਕ ਹਜ਼ਾਰ ਲੋਕ ਮਾਰੇ ਗਏ ਅਤੇ ਅਗਲੇ ਮਹੀਨੇ 8 ਹਜ਼ਾਰ ਲੋਕ ਮੌਤ ਦਾ ਸ਼ਿਕਾਰ ਹੋਏ। ਐਸੇ ਹੀ ਹਾਦਸੇ, ਰੂਸ ਦੇ ਸਰਵੇਦਲੋਵਸਕ, ਅਮਰੀਕਾ ਦੇ ਡੋਨੋਰਾ, ਪੇਨਸਲਵੇਨਿਆ ਅਤੇ ਭਾਰਤ ’ਚ ਭੁਪਾਲ ਗੈਸ ਕਾਂਡ ਦੇ ਦੌਰਾਨ ਹੋ ਚੁੱਕੇ ਹਨ। ਅਮਰੀਕੀ ਯੂਨੀਅਨ ਕਾਰਬਾਈਡ ਕੰਪਨੀ ’ਚ ਸੰਨ 1984 ਦੌਰਾਨ ਗੈਸ ਰਿਸਾਅ ਹੋਣ ਨਾਲ ਭੁਪਾਲ ਦੇ ਲੱਖਾਂ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਗਈ। ਵਾਰ-ਵਾਰ ਕਰਮਚਾਰੀਆਂ ਤੇ ਪੱਤਰਕਾਰਾਂ ਦੀ ਚੇਤਾਵਨੀ ਦੇ ਬਾਵਜੂਦ ਅਤੇ ਕੰਪਨੀ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਛੋਟੇ-ਛੋਟੇ ਰਸਾਅ ਨੂੰ ਅਣਦੇਖੀ ਕਰਕੇ ਵੱਡੀ ਘਟਨਾ ਨੂੰ ਜਨਮ ਦਿੱਤਾ। ਅੱਜ ਵੀ ਇਸ ਦੇ ਜਖ਼ਮ ਦੇਸ਼ ਦੀ ਛਾਤੀ ’ਤੇ ਮਹਿਸੂਸ ਕੀਤੇ ਜਾ ਸਕਦੇ ਹਨ। ਜੁਲਾਈ 2010 ’ਚ ਮੁੰਬਈ ਬੰਦਰਗਾਹ ਦੇ ਸੇਵਰੀ ਸਨਅਤੀ ਖੇਤਰ ’ਚ ਗੈਸ ਰਿਸਾਅ ਨਾਲ 76 ਲੋਕ ਗੰਭੀਰ ਰੂਪ ’ਚ ਜਖ਼ਮੀ ਹੋਏ। ਐਸਬੇਸਟੋਸ ਜਿਸ ’ਤੇ ਕਈ ਦੇਸ਼ਾਂ ’ਚ ਪਬੰਦੀ ਹੈ ਕਿਉਂਕਿ ਇਹ ਸਾਹ ਦੀ ਬੀਮਾਰੀ ਤੇ ਕੈਂਸਰ ਨੂੰ ਸੱਦਾ ਦਿੰਦਾ ਹੈ, ਪਰ ਸਾਡੇ ਦੇਸ਼ ’ਚ ਇਸ ਦੀ ਪੈਦਾਵਾਰ ਬੇਰੋਕ-ਟੋਕ ਜਾਰੀ ਹੈ। ਵਿਰੋਧ ਕਰਨ ਵਾਲੇ ਸਥਾਨਕ ਲੋਕਾਂ ’ਤੇ ਸਰਕਾਰ ਜਬਰ ਢਹੁੰਦੀ ਹੈ ਤਾਂ ਕਿ ਕੰਪਨੀਆਂ ਦਾ ਮੁਨਾਫਾ ਜਾਰੀ ਰਹੇ। ਦੁਨੀਆਂ ’ਚ ਸਭ ਤੋਂ ਵੱਧ ਕਾਰਬਨ ਡਾਈਆਕਸਾਈਡ ਪੈਦਾ ਕਰਨ ਵਾਲਾ ਅਮਰੀਕਾ ਹਵਾ ’ਚ ਪ੍ਰਦੂਸ਼ਣ ਦੇ ਨਾਲ ਹੀ ਗਲੋਬਲ ਵਾਰਮਿੰਗ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਗਲੋਬਲ ਵਾਰਮਿੰਗ ਦਾ ਪ੍ਰਭਾਵ ਦੂਰਗਾਮੀ ਹੁੰਦਾ ਹੈ ਜੋ ਹਵਾ ਪ੍ਰਦੂਸ਼ਣ ਦੇ ਫੌਰੀ ਅਸਰ ਤੋਂ ਕਿਤੇ ਵੱਧ ਘਾਤਕ ਹੈ। ਵਾਹਨਾਂ ’ਚੋਂ ਨਿਕਲਣ ਵਾਲਾ

ਧੂੰਆਂ ਦੁਨੀਆਂ ਭਰ ’ਚ ਹਵਾ ਪ੍ਰਦੂਸ਼ਣ ਦਾ ਇੱਕ ਵੱਡਾ ਸਰੋਤ ਹੈ। ਨਿਜੀ ਮੋਟਰਕਾਰ ਰੱਖਣਾ, ਉਚ ਤੇ ਖੁਸ਼ਹਾਲ ਮੱਧ ਵਰਗ ਦੀ ਸ਼ਾਨੋ ਸ਼ੌਕਤ ਦਾ ਪ੍ਰਤੀਕ ਹੈ ਜਦ ਕਿ 70 ਫੀਸਦੀ ਹਵਾ ਪ੍ਰਦੂਸ਼ਣ ਲਈ ਗੱਡੀਆਂ ਤੋਂ ਨਿਕਲਣ ਵਾਲਾ ਧੂੰਆਂ ਹੀ ਜ਼ਿੰਮੇਵਾਰ ਹੈ। ਸਾਡੇ ਦੇਸ਼ ’ਚ ਪਿਛਲੇ 20 ਸਾਲਾਂ ’ਚ ਵਾਹਨਾਂ ਤੋਂ ਨਿਕਲਣ ਵਾਲੇ ਪ੍ਰਦੂਸ਼ਣ ’ਚ ਅੱਠ ਗੁਣਾ ਤੇ ਸਨਅੱਤੀ ਪ੍ਰਦੂਸ਼ਣ ’ਚ ਚਾਰ ਗੁਣਾ ਵਾਧਾ ਹੋਇਆ ਹੈ। ਜਦ ਕਿ ਆਰਥਕ ਵਿਕਾਸ ’ਚ ਸਿਰਫ਼ ਢਾਈ ਗੁਣਾ ਦਾ ਵਧਾ ਹੋਇਆ ਹੈ। ਦਿੱਲੀ, ਮੁੰਬਈ, ਕਲਕੱਤਾ ਮਦਰਾਸ ਤੇ ਹੋਰ ਵੱਡੇ ਸ਼ਹਿਰਾਂ ’ਚ ਹਵਾ ਪ੍ਰਦੂਸ਼ਣ ਸਾਰੀਆਂ ਹੱਦਾਂ ਪਾਰ ਕਰ ਚੁੱਕਿਆ ਹੈ। ਬੰਗਲੌਰ ਨੂੰ ਸਾਹ ਦਮੇ ਦੀ ਬੀਮਾਰੀ ਦੀ ਰਾਜਧਾਨੀ ਕਿਹਾ ਜਾਣ ਲੱਗਿਆ ਹੈ। ਅਧਿਐਨ ਦੱਸਦਾ ਹੈ ਕਿ ਇੱਥੋਂ ਦੇ 60 ਲੱਖ ਨਿਵਾਸੀਆਂ ਵਿੱਚੋਂ 10 ਫੀਸਦੀ ਲੋਕ ਅਤੇ 18 ਸਾਲਾਂ ਤੋਂ ਘੱਟ ਉਮਰ ਦੇ 50 ਫੀਸਦੀ ਲੋਕ ਹਵਾ ਪ੍ਰਦੂਸਣ ਨਾਲ ਹੋਣ ਵਾਲੀਆਂ ਬੀਮਾਰੀਆਂ ਦਾ ਸ਼ਿਕਾਰ ਹਨ। ਸਿਰਫ਼ ਹਵਾਈ ਜ਼ਹਾਜ ਤੋਂ ਨਿਕਲਣ ਵਾਲੀਆਂ ਗੈਸਾਂ ਨਾਲ ਸਾਡੇ ਦੇਸ਼ ਦੇ 8 ਹਜ਼ਾਰ ਲੋਕ ਹਰ ਸਾਲ ਮਰ ਜਾਂਦੇ ਹਨ, ਪਿਛਲੇ ਵੀਹ ਸਾਲਾਂ ਦੌਰਾਨ ਹੋਣ ਵਾਲੇ ਤੇਜ ਪੂੰਜੀਵਾਦੀ ਆਰਥਕ ਵਿਕਾਸ ਦੀ ਇਹ ਤਸਵੀਰ ਕਿੰਨੀ ਘਿਨੌਣੀ ਹੈ, ਫਿਰ ਵੀ ਪੂੰਜੀਵਾਦੀ ਮੀਡੀਆ ਤੇ ਕਲਮ ਘਿਸਾਊ ਬੁਧੀ-ਜੀਵੀ ਹਮੇਸ਼ਾਂ ਇਸ ਸੱਚਾਈ ’ਤੇ ਪਰਦਾ ਪਾਉਂਦੇ ਹਨ।

**ਪੀਣ ਵਾਲਾ ਪ੍ਰਦੂਸ਼ਿਤ ਪਾਣੀ** : - ਅੱਜ ਨਦੀਆਂ ’ਚ ਏਨਾ ਜ਼ਹਿਰ ਘੁਲ ਗਿਆ ਹੈ ਕਿ ਇਨ੍ਹਾਂ ਦਾ ਪਾਣੀ ਜੀਵਨ ਦਾਈ ਨਹੀਂ ਬਲਕਿ ਜਨਲੇਵਾ ਹੋ ਗਿਆ ਹੈ। ਯਮੁਨਾ ’ਚ ਪਾਣੀਪਤ, ਸਮਾਲਖਾ ਤੇ ਸੋਨੀਪਤ ਦੇ ਕਾਰਖਾਨਿਆਂ ਦਾ ਜ਼ਹਿਰੀਲਾ ਗੰਦਾ-ਪਾਣੀ ਛੱਡਣ ਨਾਲ ਅਮੋਨੀਆ ਦਾ ਪੱਧਰ ਏਨਾ ਵਧ ਗਿਆ ਹੈ ਕਿ ਕਈ ਵਾਰ ਦਿੱਲੀ ਦੇ ਜਲ-ਸੋਧਿਕ ਪਲਾਂਟ ਵੀ ਬੰਦ ਕਰਨੇ ਪੈਂਦੇ ਹਨ। ਸਾਫ਼ ਕਰਕੇ ਵਰਤੋਂ ’ਚ ਲਿਆਉਣ ਲਈ 100 ਮਿਲੀਲਿਟਰ ਪਾਣੀ ਵਾਲੇ ਪਾਣੀ ’ਚ 500 ਤੋਂ ਵੱਧ ਖਤਰਨਾਕ ਫੀਕਲ ਕੋਲਿਫਾਰਮ ਜੀਵਾਣੂ ਨਹੀਂ ਹੋਣੇ ਚਾਹੀਦੇ ਜਦ ਕਿ ਕਈ ਥਾਵਾਂ ’ਤੇ ਯਮੁਨਾ ਦੇ ਪਾਣੀ ਵਿੱਚ 4-4 ਲੱਖ ਲੱਖ ਤੋਂ ਵੱਧ ਜੀਵਾਣੂ ਪਾਏ ਗਏ ਜੋ ਨਹਾਉਣ ਲਾਇਕ ਪਾਣੀ ਤੋਂ ਵੀ 100 ਗੁਣਾਂ ਵੱਧ ਖਤਰਨਾਕ ਹਨ। ਇਸ ਪਾਣੀ ’ਚ ਆਕਸੀਜਨ ਦੀ ਮਾਤਰਾ ਵੀ ਖਤਰਨਾਕ ਪੱਧਰ ਤੱਕ ਘਟ ਗਈ ਅਤੇ ਹੁਣ ਇਸਨੂੰ ਪੀਣ ਲਾਇਕ ਬਣਾਉਣ ਦਾ ਕੋਈ ਵੀ ਤਰੀਕਾ ਕਾਰਗਰ ਨਹੀਂ ਰਹਿ ਗਿਆ ਹੈ। ਇਹੀ ਹਾਲ ਗੰਗਾ ਨਦੀ ਦੇ ਪਾਣੀ ਦਾ ਵੀ ਹੈ। ਸਾਰੀਆਂ ਪਾਬੰਦੀਆਂ ਦੇ ਬਾਵਜੂਦ ਹਰਿਦੁਆਰ ਤੋ ਲੈ ਕੇ ਮੁਜਫਰ ਨਗਰ ਤੱਕ ਸੈਂਕੜੇ ਫੈਕਟੀਰੀਆਂ ਤੋਂ ਬਹਾਇਆ ਜਾ ਰਿਹਾ ਰਸਾਇਣਕ ਕਚਰਾ ਗੰਗਾ ’ਚ ਜ਼ਹਿਰ ਘੋਲ ਰਿਹਾ ਹੈ। ਵੈਸੇ ਤਾਂ ਗੰਗਾ ਨੂੰ ਪ੍ਰਦੂਸ਼ਿਤ ਮੁੱਕਤ ਬਣਾਉਣ ਲਈ ਕਈ ਨਿਯਮ ਲਾਗੂ ਹਨ। ਪਰ ਇਹ ਸਿਰਫ਼ ਕਾਗਜ਼ਾਂ ਤੇ ਫਾਇਲਾਂ ਤੱਕ ਸੀਮਤ ਹਨ। ਮੁਜਫਰਨਗਰ ਦੇ ਅੰਤਵਾੜਾ ਪਿੰਡ ਤੋਂ ਲੈ ਕੇ ਮੇਰਠ ਹੁੰਦੇ ਹੋਏ ਕਨੌਂਜ-ਦੇ ਨੇੜੇ ਗੰਗਾ ’ਚ ਮਿਲਣ ਵਾਲੀ ਕਾਲੀ ਨਦੀ ਕੈਂਸਰ ਦਾ ਕਾਰਨ ਬਣ ਚੁੱਕੀ ਹੈ। ਲੈਂਡ, ਕੈਡਮਿਅਮ, ਕ੍ਰੋਮਿਅਮ ਤੇ ਆਇਰਨ ਦੀ ਵਧ ਮਾਤਰ ਕਰਕੇ ਪੇਟ ਦੀਆਂ ਬੀਮਾਰੀਆਂ, ਉਲਟੀ, ਨਸਾਂ ’ਚ ਢਿਲਾਪਣ, ਕਿਡਨੀ ਦੀ ਖਰਾਬੀ, ਬੁਖਾਰ, ਗੁਰਦੇ ਫੇਲ੍ਹ ਹੋਣਾ, ਨਰਵਸ ਸਿਸਟਮ ਡੈਮੇਜ, ਚਮੜੀ ਰੋਗ, ਕੈਂਸਰ ਹੋਣ ਦਾ ਖਤਰਾ ਹੈ। ਇਹਨਾਂ ਤੱਤਾਂ ਤੋਂ ਇਲਾਵਾ ਨਦੀਆਂ ਦੇ ਪਾਣੀ ’ਚ ਬੀ. ਐਚ. ਸੀ, ਹੈਪਟਾਕਲੋਰ,

ਆਦਿ ਪਾਬੰਦੀਸ਼ੁਦਾ ਕੀਟਨਾਸ਼ਕ ਵੀ ਖਤਰਨਾਕ ਮਾਤਰਾ 'ਚ ਪਾਏ ਜਾਂਦੇ ਹਨ। ਹੈਂਡ ਪੰਪਾਂ ਨਾਲ ਵੀ ਇਸ ਨਦੀ ਦਾ ਪ੍ਰਦੂਸ਼ਿਤ ਪਾਣੀ ਨਿਕਲ ਰਿਹਾ ਹੈ। ਜਿਸ ਨੂੰ ਪੀ ਕੇ ਮੇਰਠ ਦੇ ਇਕ ਬਲਾਕ 'ਚ 250 ਪ੍ਰੀਵਾਰਾਂ ਦੇ ਲੋਕ ਕੈਂਸਰ ਤੇ ਚਮੜੀ ਰੋਗ ਦੀ ਲਪੇਟ ਵਿੱਚ ਹਨ ਤੇ ਜ਼ਿੰਦਗੀ ਤੋਂ ਤੰਗ ਆ ਕੇ ਉਹ ਮੌਤ ਦੀ ਭੀਖ ਮੰਗ ਰਹੇ ਹਨ। ਇਸ ਇਲਾਕੇ ਦੇ ਲੋਕਾਂ ਵਿੱਚ ਪ੍ਰਸਾਸ਼ਨ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਪ੍ਰਤੀ ਨਫਰਤ ਤੇ ਗੁੱਸਾ ਹੈ। ਕਈ ਵਾਰ ਉਹ ਅਧਿਕਾਰੀਆਂ ਨੂੰ ਬੰਦਕ ਬਣਾ ਚੁੱਕੇ ਹਨ ਫਿਰ ਵੀ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ।

ਪੱਛਮੀ ਉਤਰ ਪ੍ਰਦੇਸ਼ ਦੇ ਧਰਤੀ ਹੇਠਲੇ ਪਾਣੀ ਵਿੱਚ ਹਰ ਥਾਂ ਕਾਫੀ ਮਾਤਰਾ 'ਚ ਟੀ. ਡੀ. ਐਸ. ਰਸਾਇਣ ਘੁਲਮਿਲ ਚੁੱਕਿਆ ਹੈ। ਜਿਸ ਨਾਲ ਅਣਗਿਣਤ ਲੋਕ ਪੱਥਰੀ ਦੀ ਬੀਮਾਰੀ ਤੋਂ ਪੀੜਤ ਹਨ। ਦਿੱਲੀ ਦੇ ਪਾਸ ਤੋਂ ਲੰਘਣ ਵਾਲੀ ਹਿੰਡਨ ਨਦੀ ਇੰਨੀ ਵੱਧ ਪ੍ਰਦੂਸ਼ਿਤ ਹੋ ਗਈ ਹੈ ਕਿ ਉਸ ਦੇ ਨੇੜੇ ਦੇ ਲੋਕ ਆਪਣੀ ਧੀ ਦੀ ਸ਼ਾਦੀ ਇਥੇ ਕਰਨ ਤੋਂ ਕੰਨੀ ਕਤਰਾਉਂਦੇ ਹਨ। ਉਚ ਵਰਗ ਤੇ ਉਸ ਦੀਆਂ ਸਰਪ੍ਰਸਤ ਸਰਕਾਰਾਂ ਭਲਾ ਇਸ ਗੱਲ ਤੋਂ ਕਿਉਂ ਫ਼ਿਕਰਮੰਦ ਹੋਣਗੀਆਂ। ਉਹਨਾਂ ਲਈ ਤਾਂ ਵਾਟਰ-ਫਿਲਟਰ ਤੇ ਮਿਨਰਲ ਵਾਟਰ ਹੈ ਹੀ। ਪਾਣੀ ਵੇਚਣ ਵਾਲੀਆਂ ਕੰਪਨੀਆਂ ਇਸ ਜਾਨਲੇਵਾ ਪ੍ਰਦੂਸ਼ਣ ਦਾ ਲਾਭ ਉਠਾਉਂਦੀਆਂ ਹੋਈਆਂ ਕਰੋੜਾਂ-ਅਰਬਾਂ ਦੀ ਕਮਾਈ ਕਰ ਰਹੀਆਂ ਹਨ। ਨਾਲ ਹੀ ਇਸ ਤੋਂ ਪੈਦਾ ਬੀਮਾਰੀਆਂ ਦਾ ਇਲਾਜ ਕਰਨ ਵਾਲੇ ਡਾਕਟਰ ਵੀ ਆਪਣੀ ਤਿਜੌਰੀ ਭਰ ਰਹੇ ਹਨ। ਵਾਤਾਵਰਣ ਸੰਕਟ ਦੇ ਕਾਰਨ ਧਰਤੀ ਹੇਠਲੇ ਪਾਣੀ ਦੇ ਪੱਧਰ 'ਚ ਵੀ ਤੇਜੀ ਨਾਲ ਗਿਰਾਵਟ ਆਈ ਹੈ। ਪੱਛਮੀ ਉਤਰ ਪ੍ਰਦੇਸ਼ ਦੇ ਟਿਊਬਵੈਲਾਂ ਨੇ ਪਾਣੀ ਦੇਣਾ ਘੱਟ ਕਰ ਦਿੱਤਾ ਹੈ। ਕਈ ਟਿਊਬਵੈਲ ਸੁੱਕ ਚੁੱਕੇ ਹਨ। ਮਹਿੰਗੇ ਸਬਮਰਸੀਬਲ ਪੰਪ ਲਾਉਣ ਦੇ ਬਾਵਜੂਦ ਉਹਨਾਂ ਤੋਂ ਲੋੜੀਂਦਾ ਪਾਣੀ ਨਹੀਂ ਆ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਦੇ ਪਿੱਛੇ ਮੁੱਖ ਕਾਰਨ ਨਹਿਰਾਂ ਦੀ ਤਲੀ ਪੱਕੀ ਹੋਣਾ, ਤਲਾਬਾਂ ਦਾ ਸੁੱਕਣਾ ਤੇ ਭਰਾਅ, ਬਾਰਸ਼ ਦੀ ਘਾਟ ਤੇ ਧਰਤੀ ਹੇਠਲੇ ਪਾਣੀ ਦੀ ਬੇਹੱਦ ਨਿਕਾਸੀ ਹੈ। ਪ੍ਰਦੂਸ਼ਣ ਤੇ ਕਚਰਾ ਜਮ੍ਹਾ ਹੋਣ ਨਾਲ ਨਦੀਆਂ ਘੱਟ ਡੂੰਘੀਆਂ ਹੋ ਗਈਆਂ ਹਨ ਤੇ ਕਟਾਅ ਰੋਕਣ 'ਚ ਸਰਕਾਰ ਦੀ ਲਾਹਪ੍ਰਵਾਹੀ ਕਾਰਨ ਉਹਨਾਂ ਦੇ ਕਿਨਾਰੇ ਟੁੱਟ ਕੇ ਕੰਮਜੋਰ ਹੁੰਦੇ ਗਏ ਹਨ। ਭੀੜੀ ਹੋ ਚੁੱਕੀ ਯਮੁਨਾ ਸਾਲ 2010 'ਚ ਬਾਰਸ਼ ਦਾ ਪਾਣੀ ਸੰਭਾਲ ਨਹੀਂ ਸਕੀ ਤੇ ਉਸ ਦੇ ਕੰਮਜੋਰ ਕੰਢੇ ਦੇ ਬੰਨ੍ਹ ਟੁੱਟ ਕੇ ਕੰਮਜੋਰ ਹੁੰਦੇ ਗਏ ਹਨ। ਜਿਸ ਨਾਲ ਹਰਿਆਣੇ ਦੇ ਪੇਂਡੂ ਇਲਾਕਿਆਂ 'ਚ ਹੜ੍ਹ ਆ ਗਏ। ਇਹ ਸਥਿਤੀ ਦੂਜੇ ਦੇਸ਼ਾਂ ਦੀ ਵੀ ਹੈ। ਸੰਨ 2000 ਤੋਂ 2004 ਵਿੱਚ ਜਲ ਉਪਲੱਭਤਾ 'ਚ ਭਾਰੀ ਕਮੀ ਕਾਰਨ ਦੱਖਣੀ ਏਸ਼ੀਆ ਦੇ 46.2 ਕਰੋੜ ਲੋਕ ਸੋਕੇ ਦੀ ਮਾਰ ਹੇਠ ਆ ਕੇ ਮੌਤ ਜਾਂ ਉਜਾੜੇ ਦਾ ਸ਼ਿਕਾਰ ਹੋਏ। ਦੇਸ਼ ਦੇ ਹੋਰ ਇਲਾਕਿਆਂ 'ਚ ਵੀ ਪਾਣੀ ਸੰਕਟ ਡੂੰਘਾ ਹੋ ਰਿਹਾ ਹੈ। 230 ਕਿਲੋਮੀਟਰ ਖੇਤਰ 'ਚ ਫੈਲੀ ਰਾਜਸਥਾਨ ਦੀ ਖਾਰੇ ਪਾਣੀ ਦੀ ਸਾਂਭਰ ਝੀਲ ਸੁੱਕਣ ਦੇ ਕਿਨਾਰੇ ਹੈ। ਇਸ ਝੀਲ 'ਚ ਸਲਾਨਾ ਦੋ ਲੱਖ ਨੱਬੇ ਹਜ਼ਾਰ ਟਨ ਨਮਕ ਪੈਦਾਵਾਰ ਦੇ ਬਾਵਜੂਦ ਇਸ ਇਲਾਕੇ 'ਚ ਭਿਅੰਕਰ ਗਰੀਬੀ ਹੈ। ਧਰਤੀ ਹੇਠਲੇ ਪਾਣੀ ਦੀ ਵੱਧ ਲੁੱਟ ਕਾਰਨ ਆਸ-ਪਾਸ ਦੇ ਪਿੰਡਾਂ 'ਚ ਪੀਣ ਵਾਲੀ ਪਾਣੀ ਦੀ ਸਮੱਸਿਆ ਪੈਦਾ ਹੋ ਗਈ ਹੈ। ਦਰਅਸਲ ਨਮਕ ਦੇ ਬਾਜ਼ਾਰ ਮੁੱਲ 10 ਰੁਪਏ ਪ੍ਰਤੀ ਕਿਲੋ 'ਚੋਂ 40 ਪੈਸੇ

ਹੀ ਮੇਹਨਤ ਕਰਨ ਵਾਲੇ ਉਤਪਾਦਿਕ ਨੂੰ ਮਿਲਦੇ ਹਨ। ਬਾਕੀ ਸਨਅਤਕਾਰ ਤੇ ਵਪਾਰੀ ਡਕਾਰ ਜਾਂਦੇ ਹਨ। ਨਮਕ ਪੈਦਾਵਾਰ ਦੇ ਕੰਮ 'ਚ ਛੋਟੀਆਂ-ਵੱਡੀਆਂ ਕਈ ਕੰਪਨੀਆਂ ਕਾਰੋਬਾਰ ਫੈਲਾਅ ਚੁੱਕੀਆਂ ਹਨ। ਇਨ੍ਹਾਂ 'ਚੋਂ 74 ਫੀਸਦੀ ਕੰਪਨੀਆਂ ਗੈਰ ਕਾਨੂੰਨੀ ਹਨ। ਮਜ਼ਦੂਰਾਂ ਤੋਂ ਇੱਥੇ 9-10 ਘੰਟੇ, ਨੰਗੇ ਪੈਰੀਂ ਕੰਮ ਕਰਵਾਇਆ ਜਾਂਦਾ ਹੈ। ਜਿਸ ਨਾਲ ਉਹਨਾਂ ਦੇ ਚੇਹਰਿਆਂ 'ਤੇ ਝੁਰੜੀਆਂ ਤੇ ਪੈਰਾਂ 'ਚ ਛਾਲੇ ਪੈ ਜਾਂਦੇ ਹਨ। ਇਸ ਨੇ ਇੱਥੋਂ ਦੀ ਇੱਕ ਪੂਰੀ ਪੀੜ੍ਹੀ ਨੂੰ ਜਵਾਨੀ 'ਚ ਬੁੱਢਾ ਬਣਾ ਦਿੱਤਾ ਹੈ। ਇਹ ਲੋਕ 45 ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਇਹੀ ਹਾਲ ਦੇਸ਼ ਦੇ ਉਹਨਾਂ ਸਮੁੰਦਰੀ ਕੰਢਿਆਂ ਦੇ ਇਲਾਕਿਆਂ ਦਾ ਵੀ ਹੈ, ਜਿੱਥੇ ਨਮਕ ਬਣਾਇਆ ਜਾਂਦਾ ਹੈ। ਦੱਖਣੀ ਗੁਜਰਾਤ ਦੇ ਬਾਲ ਸਾੜ ਜਿਲੇ ਦਾ ਨਦਗਾਮ ਸਮੁੰਦਰੀ ਕਿਨਾਰਾ ਬਦਬੂਦਾਰ ਜ਼ਹਿਰੀਲੇ ਚਿਕੜ ਨਾਲ ਭਰ ਚੁੱਕਿਆ ਹੈ। ਇਸ ਇਲਾਕੇ ਦੀ ਰਸਾਇਣ ਖਾਦ, ਕੀਟਨਾਸ਼ਕ, ਨਦੀਨ ਨਾਸ਼ਕ ਅਤੇ ਦਵਾਈਆਂ ਬਣਾਉਣ ਵਾਲੀਆਂ 300 ਕੰਪਨੀਆਂ ਜ਼ਹਿਰੀਲੇ ਕਚਰੇ ਨੂੰ ਦਸ ਕਿਲੋਮੀਟਰ ਲੰਬੀਆਂ ਪਾਈਪਾਂ ਦੇ ਜਰੀਏ ਕਿਨਾਰੇ 'ਤੇ ਵਹਿੰਦੀਆਂ ਰਹਿੰਦੀਆਂ ਹਨ। ਕਾਨੂੰਨ ਮੁਤਾਬਕ ਇਹਨਾਂ ਕਚਰਿਆਂ ਨੂੰ ਸਮੁੰਦਰ 'ਚ ਛੱਡਣ ਤੋਂ ਪਹਿਲਾਂ ਉਹਨਾਂ ਨੂੰ ਕਚਰਾ ਟਰੀਟਮੈਂਟ ਪਲਾਂਟ ਤੋਂ ਸੋਧਿਤ ਕਰਨਾ ਚਾਹੀਦਾ ਹੈ ਤੇ ਦਿਨ 'ਚ ਦੋ-ਵਾਰ ਸੋਧਿਤ ਕਚਰੇ ਦੀ ਗੁਣ ਵੰਣਤਾ ਦੀ ਜਾਂਚ ਹੋਣੀ ਚਾਹੀਦੀ ਹੈ। ਕੰਪਨੀਆਂ ਅਜਿਹੇ ਕਿਸੇ ਕਾਨੂੰਨ ਦੀ ਪ੍ਰਵਾਹ ਨਹੀਂ ਕਰਦੀਆਂ। ਕਚਰਾ ਲੈ ਜਾਣ ਵਾਲੀਆਂ ਪਾਈਪਾਂ ਸੜ ਚੁੱਕੀਆਂ ਹਨ। ਉਹਨਾਂ 'ਚੋਂ ਰਿਸਣ ਵਾਲਾ ਜ਼ਹਿਰੀਲਾ ਪਾਣੀ ਪਿੰਡਾਂ ਦੇ ਪੀਣ ਵਾਲੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਜਿੱਥੋਂ ਉਥੋਂ ਦੇ 60 ਫੀਸਦੀ ਲੋਕਾਂ 'ਚ ਪਾਚਣ, ਚਮੜੀ ਤੇ ਸਾਹ ਸਬੰਧੀ ਬੀਮਾਰੀਆਂ ਫੈਲ ਚੁੱਕੀਆਂ ਹਨ। ਨਾਲ ਹੀ ਇਸ ਨਾਲ ਉਥੋਂ ਦੀ ਫਸਲ ਚੌਪਟ ਹੋ ਰਹੀ ਹੈ ਅਤੇ ਪਾਲਤੂ ਪਸ਼ੂ ਮਰ ਰਹੇ ਹਨ। ਗਜਰਾਤ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਪੈਮਾਨੇ ਅਨੁਸਾਰ ਪ੍ਰੀਖਣ ਵਿੱਚ ਉਹ ਪਾਣੀ ਸੁੱਧ ਮੰਨਿਆ ਜਾਵੇਗਾ ਜਿਸ 'ਚ ਮੱਛੀਆਂ ਘੱਟੋ-ਘੱਟ 90 ਦਿਨ ਤੱਕ ਜਿਉਂਦਿਆਂ ਰਹਿ ਸਕਣ। ਇਸ ਇਲਾਕੇ ਦੇ ਸਮੁੰਦਰੀ ਜਲ ਦਾ ਆਲਮ ਇਹ ਹੈ ਕਿ ਪ੍ਰੀਖਣ ਲਈ ਭੇਜੇ ਗਏ ਪਾਣੀ ਵਿੱਚ ਮੱਛੀ 5 ਮਿੰਟ 'ਚ ਹੀ ਮਰ ਜਾਂਦੀ ਹੈ। ਇਹੀ ਵਜ੍ਹਾ ਹੈ ਕਿ ਮੱਛੀ, ਕੇਕੜਾ ਤੇ ਝੀਂਗਾ ਦੀ ਘਾਟ ਕਾਰਨ ਇਹਨਾਂ 'ਤੇ ਨਿਰਭਰ ਬਗਲਾ, ਟਟਹਿਰੀ ਤੇ ਸਮੁੰਦਰੀ ਪੰਛੀ ਵੀ ਦੁਰਲੱਭ ਹੁੰਦੇ ਜਾ ਰਹੇ ਹਨ। ਪਾਈਪ ਵਿਛਾਉਣ ਤੇ ਜ਼ਹਿਰੀਲੇ ਤੱਤਾਂ (ਰਹਿੰਦ-ਖੂੰਹਦ) ਨਾਲ ਇਲਾਕੇ ਦੇ ਵਾਤਾਵਰਣ ਨੂੰ ਹਰਜਾ ਪਹੁੰਚਣ ਬਾਰੇ ਪੇਂਡੂਆਂ ਤੋਂ ਸਲਾਹ ਲੈਣੀ ਤਾਂ ਦੂਰ, ਉਨ੍ਹਾਂ ਨੂੰ ਇਸ ਦੀ ਸੂਚਨਾ ਵੀ ਨਹੀਂ ਦਿੱਤੀ ਗਈ। ਇਹੀ ਹੈ ਸਾਡੇ ਦੇਸ਼ ਦੇ ਲੋਕਾਂ ਵੱਲੋਂ, ਲੋਕਾਂ ਲਈ, ਲੋਕਾਂ ਦਾ ਰਾਜਾ ਇਕ ਅਪਾਹਜ ਲੋਕ ਰਾਜ ਜਿਸ 'ਤੇ ਮੁਠੀਭਰ ਸਰਮਾਏਦਾਰਾਂ ਦਾ ਦਬ-ਦਬਾ ਹੈ। ਇਹਨਾਂ ਕੰਪਨੀਆਂ ਦੇ ਸੰਚਾਲਨ 'ਚ ਨਾ ਤਾਂ ਆਮ ਪੇਂਡੂ ਤੇ ਨਾ ਹੀ ਉਹਨਾਂ ਦਾ ਕੋਈ ਨੁਮਾਇੰਦਾ ਸ਼ਾਮਲ ਹੈ। ਪ੍ਰਦੂਸ਼ਣ ਖਿਲਾਫ਼ ਪਿੰਡਾਂ ਵੱਲੋਂ ਵਿਰੋਧ ਕਰਨ 'ਤੇ ਉਹਨਾਂ ਦੇ ਆਗੂ ਨੂੰ ਜਾਂ ਤਾਂ ਮਾਰ ਦਿੱਤਾ ਜਾਂਦਾ ਹੈ ਜਾਂ ਫਿਰ ਉਸ ਨੂੰ ਖਰੀਦ ਲਿਆ ਜਾਂਦਾ ਹੈ। ਹਾਲਤ ਬਦਤਰ ਹੋ ਚੁੱਕੀ ਹੈ। ਗੁਜਰਾਤ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਗੁਜਰਾਤ ਸਨਅਤੀ ਵਿਕਾਸ ਸੰਘ ਵੀ ਨਿਯਮਾਂ ਕਾਨੂੰਨਾਂ ਦੀ ਪਾਲਣਾ ਨਹੀਂ ਕਰਦਾ ਹੈ। ਪੇਂਡੂਆਂ ਨੇ ਫੋਟੋ ਵੀਡੀਓ, ਵਿਗਿਆਨਕ ਰਿਪੋਟਾਂ ਤੇ

ਅੰਕੜਿਆਂ ਦੇ ਅਧਾਰ ’ਤੇ ਪਟੀਸ਼ਨ ਪਾਈ ਸੀ ਪਰ ਸਿੱਟਾ ਕੁਝ ਨਹੀਂ ਨਿਕਲਿਆ। ਇਸ ਤਰ੍ਹਾਂ ਲੋਕਾਂ ਦੀ ਲੜਾਈ ਕਾਨੂੰਨੀ ਦਾਅਪੇਚਾਂ ’ਚ ਉਲਝ ਕੇ ਰਹਿ ਗਈ। ਇਹਨਾਂ ਕੰਮਜ਼ੋਰੀਆਂ ਦਾ ਫਾਇਦਾ ਉਠਾ ਕੇ ਕੰਪਨੀਆਂ ਆਪਣੇ ਅਪਰਾਧ ਨੂੰ ਬਦਸਤੂਰ ਜਾਰੀ ਰੱਖਦੀਆਂ ਹਨ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਪੈਮਾਨਿਆਂ ਤੇ ਅਦਾਲਤਾਂ ਦੇ ਹੁਕਮਾਂ ਨੂੰ ਉਹ ਟਿੱਚ ਸਮਝਦੀਆਂ ਹਨ।

ਅਲੰਗ (ਗੁਜਰਾਤ) ਉਹ ਦਾ ਪੁਰਾਣੇ ਗਲੇ ਸੜੇ ਵਿਦੇਸ਼ੀ ਜਹਾਜ਼ਾਂ ਨੂੰ ਨਿਪਟਾਉਣ ਦਾ ਕੰਮ ਹੋਵੇ ਜਾਂ ਤਾਮਿਲਨਾਡੂ ਉਦਯੋਗ, ਦੇਸ਼ ਦੇ ਹੋਰ ਇਲਾਕਿਆਂ ਦੇ ਸਨਅਤੀ ਖੇਤਰ ਦਾ ਵੀ ਇਹੀ ਹਾਲ ਹੈ। ਆਗਰਾ ਦਾ ਫੈਕਟਰੀਆਂ ਤੋਂ ਨਿਕਲਣ ਵਾਲੇ ਤੇਜਾਬੀ ਧੂੰਏਂ ਨਾਲ ਤਾਜ ਮਹੱਲ ਵਰਗੀ ਸਭਿਆਚਾਰਕ ਵਿਰਾਸਤ ਵੀ ਨਹੀਂ ਬਚ ਸਕੀ। ਉਤਰਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਅਦਾਲਤ ਵੱਲੋਂ ਭੇਜੇ ਗਏ। ਨੋਟਿਸ ਨੂੰ ਇਹਨਾਂ ਫੈਕਟਰੀਆਂ ਨੇ ਨਜ਼ਰ ਅੰਦਾਜ ਕਰ ਦਿੱਤਾ। ਸਨਅਤਕਾਰ ਕਹਿੰਦੇ ਹਨ ਕਿ ਜੇ ਫੈਕਟਰੀ ਬੰਦ ਹੋਈ ਤਾਂ ਉਥੇ ਕੰਮ ਕਰਨ ਵਾਲੇ ਮਜ਼ਦੂਰ ਬੇਰੁਜ਼ਗਾਰ ਹੋ ਜਾਣਗੇ। ਪਰ ਉਹਨਾਂ ਨੂੰ ਅਸਲੀ ਚਿੰਤਾ ਆਪਣੇ ਮੁਨਾਫੇ ਦੀ ਹੈ। ਉਹ ਮਜ਼ਦੂਰਾਂ ਦੀ ਬੇਰਹਿਮ ਲੁੱਟ ਕਰਦੇ ਹਨ, ਉਨ੍ਹਾਂ ਦੀਆਂ ਤਨਖਾਹਾਂ ਤੇ ਭੱਤੇ ਡਕਾਰ ਜਾਂਦੇ ਹਨ ਅਤੇ ਮਜ਼ਦੂਰਾਂ ਵੱਲੋਂ ਵਿਰੋਧ ਕਰਨ ’ਤੇ ਪੁਲਸ ਤੇ ਸਥਾਨਕ ਗੁੰਡਿਆਂ ਤੋਂ ਉਹਨਾਂ ’ਤੇ ਜਬਰ ਕਰਵਾਉਂਦੇ ਹਨ। ਸਰਕਾਰ ਵੱਲੋਂ ਉਹਨਾਂ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹੀ ਛੁੱਟੀ ਹੈ। ਜਦ ਦੇਸ਼ੀ-ਵਿਦੇਸ਼ੀ ਵਾਤਾਵਰਣ ਪ੍ਰੇਮੀ ਸੰਸਥਾਵਾਂ ਦਾ ਦਬਾਅ ਪੈਂਦਾ ਹੈ ਤਾਂ ਕੁਝ ਬਿਆਨਬਾਜ਼ੀ ਤੇ ਬੰਦਰ ਘੁਰਕੀ ਦਿੱਤੀ ਜਾਂਦੀ ਹੈ ਫਿਰ ਸਾਰਾ ਕੁਝ ਜਿਉਂ ਦਾ ਤਿਉਂ ਚਲਣ ਲੱਗਦਾ ਹੈ। ਨਿਜੀ ਮੁਨਾਫੇ ਮੂਹਰੇ ਜਨਤਕ ਵਿਨਾਸ਼ ਦੀ ਭਲਾ ਕੋਈ ਕਿਉਂ ਪ੍ਰਵਾਹ ਕਰੇ?

# ਕੀ ਹੈ ਜਲਵਾਯੂ ਤਬਦੀਲੀ ਦਾ ਸਰਬਵਿਆਪੀ ਅਸਰ?
## ਗਲੋਬਲ ਵਾਰਮਿੰਗ (ਆਲਮੀ ਤਪਸ)

ਸੂਰਜ ਤੋਂ ਧਰਤੀ 'ਤੇ ਆਉਣ ਵਾਲੀ ਗਰਮੀ ਨੂੰ ਕਾਰਬਨ ਡਾਈਅਕਸਾਈਡ, ਮਿਥੇਨ, ਨਾਈਟ੍ਰਸ ਅਕਸਾਈਡ ਆਦਿ ਗੈਸਾਂ ਆਪਣੇ ਅੰਦਰ ਸੋਕ ਲੈਂਦੀਆਂ ਹਨ ਤੇ ਉਸ ਨੂੰ ਵਾਯੂਮੰਡਲ ਦੇ ਰਸਤੇ ਆਕਾਸ਼ 'ਚ ਵਾਪਸ ਨਹੀਂ ਮੁੜਨ ਦਿੰਦੀਆਂ ਹਨ। ਇਹ ਗੈਸਾਂ ਜੇ ਸਹੀ ਮਾਤਰਾ 'ਚ ਰਹਿਣ ਤਾਂ ਧਰਤੀ ਦੀ ਸਤਹਿ ਲਈ ਕੰਬਲ ਦਾ ਕੰਮ ਕਰਦੀਆਂ ਹਨ ਤਾਂ ਕਿ ਧਰਤੀ ਬਿਲਕੁਲ ਹੀ ਠੰਡੀ ਨਾ ਹੋ ਜਾਵੇ। ਵਿਗਿਆਨੀਆਂ ਅਨੁਸਾਰ ਇਹਨਾਂ ਗੈਸਾਂ ਨਾਲ ਭਰਪੂਰ ਵਾਯੂ ਮੰਡਲ ਇੱਕ ਹਰੇ ਘਰ (ਗ੍ਰੀਨ ਹਾਊਸ) ਦੇ ਬਰਾਬਰ ਹੁੰਦਾ ਹੈ। ਜਿਸ ਵਿੱਚ ਸੂਰਜੀ ਊਰਜਾ ਇੱਕ ਵਾਰੀ ਆ ਜਾਣ ਪਿੱਛੋਂ ਦੁਬਾਰਾ ਵਾਪਸ ਨਹੀਂ ਜਾ ਸਕਦੀ। ਇਸ ਲਈ ਇਨ੍ਹਾਂ ਗੈਸਾਂ ਨੂੰ ਗ੍ਰੀਨ ਹਾਊਸ ਗੈਸਾਂ ਕਹਿੰਦੇ ਹਨ। ਪਿਛਲੇ ਦੋ ਸਾਲਾਂ ਦੇ ਸਨਅਤੀ ਵਿਕਾਸ ਨੇ ਵਾਯੂ ਮੰਡਲ 'ਚ ਕਾਰਬਨ ਡਾਈਅਕਸਾਈਡ ਦੀ ਮਾਤਰਾ ਬਹੁਤ ਜ਼ਿਆਦਾ ਵਧਾ ਦਿੱਤੀ ਹੈ। (ਜਿਸ ਨੇ ਸੂਰਜ ਦੀ ਗਰਮੀ ਨੂੰ ਵਾਯੂ ਮੰਡਲ ਵਿੱਚ ਸੋਕ ਕੇ ਪੂਰੀ ਧਰਤੀ ਦਾ ਔਸਤ ਤਾਪਮਾਨ ਵਧਾ ਦਿੱਤਾ ਹੈ ਇਸ ਨੂੰ ਹੀ ਗਲੋਬਲ ਵਾਰਮਿੰਗ ਜਾਂ ਆਲਮੀ ਤਪਸ) ਕਹਿੰਦੇ ਹਨ। ਇਸ ਕਾਰਨ ਜੀਵ-ਜੰਤੂਆਂ ਤੇ ਪੇੜ-ਪੌਦਿਆਂ ਦੀਆਂ ਹਜ਼ਾਰਾਂ ਪ੍ਰਜਾਤੀਆਂ ਅਲੋਪ ਹੋ ਗਈਆਂ ਅਤੇ ਹੁਣ ਖੁਦ ਮਨੁੱਖ ਦੀ ਵਾਰੀ ਹੈ।

ਹਰ ਨਵਾਂ ਦਹਾਕਾ ਪਹਿਲਾਂ ਨਾਲੋਂ ਵੱਧ ਗਰਮ ਹੋ ਰਿਹਾ ਹੈ। ਦੁਨੀਆਂ ਭਰ ਦੇ ਤਾਪਕ੍ਰਮ ਦਾ ਰਿਕਾਰਡ ਦੱਸਦਾ ਹੈ ਕਿ ਪਿੱਛਲੇ 30 ਸਾਲਾਂ ਦੇ ਇਤਿਹਾਸ 'ਚ ਸਾਲ 2005 ਸਭ ਤੋਂ ਵੱਧ ਗਰਮ ਸੀ ਜਦ ਕਿ ਤਾਪਮਾਨ 'ਚ ਔਸਤਨ 1.5 ਤੋਂ 6 ਡਿਗਰੀ ਸੈਲਸੀਅਸ ਦਾ ਵਾਧਾ ਹੋਣਾ ਦਾ ਅੰਦਾਜਾ ਹੈ। ਗਲੋਬਲ ਵਾਰਮਿੰਗ ਦੇ ਘਾਤਕ ਸਿੱਟੇ ਜਦ ਸਾਹਮਣੇ ਆਉਣ ਲੱਗੇ ਹਨ ਅਤੇ ਭਵਿੱਖ 'ਚ ਇਸ ਨਾਲ ਨਾ ਪੂਰੀ ਹੋ ਸਕਣ ਵਾਲੀ ਹਾਨੀ ਹੋਣ ਦੀ ਸੰਭਾਵਨਾ ਹੈ। 1970 ਤੋਂ 2007 ਦੇ ਵਿਚਕਾਰ ਆਰਕਟਿਕ ਸਾਗਰ ਦੀ 40 ਫੀਸਦੀ ਬਰਫ ਘੱਟ ਹੋ ਗਈ। ਗ੍ਰੀਨ ਲੈਂਡ ਤੇ ਅਨਟਾਰਕਟਿਕ 'ਚ ਬਰਫ ਦੇ ਨਾਲ-ਨਾਲ ਸਮੁੰਦਰ ਦੇ ਪਾਣੀ ਦਾ ਪੱਧਰ ਵੀ ਉਪਰ ਉਠ ਰਿਹਾ ਹੈ। ਦੁਨੀਆਂ ਭਰ ਦੇ ਗਲੇਸੀਅਰ ਪਿਘਲਨ ਨਾਲ ਵੀ ਸਮੁੰਦਰ ਦੇ ਪਾਣੀ ਦੇ ਪੱਧਰ 'ਚ ਤੇਜੀ ਨਾਲ ਵਾਧਾ ਹੋਵੇਗਾ। ਇਸ ਕਾਰਨ ਚੀਨ ਸਮੇਤ ਕਈ ਦੇਸ਼ਾਂ ਦੇ ਹੇਠਲੇ ਹਿੱਸੇ ਪਾਣੀ 'ਚ ਡੁੱਬ ਜਾਣਗੇ। ਦੁਨੀਆਂ ਦੇ 40 ਕਰੋੜ ਲੋਕ ਸਮੁੰਦਰੀ ਤਲ ਤੋਂ 5 ਮੀਟਰ ਅਤੇ ਇੱਕ ਅਰਬ ਲੋਕ 25 ਮੀਟਰ ਤਕ ਦੀ ਉਚਾਈ 'ਚ ਰਹਿੰਦੇ ਹਨ। ਜ਼ਾਹਿਰ ਹੈ ਕਿ ਸਮੁੰਦਰ ਦਾ ਪਾਣੀ ਪੱਧਰ ਵਧਣ ਨਾਲ ਅਜਿਹੇ ਕਰੋੜਾਂ ਲੋਕ ਬੇਘਰ ਹੋ ਜਾਣਗੇ। ਦੁਨੀਆਂ ਭਰ ਦੇ 90 ਫੀਸਦੀ ਗਲੈਸ਼ੀਅਰ ਪਿੱਛੇ ਖਿਸਕਦੇ ਜਾ ਰਹੇ ਹਨ। ਹਿਮਾਲਿਆ ਦੇ ਗਲੈਸ਼ੀਅਰ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਕਰੋੜਾਂ ਲੋਕਾਂ ਲਈ ਪਾਣੀ ਦੇ ਸਰੋਤ ਹਨ। ਉਹਨਾਂ ਦਾ ਸੁੰਗੜਨਾ ਇਕ ਪਾਸੇ ਹੜ੍ਹ ਤੇ ਦੂਜੇ ਪਾਸੇ ਪਾਣੀ ਦੀ ਭਾਰੀ ਘਾਟ ਦਾ ਕਾਰਨ ਬਣੇਗਾ। ਬੋਲੀ-ਵਿਆ ਤੇ ਪੀਰੂ 'ਚ ਪਾਣੀ ਦੀ ਕਮੀ ਪਿੱਛੋਂ ਗਲੇਸ਼ੀਅਰ ਦਾ ਗਾਇਬ ਹੋਣਾ ਹੀ ਹੈ। ਵਾਯੂ ਮੰਡਲ ਦੀ ਗਰਮੀ ਵਧਣ ਨਾਲ ਉਸ 'ਚ ਵਾਸ਼ਪ

ਦੀ ਮਾਤਰਾ ਵਧ ਜਾਂਦੀ ਹੈ ਜੋ ਮੌਸਮ 'ਚ ਤੇਜੀ ਨਾਲ ਤਬਦੀਲੀ ਲਿਆਵੇਗੀ। ਇਕੋ ਵੇਲੇ ਕਿਤੇ ਹੜ੍ਹ, ਕਿਤੇ ਸੋਕਾ ਕਹਿਰ ਢਾਉਣਗੇ ਜਿਸ ਨਾਲ ਕਈ ਥਾਂ ਖੇਤੀ ਬਰਬਾਦ ਹੋ ਜਾਵੇਗੀ ਜਿਸ ਕਰਕੇ ਇਕ ਪਾਸੇ ਅੰਨ ਸੰਕਟ ਤੇ ਭੁਖਮਰੀ ਦੀ ਸਮੱਸਿਆ ਵਿਕਰਾਲ ਰੂਪ ਬਿਆਨ ਕਰੇਗੀ। ਜਦ ਕਿ ਇਸ ਸਥਿਤੀ ਦਾ ਫ਼ਾਇਦਾ ਉਠਾ ਕੇ ਅਨਾਜ ਵਪਾਰਕ ਕੰਪਨੀਆਂ ਮਹਿੰਗਾ ਅਨਾਜ ਦੇ ਕੇ ਬੇਹਿਸਾਬ ਮੁਨਾਫਾ ਨਚੋੜਚਣਗੀਆਂ।

ਵਾਯੂ ਮੰਡਲ 'ਚ ਮੌਜੂਦ ਗ੍ਰੀਨ ਹਾਊਸ ਗੈਸ ਦਾ 72 ਫੀਸਦੀ ਕਾਰਬਨ ਡਾਈਅਕਸਾਈਡ ਹੈ। ਗਲੋਬਲ ਵਾਰਮਿੰਗ ਦਾ ਸਭ ਤੋਂ ਵੱਡਾ ਕਾਰਨ ਇਹੀ ਹੈ। ਸਨਅਤੀ ਕ੍ਰਾਂਤੀ ਤੋਂ ਹੁਣ ਤੱਕ (1750-2009) ਵਾਯੂ ਮੰਡਲ ਕਾਰਬਨ ਡਾਈਅਕਸਾਈਡ ਦੀ ਮਾਤਰਾ 38 ਫੀਸਦੀ, ਮੇਥੇਨ 'ਚ 150 ਫੀਸਦੀ ਤੇ ਨਾਈਟ੍ਰੋਜਨ ਸਾਈਡ 'ਚ 16 ਫੀਸਦੀ ਦਾ ਵਾਧਾ ਹੋ ਚੁੱਕਿਆ ਹੈ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਪਿਛਲੇ 2000 ਸਾਲਾਂ ਦੇ ਸਨਅਤੀ ਵਿਕਾਸ ਦਾ ਕਿੰਨਾ ਵਿਨਾਸ਼ਕਾਰੀ ਸਿੱਟਾ ਸ਼ਾਮਲ ਹੈ। ਨਿੱਜੀ ਮੁਨਾਫੇ ਤੋਂ ਪ੍ਰੇਰਿਤ ਪੂੰਜੀਵਾਦ 'ਚ ਸਰਮਾਏਦਾਰਾਂ ਨੇ ਮੁਨਾਫੇ ਦੀ ਹਵਸ਼ 'ਚ ਕਾਰਬਨ ਡਾਈਅਕਸਾਈਡ ਦੀ ਪੈਦਾਇਸ਼ ਨੂੰ ਜਦ ਕੰਟਰੋਲ ਨਹੀਂ ਕੀਤਾ ਅੱਜ ਬਿਜਲੀ ਉਦਯੋਗ ਪੈਦਾਵਾਰ, ਆਵਾਜਾਈ ਉਦਯੋਗ, ਘਰੇਲੂ ਉਪਕਰਣਾਂ ਤੇ ਪੈਟਰੋਲੀਅਮ ਦੇ ਕੁਲ 73.7 ਫੀਸਦੀ ਕਾਰਬਨ ਡਾਈਅਕਸਾਈਡ ਦਾ ਉਤਸਰਜਨ ਹੁੰਦਾ ਹੈ। ਅਜਿਹਾ ਕੋਈ ਉਪਾਅ ਨਹੀਂ ਹੈ ਕਿ ਜਿਸ ਕਾਰਨ ਇਸ ਨੂੰ ਦੁਬਾਰਾ ਵਾਯੂਮੰਡਲ ਤੋਂ ਹਟਾਇਆ ਜਾ ਸਕੇ। ਸਨਅਤੀ ਕ੍ਰਾਂਤੀ ਤੋਂ ਪਹਿਲਾਂ ਮਨੁੱਖ ਤੇ ਕੁਦਰਤ 'ਚ ਸੰਤੁਲਨ ਸੀ ਕਿਉਂਕਿ ਉਦੋਂ ਹਾਨੀਕਾਰਕ ਗੈਸਾਂ ਨੂੰ ਪੌਦੇ ਸੋਕ ਲੈਂਦੇ ਸਨ। ਪਰ ਸਨਅਤੀ ਕਰਨ ਤੇ ਜੰਗਲਾਂ ਦੀ ਕਟਾਈ ਨੇ ਧਰਤੀ ਤੇ ਇਨ੍ਹਾਂ ਗੈਸਾਂ ਦੀ ਮਾਤਰਾ ਵਧਾ ਦਿੱਤੀ। ਕੋਈ ਸਾਧਨ ਨਹੀਂ ਬਣਿਆ ਕਿ ਇਨ੍ਹਾਂ ਗੈਸ ਨੂੰ ਘਟਾਇਆ ਜਾ ਸਕੇ। ਕਾਰਬਨ ਡਾਈਕਸਾਈਡ ਲਈ ਹਰ ਬੰਦੇ ਦੀ ਜਿੰਮੇਵਾਰੀ ਬਰਾਬਰ ਨਹੀਂ ਹੈ। ਕੁਵੇਤ, ਸੰਯੁਕਤ ਅਰਬ ਅਮਰੀਰਾਤ ਤੇ ਬਹਿਰੀਨ ਵਰਗੇ ਅਮਰੀਕੀ ਖੇਮੇ ਦੇ ਤੇਲ ਉਤਪਾਦਿਕ ਦੇਸ਼ਾਂ ਦਾ ਫੀ ਵਿਅਕਤੀ ਉਤਸਰਜਨ 30 ਟਨ ਤੋਂ ਵੀ ਵੱਧ ਹੈ। ਅਮਰੀਕਾ, ਅਸਟ੍ਰੇਲੀਆ, ਕੈਨੇਡਾ ਤੇ ਸਾਊਦੀ ਅਰਬ ਦਾ ਫੀ ਵਿਅਕਤੀ ਉਤਸਰਜਨ 15 ਤੋਂ 30 ਟਨ ਦੇ ਵਿਚਕਾਰ ਹੈ, ਜਦਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦਾ ਉਤਸਰਜਨ 5 ਟਨ ਤੋਂ ਵੀ ਘੱਟ ਹੈ। ਗ੍ਰੀਨ ਪੀਸ ਦਾ ਇੱਕ ਸਰਵੇ ਦੱਸਦਾ ਹੈ ਕਿ ਕਾਰਬਨ ਉਤਸਰਜਨ 'ਚ ਇੱਕ ਵੀ ਦੇਸ਼ ਦੇ ਅੰਦਰ ਗਰੀਬ ਤੇ ਅਮੀਰ ਲੋਕਾਂ ਦਾ ਯੋਗਦਾਨ ਵੀ ਇਕੋ ਜਿਹਾ ਨਹੀਂ ਹੈ। ਸਰਵੇ ਅਨੁਸਾਰ 3000 ਰੁਪਏ ਮਾਸਿਕ ਆਮਦਨੀ ਵਾਲੇ ਪ੍ਰੀਵਾਰ ਉਸ ਤੋਂ ਚਾਰ ਗੁਣਾਂ ਵੱਧ 1499 ਕਿਲੋਗ੍ਰਾਮ ਕਾਰਬਨ ਉਤਸਰਜਿਤ ਕਰਦੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਲੱਖਾਂ ਕਰੋੜਾਂ ਦੀ ਆਮਦਨ ਵਾਲੇ ਪ੍ਰੀਵਾਰ ਕਿੰਨੀ ਵਧ ਕਾਰਬਨ ਉਤਸਰਜਿਤ ਕਰਦੇ ਹੋਣਗੇ। ਜ਼ਾਹਿਰ ਹੈ ਕਿ ਉਚੀ ਆਮਦਨ ਵਾਲੇ 15 ਕਰੋੜ ਭਾਰਤੀ ਹੀ ਨਿਰਧਾਰਿਤ ਹੱਦ ਤੋਂ ਵੱਧ ਕਾਰਬਨ ਉਤਸਰਜਿਤ ਕਰਦੇ ਹਨ ਜੋ ਕਾਰ, ਏਸ਼ੀ, ਰੇਫਰਿਜਰੇਟਰ, ਵਾਸ਼ਿੰਗ ਮਸ਼ੀਨ, ਪਲਾਜਮਾ ਟੀ. ਵੀ. ਤੇ ਹੋਰ ਉਪਕਰਨਾਂ ਦੀ ਧੜੱਲੇ ਨਾਲ ਵਰਤੋਂ ਕਰਦੇ ਹਨ। ਪਰ ਇਸ ਦੀ ਸਭ ਤੋਂ ਵੱਧ ਕੀਮਤ ਸਾਦਗੀ ਨਾਲ ਜਿਉਣ ਵਾਲੇ 85 ਫੀਸਦੀ ਗਰੀਬ ਲੋਕਾਂ ਨੂੰ ਚੁਕਾਉਣੀ ਪੈਂਦੀ ਹੈ। ਕਾਰਬਨ ਉਤਸਰਜਨ ਤੇ ਵਿਸ਼ਵੀ ਤਾਪਮਾਨ ਹੁਣ ਹੌਲੀ-ਹੌਲੀ ਨਹੀਂ ਬਲਕਿ ਛਾਲ ਮਾਰ ਕੇ ਵਧ ਰਿਹਾ ਹੈ ਜਿਸ

ਦੇ ਸਿੱਟੇ ਵਿਨਾਸ਼ਕਾਰੀ ਹਨ। ਆਰਕਟਿਕ ਸਾਗਰ ਦਾ ਵਿਸ਼ਾਲ ਬਰਫੀਲਾ ਇਲਾਕਾ, ਸੂਰਜ ਦੀ ਊਰਜਾ ਨੂੰ ਦਰਪਣ ਵਾਗੂੰ ਤਬਦੀਲੀ ਕਰਕੇ ਉਸ ਨੂੰ ਵਾਯੂ ਮੰਡਲ ਤੋਂ ਬਾਹਰ ਧੱਕ ਦਿੰਦਾ ਸੀ। ਪਰ ਗਲੋਬਲ ਵਾਰਮਿੰਗ ਦੇ ਅਸਰ ਨਾਲ ਬਰਫ ਪਿਘਲਨ ਕਰਕੇ ਹੁਣ ਇਹ ਊਰਜਾ ਤਬਦੀਲੀ (reflect) ਨਾ ਹੋ ਕੇ ਧਰਤੀ ਨੂੰ ਗਰਮ ਕਰਨ ਲੱਗੀ ਹੈ। ਉਤਰੀ ਟੁੰਡਰਾ ਪ੍ਰਦੇਸ਼ ਦੀ ਬਰਫ ਪਿਘਲਨ ਨਾਲ ਮਿਥੇਨ ਗੈਸ ਨਿਕਲਦੀ ਹੈ ਜੋ ਧਰਤੀ ਦੀ ਕਾਰਬਨ ਡਾਈਅਕਸਾਈਡ ਨੂੰ ਕਈ ਗੁਣਾਂ ਵੱਧ ਗਰਮ ਕਰਦੀ ਹੈ। ਇੱਕ ਹੋਰ ਮਾਮਲੇ ਵਿੱਚ ਸਮੁੰਦਰ ਵੱਧ ਮਾਤਰਾ ਵਿੱਚ ਕਾਰਬਨ ਡਾਈਅਕਸਾਈਡ ਸੋਕ ਕੇ ਤੇਜਾਬੀ ਹੁੰਦਾ ਜਾ ਰਿਹਾ ਹੈ। ਜਿਸ ਨਾਲ ਵਾਯੂਮੰਡਲ ’ਚ ਇਸ ਗੈਸ ਦੇ ਜਮ੍ਹਾ ਹੋਣ ਦੀ ਦਰ ਵਧਦੀ ਜਾ ਰਹੀ ਹੈ।

ਜਲਵਾਯੂ ਤਬਦੀਲੀ ’ਤੇ ਅੰਤਰਸਰਕਾਰੀ ਪੈਨਲ (ਆਈ. ਪੀ. ਸੀ. ਸੀ.) ਅਨੁਸਾਰ ਸਮੁੰਦਰ ਦੇ ਪਾਣੀ ਦੇ ਪੱਧਰ ਦੇ ਵਧਣ ਦੀ ਰਫਤਾਰ 1961 ’ਚ 1.8 ਕਿਲੋਮੀਟਰ ਸਲਾਨਾ ਸੀ ਜੋ ਸੰਨ 1993 ਤੋਂ 2003 ਵਿਚਕਾਰ 3.1 ਕਿਲੋ ਮੀਟਰ ਹੋ ਗਈ। ਇਸ ਤਰ੍ਹਾਂ ਜਲਵਾਯੂ ਤਬਦੀਲੀ ਨੂੰ ਕੰਟਰੋਲ ਕਰਨ ਦੀ ਸੰਭਾਵਨਾ ਦਿਨੋ ਦਿਨ ਘੱਟ ਹੁੰਦੀ ਜਾ ਰਹੀ ਹੈ। ਅਨੁਮਾਨ ਹੈ ਕਿ ਸੰਨ 2025 ਤੱਕ ਧਰਤੀ ਦਾ 70 ਫੀਸਦੀ ਇਲਾਕਾ ਸੋਕਾ ਗ੍ਰਸਿਤ ਹੋ ਜਾਵੇਗਾ ਜਦ ਕਿ ਅੱਜ ਧਰਤੀ ਦਾ 40 ਫੀਸਦੀ ਸਦੀ ਇਲਾਕਾ ਹੀ ਸੋਕੇ ਦਾ ਸ਼ਿਕਾਰ ਹੈ।

ਜੰਗਲ ਖਤਮ ਹੋ ਰਹੇ ਹਨ, ਰੇਗਿਸਤਾਨ ਦਾ ਵਿਸਥਾਰ ਹੋ ਰਿਹਾ ਹੈ। ਅਰਬ ਟਨ ਉਪਜਾਊ ਮਿੱਟੀ ਹਰ ਸਾਲ ਵਹਿ ਕੇ ਸਮੁੰਦਰ ਵਿੱਚ ਚਲੀ ਜਾਂਦੀ ਹੈ। ਬਹੁਤ ਸਾਰੀਆਂ ਪ੍ਰਜਾਤੀਆਂ ਅਲੋਪ ਹੁੰਦੀਆ ਜਾ ਰਹੀਆਂ ਹਨ, ਅਬਾਦੀ ਦਾ ਦਬਾਅ ਤੇ ਗਰੀਬੀ ’ਚ ਹੀ ਜਿਊਣ ਦੀ ਮਜ਼ਬੂਰੀ ਆਦਮੀ ਨੂੰ ਨਿਰਾਸ਼ਾਜਨਕ ਯਤਨਾਂ ਵੱਲ ਧੱਕਦੀ ਹੈ। ਇੱਥੋਂ ਤੱਕ ਕਿ ਕੁਦਰਤ ਦੇ ਵਿਨਾਸ਼ ਦੀ ਕੀਮਤ ’ਤੇ ਵੀ। ਤੀਜੀ ਦੁਨੀਆਂ ਦੇ ਦੇਸ਼ਾਂ–ਯਾਨੀ ਕੱਲ੍ਹ ਦੀਆਂ ਬਸਤੀਆਂ ਤੇ ਅੱਜ ਦੇ ਦੇਸ਼ ਜੋ ਇੱਕ ਅਨਿਆਂਪੂਰਨ ਆਰਥਕ ਵਿਸ਼ਵ ਅਰਥਚਾਰੇ ’ਚ ਲੁਟ ਘਸੁੱਟ ਦਾ ਸ਼ਿਕਾਰ ਹਨ– ਨੂੰ ਇਹ ਸਾਰੇ ਲਈ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਵਾਤਾਵਰਣ ਨੂੰ ਤਬਾਹ ਕਰਨ ਵਾਲੀ ਜੀਵਨਸ਼ੈਲੀ ਤੇ ਖਪਤ ਦੀਆਂ ਆਦਤਾਂ ਦੀ ਤੀਜੀ ਦੁਨੀਆਂ ਨੂੰ ਬਰਾਮਦ ਬੰਦ ਹੋਣੀ ਚਾਹੀਦੀ ਹੈ। ਮਾਨਵ ਜਾਤ ਹੋਰ ਵੱਧ ਤਰਕਸੰਗਤ ਬਣੇ। ਇੱਕ ਵੱਧ ਨਿਆਸੰਗਤ ਵਿਸ਼ਵੀ ਅਰਥਚਾਰਾ ਅਪਣਾਉਣਾ ਚਾਹੀਦਾ ਹੈ। ਪ੍ਰਦੂਸ਼ਣ ਰਹਿਤ ਟਿਕਾਊ ਵਿਕਾਸ ਲਈ ਵਿਗਿਆਨ ਨੂੰ ਅਧਾਰ ਬਣਾਉ, ਵਿਸ਼ਵ ਕਰਜੇ ਦੀ ਥਾਂ ਵਾਤਾਵਰਣ ਦਾ ਕਰਜਾ ਚਕਾਓ। ਭੁਖ ਨੂੰ ਖਤਮ ਕਰਨਾ ਚਾਹੀਦਾ ਹੈ ਨਾ ਕਿ ਮਨੁੱਖ ਜਾਤੀ ਨੂੰ। ਸਵਾਰਥ ਪੁਣਾ ਬਹੁਤ ਹੋ ਚੁੱਕਿਆ, ਦੁਨੀਆਂ ’ਤੇ ਅਜ਼ਾਰੇਦਾਰੀ ਦੇ ਮੰਸੂਬੇ ਬਹੁਤ ਹੋਏ। ਢੀਠਤਾਈ ਗੈਰ–ਜ਼ਿੰਮੇਵਾਰੀ ਤੇ ਫਰੇਬ ਦੀ ਹੱਦ ਹੋ ਚੁੱਕੀ ਹੈ। ਜਿਸ ਨੂੰ ਸਾਨੂੰ ਪਹਿਲਾਂ ਹੀ ਕਰਨਾ ਚਾਹੀਦਾ ਸੀ। ਉਸ ਨੂੰ ਕਰਨ ਲਈ ਬਹੁਤ ਦੇਰ ਹੋ ਗਈ ਹੈ।

# ਜਲਵਾਯੂ ਸੰਕਟ ਸਬੰਧੀ ਗੱਲਬਾਤ ਹਰ-ਵਾਰੀ ਅਸਫਲ ਕਿਉਂ?

ਸਾਮਰਾਜੀ ਵਿਸ਼ਵੀਕਰਣ ਦੇ ਦੌਰ ਵਿੱਚ ਬਜ਼ਾਰ ਨੂੰ ਸਰਬਵਿਆਪੀ ਨਿਰਵਿਕਲਪ ਤੇ ਹਰਮਨਪਿਆਰੀ ਸ਼ਕਤੀ ਵਜੋਂ ਸਥਾਪਤ ਕਰ ਦਿੱਤਾ ਗਿਆ ਹੈ। ਦੌਲਤ ਤੇ ਸਤਾ ਅੱਜ ਵਿਵੇਕ ਉਪਰ ਹਾਵੀ ਚਲ ਰਹੀ ਹੈ। ਬਾਜ਼ਾਰਵਾਦੀ ਤਾਕਤਾਂ ਧਰਤੀ ਦੇ ਦੂਰਗਾਮੀ ਭਵਿੱਖ ਦੀ ਚਿੰਤਾ ਕਰਨ ਦੀ ਥਾਂ, ਆਪਣੇ ਫੌਰੀ ਮੁਨਾਫੇ ਪਿੱਛੇ ਪਾਗਲ ਹਨ। ਇਸ ਲਈ ਜਲਵਾਯੂ ਸੰਕਟ ਦੇ ਹੱਲ ਵੀ ਉਹ ਬਾਜ਼ਾਰ ਦੇ ਤਰਕਾਂ ਅਤੇ ਸ਼ਰਤਾਂ ’ਤੇ ਹੀ ਪੇਸ਼ ਕਰਦੇ ਹਨ। ਇਹਨਾਂ ਬਾਜ਼ਾਰਵਾਦੀ ਉਪਾਵਾਂ ’ਚ ਕਾਰਬਨ ਉਤਸਰਜਨ ਦਾ ਪ੍ਰਤੀਸੰਤੁਲਨ ਅਤੇ ਅਨਾਜ ਨਾਲ ਜੈਵ–ਤੇਲ (ਬਾਲਣ) ਜਾਂ ਬਾਇਓ ਡੀਜ਼ਲ ਦੀ ਪੈਦਾਵਾਰ ਮੁੱਖ ਹੈ। ਇਸ ਦਾ ਮਕਸਦ ਪੈਸਾ ਇਕੱਠਾ ਕਰਨਾ ਤੇ ਬੇਤਹਾਸ਼ਾ ਖਪਤ ਨੂੰ ਲਗਾਤਾਰ ਜਾਰੀ ਰੱਖਣਾ ਹੈ ਜੋ ਵਾਤਾਵਰਣ ਵਿਨਾਸ਼ ਲਈ ਜ਼ਿੰਮੇਵਾਰ ਹੈ। ਕੁਦਰਤੀ ਤੇ ਮਨੁੱਖੀ ਕਿਰਤ ਦੀ ਲੁੱਟ ’ਤੇ ਵਧਣ–ਫੁੱਲਣ ਵਾਲੀ ਬਾਜ਼ਾਰ ਦੀ ਖੁਸ਼ਹਾਲੀ ਤੇ ਵਾਤਾਵਰਣ ਦੀ ਰੱਖਿਆ ਦੋਨੋ ਇੱਕ ਦੂਜੇ ਦੇ ਵਿਰੋਧੀ ਹਨ। ਇਹਨਾਂ ਦੋਹਾਂ ਨੂੰ ਇੱਕੋ ਵੇਲੇ ਚਲਾਉਣਾ ਸੰਭਵ ਨਹੀਂ ਹੈ। ਬਾਜ਼ਾਰਵਾਦੀ ਇਸ ਤੱਥ ਨੂੰ ਮੰਨਣ ਦੀ ਬਜਾਏ ਕਿ ਅੰਨ੍ਹੇਵਾਹ ਪੂੰਜੀਵਾਦੀ ਪੈਦਾਵਾਰ ਤੇ ਖਪਤ ਕਾਰਨ ਹੀ ਵਾਤਾਵਰਣ ਦਾ ਵਿਨਾਸ਼ ਹੋਇਆ ਹੈ, ਉਲਟਾ ਉਸ ’ਤੇ ਪਰਦਾ ਪਾਉਂਦੇ ਹਨ। ਸਿੱਟਾ ਇਹ ਕਿ ਅੱਜ ਦੁਨੀਆਂ ਦੇ ਤਾਪਮਾਨ ’ਚ ਆਈ. ਪੀ. ਸੀ. ਸੀ. ਦੇ ਅਨੁਮਾਨਾਂ ਤੋਂ ਕਿਤੇ ਵੱਧ ਤੇਜੀ ਨਾਲ ਵਾਧਾ ਹੋ ਰਿਹਾ ਹੈ। ਇਹ ਸਥਿਤੀ ਉਦੋਂ ਤੱਕ ਬਣੀ ਰਹੇਗੀ ਜਦ ਤੱਕ ਇਸ ਕੁਦਰਤੀ ਮਹਾਂਬਿਪਤਾ ਦੇ ਅਸਲੀ ਕਾਰਨਾਂ ਨੂੰ ਦੂਰ ਨਹੀਂ ਕੀਤਾ ਜਾਵੇਗਾ ਅਤੇ ਵਿਨਾਸ਼ ਦੇ ਕਾਰਕਾਂ ਨੂੰ ਹੀ ਹੱਲ ਵਜੋਂ ਪੇਸ਼ ਕੀਤਾ ਜਾਂਦਾ ਰਹੇਗਾ।

ਪੱਛਮੀ ਸਾਮਰਾਜੀ ਦੇਸ਼ ਵਾਤਾਵਰਣ ’ਚ 80 ਫੀਸਦੀ ਕਾਰਬਨ ਡਾਈਅਕਸਾਈਡ ਦੀ ਮਾਤਰਾ ਵਧਾਉਣ ਲਈ ਜ਼ਿੰਮੇਵਾਰ ਹਨ। ਬ੍ਰਿਟੇਨ ਦਾ ਇੱਕ ਨਾਗਰਿਕ 11 ਦਿਨ ’ਚ ਜਿੰਨੀ ਕਾਰਬਨ ਡਾਈਅਕਸਾਈਡ ਪੈਦਾਇਸ਼ ਕਰਦਾ ਹੈ, ਉਨਾ ਬੰਗਲਾ ਦੇਸ਼ ਦਾ ਇੱਕ ਨਾਗਰਿਕ ਇੱਕ ਸਾਲ ’ਚ ਵੀ ਨਹੀਂ ਕਰਦਾ। 14 ਕਰੋੜ ਦੀ ਅਬਾਦੀ ਵਾਲੇ 6 ਅਫਰੀਕੀ ਦੇਸ਼ ਜਿੰਨੀ ਕਾਰਬਨ ਡਾਈਅਕਸਾਈਡ ਪੈਦਾ ਕਰਦੇ ਹਨ, ਉਨੀ ਬ੍ਰਿਟੇਨ ਦੇ ਇੱਕ ਹੀ ਪਾਵਰ ਪਲਾਂਟ ਤੋਂ ਪੈਦਾ ਹੁੰਦੀ ਹੈ। ਅਮਰੀਕਾ ਦੇ ਨਿਜੀ ਵਾਹਨਾ ਦੇ ਧੂੰਏਂ ਤੇ ਵਿਲਾਸਤਾ ਦੀਆਂ ਵਸਤਾਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਵਾਤਾਵਰਣ ਵਿਨਾਸ਼ ਦੇ ਬਹੁਤ ਵੱਡੇ ਕਾਰਣ ਹਨ। ਪਰ ਫਿਰ ਵੀ ਅਮਰੀਕਾ ਤੇ ਹੋਰ ਧਨੀ ਦੇਸ਼ ਇਸ ਜ਼ਿੱਦ ’ਤੇ ਅੜੇ ਹਨ ਕਿ ਜਦ ਤਕ ਤੀਜੀ ਦੁਨੀਆਂ ਦੇ ਦੇਸ਼ ਆਪਣਾ ਨਿਕਾਸ (ਪੈਦਾਇਸ਼) ਨਹੀਂ ਘਟਾਉਂਦੇ, ਤਦ ਤਕ ਉਹ ਵੀ ਨਹੀਂ ਘਟਾਉਣਗੇ। ਸਿੱਧੀ ਜਿਹੀ ਗੱਲ ਇਹ ਹੈ ਕਿ ਜੋ ਲੋਕ ਧਰਤੀ ਦੀ ਤਬਾਹੀ ਲਈ ਸਭ ਤੋਂ ਵੱਧ ਜ਼ਿੰਮੇਵਾਰ ਹਨ। ਉਹ ਹੀ ਇਸ ਦੇ ਹੱਲ ਦੀ ਜ਼ਿੰਮੇਵਾਰੀ ਨਾਲ ਹਿੱਸਾ ਲੈ ਰਹੇ ਹਨ। ਇਹੀ ਕਾਰਨ ਹੈ ਕਿ ਜਲਵਾਯੂ ਬਹਿਸ ਵਿਚਾਰਾਂ ਇੱਕ–ਇੱਕ ਕਰਕੇ

ਅਸਫਲ ਹੁੰਦੀ ਜਾ ਰਹੀ ਹੈ।

ਨਸ ਨਸ 'ਚ ਜ਼ਹਿਰ ਘੋਲ ਦਿੱਤਾ। ਅਮਰੀਕਾ ਦੇ 20 ਡਾਕਟਰਾਂ ਤੇ ਨਰਸਾਂ ਦਾ ਸਰਵੇ ਕਰਨ 'ਤੇ ਉਹਨਾਂ ਦੇ ਸਰੀਰ 'ਚ ਘਟ ਤੋਂ ਘੱਟ 24 ਅਤੇ ਵੱਧ ਤੋਂ ਵੱਧ 39 ਜ਼ਹਿਰੀਲੇ ਰਸਾਇਣ ਪਾਏ ਗਏ। ਇਹਨਾਂ ਦਾ ਸਰੋਤ ਹਵਾ-ਪਾਣੀ 'ਚ ਘੁਲਿਆ ਜ਼ਹਿਰ, ਪਲਾਸਟਿਕ ਦੀ ਬੋਤਲ, ਰਸੋਈ ਦੇ ਉਪਕਰਣ, ਕਮਪਿਊਟਰ, ਫਰਨੀਚਰ, ਮੈਡੀਕਲ ਉਪਕਰਨ, ਸ਼ਿੰਗਾਰ ਵਸਤਾਂ ਤੇ ਪੈਕਿੰਗ ਦੇ ਸਾਧਨ ਹਨ। ਅਸੀਂ ਸਾਰੇ ਇਹਨਾਂ ਰਸਾਇਣ ਨਾਲ ਅਸਰਅੰਦਾਜ ਹੁੰਦੇ ਰਹਿੰਦੇ ਹਾਂ ਅਤੇ ਸਾਡੇ ਸਭ ਦੇ ਸਰੀਰ 'ਚ ਤਰ੍ਹਾਂ-ਤਰ੍ਹਾਂ ਦੇ ਜ਼ਹਿਰ ਘੁਲੇ ਹੋਏ ਹਨ। ਅਮਰੀਕਾ ਤੇ ਦੁਨੀਆਂ ਭਰ 'ਚ ਰੋਜ ਮਰਾ ਦੀ ਜਿੰਦਗੀ 'ਚ 84000 ਰਸਾਇਣਾ ਦੀ ਵਰਤੋਂ ਹੁੰਦੀ ਹੈ ਜਿਹਨਾਂ 'ਚੋਂ ਲਗਭਗ 20,000 ਦੀ ਰਚਨਾ ਤੇ ਉਹਨਾਂ ਦੇ ਹਾਨੀਕਾਰਕ ਅਸਰਾਂ ਨੂੰ "ਵਪਾਰਕ ਗੁਪਤਤਾ " ਦੇ ਨਾਂ ਹੇਠ ਇਸ ਨੂੰ ਛੁਪਾਇਆ ਜਾਂਦਾ ਹੈ।

# ਜਲਵਾਯੂ ਸੰਕਟ ਬਾਰੇ ਵੱਖੋ-ਵੱਖ ਨਜ਼ਰੀਏ ਕਿਉਂ?

ਵਿਨਾਸ਼ਕਾਰੀ ਜਲਵਾਯੂ ਸੰਕਟ ਨੇ ਹਰ ਚੇਤੰਨ ਨਾਗਰਿਕ ਨੂੰ ਚਿੰਤਾ 'ਚ ਪਾ ਦਿੱਤਾ ਹੈ। ਕੁਝ ਲੋਕ ਇਸ ਨੂੰ ਕਿਸਮਤ ਦੀ ਖੇਡ ਮੰਨ ਕੇ ਲਕੜਸਿਰੇ ਹੋ ਗਏ ਹਨ। ਜਦ ਕਿ ਕੁਝ ਲੋਕ ਵਿਚਾਰ-ਵਟਾਂਦਰਾ ਤੇ ਸੰਘਰਸ਼ ਕਰਕੇ ਸਥਿਤੀ ਨੂੰ ਬਦਲਣ 'ਚ ਲੱਗੇ ਹੋਏ ਹਨ। ਬਦਲਾਅ ਦੇ ਇੱਛਕ ਲੋਕਾਂ ਰਾਹੀਂ ਬਦਲਾਅ ਦੇ ਇੱਛਕ ਲੋਕਾਂ ਦੇ ਨਜ਼ਰੀਏ 'ਚ ਵੀ ਭਿੰਨਤਾ ਹੈ। ਇਸ ਸਮੱਸਿਆ ਬਾਰੇ ਕਈ ਲੋਕਾਂ ਦੀ ਸਮਝ ਤੇ ਉਹਨਾਂ ਵੱਲੋਂ ਪੇਸ਼ ਹੱਲ ਇੱਕ ਦਮ ਸਤਈ ਤੇ ਦੋਸ਼ਪੂਰਨ ਹਨ। ਅਜਿਹੀ ਭਰਮਾਊ ਹਾਲਤ 'ਚ ਸਹੀ ਨਜ਼ਰੀਏ ਤਕ ਪਹੁੰਚਣ ਲਈ ਗਲਤ ਵਿਚਾਰਾਂ ਦੀ ਤਹਿ ਤੱਕ ਜਾ ਕੇ ਉਹਨਾਂ ਦੀ ਛਾਣਬੀਣ ਕਰਨਾ ਤੇ ਉਹਨਾਂ ਦਾ ਪਰਦਾਫਾਸ਼ ਕਰਨਾ ਜ਼ਰੂਰੀ ਹੈ ਤਾਂ ਕਿ ਅਸੀਂ ਵਾਤਾਵਰਣ ਸੰਕਟ ਬਾਰੇ ਇੱਕ ਸਹੀ ਸਮਝ ਹਾਸਲ ਕਰ ਸਕੀਏ ਤੇ ਉਸ ਦੇ ਅਧਾਰ 'ਤੇ ਸਹੀ ਵਿਕਲਪ ਦੀ ਤਲਾਸ਼ ਕਰ ਸਕੀਏ।

**ਗੈਰ ਸਕਾਰੀ ਸੰਗਠਨਾਂ (NGOS) ਤੇ ਵਾਤਾਵਰਣ ਪ੍ਰੇਮੀਆਂ ਦਾ ਰੁਖ** :- ਵੱਖ-ਵੱਖ ਕਿਸਮ ਦੇ ਗੈਰ ਸਰਕਾਰੀ ਸੰਗਠਨ ਤੇ ਉਹਨਾਂ ਨਾਲ ਜੁੜੇ ਵਾਤਾਵਰਣ ਪ੍ਰੇਮੀ ਜਲਵਾਯੂ ਸੰਕਟ ਨੂੰ ਟੁਕੜਿਆਂ 'ਚ ਵੇਖਦੇ ਹਨ। ਅਲੱਗ-ਅਲੱਗ ਇਲਾਕਿਆਂ 'ਚ ਸਰਗਰਮ ਇਹ ਲੋਕ ਕਦੀ ਵੀ ਲੋਕਾਂ ਸਾਹਮਣੇ ਸਮੁੱਚੀ ਤਸਵੀਰ ਪੇਸ਼ ਨਹੀਂ ਕਰਦੇ। ਇਸ ਲਈ ਇਹਨਾਂ 'ਚੋਂ ਕੁਝ ਅਲੋਪ ਹੁੰਦੇ ਕੱਛੂਆਂ ਤੇ ਗਿੱਦੜਾਂ ਨੂੰ ਬਚਾਉਣ 'ਚ ਲੱਗੇ ਹੋਏ ਹਨ ਤੇ ਕੁਝ ਦਰੱਖਤਾਂ ਦੀ ਕਟਾਈ ਰੋਕਣ ਜਾਂ ਨਵੇਂ ਦਰੱਖਤ ਲਾਉਣ ਦੀ ਮੁਹਿੰਮ 'ਚ ਸ਼ਾਮਲ ਹਨ। ਸੱਚਾਈ ਇਹ ਹੈ ਕਿ ਮੌਜੂਦਾ ਜਲਵਾਯੂ ਸੰਕਟ ਇੱਕ ਦੋ ਜੀਵਾਂ ਤੇ ਇਲਾਕਿਆਂ ਨੂੰ ਹੀ ਅਸਰਅੰਦਾਜ ਨਹੀਂ ਕਰ ਰਿਹਾ ਹੈ ਬਲਕਿ ਧਰਤੀ ਦੇ ਸਾਰੇ ਜੀਵ-ਜੰਤੂਆਂ ਬਨਸਪਤੀਆਂ ਤੇ ਖੁਦ ਮਨੁੱਖ ਜ਼ਾਤੀ ਦੇ ਭਵਿੱਖ ਨੂੰ ਨਿਗਲ ਲੈਣ ਲਈ ਉਤਾਰੂ ਹੈ। ਇਹੀ ਹਾਲ ਰਿਹਾ ਤਾਂ ਕੁਝ ਹੀ ਸਾਲਾਂ ਪਿੱਛੋਂ ਇਨਸਾਨ ਵੀ ਇੱਕ ਵਿਲੁਪਤ ਪ੍ਰਾਣੀ ਹੋ ਜਾਵੇਗਾ। ਇਸ ਸੰਕਟ ਨੂੰ ਘੱਟ ਕਰਕੇ ਅੰਗਣਾ ਖੁਦ ਮਨੁੱਖਤਾ ਦੇ ਵਿਕਾਸ ਦੀ ਸੰਭਾਵਨਾ ਤੋਂ ਮੂੰਹ ਮੜਨਾ ਹੈ। ਏਨਾ ਹੀ ਨਹੀਂ ਇਹ ਇਸ ਸੰਕਟ ਲਈ ਮੁੱਖ ਤੌਰ 'ਤੇ ਅਬਾਦੀ ਦੇ ਵਾਧੇ ਤੇ ਮਨੁੱਖਾਂ ਵੱਲੋਂ ਫੈਲਾਏ ਜਾ ਰਹੇ ਹੇਠਲੀ ਪੱਧਰ ਦੇ ਪ੍ਰਦੂਸ਼ਣ ਨੂੰ ਜਿੰਮੇਵਾਰ ਠਹਿਰਾਉਂਦੇ ਹਨ।

ਇਸ ਤਰ੍ਹਾਂ ਇਹ ਅਸਲੀ ਸਚਾਈ 'ਤੇ ਪਰਦਾ ਪਾਉਂਦੇ ਹਨ ਅਤੇ ਅਸਲੀ ਗੁਨਾਹਗਾਰ ਤੋਂ ਧਿਆਨ ਹਟਾਉਂਦੇ ਹਨ। ਸੱਚ ਤਾਂ ਇਹ ਹੈ ਕਿ ਅਮਰੀਕਾ ਦੀਆਂ 100 ਕੰਪਨੀਆਂ ਭਾਰਤ ਵਰਗੇ ਗਰੀਬ ਦੇਸ਼ ਦੇ ਕਰੋੜਾਂ ਲੋਕਾਂ ਤੋਂ ਵੱਧ ਪ੍ਰਦੂਸ਼ਣ ਫੈਲਾਉਦੀਆਂ ਹਨ। ਦੂਜੇ ਪਾਸੇ ਕੀ ਜਲਵਾਯੂ ਸੰਕਟ ਲਈ ਆਮ ਮਨੁੱਖ ਜਿੰਮੇਵਾਰ ਹੈ? ਮਨੁੱਖ ਦਾ ਇਤਿਹਾਸ 10 ਹਜ਼ਾਰ ਸਾਲਾਂ ਤੋਂ ਵੱਧ ਪੁਰਾਣਾ ਹੈ ਜਦ ਕਿ ਵੱਧ ਕਾਰਬਨ ਨਿਕਾਸ ਰਾਹੀਂ ਪੈਦਾ ਕੀਤੀ ਗਈ ਆਲਮੀ ਤਪਸ਼ (ਗਲੋਬਲ ਵਾਰਮਿੰਗ) ਤੇ ਜਲਵਾਯੂ ਸੰਕਟ ਦਾ ਇਤਿਹਾਸ ਸਿਰਫ 200 ਸਾਲ ਪੁਰਾਣਾ ਹੈ। ਇਸ ਗੱਲ ਨੂੰ ਵਾਤਾਵਰਣਵਾਦੀ ਕਿਉਂ ਛੁਪਾਉਂਦੇ ਹਨ? 200 ਸਾਲ ਪਹਿਲਾਂ ਆਖਰ ਅਜਿਹਾ ਕਿਉਂ ਹੋਇਆ ਸੀ ਜਿਸ ਨੇ ਪੂਰੇ ਜੀਵ ਜਗਤ ਲਈ ਏਨੇ ਵੱਡੇ ਖਤਰੇ ਦੀ ਨੀਂਹ ਰੱਖ ਦਿੱਤੀ?

ਸਨਅਤੀ ਇਨਕਲਾਬ ਪਿੱਛੋਂ ਪੂੰਜੀਵਾਦ ਲਈ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਸੀ। ਉਹਨਾਂ ਦੇ ਨਾਲ ਹੀ ਧਰਤੀ ਦੇ ਵਿਨਾਸ਼ ਦਾ ਇੱਕ ਨਵਾਂ ਅਧਿਆਇ ਵੀ ਸ਼ੁਰੂ ਹੋਇਆ ਸੀ। ਅੱਜ ਸਨਅਤਕਾਰ ਆਪਣੀਆਂ ਜਹਿਰ ਉਗਲ ਦੀਆਂ ਫੈਕਟਰੀਆਂ ਨੂੰ ਨਾ ਸਿਰਫ ਬੇਧੜਕ ਚਾਲੂ ਰੱਖਦੇ ਹਨ ਬਲਕਿ ਉਹਨਾਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਨੂੰ ਸਾਫ ਕਰਨ ਲਈ ਫਿਲਟਰ ਤਕ ਨਹੀਂ ਲਾਉਂਦੇ। ਜਲਵਾਯੂ ਸੰਕਟ ਲਈ ਆਮ ਇਨਸਾਨ ਜਿੰਮੇਵਾਰ ਨਹੀਂ ਕਿਉਂਕਿ ਮਨੁੱਖ ਦੇ ਜੀਵਨ ਚੱਕਰ ਨਾਲ ਕੁਦਰਤ ਦਾ ਚੱਕਰ ਅਸੰਤੁਲਿਤ ਨਹੀਂ ਹੁੰਦਾ। ਪਰ ਜਦ ਮੁਠੀਭਰ ਪੂੰਜੀਪਤੀ ਕੁਦਰਤੀ ਸੋਮਿਆਂ ਦੀ ਅਸੀਮਤ ਲੁਟ ਕਰਦੇ ਹਨ ਤਾਂ ਵਾਤਾਵਰਣ ਬੁਰੀ ਤਰ੍ਹਾਂ ਅਸੰਤੁਲਿਤ ਹੋ ਜਾਂਦਾ ਹੈ।

ਇਸ ਲਈ ਅੱਜ ਪੂੰਜੀਵਾਦ ਜਨਿਤ ਖਪਤਵਾਦ ਭਿਆਨਕ ਪ੍ਰਦੂਸ਼ਣ ਦਾ ਸੋਮਾ ਬਣ ਗਿਆ ਹੈ। ਗਰੀਬਾਂ ਵੱਲੋਂ ਕੋਲੇ, ਲੱਕੜੀ ਤੇ ਉਪਲੇ (ਗੋਹੇ ਦੀਆਂ ਪਾਥੀਆਂ) ਨਾਲ ਖਾਣਾ ਪਕਾਉਣ ਨੂੰ ਪ੍ਰਦੂਸ਼ਣ ਸੰਕਟ ਦੇ ਕਾਰਨ ਵਜੋਂ ਗਿਨਣ ਵੀ ਇੱਕ ਕੋਝੀ ਚਾਲ ਹੈ। ਕੀ ਇਹ ਛੋਟੇ ਉਦਯੋਗ ਤੇ ਸੜਕੀ ਆਵਾਜਾਈ ਨਾਲੋਂ ਵੀ ਵੱਧ ਕਾਰਬਨ ਕੱਢ ਦੇ ਹਨ? ਨਹੀਂ, ਬਲਕਿ ਉਦਯੋਗ ਆਵਾਜਾਈ, ਬਿਜਲੀ ਪੈਦਾਵਾਰ ਤੇ ਉਹਨਾਂ ਤੋਂ ਬਣੀਆਂ ਵਸਤਾਂ ਕਰਕੇ ਅਤੇ ਏਅਰ ਕੰਡੀਸ਼ਨਰ ਨਾਲ ਭਰਪੂਰ ਮਾਤਰਾ 'ਚ ਕਾਰਬਨ ਨਿਕਾਸ ਹੁੰਦਾ ਹੈ ਜੋ ਉਚ ਅਮੀਰ ਵਰਗ ਦੀ ਵਿਲਾਸਤਾ ਦੇ ਸਾਧਨ ਵਜੋਂ ਵੱਧ ਵਰਤੇ ਜਾਂਦੇ ਹਨ। ਕੀ ਅਮੀਰਾਂ ਦਾ ਅਯਾਸ਼ੀ ਤੇ ਗਰੀਬਾਂ ਦੀ ਮਜ਼ਬੂਰੀ ਨੂੰ ਇਕੋ ਤੱਕੜੀ 'ਚ ਰੱਖ ਕੇ ਤੋਲਿਆ ਜਾ ਸਕਦਾ ਹੈ? ਇਸ ਭਿਅੰਕਰ ਗਰੀਬ ਤੇ ਸਾਧਨਹੀਣਤਾ ਦੇ ਲਈ ਵੀ ਕੀ ਪੂੰਜੀਵਾਦੀ ਵਿਵਸਥਾ ਹੀ ਜਿੰਮੇਵਾਰ ਨਹੀਂ ਹੈ! ਸਮੱਸਿਆ ਤੇ ਉਸ ਦੇ ਕਾਰਨ ਦੀ ਗਲਤ ਸਮਝਦਾਰੀ ਦੇ ਕਾਰਨ ਵਾਤਾਵਰਣ ਪ੍ਰੇਮੀ ਵੱਲੋਂ ਸੁਝਾਏ ਗਏ ਉਪਾਅ ਜਿਵੇਂ ਵਿਕਲਪਿਕ ਊਰਜਾ, ਦਰੱਖਤ ਲਾਉਣ, ਜੈਵਿਕ ਖਾਦ, ਪੁਰਾਣੀਆਂ ਚੀਜ਼ਾਂ ਦੀ ਰਸਾਈਕਲਿੰਗ ਆਦਿ ਇਸ ਵਿਰਾਟ ਸਮੱਸਿਆ ਮੂਹਰੇ ਕਿਤੇ ਨਹੀਂ ਠਹਿਰਦੇ। ਅਜਿਹਾ ਕਿਉਂ ਹੈ ਕਿ ਹਜ਼ਾਰਾਂ ਗੈਰ ਸਰਕਾਰੀ ਸੰਗਠਨਾ ਤੇ ਵਾਤਾਵਰਣ ਪ੍ਰੇਮੀਆਂ ਦੇ ਵੱਧ ਯਤਨਾਂ ਦੇ ਬਾਵਜੂਦ ਜਲਵਾਯੂ ਸੰਕਟ ਦੀ ਸਮੱਸਿਆ ਦਿਨ-ਦੁਗਣੀ ਰਾਤ-ਚੌਗੁਣੀ ਵਧ ਰਹੀ ਹੈ।

ਸੱਚ ਤਾਂ ਇਹ ਹੈ ਕਿ ਇਹਨਾਂ 'ਚੋਂ ਬਹੁਤੇ ਮੈਂਬਰ ਸਵੈਸੇਵੀ ਉਹਨਾਂ ਸਾਮਰਾਜੀ ਸਰਕਾਰਾਂ ਤੇ ਵੱਡੀਆਂ ਕੰਪਨੀਆਂ ਤੋਂ ਆਰਥਕ ਗਰਾਂਟਾਂ ਲੈਂਦੇ ਹਨ। ਜੋ ਵਾਤਾਵਰਣ ਸੰਕਟ ਲਈ ਸਭ ਤੋਂ ਵੱਧ ਜਿੰਮੇਵਾਰ ਹਨ। ਅਮੂਮਨ ਇਨ੍ਹਾਂ ਕੰਪਨੀਆਂ ਦੇ ਮਾਲਕ ਇਹਨਾਂ ਖੁਦਾਈ ਖਿਦਮਦਗਾਰਾਂ ਨੂੰ ਖੈਰਾਤ ਤੇ ਤਮਗੇ ਇਸ ਲਈ ਦਿੰਦੇ ਹਨ ਕਿ ਉਹ ਉਹਨਾਂ ਦੇ ਕੁਕਰਮਾ 'ਤੇ ਪੜਦਾ ਪਾਉਣ ਤੇ ਲੋਕਾਂ 'ਚ ਭਰਮ ਫੈਲਾਉਣ। ਹੋ ਸਕਦਾ ਹੈ ਕਿ ਇਹਨਾਂ 'ਚੋਂ ਕੁਝ ਇਕ ਏਨੇ ਭੋਲੇ ਹੋਣ ਕਿ ਉਹ ਇਸ ਗੱਲ ਨੂੰ ਸਮਝ ਨਾ ਸਕਦੇ ਹੋਣ ਪਰ ਉਹਨਾਂ ਦਾ ਇਹ ਭੋਲਾਪਣ ਧਰਤੀ ਅਤੇ ਮਨੁੱਖਤਾ ਲਈ ਤਾਂ ਖਤਰਨਾਕ ਹੈ ਹੀ।

**ਸਰਕਾਰ ਦਾ ਰੁਖ** :- ਪ੍ਰਦੂਸ਼ਣ ਲਈ ਦੋਸ਼ੀ ਕੰਪਨੀਆਂ ਖਿਲਾਫ ਸਖ਼ਤ ਕਾਰਵਾਈ ਕਰਨ ਤੇ ਇਸ ਸਮੱਸਿਆ ਦਾ ਹੱਲ ਕੱਢਣ ਦੀ ਬਜਾਏ ਸਰਕਾਰਾਂ ਨਿਰਜੀਵ ਬੇਅਸਰ ਵਾਤਾਵਰਣ ਕਾਨੂੰਨ ਬਣਾਉਣ, ਵਾਤਾਵਰਣ ਵਿਨਾਸ਼ ਦੀ ਕੀਮਤ 'ਤੇ

ਦੇਸ਼ੀ-ਵਿਦੇਸ਼ੀ ਕੰਪਨੀਆਂ ਨੂੰ ਕੁਦਰਤ ਦੀ ਲੁਟ-ਘਸੁੱਟ ਦੀ ਖੁਲ੍ਹੀ ਛੁਟੀ ਦੇਣ ਤੇ ਕੌਮਾਂਤਰੀ ਗੱਲਬਾਤ 'ਚ ਧਨੀ ਦੇਸ਼ਾਂ ਦੇ ਨਾਲ ਖੜ੍ਹਾ ਹੋਣ ਦਾ ਕੰਮ ਕਰਦੀਆਂ ਹਨ। ਵਾਤਾਵਰਣ ਸਬੰਧੀ ਬਣੇ ਕਈ ਪ੍ਰੋਜੈਕਟ ਸਾਲਾਂ ਤੋਂ ਮਿਟੀ ਫੱਕ ਰਹੇ ਹਨ। ਇਹਨਾਂ 'ਚ ਲੱਗਿਆ ਪੈਸਾ ਸਰਕਾਰੀ ਅਧਿਕਾਰੀਆਂ ਤੇ ਨੇਤਾਵਾਂ ਦੀਆਂ ਜੇਬਾਂ ਦੇ ਹਵਾਲੇ ਹੋ ਜਾਂਦਾ ਹੈ।

ਭ੍ਰਿਸ਼ਟਾਚਾਰ 'ਚ ਡੁੱਬੀਆਂ ਦਲਾਲ ਪੂੰਜੀਵਾਦੀ ਸਰਕਾਰਾਂ ਤੋਂ ਭਲਾ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਦੀ ਡਾਂਟ ਫਟਕਾਰ ਜਾਂ ਲੋਕਾਂ ਦੀ ਆਵਾਜ਼ ਸੁਣ ਕੇ ਸਮੱਸਿਆ ਨੂੰ ਟਾਲਣ ਲਈ ਜਾਂਚ ਕਮੇਟੀ ਬਿਠਾ ਦੇਣਾ ਸਰਕਾਰ ਦਾ ਨਿੱਤ ਦਾ ਕਿੱਤਾ ਹੈ। ਸਰਕਾਰ ਨੂੰ ਆਪਣੇ ਲੋਕਾਂ ਦੀ ਸਿਹਤ ਤੇ ਵਾਤਾਵਰਣ ਵਿਨਾਸ਼ ਦੀ ਭੋਰਾ ਵੀ ਚਿੰਤਾ ਹੁੰਦੀ ਤਾਂ ਉਹ ਵਾਤਾਵਰਣ ਸੰਬੰਧੀ ਖੂੰਖਾਰ ਪਾਸਕੋ ਤੇ ਵੇਦਾਂਤਾ ਵਰਗੀਆਂ ਕੰਪਨੀਆਂ ਨੂੰ ਭਾਰਤ 'ਚ ਯੂਨਿਟ ਲਾਉਣ ਦੀ ਇਜ਼ਾਜਤ ਨਹੀਂ ਦਿੰਦੀਆਂ। ਵਿਆਪਕ ਲੋਕ ਸੰਘਰਸ਼ਾਂ ਦੇ ਦਬਾਅ ਕਰਕੇ ਵੇਦਾਂਤਾ ਵਰਗੀਆਂ ਕੰਪਨੀਆਂ ਖਿਲਾਫ ਵਾਤਾਵਰਣ ਮੰਤਰਾਲੇ ਨੂੰ ਸਖਤ ਹੋਣਾ ਪਿਆ। ਪਰ ਦੇਸ਼ ਭਰ 'ਚ ਵੱਡੇ ਪੈਮਾਨੇ 'ਤੇ ਕੁਦਰਤੀ ਦੌਲਤ ਦੀ ਲੁੱਟ ਅਜੇ ਵੀ ਜਾਰੀ ਹੈ।

**ਸਾਮਰਾਜੀ ਦੇਸ਼ਾਂ ਤੇ ਉਹਨਾਂ ਦੇ ਵਿਗਿਆਨੀਆਂ ਦਾ ਰੁਖ** : - ਵਿਕਸਤ ਦੇਸ਼ਾਂ ਦੇ ਪੂੰਜੀ ਪ੍ਰਸਤ ਵਿਗਿਆਨਕ ਜਲਵਾਯੂ ਸੰਕਟ ਦਾ ਹੱਲ ਤਕਨੀਕੀ ਪ੍ਰਗਤੀ ਦੇ ਜਰੀਏ ਕਰਨ ਦਾ ਦਾਅਵਾ ਕਰਦੇ ਹਨ। ਇਹਨਾਂ ਤਕਨੀਕਾਂ 'ਚ ਪ੍ਰਮੁੱਖ ਹਨ, ਪ੍ਰੈਟਰੋਲੀਅਮ ਪਦਾਰਥਾਂ ਦੇ ਵਿਕਲਪ ਵਜੋਂ ਨਿਊਕਲੀਅਰ ਊਰਜਾ ਦਾ ਵਰਤੋਂ ਤੇ ਸਲਫਰ ਡਾਈਅਕਸਾਈਡ ਤੇ ਲੋਹੇ ਦੇ ਚੂਰਨ ਦੀ ਵਰਤੋਂ ਕਰਕੇ ਗਲੋਬਲ ਵਾਰਮਿੰਗ ਦੇ ਅਸਰ ਨੂੰ ਘੱਟ ਕਰਨਾ। ਅਮਰੀਕਾ ਦੀ ਥ੍ਰੀ ਮਾਈਲਜ਼ ਆਈ ਲੈਂਡਸ ਦੁਰਘਟਨਾ, ਰੂਸ ਦੇ ਚੇਰਨੋਬਿਲ ਪ੍ਰਮਾਣੂ ਰਿਐਕਟਰ ਦੀ ਤ੍ਰਾਸਦੀ ਤੇ ਪਿੱਛੇ ਜਿਹੇ ਹੀ ਜਪਾਨ ਦੇ ਨਿਊਕਲੀਅਰ ਰਿਐਕਟਰ 'ਚ ਰਸਾਅ ਦੀ ਭਿਅੰਕਰਤਾ ਨੂੰ ਵੇਖਦੇ ਹੋਇਆਂ ਨਿਊਕਲੀਅਰ ਊਰਜਾ ਦਾ ਬਦਲ ਬਹੁਤ ਹੀ ਘਾਤਕ ਹੈ। ਦੂਜੇ ਪਾਸੇ ਵਾਯੂਮੰਡਲ ਦੀ ਉਪਰਲੀ ਤਹਿ 'ਚ ਸਲਫਰ ਡਾਈਅਕਸਾਈਡ ਨੂੰ ਵੱਡੇ ਪੈਮਾਨੇ 'ਤੇ ਸੋਕ ਲੈਣਗੇ। ਇਸ ਨਾਲ ਕੀ ਕੋਈ ਫਰਕ ਪਵੇਗਾ? ਜਾਗਰੂਕ ਵਿਗਿਆਨਕਾਂ ਦਾ ਮੰਨਣਾ ਹੈ ਕਿ ਇਹਨਾਂ ਉਪਾਵਾਂ ਨਾਲ ਹੋਰ ਵੀ ਘਾਤਕ ਸਿੱਟੇ ਸਾਹਮਣੇ ਆਉਣਗੇ।

ਜੇ ਸਲਫਰ ਡਾਈਅਕਸਾਈਡ ਪ੍ਰਭਾਵੀ ਵੀ ਹੁੰਦੀ ਹੈ ਤਾਂ ਉਸ ਨੂੰ ਵਾਯੂਮੰਡਲ 'ਚ ਵਾਰ-ਵਾਰ ਝੋਕਣਾ ਪਵੇਗਾ ਜੋ ਖੁਦ ਹੀ ਵਾਤਾਵਰਣ ਸੰਕਟ ਦਾ ਕਾਰਨ ਬਣੇਗਾ ਕਿਉਂਕਿ ਇਹ ਗੈਸ ਪਾਣੀ ਨਾਲ ਮਿਲ ਕੇ ਜਾਨਲੇਵਾ ਤੇਜਾਬ ਬਣਾਉਂਦੀ ਹੈ। ਇਸ ਕਾਰਨ ਤੇਜਾਬ ਦੀ ਬਾਰਸ਼ ਹੋਵੇਗੀ ਜਿਸ ਨਾਲ ਸਮੁੰਦਰ ਦੀ ਅਮਲਤਾ ਘਟਣ ਦੀ ਥਾਂ ਹੋਰ ਵਧ ਜਾਵੇਗੀ। ਅਜਿਹੇ ਸੁਝਾਅ ਪੇਸ਼ ਕਰਨ ਦਾ ਸਿੱਧਾ ਮਤਲਬ ਹੈ ਸਮੱਸਿਆ ਨੂੰ ਟਾਲਨਾ ਤੇ ਉਸ ਤੋਂ ਮੂੰਹ ਮੋੜਨਾ। ਅਜਿਹੇ ਤਕਨੀਕੀ ਹੱਲ ਨੂੰ ਪੇਸ਼ ਕਰਨ ਵਾਲੇ ਵਿਗਿਆਨੀ ਉਹਨਾਂ ਵੱਡੀਆਂ ਸਾਮਰਾਜੀ ਕੰਪਨੀਆਂ ਦੀ ਸੁਆਰਥ ਪੂਰਤੀ ਕਰਦੇ ਹਨ ਜੋ ਕਵੇਟੋ ਪ੍ਰੋਟੋਕੋਲ ਦੇ ਤਹਿਤ ਕਾਰਬਨ ਪੈਦਾਇਸ਼ 'ਚ ਕਟੌਤੀ ਦੀ ਜਿੰਮੇਵਾਰੀ ਤੋਂ ਹੱਥ ਖੜ੍ਹੇ ਕਰ ਚੁੱਕੀਆਂ ਹਨ। ਅਮਰੀਕਾ ਦੀ ਬਾਲੀ ਮਾਨਚਿੱਤਰ, ਕੋਪੇਨਹੇਗਨ ਅਤੇ ਕਾਨਕੁੰਨ ਸੰਮੇਲਨ ਤੋਂ ਕਿਨਾਰਾਕਸ਼ੀ ਅੱਜ ਉਹ ਦੁਨੀਆਂ ਭਰ 'ਚ ਜਲਵਾਯੂ ਸੰਕਟ

ਬਾਰੇ ਤਰ੍ਹਾਂ-ਤਰ੍ਹਾਂ ਭਰਮ ਫੈਲਾਉਣ ’ਚ ਲੱਗਿਆ ਹੈ। ਉਹ ਅਜਿਹੇ ਵਿਗਿਆਨਕਾਂ ਨੂੰ ਉਤਸ਼ਾਹਿਤ ਕਰਦਾ ਹੈ ਜੋ ਜਾਂ ਤਾਂ ਜਲਵਾਯੂ ਸੰਕਟ ਤੋਂ ਇਨਕਾਰ ਕਰਦੇ ਹਨ ਜਾਂ ਨੀਮ-ਹਕੀਮੀ ਨੁਸਖੇ ਸੁਝਾਉਂਦੇ ਹਨ। ਅੱਜ ਜਲਵਾਯੂ ਸੰਕਟ ’ਤੇ ਸਾਮਰਾਜੀਆਂ ਦਾ ਅਸਲੀ ਏਜੰਡਾ ਇਹ ਹੈ ਕਿ ਜਦ ਤੱਕ ਧਰਤੀ ਰਹੇਗੀ, ਉਹ ਇਸ ਨੂੰ ਨਿਚੋੜ ਤੇ ਬਰਬਾਦ ਕਰਦੇ ਰਹਿਣਗੇ ਤਾਂ ਕਿ ਉਹਨਾਂ ਦੇ ਮੁਨਾਫੇ ਦੀ ਹਵਸ਼ ਪੂਰੀ ਹੋ ਸਕੇ। ਇਹ ਪ੍ਰਜੀਵੀ ਆਪਣੀਆਂ ਆਉਣ ਵਾਲੀਆਂ ਸਭ ਨਸਲਾਂ ਬਾਰੇ ਨਹੀਂ ਸੋਚਦੇ।

**ਟਿਕਾਊ ਵਿਕਾਸ ਦਾ ਭਰਮ** :- ਪਿਛਲੇ ਦਿਨੀਂ ਦਹਾਕਿਆਂ ਤੋਂ ਸੰਸਾਰ ਬੈਂਕ ਇਹ ਸੁਨੇਹਾ ਪ੍ਰਸਾਰਿਤ ਕਰ ਰਿਹਾ ਹੈ ਕਿ “ਪਹਿਲਾਂ ਵਿਕਾਸ ਕਰੋ” ਤੇ ਫਿਰ ਸਫ਼ਾਈ ਕਰੋ। ਇਸ ਪੂੰਜੀਵਾਦੀ ਸੋਚ ਦੇ ਤਹਿਤ ਵੱਧ ਤੋਂ ਵੱਧ ਕਾਰਬਨ ਪੈਦਾਇਸ਼ਯੁਕਤ ਤੇਜ ਆਰਥਕ ਵਿਕਾਸ ਨੂੰ ਹੱਲਾਸ਼ੇਰੀ ਦਿੱਤੀ ਗਈ ਤੇ ਦਾਅਵਾ ਕੀਤਾ ਗਿਆ ਕਿ ਵੱਡੀਆਂ ਕੰਪਨੀਆਂ ਜਦ ਖੂਬ ਦੌਲਤ ਕਮਾ ਲੈਣਗੀਆਂ ਤਾਂ ਉਸੇ ਦੌਲਤ ਦੇ ਸਹਾਰੇ ਵਕਤ ਕਾਰਬਨ ਉਤਸਰਜਨ ਯੁਕਤ ਮੌਜੂਦਾ ਤਕਨੀਕ ਨੂੰ ਤਿਆਗ ਕੇ, ਘੱਟ ਉਤਸਰਜਨ ਵਾਲੀਆਂ ਮਹਿੰਗੀਆਂ ਸੂਰਜੀ ਊਰਜਾ ਤਕਨੀਕਾਂ ਨੂੰ ਅਪਣਾਉਗੀਆਂ। ਪਰ ਇਹ ਸਭ ਦਾਅਵੇ ਥੋਥੇ ਸਾਬਤ ਹੋਏ ਹਨ। ਵਿਕਸਤ ਦੇਸ਼ਾਂ ਦੀਆਂ ਕੰਪਨੀਆਂ ਨੇ ਖੁਸ਼ਹਾਲੀ ਤਾਂ ਹਾਸਲ ਕਰ ਲਈ ਪਰ ਉਹ ਉਤਸਰਜਨ ਕਟੌਤੀ ਦੇ ਆਪਣੇ ਵਾਅਦੇ ਤੋਂ ਮੁਕਰ ਗਈਆਂ।

ਵਾਤਾਵਰਣ ’ਤੇ ਸਭ ਕੌਮਾਂਤਰੀ ਸੰਮੇਲਨ ਇਸ ਦੇ ਗਵਾਹ ਹਨ। ਕਵੇਟੋ ਪ੍ਰੋਟੋਕਕੋਲ ਦੇ ਤਹਿਤ 5 ਫੀਸਦੀ ਉਤਸਰਜਨ ਕਟੌਤੀ ਦਾ ਟੀਚਾ ਰੱਖਿਆ ਗਿਆ ਸੀ ਪਰ ਇਨ੍ਹਾਂ ਦੀਆਂ ਕਾਰਗੁਜਾਰੀਆਂ ਨਾਲ ਹੁਣ ਤੱਕ ਕਟੌਤੀ ਦੀ ਬਜਾਏ ਕਾਰਬਨ ਉਤਸਰਜਨ ’ਚ 11 ਫੀਸਦੀ ਦਾ ਵਾਧਾ ਹੋ ਚੁੱਕਿਆ ਹੈ। ਪੂੰਜੀਵਾਦ ਦੇ ਰਹਿੰਦਿਆਂ ਵਾਤਾਵਰਣ ਦੇ ਮਾਮਲੇ ’ਚ ਟਿਕਾਊ ਵਿਕਾਸ ਸੰਭਵ ਹੀ ਨਹੀਂ ਹੈ। ਪਿਛਲੇ ਕੁਝ ਸਮੇਂ ਤੋਂ 3 ਫੀਸਦੀ ਦੀ ਮੱਠੀ ਰਫਤਾਰ ਵਾਲੀ, ਹਰਿਆਲੀ ਯੁਕਤ ਟਿਕਾਊ ਵਿਕਾਸ ਦੀਆਂ ਗੱਲਾਂ ਹੋ ਰਹੀਆਂ ਹਨ। ਜੇ ਵਿਕਾਸ ਦੀ ਇਸ ਦਰ ਨੂੰ ਅਪਣਾ ਲਿਆ ਜਾਵੇ ਤਾਂ ਇਹ 23 ਸਾਲ ’ਚ ਦੁਗਣੀ ਤੇ ਅਗਲੇ 100 ਸਾਲਾਂ ’ਚ 16 ਗੁਣਾ ਹੋ ਜਾਵੇਗੀ। ਇਸ ਦੀ ਲਾਜ਼ਮੀ ਪ੍ਰਣੀਤੀ ਇਹ ਹੋਵੇਗੀ ਕਿ ਇਸ ਰਫਤਾਰ ਨਾਲ ਕੁਦਰਤੀ ਵਸੀਲਿਆਂ ਦੀ ਲੁਟ ਕੀਤੀ ਜਾਵੇਗੀ।

ਕਲਪਨਾ ਕਰੋ 100 ਸਾਲ ਪਿੱਛੋਂ ਅੱਜ ਤੋਂ 16 ਗੁਣਾ ਵੱਧ ਪ੍ਰਦੂਸ਼ਣ ਤੇ ਜਲਵਾਯੂ ਸੰਕਟ, ਉਹ ਵੀ ਟਿਕਾਊ ਵਿਕਾਸ ਦੇ ਨਾਂ ਹੇਠ। ਕੀ ਇਹ ਟਿਕਾਊ ਵਿਕਾਸ ਹੈ? ਤਾਂ ਕੀ ਅਸੀਂ ਆਰਥਕ ਵਿਕਾਸ ਦੇ ਵਿਰੋਧੀ ਹਾਂ? ਬਿਲਕੁਲ ਨਹੀਂ। ਪਰ ਆਰਥਕ ਵਿਕਾਸ ਦੇ ਨਾਲ-ਨਾਲ ਸਾਨੂੰ ਮੌਜੂਦਾ ਸਰਮਾਏਦਾਰੀ ਪ੍ਰਣਾਲੀ ਦੀ ਅਲੋਚਨਾ ਵੀ ਕਰਨੀ ਪਵੇਗੀ ਜੋ ਜਲਵਾਯੂ ਸੰਕਟ ਲਈ ਸਭ ਤੋਂ ਵੱਧ ਜਿੰਮੇਵਾਰ ਹੈ। ਸਾਨੂੰ ਅਜਿਹੇ ਵਿਕਾਸ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ ਜੋ ਮੁਨਾਫਾ ਕੇਂਦਰਿਤ ਨਾ ਹੋ ਕੇ, ਵਾਤਾਵਰਣ ਲਈ ਘੱਟ ਤੋਂ ਘੱਟ ਨੁਕਸਾਨਦੇਹ ਤੇ ਮਾਨਵਤਾ ਦੇ ਹਿੱਤ ਵਿੱਚ ਹੋਵੇ। ਸਾਨੂੰ ਤਕਨੀਕ ਤੇ ਮਨੁੱਖੀ ਕਿਰਤ ਵਿੱਚ ਕਿਰਤ ਨੂੰ ਤਰਜੀਹ ਦੇਣੀ ਹੋਵੇਗੀ ਕਿਉਂਕਿ ਕਿਰਤ ਕੇਂਦਰਿਤ ਵਿਕਾਸ ਵਾਤਾਵਰਣ ਲਈ ਘੱਟ ਨੁਕਸਾਨਦੇਹ ਤੇ ਵਿਆਪਕ ਅਬਾਦੀ ਲਈ ਫਾਇਦੇਮੰਦ ਹੋਵੇਗਾ। ਮੁਨਾਫਾ ਕੇਂਦਰਿਤ ਪੂੰਜੀਵਾਦੀ ਪ੍ਰਣਾਲੀ ਦਾ ਮਕਸਦ ਮੁਠੀਭਰ ਲੋਕਾਂ ਦੀ

ਖੁਸ਼ਹਾਲੀ ਨੂੰ ਹੋਰ ਵਧਾਉਣਾ ਹੈ। ਇੱਥੇ ਮੁਨਾਫਾ ਹੀ ਮੂਸਾ ਹੈ। ਮੁਨਾਫਾ ਹੀ ਪੈਗੰਬਰ ਹੈ ਮੁਨਾਫਾ ਹੀ ਭਗਵਾਨ ਹੈ। ਮੁਨਾਫੇ ਮੂਹਰੇ ਦੋ ਹੀ ਬਦਲ ਬਚੇ ਹਨ ਜਾਂ ਮੁਨਾਫੇ ਦੇ ਭਗਵਾਨ ਦੀ ਪੂਜਾ  ਕਰਦੇ ਹੋਏ ਧਰਤੀ ਦੇ ਅਣਗਿਣਤ ਪ੍ਰਾਣੀਆਂ ਤੇ ਖੁਦ ਮਨੁੱਖ ਨੂੰ ਵਿਨਾਸ਼ ਵੱਲ ਵਧਦੇ ਜਾਣ ਦੇਈਏ ਜਾਂ ਫਿਰ ਇਸ ਮੁਨਾਫੇ ਦੇ ਦੇਵਤੇ ਨੂੰ ਛੱਡ ਦੇਈਏ ਤੇ ਜਲਵਾਯੂ ਸੰਕਟ ਦੇ ਸਥਾਈ ਹੱਲ ਲਈ ਕੁਦਰਤ ਤੇ ਮਨੁੱਖ ਵਿਚਕਾਰ ਸੰਤੁਲਿਤ ਤੇ ਬਰਾਬਰੀ ਅਧਾਰਤ, ਮੁਨਾਫਾ ਰਹਿਤ, ਲੁਟ ਰਹਿਤ ਸਮਾਜ ਦੀ ਉਸਾਰੀ ਦੀ ਦਿਸ਼ਾ 'ਚ ਅੱਗੇ ਵਧੀਏ।

# ਦਿੱਲੀ ’ਚ ਵਧਦਾ ਯਮੁਨਾ ਨਦੀ ਦਾ ਪ੍ਰਦੂਸ਼ਣ ਹੈ ਕਿਉਂ?

ਕਿਹਾ ਜਾਂਦਾ ਹੈ ਕਿ ਜੋ ਸ਼ਹਿਰ ਨਦੀਆਂ ਕਿਨਾਰੇ ਵਸੇ ਹੋਏ ਹੁੰਦੇ ਹਨ, ਉਹਨਾਂ ਦੇ ਭੂਗੋਲ ’ਚ ਹੀ ਨਹੀਂ, ਬਲਕਿ ਉਹਨਾਂ ਦੀ ਯਾਦ ’ਚ ਵੀ ਨਦੀ ਵਗਦੀ ਰਹਿੰਦੀ ਹੈ। ਇਲਾਹਾਬਾਦ, ਬਨਾਰਸਾਂ, ਆਗਰਾ ਵਰਗੇ ਸ਼ਹਿਰਾਂ ਨੂੰ ਵੇਖ ਕੇ ਅਜਿਹਾ ਲੱਗਦਾ ਹੈ ਪਰ ਰਾਜਧਾਨੀ ਦਿੱਲੀ ਇਸ ਦਾ ਅਪਵਾਦ ਹੈ, ਜਿੱਥੇ 22-23 ਕਿਲੋਮੀਟਰ ਤਕ ਵਗਣ ਦੇ ਬਾਵਜੂਦ ਯਮੁਨਾ ਇੱਕ ਵਿਸ਼ਾਲ ਨਾਲੇ ਵਾਗੂੰ ਨਜ਼ਰ ਆਉਂਦੀ ਹੈ ਤੇ ਜਿਸ ਦੀ ਹੋਂਦ ਨੂੰ ਇੱਥੋਂ ਦੇ ਬੇਰਹਿਮ ਬਸ਼ਿੰਦਿਆਂ ਨੇ ਬੁਰੀ ਤਰ੍ਹਾਂ ਦਬਾਅ ਦਿੱਤਾ ਹੈ। ਇਸ ਗੰਦੀ ਬਦਬੂਦਾਰ ਤੇ ਸੁਕਦੀ ਹੋਈ ਨਦੀ ਦੇ ਕਲਿਆਣ ਲਈ ਬਣੀਆਂ ਦੋ ਭਾਰੀ ਯੋਜਨਾਵਾਂ ’ਤੇ 1300 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਹੁਣ ਤੀਜੇ ਪੜਾਅ ’ਚ 16500 ਕਰੋੜ ਰੁਪਏ ਖਰਚ ਕਰਨ ਦੀ ਯੋਜਨਾ ਹੈ। ਇਸ ਦੇ ਬਾਵਜੂਦ ਇਹ ਤਹਿ ਨਹੀਂ ਹੈ ਕਿ ਇਸ ਦਾ ਪਾਣੀ ਕਦੀ ਵਰਤੋਂ ਲਾਇਕ ਬਣ ਸਕੇਗਾ ਜਾਂ ਨਹੀਂ। ਇਸ ਦੇ ਪਾਣੀ ਨਾਲ ਖਾਸ ਕਰਕੇ ਰਾਤ ’ਚ ਨਿਕਲਣ ਵਾਲੇ ਅਮੋਨੀਆ ਤੇ ਹਾਈਡਰੋਜ਼ਨ ਸਲਫਾਈਡ ਵਰਗੀਆਂ ਗੈਸਾਂ ਨਾਲ ਦਿੱਲੀ ਮੈਟ੍ਰੋ ਦੇ ਡੱਬਿਆਂ ਦੀ ਵਾਤਾਨੁਕਲਨ ਵਿਵਸਥਾ ’ਤੇ ਬੁਰਾ ਅਸਰ ਪੈ ਰਿਹਾ ਹੈ। ਲਿਹਾਜਾ ਮੈਟਰੋ ਕਾਰਪੋਰੇਸ਼ਨ ਨੇ ਇਸ ਸਿਲਸਿਲੇ ’ਚ ਇੱਕ ਸਰਵੇਖਣ ਵੀ ਕਰਵਾਇਆ ਹੈ। ਹਿਮਾਚਲ ’ਚ ਯਮਨੋਚੀ ਤੋਂ ਨਿਕਲਦੀ ਯਮੁਨਾ ਪੱਲਾ ਪਿੰਡ ਦੇ ਕੋਲ ਦਿੱਲੀ ’ਚ ਦਾਖਲ ਹੁੰਦੀ ਹੈ ਅਤੇ ਵਜੀਰਾਬਾਦ ਬੈਰਾਜ ਤੋਂ ਔਖਲਾ ਬੈਰਾਜ ਵਿਚਕਾਰ ਸਿਰਫ 22 ਕਿਲੋਮੀਟਰ ਹੋ ਜਾਂਦੀ ਹੈ। ਉਤਰਾਖੰਡ, ਹਰਿਆਣਾ, ਰਾਜਸਥਾਨ, ਮੱਧਪ੍ਰਦੇਸ਼ ਤੇ ਉਤਰਪ੍ਰਦੇਸ਼ ਤੋਂ ਹੋ ਕੇ ਲੰਘਣ ਵਾਲੀ ਯਮੁਨਾ ਨੂੰ ਸਭ ਤੋਂ ਵੱਧ ਮੁਸੀਬਤ ਝਲਣੀ ਪੈਂਦੀ ਹੈ ਕਿ ਉਸ ਦਾ ਪਾਣੀ ਨਾ ਤਾਂ ਪੀਣ ਲਾਇਕ ਰਹਿ ਜਾਂਦਾ ਹੈ ਅਤੇ ਨਾ ਸਿੰਚਾਈ ਲਾਇਕ। ਪਾਣੀ ’ਚ ਆਕਸੀਜਨ ਪੱਧਰ ਜੀਰੋ ਹੋ ਜਾਣ ਕਰਕੇ ਦਿੱਲੀ ’ਚ ਇਹ ਜ਼ਹਿਰੀਲੀ ਬਣ ਜਾਂਦੀ ਹੈ। ਪੁਰਾਣੀ ਦਿੱਲੀ ਦੇ ਨਿਗਮ ਬੋਘਘਾਟ ’ਤੇ ਬੋਰਡ ਲੱਗਿਆ ਹੈ ਕਿ ‘ਯਮੁਨਾ ਦਾ ਪਾਣੀ, ਜ਼ਹਿਰੀਲਾ ਹੈ, ਨਹਾਨਾ ਤੇ ਪਾਣੀ ਪੀਣਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ।’ ਵਜੀਰਾਬਾਦ ਬੈਰਾਜ ਪਾਸ ਭਜਨਪੁਰਾ ਜਾਣ ਵਾਲੀ ਸੜਕ ਦੇ ਦੋਨੋ ਪਾਸੇ ਬੈਰਾਜਾਂ ਤੋਂ ਪਹਿਲਾਂ ਯਮੁਨਾ ਨਦੀ ਵਾਗੂੰ ਲੱਗਦੀ ਹੈ ਤੇ ਬੈਰਾਜ ਪਿੱਛੋਂ ਉਹ ਨਾਲਿਆਂ ’ਚ ਤਬਦੀਲੀ ਹੋ ਜਾਂਦੀ ਹੈ। ਦਿੱਲੀ ’ਚ 26 ਨਾਲੇ ਡਿਗਦੇ ਹਨ ਜਿਹਨਾਂ ’ਚੋਂ ਚਾਰ ਨਾਲੇ ਆਗਰਾ ਤੇ ਗੁੜਗਾਵਾਂ ਤੋਂ ਆਉਂਦੇ ਹਨ। ਯਮੁਨਾ ਨੂੰ ਗੰਦਾ ਕਰਨ ਦਾ ਸਭ ਤੋਂ ਵੱਡਾ ਸਰੋਤ ਨਜਫਗੜ ਨਾਲਾ ਹੈ। ਜਿਸ ਕਾਰਨ 40 ਫੀਸਦੀ ਗੰਦਗੀ ਪੈਦਾ ਹੁੰਦੀ ਹੈ। ਦੂਜੇ ਨੰਬਰ ’ਤੇ ਸ਼ਾਹਦਰਾ ਨਾਲਾ ਹੈ। ਕੈਗ ਦੀ ਰੀਪੋਟ ਮੁਤਾਬਕ ਦਿੱਲੀ ’ਚ ਯਮੁਨਾ ਦੀ ਗੰਦਗੀ ਦਾ ਸਭ ਤੋਂ ਵੱਡਾ ਕਾਰਨ ਘਰਾਂ ਤੋਂ ਨਿਕਲਣ ਵਾਲਾ ਕੂੜਾ ਹੈ। ਨਦੀ ’ਚ ਕੂੜਾ ਸੁਟਣਾ ਧਾਰਮਕ ਸਮਾਗਮਾਂ ਦੀ ਗੰਦਗੀ ਪਲਾਸ਼ਟਿਕ ਆਦਿ ਤੋਂ ਇਲਾਵਾ ਨਦੀ ਨੂੰ ਨਾਲਾ ਬਣਾਉਣ ’ਚ ਵੱਡਾ ਯੋਗਦਾਨ ਉਹਨਾਂ 47 ਫੀਸਦੀ ਸੀਵਰਾਂ ਦਾ

ਹੈ ਜੋ ਸਿੱਧੇ ਯੁਮਨਾ ’ਚ ਡਿੱਗਦੇ ਹਨ। ਵਾਤਾਵਰਣ ਪ੍ਰੇਮੀ ਤੇ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ ਦੀ ਮੁਖੀਆ ਸੁਨੀਤਾ ਨਰਾਇਣ ਕਹਿੰਦੀ ਹੈ, ‘ਨਦੀ ’ਚ ਜੰਮਦੀ ਗੰਦਗੀ ਦੇ ਕਾਰਨ ਨਾ ਸਿਰਫ ਇਸ ਦਾ ਪਾਣੀ ਪੀਣ ਲਾਇਕ ਨਹੀਂ ਹੁੰਦਾ ਬਲਕਿ ਧਰਤੀ ਹੇਠਲਾ ਪਾਣੀ ਵੀ, ਇਹ ਪ੍ਰਦੂਸ਼ਿਤ ਕਰ ਰਹੀ ਹੈ। ਜੋ ਇੱਥੇ ਪੀਣ ਦੇ ਪਾਣੀ ਦਾ ਵੱਡਾ ਸਰੋਤ ਹੈ।’ ਦਿੱਲੀ ਦੀ ਯਮੁਨਾ ’ਚ ਮੱਛੀਆਂ ਦੀ ਥਾਂ ਕੂੜੇ ਤੇ ਪਲਾਸਟਿਕ ਜਮ੍ਹਾਂ ਹੋ ਚੁੱਕੇ ਹਨ ਜਿਹਨਾਂ ਤੋਂ ਭਿਆਨਕ ਬਦਬੂ ਨਿਕਲਦੀ ਹੈ। ਅਜਿਹਾ ਉਦੋਂ ਹੈ ਜਦੋਂ ਦੇਸ਼ ਤੇ ਦੁਨੀਆਂ ਦੀਆਂ ਸਾਰੀਆਂ ਏਜੰਸੀਆਂ ਇਸ ਨਦੀ ਦੀ ਸਫਾਈ ਲਈ ਕਰੋੜ ਰੁਪਏ ਖਰਚ ਕਰ ਚੁੱਕੀਆਂ ਹਨ।

ਅਕੇਲੀ ਕੇਂਦਰ ਸਰਕਾਰ ਨੇ 300 ਕਰੋੜ ਪਿਛਲੇ ਸਾਲ ਦਿੱਲੀ ਸਰਕਾਰ ਨੂੰ ਇਸ ਹੈੱਡ ’ਚ ਦਿੱਤੇ ਸਨ। ਉਧਰ ਦਿੱਲੀ ਜਲ ਬੋਰਡ ਲੰਮੇ ਸਮੇਂ ਤੋਂ ਹਰ ਸਾਲ 700 ਕਰੋੜ ਰੁਪਏ ਯਮਨਾ ਤੇ ਖਰਚ ਕਰ ਰਿਹਾ ਹੈ। ਯਮਨਾ ਐਕਸ਼ਨ ਪਲੈਨਫੇਸ -1 ਤੇ 2 ਦੇ ਵਿਚਕਾਰ ਸੰਨ 1973 ਤੋਂ 2011 ਤਕ 1306 ਕਰੋੜ ਖਰਚ ਹੋ ਚੁੱਕੇ ਹਨ। ਹੁਣ ਸਰਕਾਰ ਨੇ ਤੀਜੇ ਫੇਜ਼ ਲਈ 1650 ਕਰੋੜ ਰੁਪਏ ਦੇ ਬਜਟ ਨੂੰ ਮੰਜੂਰੀ ਦਿੱਤੀ ਹੈ। ਯਮੁਨਾ ਦੀ ਸਫਾਈ ਲਈ ਜਿੰਮੇਵਾਰ ਵਾਤਾਵਰਣ ਮੰਤਰਾਲੇ ਤੇ ਤਤਕਾਲੀਨ ਮੁਖੀ ਜੈ ਰਾਮ ਰਮੇਸ਼ ਨੇ ਦਿੱਲੀ ਵਾਲਿਆਂ ਨੂੰ ਪ੍ਰਦੂਸ਼ਣ ਦੀਆਂ ਮੁਸ਼ਕਲਾਂ ਤੋਂ ਖਹਿੜਾ ਛੁਡਵਾਉਣ ਲਈ ਘੱਟੋ-ਘੱਟ ਸੰਨ 2015 ਤਕ ਦਾ ਸਮਾਂ ਮੰਗਿਆ ਸੀ। ਜੈ ਰਾਮ ਰਮੇਸ਼ ਨੇ ਉਸ ਸਮੇਂ ਜਾਰੀ ਬਿਆਨ ’ਚ ਕਿਹਾ ‘ਜਪਾਨ ਸਰਕਾਰ ਵੱਲੋਂ ਸੰਚਾਲਿਤ ਇਸ ਯੋਜਨਾ ਲਈ ਅਸੀਂ ਕੈਬਨਿਟ ਤੋਂ ਮੰਜੂਰੀ ਲੈ ਲਈ ਹੈ। ਤੇ ਜਾਰੀ ਹੋਏ ਬਜਟ ਦਾ ਬਹੁਤਾ ਹਿੱਸਾ ਹੁਣ ਦਿੱਲੀ ਦੀ ਯਮੁਨਾ ਸਫਾਈ ’ਤੇ ਖਰਚ ਕੀਤਾ ਜਾਵੇਗਾ।’ ਜੈ ਰਾਮ ਰਮੇਸ਼ ਨੇ ਉਦੋਂ ਇੱਕ ਕਿਸ਼ਤੀ ਤੇ ਬੈਠ ਕੇ ਯਮੁਨਾ ਦੇ ਪ੍ਰਦੂਸ਼ਣ ਦਾ ਨਜ਼ਾਰਾ ਵੀ ਲਿਆ ਸੀ। ਪਰ ਉਹਨਾਂ ਦਾ ਮੰਤਰਾਲਾ ਬਦਲਣ ਦੇ ਨਾਲ ਹੀ ਉਹਨਾਂ ਦੇ ਮਿਸ਼ਨ ਦੀ ਵੀ ਸਫ ਲਪੇਟੀ ਗਈ। ਦੋ ਦਹਾਕਿਆਂ ਦੇ ਇਸ ਐਕਸ਼ਨ ਪਲੈਨ ਨਾਲ ਯਮੁਨਾ ਦੀ ਸਿਹਤ ’ਤੇ ਭੋਰਾ ਵੀ ਫਰਕ ਨਹੀਂ ਪਿਆ ਹੈ। ਤੇ ਉਹ ਲਗਾਤਾਰ ਮੌਤ ਦੇ ਨੇੜੇ ਪਹੁੰਚਦੀ ਜਾ ਰਹੀ ਹੈ। ਵਾਤਾਵਰਣ ਤੇ ਵਣ ਮਾਮਲਿਆਂ ਦੀ ਸੰਸਦ ਦੀ ਸਥਾਈ ਸੰਮਤੀ ਨੇ ਆਪਣੀ ਹਾਲੀਆ ਰੀਪੋਟ ’ਚ ਸਾਫ ਕਿਹਾ ਹੈ ਕਿ ਯਮੁਨਾ ਦੇ ਦੋਨੋ ਐਕਸ਼ਨ ਪਲਾਨ, ਜਿਨ੍ਹਾਂ ਦਾ ਬਜਟ 1306 ਕਰੋੜ ਦਾ ਸੀ ਪੂਰੀ ਤਰ੍ਹਾਂ ਅਸਫਲ ਰਹੇ ਹਨ। ਤੇ ਦਿੱਲੀ ਹੁਣ ਵੀ ਨਾਲੇ ਦੀ ਨਦੀ ਬਣੀ ਹੋਈ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਹਾਲੀਆ ਰੀਪੋਟ ’ਚ ਕਿਹਾ ਗਿਆ ਹੈ ਕਿ ਗੰਭੀਰ ਰੂਪ ’ਚ ਪ੍ਰਦੂਸ਼ਿਤ ਯਮੁਨਾ ਦਾ ਖੇਤਰਫਲ ਹੁਣ 500 ਕਿਲੋਮੀਟਰ ਪਹਿਲਾਂ ਪਾਣੀਪਤ ਤਕ ਪਹੁੰਚ ਗਿਆ। ਸੂਚਨਾ ਅਧਿਕਾਰ, ਕਾਨੂੰਨ ਰਾਹੀਂ, ਪ੍ਰਦੂਸ਼ਣ ਦਾ ਖੇਤਰਫਲ 600 ਕਿਲੋਮੀਟਰ ਹੋ ਗਿਆ ਹੈ। ਪਹਿਲਾਂ ਪ੍ਰਦੂਸ਼ਿਤ ਯਮੁਨਾ ਦਾ ਫੈਲਾਅ ਵਜੀਰਾਬਾਦ ਤੋਂ ਹੋ ਕੇ ਇਟਾਵਾ ਤਕ ਸੀ ਜੋ ਹੁਣ ਦਿੱਲੀ ਤੋਂ 100 ਕਿਲੋ ਮੀਟਰ ਪਹਿਲਾਂ ਪਾਣੀਪਤ ਤਕ ਪਹੁੰਚ ਗਿਆ ਹੈ। ਸੂਚਨਾ ਅਧਿਕਾਰ ਕਾਨੂੰਨ ਰਾਹੀਂ ਪ੍ਰਦੂਸ਼ਣ ਦਾ ਖੇਤਰਫਲ ਵਧਣ ਦੀ ਜਾਣਕਾਰੀ ਹਾਸਿਲ ਕਰਨ ਵਾਲੇ ‘ਯਮੁਨ ਜਿਆਂ’ ਮੁਹਿੰਮ ਦੇ ਮੁਖੀ ਮਨੋਜ ਮਿਸ਼ਰ ਅਨੁਸਾਰ ‘ਅਰਬਾਂ ਰੁਪਏ ਦੇ ਖਰਚ ਪਿੱਛੋਂ ਵੀ ਯਮੁਨਾ ਦੀ ਇਹ ਹਾਲਤ ਬਣਾਈ ਰੱਖਣਾ ਚਾਹੁੰਦੇ ਹਨ-ਸਰਕਾਰ ਤੇ ਮਾਫੀਆ। ਤਾਂ ਕਿ ਸਫਾਈ ਖੇਡ ਚਲਦੀ ਰਹੇ ਤੇ ਸ਼ਕਤੀ ਯਮੁਨਾ ਦੇ ਢਿੱਡ ’ਚ

ਫਸੀ ਹਜ਼ਾਰਾਂ ਏਕੜ ਜਮੀਨ ’ਤੇ ਕਾਨੂੰਨੀ ਗੈਰ ਕਾਨੂੰਨੀ ਕਬਜੇ ਹੁੰਦੇ ਰਹਿਣਾ’ ਦਿੱਲੀ ਵਿਕਾਸ ਅਥਾਰਟੀ ਦੇ ਬੁਰਾਡੀ ਜਗਤਪੁਰ ਇਲਾਕੇ ’ਚ ਬਾਇਓ ਡਿਵਰਸਿਟੀ ਪਾਰਕ ਬਣਾਉਣ ਖਿਲਾਫ ਸਰਗਰਮ ‘ਯਮੁਨਾ ਬਚਾਓ’ ਮੁੱਦੇ ’ਤੇ ਸੰਘਰਸਸ਼ੀਲ ਗੈਰ ਸਰਕਾਰੀ ਸੰਗਠਨ ‘ਸਰਭਜਨ ਮੁਹਿੰਮ ਸੇਵਾ ਸੰਮਤੀ’ ਦਾ ਕਹਿਣਾ ਹੈ ਕਿ ਪੈਸਾ ਬਰਬਾਦ ਕਰਨ ਨਾਲ ਹੀ ਨਦੀ ਸਾਫ ਨਹੀਂ ਹੋ ਸਕਦੀ ਕਿਉਂਕਿ ਸਫਾਈ ਲਈ ਜਿੰਮੇਵਾਰ ਸੰਸਥਾ ਐਮ. ਸੀ. ਡੀ. ਹਰ ਮਹੀਨੇ ਯਮੁਨਾ ’ਚ ਹਜ਼ਾਰਾਂ ਟਨ ਕੂੜਾ ਯਮੁਨਾ ’ਚ ਸੁੱਟ ਰਹੀ ਹੈ।

ਸੰਸਥਾ ਮੁਤਾਬਕ, ਉਤਰੀ ਦਿੱਲੀ ਐਮ. ਸੀ. ਡੀ. ਸ਼ਹਿਰ ਦਾ ਕੂੜਾ ਯਮੁਨਾ ’ਚ ਸੁੱਟ ਰਹੀ ਹੈ। ਸੰਸਥਾ ਦੀ ਸ਼ਿਕਾਇਤ ’ਤੇ ਹੁਣ ਇਸ ਮਾਮਲੇ ’ਚ ਮੁੱਖ ਮੰਤਰੀ ਦੇ ਹੁਕਮਾਂ ਨਾਲ ਜਾਂਚ ਚਲ ਰਹੀ ਹੈ। ਹਿਮਾਚਲ ’ਚ ਉਤਰਾਖੰਡ ਦੇ ਪੱਛਮੀ ਗਾਢਵਾਲ ’ਚ ਬਰਫ ਨਾਲ ਢਕੇ ਸੁਮੇਰੂ ਪਰਬਤ ਦੇ ਉਤਰਪੱਛਮ ’ਚ ਕਾਲਿੰਦ ਪਰਬਤ ਹੈ। ਯਮੁਨਾ ਇੱਥੋਂ ਨਿਕਲਦੀ ਹੈ। ਮੁੱਖ ਜਲ ਸਰੋਤ ਕਾਲਿੰਦ ਪਰਬਤ ਤੇ ਚੰਪਾਸਰ ਗਲੇਸ਼ੀਅਰ ਹਨ। ਯਮੁਨਾ ਦਾ ਪ੍ਰਦੂਸ਼ਣ ਪਾਣੀਪਤ ਤੋਂ ਸ਼ੁਰੂ ਹੋ ਜਾਂਦਾ ਹੈ। ਯਮੁਨਾ ਨਗਰ ਦੀਆਂ ਦਰਜਨਾਂ ਫੈਕਟਰੀਆਂ ਦਾ ਗੰਦਾ ਪਾਣੀ ਇਸ ’ਚ ਪੈਂਦਾ ਹੈ। ਉਸ ਪਿੱਛੋਂ ਦਿੱਲੀ ਇਸ ਨੂੰ ਪੂਰੀ ਤਰ੍ਹਾਂ ਤਹਿਸ–ਨਹਿਸ ਕਰ ਦਿੰਦੀ ਹੈ। ਮਥੁਰਾ ਲੰਘ ਕੇ ਆਗਰੇ ’ਚ ਵੀ ਬਾਕੀ ਕਸਰ ਪੂਰੀ ਹੋ ਜਾਂਦੀ ਹੈ। ਮੱਧ ਪ੍ਰਦੇਸ਼ ਰਾਜਸਥਾਨ ਦੀ ਸਰਹੱਦ ’ਤੇ ਯਮੁਨਾ ’ਚ ਚੰਬਲ ਮਿਲ ਕੇ ਉਸ ਨੂੰ ਫਿਰ ਨਦੀ ਬਣਾਉਂਦੀ ਹੈ। ਗੰਗਾ ਪਿੱਛੋਂ ਭਾਰਤ ਦੀ ਸਭ ਤੋਂ ਵੱਡੀ ਯਮੁਨਾ ਕਰੀਬ ਦਰਜਨ ਵੱਡੇ ਸ਼ਹਿਰਾਂ ’ਚ ਲੰਘਦੀ ਹੈ। ਇਸ ਦੇ ਪਾਣੀ ’ਤੇ ਕਰੀਬ 5 ਕਰੋੜ ਲੋਕ ਨਿਰਭਰ ਹਨ। ਕਦੇ ਇਸ ਨਦੀ ਕਿਨਾਰੇ ਆਗਰੇ ’ਚ ਤਾਜ ਮਹਿਲ ਬਣਿਆ ਸੀ ਤੇ ਅੱਜ ਇੱਥੋਂ ਦੇ ਲੋਕ ਨਦੀ ਨੂੰ ਹੀ ਉਜਾੜ ਰਹੇ ਹਨ। ਹੁਣ ਤਾਂ ਤਾਜਮਹਿਲ ਦੀ ਖ਼ੂਬਸੂਰਤੀ ’ਤੇ ਵੀ ਪ੍ਰਦੂਸ਼ਣ ਦਾ ਅਸਰ ਹੈ। ਸਾਡੀਆਂ ਨਦੀਆਂ ਪ੍ਰਦੂਸ਼ਿਤ ਕਰਕੇ ਸਰਕਾਰਾਂ ਸਾਡੀਆਂ ਪੀੜ੍ਹੀਆਂ ਦਾ ਪਾਣੀ ਪ੍ਰਦੂਸ਼ਿਤ ਕਰ ਰਹੀਆਂ ਹਨ। ਵਿਕਾਸ ਦੇ ਨਾਂ ਹੇਠ ਗੰਦਗੀ ਫੈਲਾਉਣ ਦਾ ਇਹ ਅਮਲ ਹੁਣ ਤਾਂ ਉਨਿਆਂ ਨੂੰ ਰੁਜ਼ਗਾਰ ਨਹੀਂ ਦੇ ਸਕਿਆ, ਉਸ ਤੋਂ ਕਿਤੇ ਵੱਧ ਲੋਕਾਂ ਨੂੰ ਮਰਨ ਲਈ ਛੱਡ ਚੁਕਿਆ ਹੈ। ਯਮਨਾ ਬੇਸਨ ਹੋਵੇ ਜਾਂ ਗੰਗਾ, ਲਗਾਤਾਰ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ। ਗੰਗਾ ਦੇ ਪ੍ਰਦੂਸ਼ਣ ਵਿਰੁੱਧ ਦਰਜਨਾਂ ਸੰਗਠਨ ਮੁਕਤੀ ਸੰਗਰਾਮ ਸ਼ੁਰੂ ਕਰ ਚੁੱਕੇ ਹਨ। ਦਰਜਨ ਸੰਸਥਾਵਾਂ ਕਈ ਸਰਕਾਰਾਂ ਤੇ ਮੰਤਰਾਲਿਆਂ ਦੀ ਸਰਗਰਮੀ ਦੇ ਬਾਵਜੂਦ ਯਮੁਨਾ ਦੀ ਸਿਹਤ ਕਿਉਂ ਠੀਕ ਨਹੀਂ ਹੋ ਰਹੀ–ਖਾਸ ਕਰਕੇ ਜਦੋਂ ਪੈਸਾ ਪਾਣੀ ਵਾਂਗੂੰ ਵਹਾਇਆ ਜਾ ਰਿਹਾ ਹੈ।

# ਕੀ ਵਾਤਾਵਰਣ ਦੀ ਸ਼ਿਕਾਰ ਗੰਗਾ ਵੀ ਹੈ?

ਗੰਗਾ ਦੀ ਪਵਿਤਰਤਾ, ਪ੍ਰਦੂਸ਼ਣ ਰਹਿਤ ਨਿਰਮਲ ਵਹਾਅ ਫਿਰ ਤੋਂ ਚਰਚਾ ਵਿਚ ਹੈ। ਆਪਣੀ ਹੋਂਦ 'ਤੇ ਲਗਾਤਾਰ ਖਤਰੇ ਝਲ ਰਹੀ ਭਾਰਤ ਦੀ ਇਹ ਜੀਵਨ ਰੇਖਾ ਨੂੰ ਬਚਾਉਣ ਦੀ ਮੁਹਿੰਮ ਸ਼ਾਇਦ ਅਜੇ ਤਕ ਦੇ ਆਪਣੇ ਸਭ ਤੋਂ ਗੰਭੀਰ ਮੁਕਾਮ 'ਤੇ ਹੈ। ਪਹਾੜੀ ਰਾਜ ਉਤਰਾਖੰਡ 'ਚ ਨਜਾਇਜ਼ ਖੁਦਾਈ ਤੇ ਗੰਗਾ ਉਸ ਨਾਲ ਹੋਣ ਵਾਲੇ ਖਤਰਿਆਂ ਨਾਲ ਲੜਦੇ ਹੋਏ ਆਤਮ ਬਲੀਦਾਨ ਕਰਨ ਵਾਲੇ ਸਵਾਮੀ ਨਿਗਮਾਨੰਦ ਪਿਛੋਂ ਸਵਾਮੀ ਗਿਆਨ ਸਾਨੰਦ ਵੀ ਇਸ ਬਲੀਦਾਨ ਦੇ ਰਾਹ 'ਤੇ ਹਨ। ਹੁਣ ਗੰਗਾ ਬਚਾਉਣ ਦੀ ਇਸ ਮੁਹਿੰਮ ਵਿਚ ਕਈ ਪ੍ਰਕਾਰ ਦੇ ਨਜ਼ਰੀਏ ਤੇ ਉਪਾਵਾਂ ਦੀ ਚਰਚਾ ਪੂਰੇ ਭਾਰਤੀ ਮੀਡੀਆ ਦਾ ਇਕ ਜ਼ਿਕਰਯੋਗ ਵਿਸ਼ਾ ਬਣ ਰਹੀ ਹੈ। ਇਸ 'ਚ ਵਿਕਾਸ ਬਨਾਮ ਵਾਤਾਵਰਣ ਇਕ ਅਹਿਮ ਵਿਸ਼ਾ ਹੈ ਤਾਂ ਉਹੀ ਵਿਕਾਸ ਤੇ ਵਾਤਾਵਰਣ ਵਿਚਾਲੇ ਤਵਾਜ਼ਨ ਸਥਾਪਿਤ ਕਰਦਿਆਂ ਵਿਕਾਸ ਦਾ ਨਵਾਂ ਮਾਡਲ ਅਪਣਾਉਣ ਵੀ ਬਹਿਸ ਦਾ ਇਕ ਮੁੱਖ ਵਿਸ਼ਾ ਹੈ। ਪ੍ਰੰਤੂ ਇਹਨਾਂ ਵਿਕਲਪਾਂ ਤੋਂ ਵੱਧ ਇਸ ਸਮੇਂ ਗੰਗਾ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਕਾਂ ਤੇ ਉਹਨਾਂ ਦੇ ਪੱਧਰਾਂ ਨੂੰ ਸਮਝਣ ਦੀ ਹੈ।

ਸਮੱਸਿਆ ਦਾ ਪਹਿਲੂ ਕੀ ਹੈ? ਦਰਅਸਲ ਗੰਗਾ ਦੀ ਹੋਂਦ ਨੂੰ ਖਤਰਾ ਪੈਦਾ ਕਰਨ ਵਾਲੇ ਕਾਰਨਾਂ ਨੂੰ ਅਸੀਂ ਤਿੰਨ ਭਾਗਾਂ 'ਚ ਵੰਡ ਸਕਦੇ ਹਾਂ। ਗੰਗਾ ਦੇ ਪ੍ਰਦੂਸ਼ਣ ਦੇ ਮੂਲ ਕਾਰਣ ਸਨਅਤੀ ਵਿਕਾਸ ਜਨਿਤ ਤੇ ਅਬਾਦੀ ਦੇ ਵਾਧੇ ਕਾਰਨ ਵਧਦਾ ਦਬਾਅ ਗੰਗਾ ਨੂੰ ਆਵਦੇ ਸ਼ੁਰੂ ਤੋਂ ਪੂਰੇ ਉਤਰਾਖੰਡ 'ਚ ਅਜੇ ਤਕ ਵੀ ਇਕ ਸਾਫ ਤੇ ਨਿਰਮਲ ਜਲਧਾਰਾ ਵਜੋਂ ਜਾਣਿਆ ਜਾਂਦਾ ਹੈ। ਜੇ ਪ੍ਰਤੱਖ ਤੌਰ 'ਤੇ ਵੇਖੀਏ ਤਾਂ ਗੰਗਾ ਦੀਆਂ ਸਭ ਸਹਿਯੋਗ ਜਲ ਧਾਰਾਵਾਂ ਸਾਫ ਤੇ ਨਿਰਮਲ ਵਿਖਾਈ ਦਿੰਦੀਆਂ ਹਨ ਪਰ ਉਤਰਾਖੰਡ ਦੇ ਕਿਸੇ ਮੂਲ ਨਿਵਾਸੀ ਤੋਂ ਇਸ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਸ ਸਫਾਈ ਦੀ ਅਸਲੀਅਤ ਤੇ ਪਿਛਲੇ ਸਾਲਾਂ ਵਿਚ ਇਸ 'ਚ ਆਈ ਗਿਰਾਵਟ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਅਸਲ 'ਚ ਜੇ ਵੇਖਿਆ ਜਾਵੇ ਤਾਂ ਗੰਗਾ ਇਕ ਮੈਦਾਨੀ ਨਦੀ ਹੀ ਹੈ ਕਿਉਂਕਿ ਗੰਗਾ ਦੇਵ ਪ੍ਰਆਗ 'ਚ ਸੰਗਮ ਦੇ ਪਿਛੋਂ ਰਿਸ਼ੀਕੇਸ਼ 'ਚ ਪ੍ਰਗਟ ਹੋਣ ਸਮੇਂ ਹੀ ਗੰਗਾ ਅਖਵਾਉਂਦੀ ਹੈ। ਇਸ ਨਾਲ ਪਹਿਲਾਂ ਗੰਗਾ ਆਪਣੀਆਂ ਸਹਿਯੋਗੀ ਜਲ ਧਾਰਾਵਾਂ ਭਗੀਰਥੀ, ਨੰਦਾਕਿਨੀ, ਪਿੰਡਾਰ, ਅਲਕ ਨੰਦਾ ਜਾਂ ਮੰਦਾਕਿਨੀ ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ। ਪਰ ਆਪਣੇ ਬੇਸਨ 'ਚ ਸ਼ਾਇਦ ਦੁਨੀਆਂ ਦੀ ਸਭ ਤੋਂ ਵੱਡੀ ਅਬਾਦੀ ਨੂੰ ਆਸਰਾ ਦੇਣ ਲਈ ਆਸਥਾ ਅਤੇ ਜੀਵਨ ਦੀ ਪ੍ਰਤੀਕ ਇਸ ਨਦੀ ਦੀ ਇਹ ਸਭ ਤੋਂ ਵੱਡੀ ਵਿਡੰਬਨਾ ਵੀ ਕਹੀ ਜਾਵੇਗੀ ਕਿ ਇਹ ਮਹਾਂ ਨਦੀ ਗੰਗਾ ਬਣਨ ਤੋਂ ਪਹਿਲਾਂ ਹੀ ਭਾਰੀ ਪ੍ਰਦੂਸ਼ਣ ਦਾ ਸ਼ਿਕਾਰ ਹੋ ਰਹੀ ਹੈ। ਗੰਗਾ ਦੀ ਸ਼ੁਰੂਆਤੀ ਜਗ੍ਹਾ ਪਹਾੜੀ ਰਾਜ ਉਤਰਾਖੰਡ ਦੇ ਨਾਂ 'ਤੇ ਨਜਾਇਜ਼ ਖੁਦਾਈ ਤੇ ਅਤਿਕਰਮਣ ਦਾ ਸ਼ਿਕਾਰ ਹੋ ਕੇ ਭਾਰੀ ਵਾਤਾਵਰਣ ਹਰਜੇ ਦਾ ਸ਼ਿਕਾਰ ਹੋ ਰਿਹਾ ਹੈ ਤੇ ਇਸ ਦਾ ਦੂਰ ਪ੍ਰਭਾਵ ਲਗਾਤਾਰ ਘਟਦੇ ਗਲੇਸ਼ੀਅਰਾਂ ਅਤੇ ਦਰਕਤੇ ਹੋਏ ਪਹਾੜਾਂ 'ਚ ਸਾਫ ਤੌਰ 'ਤੇ ਦਿਖਾਈ ਦਿੰਦਾ

ਹੈ। ਜਿਸ ਕਾਰਨ ਗੰਗਾ ਤੇ ਉਸ ਦੀ ਸਹਾਇਕ ਨਦੀਆਂ ’ਚ ਲਗਾਤਾਰ ਪਾਣੀ ਦੀ ਘਾਟ ਹੋ ਰਹੀ ਹੈ। ਪਿਛਲੇ ਪੰਜ ਦਹਾਕਿਆਂ ’ਚ ਗੰਗਾ ਦੀ ਸਮੁੰਦਰ ’ਚ ਪਾਣੀ ਦੀ ਹਿੱਸੇਦਾਰੀ ’ਚ 20 ਫੀ ਸਦੀ ਤੋਂ ਵੱਧ ਗਿਰਾਵਟ ਆਈ ਹੈ। ਪਾਣੀ ਦੀ ਇਸ ਕਮੀ ਲਈ ਵਿਕਾਸ ਦੇ ਨਾਂ ’ਤੇ ਉਤਰਾਖੰਡ ’ਚ ਹੋ ਰਹੀ ਅੰਨ੍ਹੇਵਾਹ ਬੰਨ੍ਹਾਂ ਦੀ ਉਸਾਰੀ ਦੀ ਵੀ ਇਕ ਮਹੱਤਵਪੂਰਨ ਭੂਮਿਕਾ ਰਹੀ ਹੈ। ਇਸ ਸਮੇਂ ਉਤਰਾਖੰਡ ’ਚ ਤਿਆਰ ਹੋ ਚੁਕੇ, ਉਸਾਰੀ ਅਧੀਨ ਤੇ ਛੋਟੇ ਵੱਡੇ ਪ੍ਰਸਤਾਵਿਤ ਬੰਨ੍ਹਾਂ ਦੀ ਗਿਣਤੀ 300 ਤੋਂ ਵੀ ਵੱਧ ਹੈ। ਉਤਰਾਖੰਡ ਵਰਗੇ ਛੋਟੇ ਜਿਹੇ ਪਹਾੜੀ ਸੂਬੇ ਲਈ ਬੇਸ਼ੱਕ ਇਹ ਅੰਕੜਾ ਹੈਰਾਨ ਕਰ ਦੇਣ ਵਾਲਾ ਹੈ। ਹਾਲਾਂਕਿ ਪ੍ਰਸਤਾਵਿਤ ਬੰਨਾ ਦੀ ਵੱਡੀ ਗਿਣਤੀ ਅਦਾਲਤ ਦੀ ਦਖਲਅੰਦਾਜੀ ਕਾਰਨ ਵਣ ਤੇ ਵਾਤਾਵਰਣ ਮੰਤਰਾਲੇ ਦੀ ਵਣ ਸਲਾਹਕਾਰ ਕਮੇਟੀ ਪਾਸ ਵਿਚਾਰ ਅਧੀਨ ਹੈ। ਫਿਰ ਵੀ ਅਜੇ ਤਕ ਬਣ ਚੁਕੇ ਛੋਟੇ ਵੱਡੇ ਅਨੇਕਾਂ ਬੰਨ੍ਹਾਂ ਨੇ ਇਸ ਸੂਬੇ ਦੇ ਸਮਾਜਕ, ਸਭਿਆਚਾਰਕ ਤੇ ਵਾਤਾਵਰਣੀ ਜੀਵਨ ਤੇ ਹਾਲਾਤ ਨੂੰ ਬੁਰੀ ਤਰ੍ਹਾਂ ਅਸਰ ਅੰਦਾਜ ਕਰਕੇ ਇਸ ਪੂਰੇ ਖੇਤਰ ’ਤੇ ਫੈਸਲਾਕੁੰਨ ਅਮਿਟ ਛਾਪ ਛੱਡ ਦਿੱਤੀ ਹੈ। ਇਕ ਹੋਰ ਕਾਰਨ ਹੈ ਸਨਅਤੀ ਕੂੜਾ ਕਰਕਟ, ਗੰਗਾ ਦੇ ਪ੍ਰਦੂਸ਼ਣ ਦਾ ਦੂਜਾ ਮੁੱਖ ਕਾਰਕ (ਸ੍ਰੋਤ) ਸਨਅਤੀ ਇਕਾਈਆਂ ਵਲੋਂ ਛੱਡੇ ਜਾਣ ਵਾਲੇ ਉਦਯੋਗਿਕ ਕੂੜਾ ਤੇ ਮਲ (ਗੰਦਗੀ) ਹੈ। ਗੰਗਾ ਨਦੀ ਦੇ ਕਿਨਾਰੇ ਘਟੋ ਘੱਟ 29 ਵੱਡੇ ਸ਼ਹਿਰ ਤੇ 70 ਕਸਬੇ ਤੇ ਹਜ਼ਾਰਾਂ ਪਿੰਡ ਸਥਿਤ ਹੈ, ਜਿਨ੍ਹਾਂ ਤੋਂ ਲਗਾਤਾਰ ਇਸ ਗੰਦਗੀ ਤੇ ਕੂੜੇ ਕਰਕਟ ਦੀ ਪੈਦਾਇਸ਼ ਹੁੰਦੀ ਰਹਿੰਦੀ ਹੈ। ਇਕ ਰੀਪੋਟ ਅਨੁਸਾਰ 2010 ਤਕ ਪਿੰਡਾਂ ਤੇ ਸ਼ਹਿਰਾਂ ਵਲੋਂ ਛੱਡੇ ਜਾਣ ਵਾਲੇ ਇਸ ਮਲ ਮੂਤਰ ਦੀ ਮਾਤਰਾ 13 ਕਰੋੜ ਲਿਟਰ ਯੋਜਨਾ ਅੰਗੀ ਗਈ ਸੀ। ਇਸ ਤੋਂ ਇਲਾਵਾ ਇਸ ਰੀਪੋਟ ਵਿਚ ਸਨਅਤੀ ਕੂੜੇ ਦਾ ਅਨੁਮਾਨ ਵੀ 260 ਮਿਲੀਅਨ ਦੇ ਆਸ-ਪਾਸ ਕੀਤਾ ਗਿਆ ਸੀ। ਗੰਗਾ ਦੇ ਪ੍ਰਦੂਸ਼ਣ ’ਚ ਨਗਰ ਨਾਲਿਆਂ ਦੀ ਹਿਸੇਦਾਰੀ ਸਭ ਤੋਂ ਵੱਡੀ 80 ਫੀ ਸਦੀ ਸੀ ਤਾਂ ਉਥੇ ਸਨਅਤੀ ਇਕਾਈਆਂ ਦੀ ਹਿਸੇਦਾਰੀ 15 ਫੀ ਸਦੀ ਹੀ ਮੰਨੀ ਗਈ ਸੀ। ਦੁਨੀਆਂ ਦੀ ਸਭ ਤੋਂ ਵੱਡੀ ਅਬਾਦੀ ਨੂੰ ਆਸਰਾ-ਸਹਾਰਾ ਦੇਣ ਵਾਲੀ ਇਸ ਮਹਾਂ ਨਦੀ ਦੇ ਬੇਸਿਨ ’ਚ ਸਨਅਤੀ ਇਕਾਈਆਂ ਦੀ ਸੰਖਿਆ ਵੀ ਬੇਹੱਦ ਵਿਸ਼ਾਲ ਤੇ ਬੇਤਰਤੀਬ ਹੈ। ਇਕ ਅੰਦਾਜੇ ਮੁਤਾਬਕ ਰਿਸ਼ੀਕੇਸ਼ ਤੋਂ ਪ੍ਰੀਆਗ ਰਾਜ ਤਕ ਵੱਖ-ਵੱਖ ਕਿਸਮ ਦੀਆਂ 146 ਸਨਅਤੀ ਇਕਾਈਆਂ ਮੌਜੂਦ ਸਨ ਜਿਸ ’ਚ 144 ਉਤਰ ਪ੍ਰਦੇਸ਼ ’ਚ ਅਤੇ ਦੋ ਉਤਰਾਖੰਡ ’ਚ ਸਥਿਤ ਸਨ। ਗੰਗਾ ਨੂੰ ਵੱਡੇ ਪੱਧਰ ’ਤੇ ਪ੍ਰਦੂਸ਼ਿਤ ਕਰਨ ਵਾਲੀਆਂ ਇਹਨਾਂ ਇਕਾਈਆਂ ’ਚ ਕਾਨਪੁਰ ’ਚ ਸਥਿਤ ਚਮੜਾ ਉਦਯੋਗ ਦਾ ਇਕ ਵੱਡਾ ਯੋਗਦਾਨ ਰਿਹਾ ਹੈ ਹਾਲਾਂਕਿ ਉਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਿਛਲੇ ਕਈ ਸਾਲਾਂ ’ਚ ਕਈ ਇਕਾਈਆਂ ਨੂੰ ਬੰਦ ਕਰਵਾਇਆ ਜਾਂ ਬੰਦ ਕਰਵਾਉਣ ਦਾ ਅਮਲ ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ ਇਹਨਾਂ ਸਨਅਤੀ ਇਕਾਈਆਂ ਦੀ ਸੰਘਣਤਾ ਨੂੰ ਕਨੌਜ ਤੇ ਵਾਰਾਣਸੀ ਵਿਚਕਾਰ ਸਥਿਤ 170 ਕਾਰਖਾਨਿਆਂ ਅਤੇ ਚਰਮਸੋਧ ਕਾਰਖਾਨਿਆਂ ਦੀ ਗਿਣਤੀ ਤੋਂ ਹੀ ਸਮਝਿਆ ਜਾ ਸਕਦਾ ਹੈ। ਇਹਨਾਂ ਸਨਅਤੀ ਇਕਾਈਆਂ ਦੁਆਰਾ ਪੈਦਾ ਕੀਤਾ ਜਾ ਰਿਹਾ ਰਸਾਇਣਕ ਰਹਿੰਦ-ਖੂੰਹਦ (ਵੇਸਟ) ਲਗਾਤਾਰ ਗੰਗਾ ਦੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ ਅਤੇ ਇਸ ਵਧਦੇ ਪ੍ਰਦੂਸ਼ਣ ਦੇ ਕਾਰਣ ਭਾਰਤ ਦੀ ਇਸ ਧਾਰਮਿਕ

ਆਸਥਾਵਾਂ ਦੀ ਪ੍ਰਤੀਕ ਪੌਰਾਣਿਕ ਨਦੀ ਦਾ ਪਾਣੀ ਨਾ ਲੋਕਾਂ ਦੇ ਪੀਣ ਯੋਗ ਬਚਿਆ ਹੈ ਅਤੇ ਨਾ ਹੀ ਨਹਾਉਣ ਯੋਗ ਬਚਿਆ ਹੈ, ਨਾ ਹੀ ਇਸ਼ਨਾਨ ਕਰਕੇ ਪਾਪ ਧੋਣ ਲਾਇਕ ਹੈ। ਇਸ ਤੋਂ ਇਲਾਵਾ ਲਗਾਤਾਰ ਵਧਦੀ ਅਬਾਦੀ ਦਾ ਦਬਾਅ ਤੇ ਲੋਕਾਂ ਦੀ ਜੀਵਨ ਸ਼ੈਲੀ 'ਚ ਆ ਰਹੀ ਤਬਦੀਲੀ ਵੀ ਗੰਗਾ ਪ੍ਰਦੂਸ਼ਣ ਨੂੰ ਵਧਾ ਰਹੀ ਹੈ। ਵਧਦੇ ਸ਼ਹਿਰੀਕਰਣ ਕਰਕੇ ਗੰਗਾ ਵਿਚ ਡਿਗਣ ਵਾਲੇ ਮਲ, ਕੂੜੇ ਦੀ ਮਾਤਰਾ ਰੋਜ਼ਾਨਾ ਵਧ ਰਹੀ ਹੈ। ਇਸ ਤੇਜ਼ ਹੁੰਦੇ ਸ਼ਹਿਰੀਕਰਣ ਨੇ ਨਦੀ ਕਿਨਾਰੇ ਹੋਣ ਵਾਲੇ ਖੋਰੇ ਤੇ ਨਦੀ ਵਿਚੋਂ ਨਜਾਇਜ਼ ਰੇਤ ਦੀ ਖੁਦਾਈ ਵਰਗੇ ਕਾਰੋਬਾਰ ਨੂੰ ਅਰਾਜਕ ਢੰਗ ਨਾਲ ਵਧਾ ਦਿੱਤਾ ਹੈ। ਇਸ ਦੇ ਨਾਲ ਹੀ ਭਾਰਤੀ ਜੀਵਨ ਵਿਚ ਗੰਗਾ ਨਦੀ ਦੀ ਧਾਰਮਕ ਮਹੱਤਤਾ ਵੀ ਗੰਗਾ ਦੀ ਹੋਂਦ ਲਈ ਸੰਕਟ ਦਾ ਕਾਰਨ ਬਣ ਰਹੀ ਹੈ। ਗੰਗਾ ਕਿਨਾਰੇ ਅੰਤਮ ਸੰਸਕਾਰ ਇਸ ਨਜ਼ਰੀਏ ਤੋਂ ਇਕ ਵੱਡਾ ਸੰਕਟ ਹੈ। ਜਿਸ ਦੇ ਕਾਰਨ ਗੰਗਾ ਦੇ ਪ੍ਰਦੂਸ਼ਣ 'ਚ ਇਜਾਫ਼ਾ ਹੋਇਆ ਹੈ। ਜੇ ਵਾਰਾਣਸੀ ਨੂੰ ਇਕ ਮਿਸਾਲ ਮੰਨੀਏ ਤਾਂ ਇਸ ਸੰਕਟ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਵਾਰਾਣਸੀ 'ਚ ਹਰ ਸਾਲ ਚਾਲੀ ਹਜ਼ਾਰ ਤੋਂ ਵੱਧ ਲਾਸ਼ਾਂ ਦਾ ਅੰਤਮ ਸੰਸਕਾਰ ਹੋ ਰਿਹਾ ਹੈ ਅਤੇ ਗੰਗਾ ਦਾ ਹਰ ਕਿਨਾਰਾ ਇਸ ਧਾਰਮਕ ਤੇ ਸਮਾਜਕ ਵਿਧਾਨ ਲਈ ਮਹੱਤਵਪੂਰਨ ਹੈ। ਹੁਣ ਇਕ ਸ਼ਹਿਰ ਦੀ ਮਿਸਾਲ ਤੋਂ ਹੀ ਲਾਸ਼ ਸੰਸਕਾਰ ਦੇ ਇਸ ਅਮਲ ਦੀ ਵਿਸ਼ਾਲਤਾ ਨੂੰ ਸਮਝਿਆ ਜਾ ਸਕਦਾ ਹੈ। ਇਹ ਕੁਝ ਅਜੇਹੇ ਕਾਰਨ ਹਨ ਜੋ ਲਗਾਤਾਰ ਗੰਗਾ ਦੀ ਹੋਂਦ ਨੂੰ ਚਣੌਤੀ ਦੇ ਰਹੇ ਹਨ।

ਗੰਗਾ ਐਕਸ਼ਨ ਪਲਾਨ ਕਿਵੇਂ ਨਾਕਾਮ ਹੋਇਆ ਹੈ, ਇਹ ਵੀ ਪਰਖਣ ਦੀ ਲੋੜ ਹੈ। ਭਾਰਤ ਸਰਕਾਰ ਨੇ ਗੰਗਾ ਦੇ ਨਿਰਮਲ, ਸਾਫ ਸੁਥਰਾ ਤੇ ਨਿਰਵਿਘਣ ਪ੍ਰਵਾਹ ਨੂੰ ਬਣਾਈ ਰਖਣ ਲਈ 1986 'ਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਰਜ ਕਾਲ 'ਚ ਗੰਗਾ ਐਕਸ਼ਨ ਪਲਾਨ ਦੀ ਸ਼ੁਰੂਆਤ ਹੋਈ ਜਿਸ 'ਚ 25 ਪਹਿਲੀ ਸ਼੍ਰੇਣੀ ਸ਼ਹਿਰਾਂ 'ਚ ਗੰਗਾ ਨੂੰ ਪ੍ਰਦੂਸ਼ਣ ਮੁਕਤ ਕਰਨ ਦੀ ਮੁਹਿੰਮ ਚਲਾਈ ਗਈ, ਪਿਛੋਂ 2000 'ਚ ਅਧਿਕਾਰਿਤ ਤੌਰ 'ਤੇ ਗੰਗਾ ਐਕਸ਼ਨ ਪਲਾਨ ਨੂੰ ਬੰਦ ਕਰ ਦਿੱਤਾ ਗਿਆ। ਪਰ ਉਸ ਤੋਂ ਪਹਿਲਾਂ ਇਸ ਐਕਸ਼ਨ ਪਲਾਨ ਦੇ ਅਨੁਭਵ ਦੇ ਅਧਾਰ 'ਤੇ 1993 'ਚ ਐਕਸ਼ਨ ਪਲਾਨ ਫੇਸ-2 ਨੂੰ ਇਜਾਜ਼ਤ ਦਿਤੀ ਗਈ, ਜਿਸ ਤਹਿਤ ਗੰਗਾ ਤੇ ਉਸ ਦੀਆਂ ਸਹਾਇਕ ਨਦੀਆਂ ਯਮੁਨਾ, ਦਾਮੋਦਾਰ, ਗੋਮਤੀ ਤੇ ਮਹਾਂ ਨੰਦਾ ਨੂੰ ਵੀ ਇਸ ਦੇ ਦਾਇਰੇ 'ਚ ਲਿਆਂਦਾ ਗਿਆ। ਇਸ ਤੋਂ ਇਲਾਵਾ ਸਰਕਾਰ ਨੇ ਗੰਗਾ ਤੇ ਉਸ ਦੇ ਮਹੱਤਵ ਨੂੰ ਧਿਆਨ 'ਚ ਰੱਖਦਿਆਂ ਵਾਤਾਵਰਣ ਸੁਰਖਿਆ ਕਾਨੂੰਨ 1986 ਦੇ ਤਹਿਤ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ 'ਚ ਨੈਸ਼ਨਲ ਰਿਵਰ ਗੰਗਾ ਬੇਸਨ ਅਥਾਰਟੀ ਦਾ 20 ਫਰਵਰੀ 2009 ਨੂੰ ਉਸਾਰੀ ਕੀਤੀ ਗਈ। ਇਸ ਅਥਾਰਟੀ 'ਚ ਸਬੰਧਤ ਸਭ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ। ਇਸ ਦੇ ਨਾਲ ਭਾਰਤ ਸਰਕਾਰ ਨੇ ਗੰਗਾ ਨੂੰ ਕੌਮੀ ਨਦੀ ਵੀ ਐਲਾਨਿਆ। ਪਿਛੇ ਜਿਹੇ ਹੀ 17 ਅਪ੍ਰੈਲ ਨੂੰ ਕੀਤੀ ਗਈ ਨੈਸ਼ਨਲ ਰਿਵਰ ਗੰਗਾ ਬੇਸਨ ਅਥਾਰਟੀ ਦੀ ਤੀਜੀ ਬੈਠਕ 'ਚ ਪ੍ਰਧਾਨ ਮੰਤਰੀ ਨੇ ਸਭ ਸੰਬੰਧਿਤ ਰਾਜ ਸਰਕਾਰਾਂ ਨੂੰ ਕਿਹਾ ਕਿ ਉਹ ਆਪਣੇ ਰਾਜਾਂ 'ਚ ਪ੍ਰਦੂਸ਼ਣ ਦੀ ਸਥਿਤੀ 'ਤੇ ਰੀਪੋਟ ਜਮਾਂ ਕਰਾਉਣ ਤਾਂ ਕਿ ਜਲਦੀ ਹੀ ਗੰਗਾ ਨੂੰ ਪ੍ਰਦੂਸ਼ਿਤ ਮੁਕਤ ਕਰਨ ਲਈ ਪ੍ਰਭਾਵੀ ਕਦਮ ਉਠਾਏ ਜਾ ਸਕਣ। ਨੈਸ਼ਨਲ ਰਿਵਰ ਗੰਗਾ ਬੇਸਨ

ਅਥਾਰਟੀ ਨੇ ਗੰਗਾ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਤੇ ਸੁਰਖਿਅਤ ਕਰਨ ਲਈ ਸਪੱਸ਼ਟ ਤੌਰ 'ਤੇ ਆਪਣੇ ਮਕਸਦ ਨਿਰਧਾਰਿਤ ਕੀਤੇ। ਇਸ 'ਚ ਪ੍ਰਮੁਖਤਾ ਗੰਗਾ ਬੇਸਿਨ ਪ੍ਰਬੰਧਕੀ ਯੋਜਨਾ ਤਿਆਰ ਕਰਨਾ, ਗੰਗਾ ਬੇਸਿਨ ਰਾਜਾਂ ਵਿਚ ਨਦੀ ਦੇ ਵਾਤਾਵਰਣ ਦੀ ਰਾਖੀ ਦੇ ਉਪਾਅ ਕਰਨ ਦੇ ਨਾਲ ਹੀ ਉਥੇ ਪਾਣੀ ਸ਼ੁੱਧਤਾ ਬਣਾਈ ਰਖਣ ਤੇ ਪ੍ਰਦੂਸ਼ਣ ਰੋਕਣ ਲਈ ਗੰਗਾ ਬੇਸਿਨ 'ਚ ਸਰਗਰਮੀਆਂ ਨੂੰ ਨਿਯਮਤ ਕਰਨਾ, ਗੰਗਾ ਨਦੀ 'ਚ ਵਾਤਾਵਰਣ ਵਹਾਣ ਨਾਲ ਬਣਾਈ ਰਖਣਾ, ਨਦੀ 'ਚ ਪ੍ਰਦੂਸ਼ਣ ਦੀ ਰੋਕਥਾਮ ਲਈ ਸੀਵਰੇਜ ਸੋਧਣ ਢਾਂਚੇ ਦੀ ਉਸਾਰੀ ਕਰਨਾ, ਹੜ੍ਹ ਦੇ ਡਰ ਵਾਲੇ ਖੇਤਰਾਂ ਦੀ ਸੁਰਖਿਆ ਤੇ ਲੋਕਾਂ ਵਿਚ ਜਾਗਰੂਕਤਾ ਲਿਆਉਣ ਲਈ ਜਰੂਰੀ ਲੋੜੀਂਦੀ ਯੋਜਨਾ ਬਣਾਉਣ ਅਤੇ ਉਸ ਨੂੰ ਕਾਰਜ ਰੂਪ ਦੇਣ ਲਈ ਪੈਸੇ ਦਾ ਪ੍ਰਬੰਧ ਕਰਨਾ, ਗੰਗਾ 'ਚ ਪ੍ਰਦੂਸ਼ਣ ਨਾਲ ਸਬੰਧਤ ਜਾਣਕਾਰੀ ਇੱਕਠੀ ਕਰਨਾ ਤੇ ਉਹਨਾਂ ਦਾ ਵਿਸਲੇਸ਼ਣ ਕਰਨਾ, ਨਦੀ 'ਚ ਪ੍ਰਦੂਸ਼ਣ ਦੇ ਕਾਰਨਾਂ ਤੇ ਉਹਨਾਂ ਤੋਂ ਬਚਾਅ ਦੇ ਉਪਾਵਾਂ ਦੀ ਜਾਂਚ ਤੇ ਉਸ ਤੇ ਖੋਜ਼ ਕਰਨਾ, ਜਲ ਸੁਰਖਿਆ ਤੇ ਉਸ ਦੀ ਮੁੜ ਵਰਤੋਂ ਨੂੰ ਹੱਲਾਸ਼ੇਰੀ ਦੇਣਾ, ਪ੍ਰਦੂਸ਼ਣ ਨੂੰ ਰੋਕਣ ਤੇ ਉਸ ਤੋਂ ਬਚਾਅ ਲਈ ਜਾਰੀ ਪ੍ਰੋਗਰਾਮਾਂ ਦੀ ਨਿਗਰਾਨੀ ਕਰਨਾ ਆਦਿ ਹਨ।

**ਗੰਗਾ 'ਚ ਸੀਵਰੇਜ**:- ਮੌਜੂਦਾ ਸੰਸਦ ਸੈਸ਼ਨ 'ਚ ਸੁਆਲਾਂ ਦਾ ਜੁਆਬ ਦਿੰਦਿਆ ਵਾਤਾਵਰਣ ਮੰਤਰੀ ਜੈਅੰਤੀ ਨਟਰਾਜਨ ਨੇ ਕਿਹਾ ਕਿ 714 ਐਸੀਆਂ ਸਨਅਤੀ ਇਕਾਈਆਂ ਦੀ ਸਨਾਖਤ ਕੀਤੀ ਗਈ ਹੈ ਜੋ ਗੰਗਾ ਦੇ ਪ੍ਰਦੂਸ਼ਣ ਲਈ ਦੋਸ਼ੀ ਹਨ ਅਤੇ ਰਾਜ ਸਰਕਾਰ ਅਜੇਹੇ ਪ੍ਰਦੂਸ਼ਣ ਫੈਲਾਉਣ ਵਾਲੇ ਦੋਸ਼ੀ ਲੋਕਾਂ ਦੇ ਖਿਲਾਫ ਕਾਰਵਾਈ ਕਰ ਰਹੀ ਹੈ ਜਾਂ ਕੇਂਦਰ ਸਰਕਾਰ ਇਸ ਤੇ ਨਿਗ੍ਹਾ ਰਖਣ ਲਈ ਇਕ ਨਿਗਰਾਣ ਵਿਵਸਥਾ ਤਿਆਰ ਕਰ ਰਹੀ ਹੈ। ਗੰਗਾ 'ਚ 20 ਫੀ ਸਦੀ ਪ੍ਰਦੂਸ਼ਣ ਸਨਅਤੀ ਯੂਨਿਟਾਂ ਕਾਰਨ ਹੈ ਜਦਕਿ 80 ਫੀ ਸਦੀ ਸ਼ਹਿਰੀ ਸੀਵਰੇਜ ਕਾਰਣ ਹੈ ਅਤੇ ਕੇਂਦਰ ਨੇ ਸੀਵਰੇਜ ਟ੍ਰੀਟਮੈਂਟ ਪਲਾਂਟ ਸਥਾਪਤ ਕਰਕੇ ਆਪਣੀ ਜੁਆਬਦੇਹੀ ਪੂਰੀ ਕਰਨੀ ਹੈ। ਪਰ ਇਹਨਾਂ ਸ਼ਹਿਰਾਂ 'ਚ ਸੀਵੇਜ ਵਿਵਸਥਾ ਹੀ ਨਹੀਂ ਜਿਹਨਾਂ ਨੂੰ ਬਣਾਉਣ ਦੀ ਜਿੰਮੇਵਾਰੀ ਸਥਾਨਕ ਸਰਕਾਰਾਂ ਦੀ ਹੈ। ਵਾਤਾਵਰਣ ਮੰਤਰੀ ਅਨੁਸਾਰ ਗੰਗਾ ਗੌਮੁਖ ਤੋਂ ਲੈ ਕੇ ਬੰਗਾਲ 'ਚ ਅੰਤਿਮ ਮੁਹਾਣੇ ਤਕ ਵਾਤਾਵਰਣੀ ਸੰਵੇਦਨਸ਼ੀਲ ਖੇਤਰ ਹੈ ਤੇ ਸਰਕਾਰ ਉਸ ਦੀ ਰਾਖੀ ਲਈ ਵਚਨਬੱਧ ਹੈ, ਪਰ ਰਾਜ ਸਰਕਾਰਾਂ ਨੂੰ ਗੰਗਾ ਸੁਰਖਿਆ ਲਈ ਅਲਾਟ ਰਾਸ਼ੀ ਖਰਚ ਕਰਨੀ ਚਾਹੀਦੀ ਹੈ। ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਵੀ ਲੋਕ ਸਭਾ 'ਚ ਵਿਸਵਾਸ਼ ਦਵਾਇਆ ਕਿ ਗੰਗਾ ਦੀ ਰਖਿਆ ਕੀਤੀ ਜਾਵੇਗੀ ਪਰ ਹੁਣ ਤਕ ਦੀਆਂ ਨਾਕਾਮ ਹੋ ਚੁਕੀਆਂ ਸਾਰੀਆਂ ਸਰਗਰਮੀਆਂ ਦਾ ਮੁਲਅੰਕਣ ਤਾਂ ਕਿਸੇ ਨੇ ਕੀਤਾ ਹੀ ਨਹੀਂ ਅਤੇ ਨਾ ਹੀ ਕੋਈ ਸਿਆਸੀ ਰੁਝਾਣ ਜਾਂ ਸਮਾਜਕ-ਆਰਥਕ-ਸਭਿਆਚਾਰਕ ਵੱਚਨਬੱਧਤਾ ਅਜੇ ਤਕ ਬਣ ਸਕੀ ਹੈ ਜਾਂ ਅਮਲ 'ਚ ਲਿਆਂਦੀ ਜਾ ਸਕੀ ਹੈ।

# ਚੰਬਲ ਖੇਤਰ ਵਿੱਚ ਕੀ ਪਾਣੀ ਦਾ ਜ਼ਹਿਰ ਮੋਰਾਂ ਦੀ ਮੌਤ ਲਈ ਹੈ ਜ਼ਿੰਮੇਵਾਰ?

ਮੱਧ ਪ੍ਰਦੇਸ਼ ਦੇ ਨਿਰਾਵਲੀ ਪਿੰਡ ਦੇ ਸਾਬਕਾ ਸਰਪੰਚ ਸਾਹਿਬ ਸਿੰਘ ਯਾਦਵ ਰੋਜ਼ ਵਾਗੂੰ ਸਵੇਰੇ ਜਦ ਆਪਣੇ ਖੇਤ ਪੁੱਜੇ ਤਾਂ ਉਥੇ ਉਹਨਾਂ ਇਕ ਮਰਿਆ ਹੋਇਆ ਮੋਰ ਵੇਖਿਆ। ਦੋ ਦਿਨ ਪਹਿਲਾਂ ਪਿੰਡ ਦੇ ਇਕ ਹੋਰ ਕਿਸਾਨ ਨੇ ਮਰਿਆ ਹੋਇਆ ਮੋਰ ਵੇਖਿਆ ਸੀ, ਜਿਸ ਨੂੰ ਕੁੱਤਿਆਂ ਨੇ ਵੱਢ ਕੇ ਖਾ ਲਿਆ ਸੀ। ਮੋਰਾਂ ਦਾ ਇਹ ਹਾਲ ਇਕਲੀ ਨਿਰਾਵਲੀ ’ਚ ਹੀ ਨਹੀਂ ਹੈ ਪਾਸ ਦੇ ਕਈ ਪਿੰਡ ਮਿਲਾਵਲੀ, ਜਨਾਵਲੀ ਗੰਜੀਪੁਰਾ, ਬੀਲਪੁਰਾ, ਰਾਇਰੂ ਫਾਰੇਮ, ਤਿਲਘਣਾ, ਨਾਗਪੁਰਾ, ਮਾਂਗਪੁਰਾ ਆਦਿ ’ਚ ਵੀ ਵੇਖਿਆ। ਸਭ ਪਿੰਡ ਇਹ ਮੁਰੈਨਾ ਜ਼ਿਲੇ ਦੇ ਹਨ। ਅਤੇ ਗਵਾਲੀਅਰ ਦੀ ਸਰਹੱਦ ਨਾਲ ਲੱਗਦੇ ਹਨ। ਲੋੜੀਂਦੀ ਬਿਜਲੀ ਨਾ ਮਿਲਣ ਕਰਕੇ ਪਿਛਲੇ ਕਈ ਸਾਲਾਂ ਤੋਂ ਇਹਨਾਂ ਨੂੰ ਰਾਇਰੂ ਸਥਿਤ ਸ਼ਰਾਬ ਬਣਾਉਣ ਵਾਲੀ ਕੰਪਨੀ ਮੈਸਰਸ ਗਵਾਲੀਅਰ ਐਂਡ ਰਾਇਰੂ ਡਿਸਟਲਰੀ ਲਿਮਟਿਡ ਤੋਂ ਛੱਡੇ ਗਏ ਪਾਣੀ ਨਾਲ ਆਪਣੇ ਖੇਤਾਂ ਦੀ ਸਿੰਚਾਈ ਕਰਨੀ ਪੈ ਰਹੀ ਹੈ। ਹਾਲਾਂਕਿ ਕੰਪਨੀ ਪ੍ਰਬੰਧਕ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ ਡਿਸਟਲਰੀ ਤੋਂ ਛੱਡਿਆ ਗਿਆ ਪਾਣੀ ਪ੍ਰਦੂਸ਼ਿਤ ਨਹੀਂ ਹੈ। ਪਰ ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਸ਼ੁਧ ਪਾਣੀ ਨਹੀਂ ਮਿਲਦਾ। ਡਿਸਟਲਰੀ ਦੇ ਡੂੰਘੇ ਨਲਕਿਆਂ/ਟਿਊਬਵੈਲਾਂ ਰਾਹੀਂ ਵੱਧ ਤੋਂ ਵੱਧ ਪਾਣੀ ਦੀ ਨਿਕਾਸੀ ਕਾਰਣ ਕਈ ਪਿੰਡ ਜਿਵੇਂ ਰਾਯਾਰੂ, ਬਰੌਆ, ਨਿਰਾਵਲੀ ਮਿਲਾਵਲੀ, ਭੀਲਪੁਰਾ, ਡੁਗਨਾਵਲੀ, ਬਮੌਰ ਆਦਿ ਦਾ ਪਾਣੀ ਦਾ ਪੱਧਰ ਤਿੰਨ ਸੌ ਫੁੱਟ ਤਕ ਹੇਠਾਂ ਚਲਾ ਗਿਆ ਹੈ। ਨਿਰਾਵਲੀ ਦੇ ਕ੍ਰਿਸ਼ਨਚੰਦ ਦਾਅਵਾ ਕਰਦੇ ਹਨ ਕਿ ‘ਇਸ ਖੇਤਰ ’ਚ ਜਿੰਨੇ ਵੀ ਮੋਰ ਮਰੇ ਹਨ, ਉਹਨਾਂ ਦੀ ਵਜਾਹ ਡਿਸਟਲਰੀ ਤੋਂ ਨਿਕਲਣ ਵਾਲਾ ਜ਼ਹਿਰੀਲਾ ਪਾਣੀ ਹੀ ਹੈ। ਪ੍ਰਦੂਸ਼ਿਤ ਪਾਣੀ ਪਿੰਡਾਂ ’ਤੇ ਖੇਤਾਂ ’ਚ ਪਹੁੰਚ ਕੇ ਨਾ ਸਿਰਫ ਫਸਲਾਂ ਨੂੰ ਖਰਾਬ ਕਰ ਰਿਹਾ ਹੈ, ਬਲਕਿ ਇਸ ਦੀ ਬਦਬੂ ਨਾਲ ਲੋਕਾਂ ਦਾ ਜਿਉਣਾ ਵੀ ਦੁੱਭਰ ਹੋ ਰਿਹਾ ਹੈ। ਯਾਦ ਰਹੇ ਬਾਫਨਾ ਸਮੂਹ ਦੀ ਸੰਨ 1986 ’ਚ ਬਣੀ ਇਸ ਡਿਸਟਲਰੀ ’ਚ ਵਿਦੇਸ਼ੀ ਸ਼ਰਾਬ ਬਣਦੀ ਹੈ। ਪਹਿਲਾਂ ਇੱਥੇ ਗੰਨੇ ਦੇ ਸ਼ੀਰੇ ਨਾਲ ਸ਼ਰਾਬ ਬਣਦੀ ਸੀ, ਹੁਣ ਕਣਕ ਦੇ ਆਟੇ ਦੀ ਵਰਤੋਂ ਹੁੰਦੀ ਹੈ। ਮੋਰਾਂ ਦੀ ਮੌਤ ਸਬੰਧੀ ਕੰਪਨੀ ਦੇ ਮਹਾਂ ਪ੍ਰਬੰਧਕ ਪੀ. ਵੀ. ਮੁਰਲੀਧਰਨ ਕਹਿੰਦੇ ਹਨ ‘ਇਹ ਦੋਸ਼ ਗਲਤ ਹੈ ਕਿ ਡਿਸਟਲਰੀ ਦਾ ਪਾਣੀ ਪ੍ਰਦੂਸ਼ਿਤ ਹੈ। ਇਹ ਪਲਾਂਟ ਖੇਤੀ ਅਧਾਰਤ ਹੈ।’ ਉਹਨਾਂ ਦਾ ਦਾਅਵਾ ਹੈ ਕਿ ਇਹ ਪਾਣੀ ਜੇ ਪ੍ਰਦੂਸ਼ਿਤ ਹੁੰਦਾ ਤਾਂ ਅੱਛੀ ਫਸਲ ਕਦੀ ਨਹੀਂ ਸੀ ਹੋਣੀ ਤੇ ਪਲਾਂਟ ਕੈਂਪਸ ’ਚ ਰਹਿਣ ਵਾਲੇ ਲੋਕਾਂ ’ਤੇ ਇਸ ਦਾ ਬੁਰਾ ਅਸਰ ਪੈਂਦਾ, ਪਰ ਦਿਕਤ ਅਜੇ ਤਕ ਨਹੀਂ ਹੋਈ। ਮਹਾਂਪ੍ਰਬੰਧਕ ਦੇ ਇਸ ਦਾਅਵੇ ਨੂੰ ਯੋਗਿੰਦਰ ਸਿੰਘ ਯਾਦਵ ਗਲਤ ਦੱਸਦੇ ਹਨ। ਉਹ ਕਹਿੰਦੇ ਹਨ ‘ਇਹ ਕਹਿਣਾ ਗਲਤ ਹੈ ਕਿ ਡਿਸਟਲਰੀ ਦੇ ਪਾਣੀ ਨਾਲ ਖੇਤਾਂ ਦੀ ਊਰਜਾ ਸ਼ਕਤੀ ਵਧੀ ਹੈ। ਹਾਲਾਤ ਇਸ ਦੇ ਉਲਟ ਹੈ। ਇਸ ਨਾਲ ਇੱਥੋਂ ਦੀ ਮਿੱਟੀ ਖ਼ਰਾਬ ਹੋ ਗਈ ਹੈ। ਜਿਹਨਾਂ ਖੇਤਾਂ ’ਚ ਇਸ

ਦੀ ਵਰਤੋਂ ਹੋ ਰਹੀ ਹੈ। ਉਸ ਦੀ ਮਿੱਟੀ ਲਾਲ ਹੋ ਗਈ ਹੈ। ਖੇਤੀ 'ਚ ਡਿਸਟਲਰੀ ਦੇ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਕਰਨਾ ਸਾਡੀ ਮਜ਼ਬੂਰੀ ਹੈ। ਇਸ ਲਈ ਸਾਨੂੰ ਪ੍ਰਬੰਧਕਾਂ ਨੂੰ ਲਿਖਤੀ ਅਰਜ਼ੀ ਨਾਲ ਹਲਫ ਨਾਮਾ ਵੀ ਦੇਣਾ ਪੈਂਦਾ ਹੈ। ਪ੍ਰਬੰਧਕਾਂ ਨੇ ਪਾਣੀ ਦੇਣ ਸਮੇਂ ਸਾਨੂੰ ਕਦੇ ਮਨ੍ਹਾਂ ਨਹੀਂ ਕੀਤਾ। ਨਾ ਹੀ ਜ਼ਿਲ੍ਹਾ ਪ੍ਰਸਾਸ਼ਨ ਨੇ ਇਸ ਦੀ ਵਰਤੋਂ ਰੋਕਣ ਲਈ ਕਿਹਾ। ਇਸ ਬਾਰੇ ਜਦ ਸ਼ਿਕਾਇਤ ਹੋਈ ਪ੍ਰਸਾਸ਼ਨ ਨੇ ਜਾਂਚ ਕੀਤੀ ਤੇ ਰਵਾਇਤੀ ਪੂਰੀ ਕਰ ਲਈ। ਡਿਸਟਲਰੀ ਦੇ ਨੇੜੇ ਦੀ ਜ਼ਮੀਨ ਦੀ ਜਾਂਚ ਨਹੀਂ ਕਰਵਾਈ ਜਿਸ ਤੋਂ ਪਤਾ ਲੱਗੇ ਕਿ ਜ਼ਮੀਨ ਦੀ ਪੈਦਾਵਾਰੀ ਸ਼ਕਤੀ ਘਟੀ ਜਾਂ ਨਹੀਂ।

ਮੋਰਾਂ ਦੀ ਮੌਤ ਦਾ ਇਹ ਸਿਲਸਿਲਾ ਮੁਰੈਨਾ ਤੱਕ ਹੀ ਸੀਮਤ ਨਹੀਂ ਹੈ। ਇਸ ਦਾ ਵਿਸਥਾਰ ਸੂਬੇ ਦੇ ਕਈ ਜ਼ਿਲ੍ਹਿਆਂ ਤਕ ਹੈ। ਪਹਿਲਾਂ ਵੱਡਾ ਮਾਮਲਾ 1933 'ਚ ਝਾਬੂਆ ਜ਼ਿਲ੍ਹੇ 'ਚ ਸਾਹਮਣੇ ਆਇਆ ਸੀ। ਉਥੇ ਦਸ ਮੋਰਾਂ ਦੀ ਮੌਤ ਹੋ ਗਈ ਸੀ। ਮਹੂ ਦੇ ਵੈਟਰਨਰੀ ਕਾਲਜ ਦੇ ਪ੍ਰੋਫੈਸਰ ਯੂ. ਸੀ. ਗਰਗ ਨੇ ਇਸ ਦੀ ਜਾਂਚ ਪਿੱਛੋਂ ਕਿਹਾ ਕਿ ਮੌਤਮ ਵਜਾਹ ਫਸਲਾਂ 'ਚ ਵਧਦੀ ਕੀਟਨਾਸ਼ਕਾਂ ਦੀ ਵਰਤੋਂ ਹੈ। ਸੰਨ 2011 ਵਿੱਚ ਗਰਮੀਆਂ 'ਚ ਮੁਰੈਨਾ 'ਚ ਹੋਈ ਮੋਰਾਂ ਦੀ ਮੌਤ ਦੀ ਜਾਂਚ ਪਿੱਛੋਂ ਵੀ ਪ੍ਰੋ. ਗਰਗ ਦਾ ਇਹੀ ਮੰਨਣਾ ਸੀ। ਪੋਸਟਮਾਰਟਮ 'ਚ ਮੋਰਾਂ ਦੇ ਪੇਟ ਵਿੱਚ ਬਾਜਰਾ ਤੇ ਕਣਕ ਦੇ ਦਾਣਿਆਂ ਤੋਂ ਇਲਾਵਾ ਕੋਈ ਅਣਜਾਣ ਪਦਾਰਥ ਨਹੀਂ ਮਿਲਿਆ ਜਿਸ ਨੂੰ ਉਹਨਾਂ ਕੀਟਨਾਸ਼ਕ ਮੰਨਿਆ। ਝਾਬੂਆ 'ਚ ਸੰਨ 2000 'ਚ ਛੇ ਮੋਰਾਂ ਦੀ ਪੋਸਟ ਮਾਰਟਮ 'ਚ ਵੀ ਮੌਤ ਦੀ ਵਜਾਹ ਕੀਟਨਾਸ਼ਕ ਹੀ ਦੱਸੀ ਗਈ ਜਿੱਥੇ ਸੋਆਬੀਨ ਫਸਲ ਦੀ ਬਿਜਾਈ ਸਮੇਂ ਖੇਤਾਂ 'ਚ ਪਾਇਆ ਗਿਆ ਸੀ। ਮਾਰਚ 2011 'ਚ ਮੰਦਸੌਰ ਜ਼ਿਲੇ ਦੇ ਧਾਮਪੁਰ ਪਿੰਡ ਵਿੱਚ 11 ਮੋਰਾਂ ਦੀ ਮੌਤ 'ਤੇ ਭਾਜਪਾ ਵਿਧਾਇਕ ਯਸ਼ਪਾਲ ਸਿੰਘ ਸਿਸੋਦਿਆ ਦੇ ਵਿਧਾਨ ਸਭਾ 'ਚ ਪੁੱਛੇ ਸੁਆਲ ਦੇ ਜੁਆਬ 'ਚ ਪ੍ਰਦੇਸ਼ ਦੇ ਵਣ ਮੰਤਰੀ ਸਰਤਾਜ ਸਿੰਘ ਨੇ ਕਿਹਾ, 'ਮੋਰਾਂ ਦੀ ਮੌਤ ਦਾ ਕਾਰਨ ਪਤਾ ਨਹੀਂ ਲੱਗਿਆ ਹੈ। ਵਿਸਰਾ ਨੂੰ ਜਾਂਚ ਲਈ ਲਬਾਟਰੀ ਭੇਜਿਆ ਗਿਆ ਹੈ। ਰੀਪੋਟ ਆਉਣ 'ਤੇ ਕਾਰਵਾਈ ਜ਼ਰੂਰ ਕੀਤੀ ਜਾਵੇਗੀ।' ਰੀਪੋਟ ਅਜੇ ਆਉਣੀ ਬਾਕੀ ਹੈ। ਡਿਸਟਲਰੀ ਦੇ ਪ੍ਰਬੰਧਕਾਂ ਦੇ ਤਰਕ 'ਤੇ ਅਧਾਰਤ ਇਕ ਰੀਪੋਟ 'ਚ ਫਸਲਾਂ ਦੀ ਸਿੰਚਾਈ ਲਈ ਇਸ ਪਾਣੀ ਨੂੰ ਸਹੀ ਠਹਿਰਾਇਆ ਗਿਆ ਹੈ। ਇਹ ਰਿਪੋਰਟ ਵਿਧਾਨ ਸਭਾ ਵੱਲੋਂ ਬਣਾਈ ਇਕ ਸੰਮਤੀ ਨੇ ਦਿੱਤੀ ਪਰ ਵਿਗਿਆਨਕ ਤੱਥ ਕੋਈ ਨਹੀਂ ਦੱਸਿਆ ਗਿਆ। ਸੰਨ 2009-10 'ਚ ਸਨਅਤਾਂ ਉਪਚਾਰਿਤ ਪਾਣੀ ਲਈ ਤਹਿ ਪੈਮਾਨੇ ਦੀ ਹੱਦ ਦੀ ਉਲੰਘਣਾ ਕਰਨ ਵਾਲਿਆਂ ਦੀ ਸੂਚੀ ਵਿੱਚ ਰਿਆਊ ਡਿਸਟਲਰੀ ਦਾ ਵੀ ਨਾਂ ਸੀ।

ਕੁਝ ਅਜਿਹਾ ਹੀ ਹਸ਼ਰ ਮੁਰੈਨਾ ਜ਼ਿਲ੍ਹੇ ਦੇ ਮਹਾਰਾਜਪੁਰਾ ਤੇ ਸ਼ੀਤਾਪੁਰ ਪਿੰਡ 'ਚ ਸੰਨ 2000 'ਚ ਕੁਝ ਹੀ ਦਿਨਾਂ ਅੰਦਰ 80 ਤੋਂ ਵੱਧ ਮੁਰਦਾ ਪਾਏ ਗਏ ਮੋਰਾਂ ਸਬੰਧੀ ਹੋਇਆ। ਉਸ ਵੇਲੇ ਦੇ ਜ਼ਿਲ੍ਹਾ ਅਧਿਕਾਰੀ ਪ੍ਰਮੋਦ ਅਗਰਵਾਲ ਨੇ ਪੋਸਟ ਮਾਰਟਮ ਰੀਪੋਟ ਆਉਣ 'ਤੇ ਕਿਹਾ ਕਿ ਮੋਰਾਂ ਦੀ ਮੌਤ ਵਾਧਾ ਪਾਰਾ ਮਿਸ਼ਰਤ ਕਿਸੇ ਰਸਾਇਣ ਦੇ ਖਾਣ ਨਾਲ ਹੋਈ ਹੈ। ਇਸ ਦੀ ਪੁਸ਼ਟੀ ਖੇਤਰੀ ਵਣ ਅਧਿਕਾਰੀ ਦੀ ਰੀਪੋਟ ਤੋਂ ਹੋਈ। ਇਸ ਦੀ ਵਜਾਹ ਬਾਜਰੇ ਦੀ ਫਸਲ ਦੀ ਬਿਜਾਈ ਦੌਰਾਨ ਪ੍ਰਯੁਕਤ ਕੀਟ ਨਾਸ਼ਕਾਂ ਨੂੰ ਦੱਸਿਆ। ਪਰ ਅਜੇ ਤੱਕ ਇਸ ਦਾ ਕੋਈ ਹੱਲ ਨਹੀਂ ਨਿਕਲ ਸਕਿਆ ਹੈ। ਉਦੋਂ ਤੋਂ ਹੁਣ ਤੱਕ ਮੋਰਾਂ ਦੀ ਮੌਤ ਦਾ ਸਿਲਸਿਲਾ ਜਾਰੀ ਹੈ। ਸਥਿਤੀ ਇਹ ਹੈ ਕਿ ਸੰਨ

2000 ’ਚ ਮਹਾਰਾਜਾ ਪਿੰਡ ’ਚ ਲਗਭਗ 3000 ਮੋਰ ਸਨ, ਪਰ ਹੁਣ ਸੌ ਹੀ ਰਹਿ ਗਏ ਹਨ। ਯਾਦ ਰਹੇ ਮੁਰੈਨਾ ਨੂੰ ਦੇਸ਼ ’ਚ ਮੋਰਾਂ ਦੀ ਸਭ ਤੋਂ ਵੱਧ ਗਿਣਤੀ ਵਾਲਾ ਜਿਲ੍ਹਾ ਮੰਨਿਆ ਜਾਂਦਾ ਹੈ। ਦਰਅਸਲ ਚੰਬਲ ਸੰਭਾਗ ਸਰੋਂ ਦੀ ਫਸਲ ਲਈ ਦੇਸ਼ ਭਰ ’ਚ ਮਸ਼ਹੂਰ ਹੈ। ਇਸ ਦੀ ਫਸਲ ਤਿਆਰ ਹੋਣ ਦੌਰਾਨ ਇਸ ’ਤੇ ਲੱਗਣ ਵਾਲੇ ਕੀਟ ਪਤੰਗੇ ਮੋਰਾਂ ਦਾ ਹਰਮਨ ਪਿਆਰਾ ਭੋਜਨ ਹਨ। ਇਸ ਕਰਕੇ ਇਸ ਇਲਾਕੇ ਵਿੱਚ ਮੋਰਾਂ ਟੀਰਾ ਬਹੁਤਾਤ ਹੈ। 5 ਸਾਲਾਂ ਇਹ ਗਿਣਤੀ 75000 ਸੀ ਪਰ ਕੁਝ ਸਾਲਾਂ ਤੋਂ ਮੌਤਾਂ ਕਾਰਨ ਇਹ ਗਿਣਤੀ ਲਗਾਤਾਰ ਘੱਟ ਰਹੀ ਹੈ। 2011 ’ਚ ਫਿਰ ਗਿਣਤੀ ਕਰਨ ਦੀ ਸਕੀਮ ਬਣੀ ਸੀ ਇਹ ਵੀ ਪਤਾ ਲਾਇਆ ਕਿ ਮੋਰ ਪਾਣੀ ਪੀਣ ਕਿਹੜੇ ਇਲਾਕਿਆਂ ’ਚ ਜਾਂਦੇ ਹਨ। ਤਾਂ ਕਿ ਉਥੋਂ ਦੇ ਜਲ ਪ੍ਰਦੂਸ਼ਣ ਦੀ ਜਾਂਚ ਕੀਤੀ ਜਾ ਸਕੇ। ਪਰ ਸਿੱਟਾ ਕੋਈ ਨਹੀਂ ਸੀ। ਪਿਛਲੀ ਗਰਮੀ ਮੌਤਾਂ ਦਾ ਸਿਲਸਿਲਾ ਅਪ੍ਰੈਲ ਤੋਂ ਸ਼ੁਰੂ ਹੋਇਆ। 23 ਅਪ੍ਰੈਲ ਦੀ ਰਾਤ ਨੂੰ ਖੇਤਾਂ ’ਚ 50 ਤੋਂ ਵੱਧ ਮੋਰ ਮਰੇ ਹੋਏ ਮਿਲੇ। ਦੂਜੇ ਦਿਨ ਦਸ ਮੋਰਾਂ ਦੀਆਂ ਲਾਸ਼ਾਂ ਮਿਲੀਆਂ। ਇਸ ਪਿੱਛੋਂ ਰੋਜ਼ਾਨਾ 4-5 ਮੋਰ ਮਰੇ ਮਿਲਣ ਲੱਗੇ। ਨਾਰਾਜ਼ ਪੇਂਡੂਆਂ ਨੇ ਕੌਮੀ ਰਾਜ ਮਾਰਗ ਤਿੰਨ ਘੰਟਿਆਂ ਲਈ (ਜੂਨ ਮਹੀਨੇ) ਬੰਦ ਕਰ ਦਿੱਤਾ ਤਾਂ ਜ਼ਿਲ੍ਹਾ ਅਧਿਕਾਰੀ ਆਕਾਸ਼ ਤ੍ਰਿਪਾਠੀ ਨੇ ਡਿਸਟਲਰੀ ਸੀਲ ਕਰਨ ਦਾ ਹੁਕਮ ਦਿੱਤਾ ਤੇ ਕਿਹਾ ਪਾਣੀ ਪ੍ਰਦੂਸ਼ਿਤ ਹੈ। ਇਸ ਦੀ ਜਾਂਚ ਕਰਵਾਈ ਜਾਵੇਗੀ। ਵਿਸਰਾ ਰੀਪੋਟ ਆਉਣ ਪਿੱਛੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਵੇਗੀ। ਪਰ ਨਤੀਜਾ ਫੇਰ ਕੋਈ ਨਹੀਂ ਨਿਕਲਿਆ। ਡਿਸਟਲਰੀ ਸੀਲ ਹੁੰਦਿਆਂ ਹੀ ਤਰ੍ਹਾਂ-ਤਰ੍ਹਾਂ ਦੀਆਂ ਪ੍ਰਤੀ-ਕ੍ਰਿਆਵਾਂ ਹੋਣ ਲੱਗੀਆਂ। ਸਨਅਤੀਕਰਨ ਦੇ ਹੱਕ ਵਾਲਿਆਂ ਦੀ ਦਲੀਲ ਸੀ ਕਿ ਡਿਸਟਿਲਰੀ ਦੇ ਬੰਦ ਹੋਣ ਨਾਲ ਖੇਤਰ ਦਾ ਵਿਕਾਸ ਰੁਕ ਜਾਵੇਗਾ ਤੇ ਹਜ਼ਾਰਾਂ ਬੇਰੁਜ਼ਗਾਰ ਹੋ ਜਾਣਗੇ। ਇਸ ਲਈ ਸਾਰੀਆਂ ਪਾਰਟੀਆਂ ਡਿਸਟਲਰੀ ਦੇ ਪੱਖ ’ਚ ਆ ਖੜੀਆਂ ਤੇ ਕਿਹਾ ਜਾਣ ਲੱਗਿਆ ਕਿ ਮੋਰਾਂ ਦੀ ਮੌਤ ਕੋਈ ਜ਼ਹਿਰੀਲਾ ਪਦਾਰਥ ਖਾਣ ਨਾਲ ਹੋਈ ਹੈ। ਕਿਰਤ ਸੰਗਠਨ ਸੀਟੂ ਦਾ ਦਾਅਵਾ ਹੈ ਕਿ ਮੋਰਾਂ ਦੇ ਖੰਭਾਂ ਦੀ ਤਸਕਰੀ ਦੀ ਨਜ਼ਰ ਇਸ ਇਲਾਕੇ ’ਤੇ ਹੈ ਤੇ ਤਸਕਰੀ ਦੇ ਲਾਲਚ ’ਚ ਪਿਪਰਾਮੈਂਟ ਆਦਿ ਖਿਲਾ ਕੇ ਮੋਰ ਮਾਰੇ ਜਾ ਸਕਦੇ ਹਨ। ਪਰ ਇਹ ਤਰਕ ਨਹੀਂ ਝੁਠਲਾਇਆ ਜਾ ਸਕਿਆ ਕਿ ਮੋਰਾਂ ਦੀ ਮੌਤ ਪ੍ਰਦੂਸ਼ਣ ਕਾਰਨ ਹੋਈ ਹੈ। ਪ੍ਰਸਾਸ਼ਨ ਮੋਰਾਂ ਦੀ ਮੌਤ ਨੂੰ ਗੰਭੀਰਤਾ ਨਾਲ ਨਹੀਂ ਲੈ ਰਿਹਾ ਤੇ ਨਾ ਹੀ ਵਣ ਵਿਭਾਗ ਇਸ ਦੀ ਸਹੀ ਦੇਖਭਾਲ ਕਰ ਰਿਹਾ ਹੈ। ਕੁੱਤੇ ਲਾਸ਼ਾਂ ਖਾਂਦੇ ਰਹਿੰਦੇ ਹਨ। ਹੁਣ ਤਾਂ ਵਣ ਵਿਭਾਗ ਮੋਰਾਂ ਦੀਆਂ ਲਾਸ਼ਾਂ ਵੀ ਚੁੱਕਣ ਨਹੀਂ ਆਉਂਦਾ।

# ਕੌਮੀ ਪੇਂਡੂ ਸਿਹਤ ਮਿਸ਼ਨ ਘਪਲੇ ਨੇ ਕੀ ਗੁਲ ਖਿਲਾਏ?

ਉਤਰ ਪ੍ਰਦੇਸ਼ 'ਚ ਕੌਮੀ ਪੇਂਡੂ ਸਿਹਤ ਮਿਸ਼ਨ (NRHM) ਦੇ ਘਪਲੇ ਦੀ ਜਾਂਚ ਨੇ ਵੱਡਿਆਂ-ਵੱਡਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਬੀ.ਐਸ.ਪੀ ਦੇ ਅਸਰ ਰਸੂਖ ਰਖ ਰਹੇ ਨੇਤਾਵਾਂ ਤੇ ਕਰੀਬੀ ਨੌਕਰਸ਼ਾਹਾਂ, ਰਾਜਸੀ ਆਗੂਆਂ ਦੀ ਮਿਲੀਭੁਗਤ ਨੇ ਜਿਥੇ ਸੀ.ਬੀ.ਆਈ ਦੇ ਕੰਨ ਖੜ੍ਹੇ ਕਰ ਦਿੱਤੇ ਹਨ ਉਥੇ ਸਿਆਸੀ ਗਲਿਆਰੇ 'ਚ ਇਸ ਨੂੰ ਬਦਲੇ ਦੀ ਭਾਵਨਾ ਕਰਾਰ ਦਿੱਤਾ ਜਾ ਰਿਹਾ ਹੈ। ਪਰ ਸੀ.ਬੀ.ਆਈ ਸੂਤਰ ਦਸਦੇ ਹਨ ਕਿ ਜਿਸ ਤਰ੍ਹਾਂ ਨਾਲ ਜਾਂਚ ਅੱਗੇ ਵੱਧ ਰਹੀ ਹੈ, ਉਸ 'ਚ ਕਈ ਲੋਕਾਂ ਦੀ ਸ਼ਮੂਲੀਅਤ ਨਜ਼ਰ ਆ ਰਹੀ ਹੈ। ਸੂਤਰਾਂ ਮੁਤਾਬਕ ਇਹਨਾਂ 'ਚ ਸਭ ਤੋਂ ਵੱਡਾ ਨਾਂ ਸਾਬਕਾ ਕੈਬਨਿਟ ਸਕੱਤਰ ਸਸ਼ੰਕ ਸ਼ੇਖਰ ਦਾ ਆ ਰਿਹਾ ਹੈ, ਜਿਹਨਾਂ ਨੇ ਐਨ.ਆਰ.ਐਚ.ਐਮ ਨਾਲ ਜੁੜੇ ਕਈ ਦਸਤਾਵੇਜਾਂ 'ਤੇ ਖੁਦ ਦਸਤਖ਼ਤ ਕੀਤੇ ਹਨ। ਸੂਬੇ ਦੇ ਸਿਹਤ ਮੰਤਰੀ ਅਹਿਮਦ ਹਸ਼ਨ ਕਹਿੰਦੇ ਹਨ ਕਿ 2007-09 ਤਕ ਪ੍ਰੀਵਾਰ ਭਲਾਈ ਵਿਭਾਗ ਮੁੱਖ ਮੰਤਰੀ ਕੋਲ ਹੀ ਸੀ। ਅਜੇਹੇ 'ਚ ਪ੍ਰੀਵਾਰ ਭਲਾਈ ਮੰਤਰੀ ਵਜੋਂ ਵਿਭਾਗੀ ਫਾਈਲਾਂ 'ਚ ਜਿਥੇ ਮਾਇਆਵਤੀ ਦੇ ਦਸਤਖਤ ਹੋਣੇ ਚਾਹੀਦੇ ਸਨ ਉਥੇ 31 ਮਈ 2007 ਦੇ ਆਦੇਸ਼ ਦੀ ਲੜੀ 'ਚ ਸਸ਼ੰਕ ਸ਼ੇਖਰ ਦੇ ਹੀ ਦਸਤਖ਼ਤ ਸਨ, ਇਸ ਤੋਂ ਇਲਾਵਾ ਪਿਛੋਂ ਦੇ ਸਾਲਾਂ ਵਿਚ ਵੀ ਐਨ.ਆਰ.ਐਚ.ਐਮ ਤਹਿਤ ਜਿਹੜੇ-ਜਿਹੜੇ ਫੈਸਲਿਆਂ 'ਤੇ ਮੁੱਖ ਮੰਤਰੀ ਦਾ ਮਨੁਮੋਦਨ ਹੋਣਾ ਚਾਹੀਦਾ ਸੀ ਉਥੇ ਵੀ ਸਸ਼ੰਕ ਸ਼ੇਖਰ ਨੇ ਹੀ ਦਸਤਖ਼ਤ ਕੀਤੇ ਹਨ। ਦਸਿਆ ਜਾ ਰਿਹਾ ਹੈ ਕਿ ਸ਼ੇਖਰ ਤੋਂ ਇਲਾਵਾ ਮਾਇਆਵਤੀ ਦੇ ਕਰੀਬੀ ਕਈ ਹੋਰ ਅਧਿਕਾਰੀਆਂ ਤੇ ਨੇਤਾਵਾਂ ਤੋਂ ਪੁਛਗਿੱਛ ਹੋ ਸਕਦੀ ਹੈ ਜਿਹਨਾਂ 'ਤੇ ਸੀ.ਬੀ.ਆਈ ਨੂੰ ਸ਼ੱਕ ਹੈ। ਇਸ ਮਾਮਲੇ 'ਚ ਗ੍ਰਿਫ਼ਤਾਰ ਆਈ.ਏ.ਐਸ ਅਧਿਕਾਰੀ ਪ੍ਰਦੀਪ ਸ਼ੁਕਲਾ ਨੇ ਸੀ.ਬੀ.ਆਈ ਦੇ ਅਧਿਕਾਰੀਆਂ ਦੇ ਸਾਹਮਣੇ ਕਿਹਾ ਕਿ ਜਿਸ ਅਧਾਰ 'ਤੇ ਇਸ ਮਾਮਲੇ 'ਚ ਉਹਨਾ ਨੂੰ ਦੋਸ਼ੀ ਬਣਾਇਆ ਜਾ ਰਿਹਾ ਹੈ ਉਸ ਮਾਮਲੇ 'ਚ ਉਹਨਾਂ ਲੋਕਾਂ ਖਿਲਾਫ ਵੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਯਾਦ ਰਹੇ ਕਿ ਜਦ ਮਾਇਆਵਤੀ ਨੇ 2009 'ਚ ਬਾਬੂ ਸਿੰਘ ਕੁਸ਼ਵਾਹਾ ਨੂੰ ਪ੍ਰੀਵਾਰ ਭਲਾਈ ਮੰਤਰੀ ਬਣਾਇਆ ਤਦ ਪ੍ਰਦੀਪ ਸ਼ੁਕਲਾ ਨੂੰ ਇਸ ਵਿਭਾਗ ਦਾ ਸਕੱਤਰ ਬਣਾਇਆ ਗਿਆ, ਪਰ ਜਾਂਚ 'ਚ ਇਹ ਗੱਲ ਸਾਹਮਣੇ ਆਈ ਕਿ ਇਹ ਘਪਲਾ ਬਾਬੂ ਸਿੰਘ ਕੁਸ਼ਵਾਹਾ ਦੇ ਕਾਰਜਕਾਲ ਦੇ ਪਹਿਲਾਂ ਤੋਂ ਹੀ ਹੋ ਰਿਹਾ ਸੀ। ਬਾਬੂ ਸਿੰਘ ਕੁਸ਼ਵਾਹਾ ਦੇ ਕਰੀਬੀਆਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਸੀ.ਬੀ.ਆਈ ਦੀ ਜਾਂਚ ਅੱਗੇ ਵਧੀ ਜਾ ਰਹੀ ਹੈ ਤੇ ਹੋਰ ਲੋਕਾਂ ਦੀ ਸ਼ਮੂਲੀਅਤ ਵਧਦੀ ਜਾ ਰਹੀ ਹੈ ਤਿਉਂ-ਤਿਉਂ ਉਮੀਦ ਜਾਗ ਰਹੀ ਹੈ ਕਿ ਕੁਸ਼ਵਾਹਾ ਤੋਂ ਵੀ ਵੱਧ ਦੋਸ਼ੀ ਲੋਕ ਇਸ 'ਚ ਸ਼ਾਮਲ ਹਨ। ਸੀ.ਬੀ.ਆਈ ਨੇ ਇਸ ਮਾਮਲੇ 'ਚ ਸਾਬਕਾ ਸਿਹਤ ਮੰਤਰੀ ਅਨੰਤ ਕੁਮਾਰ ਮਿਸ਼ਰ ਤੋਂ ਵੀ ਪੁਛਗਿੱਛ ਕੀਤੀ ਹੈ। ਮਾਇਆਵਤੀ ਦੇ ਕਰੀਬੀ ਸਤੀਸ਼ ਚੰਦਰ ਮਿਸ਼ਰ ਦੇ ਰਿਸ਼ਤੇਦਾਰ ਵੀ ਹਨ। ਸੀ.ਬੀ.ਆਈ ਨੂੰ ਇਸ ਘਪਲੇ 'ਚ ਅਨੰਤ ਮਿਸ਼ਰ

ਦਾ ਵੀ ਹੱਥ ਹੋਣ ਦਾ ਸ਼ੱਕ ਹੋ ਰਿਹਾ ਹੈ। ਸੀ.ਬੀ.ਆਈ ਦਾ ਕਹਿਣਾ ਹੈ ਕਿ ਹਾਲ 'ਚ ਸਿਹਤ ਵਿਭਾਗ ਦੇ ਕਈ ਅਧਿਕਾਰੀਆਂ ਤੇ ਦਵਾਈ ਸਪਲਾਈ ਕਰਤਾ ਦੇ ਇਥੇ ਛਾਪੇ 'ਚ ਕਈ ਅਹਿਮ ਸਬੂਤ ਹੱਥ ਲੱਗ ਗਏ ਹਨ। ਸੂਤਰ ਦਸਦੇ ਹਨ ਕਿ ਸਤੀਸ਼ ਚੰਦਰ ਮਿਸ਼ਰ ਦੇ ਕਈ ਹੋਰ ਕਰੀਬੀਆਂ ਤੋਂ ਵੀ ਇਸ ਮਾਮਲੇ 'ਚ ਪੁਛਗਿੱਛ ਕੀਤੀ ਜਾ ਸਕਦੀ ਹੈ। ਸੂਤਰ ਦਸਦੇ ਹਨ ਕਿ ਇਸ ਮਾਮਲੇ 'ਚ ਕਈ ਨਵੀਆਂ ਜਾਣਕਾਰੀਆਂ ਸਾਹਮਣੇ ਆਈਆਂ ਹਨ ਜਿਹਨਾਂ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਕੇਵਲ ਪ੍ਰਦੀਪ ਸ਼ੁਕਲਾ ਜਾਂ ਬਾਬੂ ਸਿੰਘ ਕੁਸ਼ਵਾਹਾ ਹੀ ਇਸ ਮਾਮਲੇ ਦੇ ਇੱਕਲੇ ਦੋਸ਼ੀ ਨਹੀਂ ਹਨ ਬਲਕਿ ਕਈ ਹੋਰ ਵੱਡੇ ਲੋਕਾਂ 'ਤੇ ਵੀ ਸ਼ਿਕੰਜਾ ਕਸਣ ਦੀ ਤਿਆਰੀ ਹੋ ਚੁੱਕੀ ਹੈ। ਸੀ.ਬੀ.ਆਈ ਨੇ ਆਪਣੀ ਜਾਂਚ 'ਚ ਪਾਇਆ ਹੈ ਕਿ ਇਸ ਜਾਂਚ ਨੂੰ ਅਸਰ ਅੰਦਾਜ ਕਰਨ ਲਈ ਸਿਹਤ ਵਿਭਾਗ ਦੇ ਕਈ ਅਧਿਕਾਰੀਆਂ ਦੀ ਹੱਤਿਆ ਬਾਰੇ ਸਾਰੇ ਤਰ੍ਹਾਂ ਦੇ ਦਸਤਾਵੇਜ ਛਿਪਾਉਣ ਦੇ ਕਈ ਯਤਨ ਵੀ ਕੀਤੇ ਗਏ ਹਨ। ਸੀ.ਬੀ.ਆਈ ਇਸ ਦ੍ਰਿਸ਼ਟੀਕੋਣ ਤੋਂ ਵੀ ਜਾਂਚ ਕਰ ਰਹੀ ਹੈ ਕਿ ਮਾਮਲੇ ਦੇ ਦੋਸ਼ੀਆਂ ਨੇ ਆਪਣੇ ਪ੍ਰਭਾਵ ਦੀ ਕਿੰਨੀ ਵਰਤੋਂ ਕੀਤੀ।

ਸਪਾ ਸਰਕਾਰ ਦੀ ਨਜ਼ਰ ਵੀ ਐਨ.ਆਰ.ਐਚ.ਐਮ ਘਪਲੇ 'ਤੇ ਟਿਕੀ ਹੋਈ ਹੈ। ਜਿਸ ਨਾਲ ਸਰਕਾਰ ਇਸ ਨੂੰ ਰਾਜਸੀ ਮੁੱਦਾ ਬਣਾ ਸਕੇ। ਸੂਬੇ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਕਹਿੰਦੇ ਹਨ ਕਿ ਮਾਇਆਵਤੀ ਸਰਕਾਰ ਘਪਲਿਆਂ ਦੀ ਸਰਕਾਰ ਸੀ। ਉਹਨਾਂ ਦੀ ਹਕੂਮਤ 'ਚ ਐਨ.ਆਰ.ਐਚ.ਐਮ ਘਪਲੇ ਤੋਂ ਇਲਾਵਾ ਖੰਜੂਰ ਦਰਖਤ ਘਪਲਾ, ਹਾਥੀ ਮੂਰਤੀ ਘਪਲਾ, ਮਿੱਟੀ ਘਪਲਾ, ਸਮਾਰਕ ਪਾਰਕਾਂ ਦੀ ਉਸਾਰੀ 'ਤੇ ਘਪਲਾ, ਭੋਇੰ ਅਲਾਟਮੈਂਟ ਘਪਲਾ ਆਦਿ ਹੋਏ, ਜਿਹਨਾਂ ਦੀ ਜਾਂਚ ਕੀਤੀ ਜਾਣੀ ਬਾਕੀ ਹੈ। ਮਾਇਆਵਤੀ ਦੀ ਸਰਕਾਰ 'ਚ ਕਰੀਬ 40 ਹਜ਼ਾਰ ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਮਾਇਆਵਤੀ ਭਾਵੇਂ ਇਸ ਨੂੰ ਬਦਲਾਖੋਰੀ ਦੀ ਭਾਵਨਾ ਕਹਿੰਦੀ ਹੈ। ਮਾਇਆਵਤੀ ਦਾ ਕਹਿਣਾ ਹੈ ਕਿ ਉਹਨਾਂ ਦੀ ਸਰਕਾਰ ਸਮੇਂ 13 ਵਿਭਾਗਾਂ ਨਾਲ ਜੁੜੀਆਂ 26 ਯੋਜਨਾਵਾਂ ਤੇ ਪ੍ਰੋਗਰਾਮਾਂ ਨੂੰ ਇਸ ਸਰਕਾਰ ਨੇ ਇਕੋ ਵੇਲੇ ਖਤਮ ਕਰ ਦਿੱਤਾ ਅਤੇ ਆਏ ਦਿਨ ਕਿਸੇ ਨਾ ਕਿਸੇ ਵਿਭਾਗ ਨਾਲ ਸਬੰਧਤ ਘਪਲੇ ਦੀ ਗੱਲ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਹਨਾਂ ਦੀ ਦਲੀਲ ਹੈ ਕਿ ਇਹ ਸਰਕਾਰ ਰਾਜਸੀ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰ ਰਹੀ ਹੈ। ਪਰ ਸੂਬੇ 'ਚ ਮਾਇਆਵਤੀ ਸਰਕਾਰ ਸਮੇਂ ਲੋਕਪਾਲ ਕੋਲ ਪਈਆਂ ਸ਼ਕਾਇਤਾਂ ਦਾ ਪਿਟਾਰਾ ਤਾਂ ਕਦੀ ਵੀ ਖੁਲ੍ਹ ਸਕਦਾ ਹੈ। ਅਧਿਕਾਰੀਆਂ ਅਨੁਸਾਰ ਲੋਕਪਾਲ ਨੇ ਪਹਿਲਾਂ ਹੀ ਬਸਪਾ ਸਰਕਾਰ ਦੇ ਕਈ ਮੰਤਰੀਆਂ ਖਿਲਾਫ ਰਿਪੋਟ ਦੇ ਦਿਤੀ ਹੈ ਜਿਸ 'ਤੇ ਖੁਦ ਮਾਇਆਵਤੀ ਨੇ ਕਾਰਵਾਈ ਕੀਤੀ ਸੀ। ਪਰ ਇਹ ਕਾਰਵਾਈ ਅਜੇਹੇ ਸਮੇਂ ਹੋਈ ਜਦ ਰਾਜ 'ਚ ਚੋਣਾਂ ਹੋਣ ਵਾਲੀਆਂ ਸਨ। ਸੂਤਰ ਦਸਦੇ ਹਨ ਕਿ ਸਮਾਜਵਾਦੀ ਪਾਰਟੀ ਦੀ ਸਰਕਾਰ ਕਦੀ ਵੀ ਸਾਬਕਾ ਮੰਤਰੀਆਂ ਖਿਲਾਫ ਸੀ.ਬੀ.ਆਈ ਦੀ ਜਾਂਚ ਨੂੰ ਹਰੀ ਝੰਡੀ ਦੇ ਸਕਦੀ ਹੈ। ਕੰਟਰੋਲਰ ਤੇ ਮਹਾਂ ਲੇਖਾ ਪ੍ਰੀਖਕ ਨੇ ਵੀ ਆਪਣੀ ਰੀਪੋਟ 'ਚ ਮੰਨਿਆ ਹੈ ਕਿ ਸਾਬਕਾ ਸਰਕਾਰ ਨੇ 21 ਸਰਕਾਰੀ ਚੀਨੀ ਮਿਲਾਂ ਦੀ ਵਿਕਰੀ ਕਰਕੇ ਕਰੀਬ 12 ਹਜ਼ਾਰ ਕਰੋੜ ਰੁਪਏ ਦਾ ਚੂਨਾ ਲਾਇਆ ਹੈ।

# ਸਿਰ ਤੇ ਮੈਲਾ ਢੋਣ ਦੀ ਪ੍ਰਥਾ ਦੇ ਪ੍ਰਸੰਗ 'ਚ ਸਫਾਈ ਕਰਮਚਾਰੀਆਂ ਦੀ ਦਸ਼ਾ ਕਿੰਨੀ ਚਿੰਤਾਜਨਕ?

ਸਫਾਈ ਕਰਮਚਾਰੀ ਅਜੇ ਵੀ ਮਜ਼ਦੂਰਾਂ ਦੀ ਸਭ ਤੋਂ ਹੇਠਲੀ ਸ਼੍ਰੇਣੀ ਵਿਚ ਗਿਣੇ ਜਾਂਦੇ ਹਨ। ਪੂਰੇ ਦੇਸ਼ 'ਚ ਇਹਨਾਂ ਦੀ ਗਿਣਤੀ 45 ਕਰੋੜ ਹੈ। ਉਹਨਾਂ ਦੀਆਂ ਕੰਮ ਦੀਆਂ ਤੇ ਰਹਿਣ ਸਹਿਣ ਦੀਆਂ ਹਾਲਤਾਂ ਦੇ ਪੱਧਰ ਜੋ ਕਿਸੇ ਵੀ ਮਜ਼ਦੂਰ ਵਰਗ ਦੀ ਤੁਲਨਾ 'ਚ ਸਭ ਤੋਂ ਹੇਠਲੇ ਪੱਧਰ ਦੀਆਂ ਹਨ ਤੇ ਇਹਨਾਂ 'ਚ ਪਿਛਲੀਆਂ ਦੋ ਸਦੀਆਂ ਤੋਂ ਕੋਈ ਤਬਦੀਲੀ ਨਹੀਂ ਆਈ ਹੈ। ਇਹ ਕਾਮੇ ਜਿਹਨਾਂ 'ਚ ਔਰਤਾਂ ਤੇ ਮਰਦ ਦੋਨੋਂ ਸ਼ਾਮਲ ਹਨ, ਜਨਤਕ ਤੇ ਨਿਜੀ ਪਖਾਨਿਆਂ 'ਚੋਂ ਟੀਨ-ਪਲੇਟਾਂ ਤੇ ਝਾੜੂਆਂ ਨਾਲ ਟੱਟੀ ਨੂੰ ਡੱਬਿਆਂ 'ਚ ਰਖਦੇ ਹਨ ਅਤੇ ਉਸ ਨੂੰ ਸਿਰ 'ਤੇ ਰੱਖ ਕੇ ਨਿਰਧਾਰਿਤ ਥਾਂ ਤਕ ਜਾਂਦੇ ਤੇ ਉਥੇ ਸੁਟਦੇ ਹਨ। ਭਾਰਤ, ਪਾਕਿਸਤਾਨ ਤੇ ਕੁਝ ਹੋਰ ਦੱਖਣ-ਪੂਰਬ ਏਸ਼ੀਆਂ ਤੋਂ ਇਲਾਵਾ ਪੂਰੇ ਸੰਸਾਰ 'ਚ ਇਹ ਘ੍ਰਿਣਿਤ ਕਾਰਜ ਪ੍ਰਣਾਲੀ ਮੌਜੂਦ ਰਹੀ ਹੈ। ਦੇਸ਼ ਦੇ ਇਸ ਸਭ ਤੋਂ ਗਰੀਬ ਤਬਕੇ ਨੂੰ ਕਿਸ ਨੇ, ਕਦੋਂ ਤੇ ਕਿਸ ਤਰ੍ਹਾਂ ਇਹ ਘ੍ਰਿਣਿਤ ਕੰਮ ਕਰਨ ਲਈ ਮਜ਼ਬੂਰ ਕੀਤਾ ਇਸ ਨੂੰ ਉਹਨਾਂ ਦਾ ਕਿਤਾ ਦੱਸਿਆ ਤੇ ਇਹ ਕੰਮ ਕਰਨ ਵਾਲਿਆਂ ਨੂੰ ਅਛੂਤ ਐਲਾਨਿਆ? ਅਜੇਹਾ ਲਗਦਾ ਹੈ ਕਿ ਇਸ ਸਮੇਂ ਇਕ ਅਜੇਹੇ ਸਮਾਜ 'ਚ ਜੋ ਵੱਖ-ਵੱਖ ਕਿਸਮ ਦੀਆਂ ਜਾਤੀਆਂ, ਉਪਜਾਤੀਆਂ ਆਦਿ ਦੀ ਰਚਨਾ 'ਚ ਬੰਨ੍ਹੀਆਂ ਹੋਈਆਂ ਹਨ, ਇਸ ਦੇ ਸਰੋਤ ਦਾ ਪਤਾ ਲਾਉਣਾ ਕਾਫੀ ਔਖਾ ਹੈ। ਇਥੋਂ ਤਕ ਕਿ ਸਾਡੀ ਮਜ਼ਦੂਰ ਜਮਾਤ ਵੀ ਜਾਤੀ ਅਧਾਰਤ ਸਮਾਜ ਦਾ ਹਿੱਸਾ ਬਣੀ ਹੋਈ ਹੈ। ਇਹ 1993 ਦੀ ਗੱਲ ਹੈ ਜਦ ਸ਼ਾਇਦ ਸਰਕਾਰ ਦੀ ਨੀਂਦ ਖੁਲ੍ਹੀ ਤੇ ਉਸ ਨੇ ਇਸ ਘ੍ਰਿਣਿਤ ਸਮਾਜਕ ਰਿਵਾਜ ਵੱਲ ਧਿਆਨ ਦਿੱਤਾ। ਉਸ ਸਮੇਂ ਸੰਸਦ ਨੇ ਹੱਥ ਨਾਲ ਸਫਾਈ ਤੇ ਸੁਕਾ ਪਖਾਨਾ ਰੋਕੂ ਕਾਨੂੰਨ, 1993 (ਐਸ. ਸੀ. ਡੀ. ਐਲ) ਪਾਸ ਕੀਤਾ। ਇਹ ਕਾਨੂੰਨ ਸਰਕਾਰੀ ਫਾਇਲਾਂ ਤੇ ਦਸਤਾਵੇਜਾਂ 'ਚ ਹੀ ਬੰਦ ਰਿਹਾ ਅਤੇ ਇਸ ਉਪਰ ਰੋਕ ਲਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ। ਪਿਛੇ ਜਿਹੇ ਸਮਾਜ ਨਿਆਂ ਮੰਤਰੀ ਮੁਕੂਲ ਵਾਸਨਿਕ ਨੇ ਮੰਨਿਆ ਹੈ ਕਿ ਹਾਲਾਂਕਿ ਹੱਥ ਨਾਲ ਸਫਾਈ ਰੋਕੂ ਤੇ ਸੁਰਖਿਆ ਪੈਖਾਨਾ ਉਸਾਰੀ ਕਨੂੰਨ ਮੌਜੂਦ ਸੀ ਫਿਰ ਵੀ ਕਿਸੇ ਵਿਰੁੱਧ ਇਕ ਵੀ ਕਾਰਵਾਈ ਨਹੀਂ ਹੋਈ ਅਤੇ ਇਹ ਪ੍ਰਥਾ ਜਾਰੀ ਹੈ। ਹੁਣ ਇਸ ਕਾਨੂੰਨ 'ਚ ਸੋਧ ਕਰਨ ਦੀ ਗੱਲ ਕਹੀ ਜਾ ਰਹੀ ਹੈ। ਜਿਸ ਨਾਲ ਹੱਥ ਨਾਲ ਟੱਟੀ ਸਾਫ ਕਰਨ ਦਾ ਕੰਮ ਖਤਮ ਹੋਵੇ। ਇਹ ਕੇਸ ਹੁਣ ਸੁਪਰੀਮ ਕੋਰਟ ਵਿਚ ਹੈ ਅਤੇ ਕੇਂਦਰ ਸਰਕਾਰ ਨੇ ਵਾਅਦਾ ਕੀਤਾ ਹੈ ਕਿ ਸੰਸਦ ਦੇ ਮੌਨਸੂਨ ਸੈਸ਼ਨ 'ਚ ਜਰੂਰ ਸੋਧ ਕੀਤੀ ਜਾਵੇਗੀ। ਏਨਾ ਹੀ ਨਹੀਂ ਸਰਕਾਰ ਨੇ ਇਹ ਵੀ ਪ੍ਰਸਤਾਵ ਰਖਿਆ ਹੈ ਕਿ ਨਵਾਂ ਕਾਨੂੰਨ ਬਣੇਗਾ ਜੋ ਇਹ ਯਕੀਨੀ ਬਣਾਵੇਗਾ ਕਿ ਸਾਰੇ ਸਫਾਈ ਸੇਵਕਾਂ ਦਾ 'ਪੂਰਾ ਕਲਿਆਣ' ਹੋਵੇ ਜੋ ਨਾਲੀਆਂ, ਸੈਪਟਿਕ ਟੈਂਕਾਂ, ਮੇਨ ਹੋਲ ਆਦਿ ਦੀ ਸਫਾਈ ਜਾਂ ਰਖ-ਰਖਾਅ 'ਚ ਲੱਗੇ ਹਨ। ਨਾਲਿਆਂ ਦੇ ਮੈਨ ਹੋਲ ਜੋ ਮਨੁੱਖ ਲਈ ਅਤਿ ਹਾਨੀਕਾਰਕ ਹਨ।

ਅੱਜ ਵੀ ਸਭ ਪੱਧਰ 'ਤੇ ਸਰਕਾਰੀ ਦਸਤਾਵੇਜਾਂ ਦਾ ਹਿਸਾ ਹੈ। ਇਸ ਤਰ੍ਹਾਂ ਨੂੰ ਸਰਕਾਰੀ ਮਾਨਤਾ ਹਾਸਲ ਹੈ। ਵਿਆਪਕ ਕਾਨੂੰਨ ਜੋ ਅਜੇ ਬਣਨ ਵਾਲਾ ਹੈ। ਇਹਨਾਂ ਸੈਪਟਿਕ ਟੈਂਕਾਂ ਤੇ ਮੈਨ ਹੋਲਾਂ 'ਚ ਕੰਮ ਕਰਨ ਵਾਲਿਆਂ ਦਾ ਕਲਿਆਣ ਕਰ ਦੇਵੇਗਾ। ਇਹ ਪ੍ਰਥਾ ਗੈਰ ਮਨੁੱਖੀ ਹੈ। ਸਿਰ ਤੇ ਮੈਲਾ ਢੋਹਣ ਵਾਲਿਆਂ ਦੀ ਸਮਸਿਆਂ ਰਾਜ ਸਭਾ 'ਚ ਵੀ ਰਾਸ਼ਟਰਪਤੀ ਦੇ ਭਾਸ਼ਣ 'ਤੇ ਬਹਿਸ ਦੌਰਾਨ ਮਾਕਾਪਾ ਦੇ ਐਮ.ਪੀ ਡੀ ਰਾਜਾ ਵਲੋਂ ਉਠਾਇਆ ਗਿਆ। ਉਹਨਾਂ ਨੇ ਸਲਾਹ ਵੀ ਦਿਤੀ ਕਿ ਸਰਕਾਰ ਨੂੰ ਉਹਨਾਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਬੈਠਕ ਬੁਲਾਉਣੀ ਚਾਹੀਦੀ ਹੈ ਜਿਥੇ ਇਹ ਪ੍ਰਥਾ ਚਲਦੀ ਹੈ। ਉਹਨਾਂ ਨੇ ਜਨਵਰੀ 2011 'ਚ ਸਰਕਾਰ ਵਲੋਂ ਕੀਤੇ ਐਲਾਨ ਦੀ ਯਾਦ ਤਾਜ਼ਾ ਕਰਵਾਈ ਜਿਸ 'ਚ ਕਿਹਾ ਗਿਆ ਸੀ ਕਿ ਪੂਰੇ ਦੇਸ਼ 'ਚ ਸੁਕੇ ਪੈਖਾਨੇ ਤੇ ਹੱਥ ਨਾਲ ਕੰਮ ਕਰਨ ਵਾਲੇ ਸਫਾਈ ਸੇਵਕਾਂ ਦੀ ਗਿਣਤੀ ਪਤਾ ਕਰਨ ਲਈ ਇਕ ਸਰਵੇਖਣ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ 'ਇਹ ਸ਼ਰਮ ਦੀ ਗੱਲ ਹੈ ਕਿ ਐਲਾਨ 13 ਮਹੀਨਿਆਂ ਪਿਛੋਂ ਵੀ ਇਹ ਅਮਲ ਸ਼ੁਰੂ ਨਹੀਂ ਹੋਇਆ ਹੈ'।

ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਕਨੂੰਨ ਬਣਨ ਪਿਛੋਂ 5 ਪ੍ਰਧਾਨ ਮੰਤਰੀ ਬਣ ਚੁੱਕੇ ਹਨ ਤੇ ਹਰੇਕ ਨੂੰ ਇਹ ਗੈਰ ਮਨੁੱਖੀ ਤੇ ਘ੍ਰਿਣਿਤ ਪ੍ਰਥਾ ਨੂੰ ਖਤਮ ਕਰਨ ਦਾ ਵਾਅਦਾ ਕੀਤਾ। ਪਰ ਅੱਜ ਵੀ ਹੱਥ ਨਾਲ ਸਫਾਈ ਤੇ ਸਿਰ ਤੇ ਮੈਲਾ ਢੋਹਣ ਦਾ ਕੰਮ ਜਾਰੀ ਹੈ।

ਮਾਕਾਂਪਾ ਦੇ ਨੇਤਾ ਨੇ ਕਿਹਾ ਕਿ ਅਜੇ ਪਿਛੇ ਜਿਹੇ ਹੀ ਭਾਵ ਜੂਨ 2011 'ਚ ਹੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਐਲਾਨ ਕੀਤਾ ਸੀ ਕਿ "ਛੇ ਮਹੀਨੇ ਅੰਦਰ ਭਾਵ 2011 ਦੇ ਅੰਤ ਤਕ ਦੇਸ਼ 'ਚੋਂ ਇਸ ਪ੍ਰਥਾ ਨੂੰ ਖਤਮ ਕਰ ਦਿੱਤਾ ਜਾਵੇਗਾ" ਮਾਕਪਾ ਦੇ ਨੇਤਾ ਨੇ ਇਸ ਬਾਰੇ ਸਰਕਾਰ ਤੋਂ ਜੁਆਬ ਮੰਗਿਆ। ਭਾਵੇਂ ਕਿ ਇਸ ਵਿਸ਼ੇ ਤੇ ਬਹਿਸ ਲੰਮੇ ਸਮੇਂ ਤੋਂ ਚਲ ਰਹੀ ਹੈ। ਇਸ ਮਾਮਲੇ 'ਚ ਵੱਡਾ ਦੋਸ਼ੀ ਭਾਰਤੀ ਖੇਡ ਹੈ ਕਿਉਂਕਿ ਉਹਨਾਂ ਕੋਲ ਹੱਥ ਨਾਲ ਸਫਾਈ ਕਰਨ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਮਦਰਾਸ ਹਾਈਕੋਰਟ 'ਚ ਦਾਖਲ ਇਕ ਪਟੀਸ਼ਨ ਨਾਲ ਇਸ ਪ੍ਰਥਾ ਦੇ ਖਾਤਮੇ ਦੀ ਸ਼ੁਰੂਆਤ ਹੋਈ ਹੈ। ਇਹ ਪਟੀਸ਼ਨ ਏ.ਨਟਰਾਜਨ ਵਲੋਂ ਦਾਇਰ ਕੀਤੀ ਗਈ ਸੀ ਜਿਸ 'ਤੇ ਅਦਾਲਤ ਨੇ ਜੂਨ 2011 'ਚ ਫੈਸਲਾ ਦਿਤਾ। ਅਦਾਲਤ ਨੇ ਕਿਹਾ ਕਿ ਜੇ ਕੇਂਦਰ ਦੋ ਮਹੀਨੇ ਅੰਦਰ ਕਨੂੰਨ 'ਚ ਸੋਧ ਕਰਨ 'ਚ ਅਸਫਲ ਰਹਿੰਦਾ ਹੈ ਤਾਂ ਅਦਾਲਤ ਨੂੰ ਮਜ਼ਬੂਰ ਹੋ ਕੇ ਪ੍ਰਧਾਨ ਮੰਤਰੀ ਦਫ਼ਤਰ ਜਾਂ ਕਿਸੇ ਹੋਰ ਦਫ਼ਤਰ ਦੇ ਉਚ ਪਧਰੇ ਪ੍ਰਸਾਸਿਕ ਨੂੰ ਅਦਾਲਤ 'ਚ ਨਿਜੀ ਤੌਰ 'ਤੇ ਪੇਸ਼ ਹੋਣ ਲਈ ਕਹਿਣਾ ਪਵੇਗਾ। ਸੋਧ ਕਰਨੀ ਹੋਰ ਜਰੂਰੀ ਹੋ ਗਈ ਕਿਉਂਕਿ ਮਦਰਾਸ ਹਾਈ ਕੋਰਟ ਦੇ ਹੁਕਮ 'ਤੇ ਤਾਮਿਲ ਨਾਦ ਅਸੰਬਲੀ ਨੇ 10 ਸਤੰਬਰ 2011 ਨੂੰ ਇਕ ਪ੍ਰਸਤਾਵ ਪਾਸ ਕੀਤਾ। ਇਸ ਪ੍ਰਸਤਾਵ 'ਚ ਮੰਗ ਕੀਤੀ ਗਈ ਹੈ ਕਿ ਕੇਂਦਰ ਸਰਕਾਰ 1993 ਦੇ ਕਨੂੰਨ 'ਚ ਸੋਧ ਕਰਕੇ ਜਿਸ 'ਚੋਂ ਕਿ ਕੁਝ ਧਾਰਾਵਾਂ ਜਿਹਨਾਂ 'ਚ ਹੱਥ ਨਾਲ ਸਫਾਈ ਕਰਨ ਵਾਲੇ ਮੇਹਤਰਾਂ ਦੀ ਪ੍ਰੀਭਾਸ਼ਾ ਦਾ ਦਾਇਰਾ, ਛੋਟ ਦੇਣ ਦਾ ਅਧਿਕਾਰ, ਅਮਲ ਕਰਨ ਵਾਲੇ ਅਧਿਕਾਰੀਆਂ ਦੀ ਨਿਯੁਕਤੀ, ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਲਈ ਪ੍ਰਸਾਸ਼ਕਾਂ ਦਾ ਅਧਿਕਾਰ ਆਦਿ ਸ਼ਾਮਲ ਹਨ, ਦਾ ਪ੍ਰਵਰਤਿਤ ਕੀਤਾ ਜਾ ਸਕੇ।

ਕੇਂਦਰ ਸਰਕਾਰ ਦੀ ਅਪੀਲ 'ਤੇ ਸੁਪਰੀਮ ਕੋਰਟ ਨੇ ਮਦਰਾਸ ਹਾਈ ਕੋਰਟ ਦੇ ਹੁਕਮ ਨੂੰ ਮੁਲਤਵੀ ਕਰ ਦਿੱਤਾ। ਪਰ ਇਸ ਦੇ ਨਾਲ ਹੀ ਇਸ ਨੇ ਏ.ਨਟਰਾਜਨ, ਜਿਹਨਾਂ ਨੇ ਜਨਹਿੱਤ ਪਟੀਸ਼ਨ ਦਾਇਰ ਕੀਤੀ ਸੀ, ਨੂੰ ਨੋਟਿਸ ਜਾਰੀ ਕਰ ਦਿੱਤਾ। ਨਟਰਾਜ ਮੁਲਤਵੀ ਨੂੰ ਖਤਮ ਕਰਨਾ ਚਾਹੁੰਦੇ ਸਨ। ਜਿਸ ਲਈ ਉਹਨਾਂ ਦੀ ਆਪਣੀ ਦਲੀਲ ਸੀ। ਉਹਨਾਂ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 2011 'ਚ ਹੀ ਵਾਅਦਾ ਕੀਤਾ ਸੀ ਕਿ ਇਸ ਸਾਲ ਦੇ ਅੰਤ ਤਕ ਹੱਥ ਨਾਲ ਕੰਮ ਕਰਨ ਵਾਲੇ ਸਫਾਈ ਸੇਵਕਾਂ ਦੀ ਵਿਵਸਥਾ ਖਤਮ ਹੋ ਜਾਵੇਗੀ। ਪਰ ਸਾਲ ਬੀਤ ਜਾਣ ਤਕ ਵੀ ਕੋਈ ਕਾਰਵਾਈ ਨਹੀਂ ਹੋਈ। ਨਟਰਾਜਨ ਨੇ ਧਿਆਨ ਦਵਾਇਆ ਕਿ ਸਮਾਜਕ ਲੁਟ-ਘਸੁਟ ਤੋਂ ਇਲਾਵਾ ਇਹਨਾਂ ਕਾਮਿਆਂ ਨੂੰ ਗੰਭੀਰ ਸਿਹਤ ਸਮੱਸਿਆਵਾਂ 'ਚੋਂ ਲੰਘਣਾ ਪੈਂਦਾ ਹੈ। ਇਸ 'ਚ ਰੋਜ਼ਾਨਾ ਉਹਨਾਂ ਦਾ ਗੰਦੇ ਨਾਲਿਆਂ 'ਚ ਉਤਰਨਾ ਸ਼ਾਮਲ ਹੈ ਤੇ ਉਹ ਵੀ ਬਿਨਾਂ ਕਿਸੇ ਬਚਾਅ ਸਹੂਲਤ, ਦੇਖ-ਰੇਖ ਜਾਂ ਮੁਢਲੀ ਇਲਾਜ ਸਹਾਇਤਾ ਦੇ। ਉਹਨਾਂ 'ਤੇ ਮਿਥੇਨ, ਡਾਈ ਹਾਈਡਰੋਜ਼ਨ ਸਲਫਾਈਡ ਵਰਗੀਆਂ ਗੈਸਾਂ ਦਾ ਅਸਰ ਪੈਂਦਾ ਹੈ, ਜਿਸ ਨਾਲ ਉਹਨਾਂ ਦੀ ਅਚਾਨਕ ਮੌਤ ਹੋ ਸਕਦੀ ਹੈ। ਇਸ ਨਾਲ ਹੈਪਾਟਾਈਟਸ, ਲੇਪਟੋਸਪੋਰੀਸਿਸ, ਚਮੜੀ 'ਤੇ ਖਾਰਸ਼ ਸਬੰਧੀ ਮੁਸ਼ਕਲਾਂ ਨਾਲ ਜੁੜੀਆਂ ਇਨਫੈਕਸ਼ਨਾਂ ਹੋ ਸਕਦੀਆਂ ਹਨ। ਅਦਾਲਤ ਨੇ ਮੁਲਤਵੀ ਸਬੰਧੀ ਫੈਸਲਾ ਅਜੇ ਦੇਣਾ ਹੈ, ਪਰ ਦਾਅ 'ਤੇ ਬਹੁਤ ਕੁਝ ਭਾਵ ਮਨੁਖੀ ਜੀਵਨ ਹੈ। ਦੋਸ਼ੀ ਭਾਰਤੀ ਰੇਲ ਤੋਂ ਇਲਾਵਾ ਵੱਖ-ਵੱਖ ਵੱਡੇ ਸ਼ਹਿਰਾਂ ਨੇ ਇਸ ਤਰ੍ਹਾਂ ਦੇ ਹਜ਼ਾਰਾਂ ਕਾਮੇ ਹਨ ਜੋ ਰੋਜ਼ਾਨਾ ਨਾਲਿਆਂ ਜਾਂ ਮੈਨ ਹੋਲਾਂ 'ਚ ਸਫਾਈ ਕਰਨ ਉਤਰਦੇ ਹਨ। ਇਸ ਸਰਵੇਂ ਅਨੁਸਾਰ ਦੇਸ਼ 'ਚ ਅੱਠ ਲੱਖ ਤੋਂ ਵੱਧ ਅਜੇਹੇ ਘਰ ਹਨ ਜਿਥੇ ਸੁਕੇ ਪਖਾਨਿਆਂ ਦੀ ਵਰਤੋਂ ਹੁੰਦੀ ਹੈ, ਉਨਾਂ ਦੀ ਹੱਥ ਨਾਲ ਸਫਾਈ ਕਰਨ ਵਾਲਿਆਂ ਦੀ ਜ਼ਰੂਰਤ ਪੈਂਦੀ ਹੈ। ਭਾਰਤੀ ਸਮਾਜ ਦੀ ਇਹ ਪ੍ਰਾਚੀਨ ਘ੍ਰਿਣਿਤ ਪ੍ਰਥਾ ਅਪ੍ਰਵਰਤਨਸ਼ੀਲ ਹੈ। ਅਧੁਨਿਕ ਕਾਲ ਭਾਵ ਅਜਾਦੀ ਅੰਦੋਲਨ ਦੌਰਾਨ ਗਾਂਧੀ ਨੇ ਆਪਣੇ ਢੰਗ ਨਾਲ ਇਹਨਾਂ ਦੀ ਭਲਾਈ ਲਈ ਕੋਸ਼ਿਸ਼ ਕੀਤੀ ਸੀ। ਉਹਨਾਂ ਨੂੰ ਸੀਮਤ ਸਫਲਤਾ ਵੀ ਮਿਲੀ। ਡਾ. ਅੰਬੇਡਕਰ ਨੇ ਵੀ ਅਨੁਸੂਚਿਤ ਜਾਤੀਆਂ ਦੀ ਚੇਤਨਾ ਵਧਾਉਣ ਦਾ ਯਤਨ ਕੀਤਾ। ਉਹਨਾਂ ਦੀ ਕੋਸ਼ਿਸ਼ ਮਹਾਂਰਾਸ਼ਟਰ ਤਕ ਸੀਮਤ ਰਹੀ ਤੇ ਉਥੇ ਵੀ ਡੂੰਘਾ ਅਸਰ ਨਹੀਂ ਪਿਆ।

# ਜੀਨ ਪ੍ਰਵਰਤਿਤ ਬੀਜਾਂ ਦਾ ਕੀ ਹੈ ਸਿਹਤ 'ਤੇ ਅਸਰ?

ਮੱਧ ਪ੍ਰਦੇਸ਼ ਦੇ ਨਿਮਾੜ ਇਲਾਕੇ 'ਚ ਕਪਾਹ ਦੀ ਖੇਤੀ ਵੱਧ ਹੁੰਦੀ ਹੈ ਜਿਸ ਕਾਰਨ ਨਿਮਾੜ ਨੂੰ ਸਫੈਦ ਸੋਨਾ ਦਾ ਖੇਤਰ ਵੀ ਕਿਹਾ ਜਾਂਦਾ ਹੈ। ਪਿਛਲੇ ਦੋ-ਤਿੰਨ ਸਾਲਾਂ ਤੋਂ ਇਸ ਖੇਤਰ 'ਚ ਬੀਟੀ ਕਪਾਹ ਨੂੰ ਖੂਬ ਪ੍ਰਚਾਰਿਆ ਜਾ ਰਿਹਾ ਹੈ। ਲੋਕਾਂ ਨੂੰ ਦਸਿਆ ਜਿਥੇ-ਜਿਥੇ ਇਸ ਬੀਜ ਨੂੰ ਬੀਜਿਆ ਗਿਆ ਹੈ। ਉਥੋਂ ਦੇ ਕਿਸਾਨਾਂ ਮਾਲਾਮਾਲ ਹੋ ਗਏ ਹਨ। ਇਸ ਦੀ ਵੱਧ ਪੈਦਾਵਾਰ ਤੇ ਉਚੀਆਂ ਕੀਮਤਾਂ ਦੀ ਵਿਕਰੀ ਨਾਲ ਆਂਧਰਾ ਪ੍ਰਦੇਸ਼, ਗੁਜਰਾਤ, ਪੰਜਾਬ ਤੇ ਮਹਾਂਰਾਸ਼ਟਰ ਦੇ ਕਿਸਾਨਾਂ ਦਾ ਜੀਵਨ ਖੁਸ਼ਹਾਲ ਹੋ ਗਿਆ ਹੈ। ਜਦਕਿ ਸਚਾਈ ਇਸ ਦੇ ਉਲਟ ਹੈ। ਆਂਧਰਾ ਪ੍ਰਦੇਸ਼ ਤੇ ਮਹਾਂਰਾਸ਼ਟਰ ਚਿ ਬੀਟੀ ਬੀਜਾਂ ਕਾਰਨ ਤਬਾਹ ਹੋਈ ਫਸਲ ਨੂੰ ਉਥੋਂ ਦੇ ਕਿਸਾਨ ਸਹਿਣ ਨਹੀਂ ਕਰ ਸਕਿਆ ਹੈ। ਬੀਟੀ ਬੀਜ ਦੀ ਖਰੀਦ ਤੇ ਉਸ ਦੀ ਫਸਲ 'ਤੇ ਦਵਾਈ ਦੇ ਛੜਕਾਅ ਕਰਨ ਲਈ ਲਏ ਕਰਜੇ ਨੂੰ ਕਿਸਾਨ ਮੋੜ ਨਹੀਂ ਸਕਿਆ। ਇਹ ਕਰਜੇ ਦੇ ਬੋਝ ਹੇਠ ਦਬ ਕੇ ਕਰਾਹ ਰਿਹਾ ਹੈ। ਬੈਂਕਾਂ ਤੇ ਸ਼ਾਹੂਕਾਰਾਂ ਦੇ ਨੁਮਾਇੰਦਿਆਂ ਦੇ ਚੱਕਰਾਂ ਨੇ ਉਸ ਦਾ ਸੁਖ-ਚੈਨ ਖੋਹ ਲਿਆ ਹੈ। ਉਸ ਨੇ ਬੈਂਕਾਂ ਤੇ ਸ਼ਾਹੂਕਾਰਾਂ ਵਲੋਂ ਕੀਤੀ ਜਾਂਦੀ ਬੇਇਜ਼ਤੀ ਤੋਂ ਖੁਦ ਨੂੰ ਬਚਾਉਣ ਲਈ ਬੇਹੱਦ ਕੋਸ਼ਿਸ਼ਾਂ ਕੀਤੀਆਂ ਪਰ ਜਦ ਉਹਨਾਂ ਨੇ ਆਪਣੇ ਆਪ ਨੂੰ ਹਰ ਪਾਸਿਉਂ ਠੱਗਿਆ ਤੇ ਬੇਵਸ ਪਾਇਆ ਤਦ ਹੀ ਆਤਮ ਹੱਤਿਆ ਦਾ ਰਾਹ ਅਪਣਾਇਆ ਹੈ। ਇਸ ਸੱਚ ਨੂੰ ਨਿਮਾੜ ਇਲਾਕੇ ਦੇ ਭੋਲ਼ੇ ਤੇ ਅਣਪੜ੍ਹ ਕਿਸਾਨ ਜਾਣਦੇ ਹਨ ਕਿ ਨਹੀਂ ਪਰ ਸਾਮਰਾਜੀ ਤਾਕਤਾਂ ਦੇ ਅੱਗੇ ਗੋਡੇ ਟੇਕ ਚੁਕੀ ਇਸ ਦੇਸ਼ ਦੀ ਸਰਕਾਰ ਅਨਜਾਣ ਨਹੀਂ ਹੈ। ਅਣਜਾਣ ਬਣਨ ਦਾ ਨਾਟਕ ਕਰ ਰਹੀ ਹੈ, ਇਹ ਵੱਖਰੀ ਗੱਲ ਹੈ।

26 ਮਾਰਚ, 2002 'ਚ ਭਾਰਤ ਸਰਕਾਰ ਦੀ ਇਕ ਸੰਮਤੀ (ਐਮ.ਓ.ਈ.ਐਫ, ਜੀ.ਈ.ਏ.ਸੀ) ਵਲੋਂ ਜੀਨ ਪ੍ਰਵਰਤਿਤ ਕਪਾਹ ਦੇ ਕਾਰੋਬਾਰ ਦੀ ਇਜ਼ਾਜਤ ਦੇਣ ਪਿਛੋਂ ਬਹੁਕੌਮੀ ਕੰਪਨੀਆਂ ਦੇ ਦਲਾਲਾਂ ਨੇ ਨਿਮਾੜ ਦੇ ਪਿੰਡਾਂ ਵਿਚ ਵਿਉਂਤਬੱਧ ਢੰਗ ਨਾਲ ਆਪਣਾ ਕੰਮ ਸ਼ੁਰੂ ਕਰ ਦਿੱਤਾ। ਉਹਨਾਂ ਨੇ ਕਿਸਾਨਾਂ ਨੂੰ ਪਿੰਡ-ਪਿੰਡ ਜਾ ਕੇ ਬੁਲਾਇਆ, ਬਹਿਕਾਇਆ, ਝੂਠੀ ਤਰੱਕੀ ਦਾ ਸੁਪਨਾ ਵਿਖਾਇਆ, ਉਹ ਕਈ ਕਿਸਾਨਾਂ ਨੂੰ ਆਪਣੇ ਜਾਲ 'ਚ ਫਸਾਉਣ 'ਚ ਸਫਲ ਹੋਏ। ਉਹਨਾਂ ਨੇ ਐਨ.ਈ.ਸੀ.ਐਚ-162 ਪ੍ਰਜਾਤੀ ਦਾ ਬੀਜ ਖੂਬ ਵੇਚਿਆ। 1600 ਰੁਪਏ ਪ੍ਰਤੀ ਪੈਕਟ (450 ਗ੍ਰਾਮ) ਦੇ ਭਾਅ ਨਾਲ ਕਾਫੀ ਪੈਸਾ ਬਣਾਇਆ। ਕਿਸਾਨਾਂ ਨੇ ਦਿਲੋਂ ਕਪਾਹ ਦੀ ਇਹ ਕਿਸਮ ਬੀਜੀ ਤੇ ਦਿਲ ਨਾਲ ਉਸ ਨੂੰ ਪਾਲਣ ਪੋਸ਼ਣ ਦੀ ਕੋਸ਼ਿਸ਼ ਕੀਤੀ। ਨਾ ਪਾਣੀ ਦੀ ਕਮੀ ਹੋਣ ਦਿਤੀ ਤੇ ਨਾ ਹੀ ਕੀਟਨਾਸ਼ਕ ਛਿੜਕਣ ਵਿਚ ਕੰਜੂਸੀ ਕੀਤੀ। ਕਰਜ਼ਾ ਲੈ ਕੇ ਤੇ ਰਕਮ ਗਹਿਣੀ ਰਖ ਕੇ ਖਿਦਮਤ ਕੀਤੀ। ਫਿਰ ਵੀ ਕੁਝ ਦੀ ਫਸਲ ਤਾਂ ਵਿਰਲੀ ਉਗੀ ਪਰ ਕੁਝ ਫਸਲ ਉਗਣ ਪਿਛੋਂ ਸੁੱਕ ਗਈ। ਕਿਸੇ ਵੀ ਫਸਲ 'ਚ ਕਪਾਹ ਆਈ ਹੀ ਨਹੀਂ ਤੇ ਕਿਸੇ 'ਚ ਘੱਟ ਆਈ। ਕਿਸਾਨਾਂ ਦੀ ਹਾਲਤ ਐਸੀ ਕਿ ਕੱਟੋ

ਤਾਂ ਖ਼ੂਨ ਨਹੀਂ ਇਕ ਪਾਸੇ ਤਾਂ ਉਹਨਾਂ ਨੂੰ ਆਰਥਕ ਘਾਟਾ ਝਲਣਾ ਪਿਆ। ਦੂਜੇ ਪਾਸੇ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਨੇ ਘੇਰ ਲਿਆ। ਬੀ.ਟੀ ਕਪਾਹ ਉਹਨਾਂ ਲਈ ਟੀ.ਬੀ ਬਣ ਗਈ। ਬੀ.ਟੀ ਕਪਾਹ ਨੂੰ ਚੁਗਣ ਵਾਲੀਆਂ ਔਰਤਾਂ ਗੱਡਿਆਂ, ਊਠ ਰੇੜ੍ਹਿਆਂ ਤੇ ਟ੍ਰੈਕਟਰਾਂ 'ਚ ਕਪਾਹ ਭਰਨ ਤੇ ਖਾਲੀ ਕਰਨ ਵਾਲੇ ਮਜ਼ਦੂਰਾਂ ਤੇ ਕਾਟਨ ਜਿਨਿੰਗ ਮਿਲਾਂ ਦੇ ਮਜ਼ਦੂਰਾਂ ਦੇ ਸਰੀਰ 'ਤੇ ਸੋਜ਼ ਆਉਣੀ, ਅੱਖਾਂ ਲਾਲ ਹੋਣੀਆਂ, ਸਰੀਰ 'ਤੇ ਖਾਰਿਸ਼ ਹੋਣੀ ਵਰਗੇ ਲੱਛਣ ਵੇਖੇ ਗਏ। ਕਿਸਾਨਾਂ ਦੀ ਸਿਹਤ 'ਤੇ ਬੀਟੀ ਕਪਾਹ ਦਾ ਅਸਰ ਇਕ ਜਾਂਚ ਰੀਪੋਟ ਅਨੁਸਾਰ, ਸਰਵੇ ਕੀਤੇ ਗਏ 6 ਪਿੰਡਾਂ ਦੇ ਮਜ਼ਦੂਰ, ਕਿਸਾਨ ਤੇ ਜਿਨਿੰਗ ਮਿੱਲਾਂ 'ਚ ਕੰਮ ਕਰਨ ਵਾਲਿਆਂ ਵਿਚੋਂ 82 ਫੀ ਸਦੀ ਲੋਕਾਂ ਵਿਚ ਚਮੜੀ 'ਤੇ ਅਤੇ 48 ਫੀ ਸਦੀ ਲੋਕਾਂ ਦੀਆਂ ਅੱਖਾਂ ਵਿਚ ਉਕਤ ਲੱਛਣ ਵੇਖੇ ਗਏ। 39 ਫੀ ਸਦੀ ਲੋਕਾਂ ਨੂੰ ਤੇਜ ਛਿੱਕਾ ਆਉਣਾ, ਨੱਕ 'ਚੋਂ ਪਾਣੀ ਵਗਣਾ ਵਰਗੀਆਂ ਤਕਲੀਫਾਂ ਨਾਲ ਜੂਝਣਾ ਪੈ ਰਿਹਾ ਹੈ ਅਤੇ 43 ਫੀ ਸਦੀ 'ਚ ਇਸ ਤੋਂ ਵੀ ਵੱਧ ਅਸਹਿ ਤਕਲੀਫਾਂ ਦੇਖਣ ਨੂੰ ਮਿਲੀਆਂ ਹਨ। ਕੁਝ ਨੂੰ ਤਾਂ ਹਸਪਤਾਲਾਂ 'ਚ ਅੱਠ-ਅੱਠ, ਦਸ-ਦਸ ਦਿਨ ਭਰਤੀ ਰਹਿ ਕੇ ਇਲਾਜ ਕਰਵਾਉਣਾ ਪਿਆ। ਇਹ ਬੀਮਾਰੀਆਂ 78 ਫੀ ਸਦੀ ਲੋਕਾਂ ਨੂੰ ਬੀ.ਟੀ ਕਪਾਹ ਦੀ ਫਸਲ 'ਚ ਕੰਮ ਕਰਨ ਦੌਰਾਨ ਹੋਈਆਂ ਹਨ। ਕਪਾਹ ਦੇ ਸੰਪਰਕ 'ਚ ਆਉਣ ਪਿਛੋਂ 4-12 ਘੰਟੇ ਵਿਚਕਾਰ ਬੀਮਾਰੀ ਆਪਣਾ ਅਸਰ ਵਿਖਾਉਣ ਲਗਦੀ ਹੈ। ਜਿਨਿੰਗ ਫੈਕਟਰੀ ਦੇ ਮਾਲਿਕ ਤਾਂ ਮਜ਼ਦੂਰਾਂ ਨੂੰ ਖਾਰਿਸ਼ ਤੋਂ ਰਾਹਿਤ ਦਿਵਾਉਣ ਲਈ ਥੋਕ ਵਿਚ ਏਵਿਲ ਗੋਲੀਆਂ ਵੰਡਦੇ ਰਹਿੰਦੇ ਹਨ।

ਹੁਣ ਤਾਂ ਹਰੀਆਂ ਸਬਜੀਆਂ, ਦਲਹਨ, ਅਨਾਜ ਤੇ ਮੱਛੀਆਂ ਵਿਚ ਅਨੁਵਾਂਸ਼ਿਕ ਤੌਰ 'ਤੇ ਪ੍ਰਵਰਤਿਤ ਬੀਜ਼ ਬਾਜ਼ਾਰ ਵਿਚ ਆਉਣ ਲਈ ਤਿਆਰ ਹਨ। ਪ੍ਰਚਾਰ 'ਚ ਕਿਹਾ ਜਾ ਰਿਹਾ ਹੈ ਕਿ ਜੀਨ ਪ੍ਰਵਰਤਿਤ ਆਲੂ ਖਾਣ ਨਾਲ ਕੁਪੋਸ਼ਣ ਨਹੀਂ ਰਹਿ ਜਾਂਦਾ ਹੈ ਰਤੌਂਦੀ (ਅੰਦਰਾਤੇ) ਤੋਂ ਵੀ ਮੁਕਤੀ ਮਿਲ ਜਾਂਦੀ ਹੈ। ਜਦਕਿ ਮਾਹਰਾਂ ਦਾ ਮੰਨਣਾ ਹੈ ਕਿ ਇਹਨਾਂ ਖ਼ੁਰਾਕੀ ਪਦਾਰਥਾਂ ਵਿਚ ਐਸੇ ਤੱਤ ਮੌਜੂਦ ਹੁੰਦੇ ਹਨ ਜੋ ਕਿ ਸਰੀਰਕ ਅੰਗਾਂ ਵਿਚ ਤੇ ਖ਼ੂਨ ਵਿਚ ਵਿਗਾੜ ਪੈਦਾ ਕਰਦੇ ਹਨ।

ਸਾਡੇ ਦੇਸ਼ ਵਿਚ ਜੋ ਜੀਨ ਪ੍ਰਵਰਤਿਤ ਖ਼ੁਰਾਕੀ ਪਦਾਰਥ ਤੇ ਬੀਜ਼ ਲਿਆਂਦੇ ਜਾ ਰਹੇ ਹਨ, ਉਹਨਾਂ ਦੀ ਦਰਾਮਦ 'ਤੇ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ ਨੇ ਸੰਨ 1999 'ਚ ਹੀ ਸੰਭਾਵਿਤ ਸਿਹਤ ਜੋਖਮਾਂ ਕਾਰਨ ਰੋਕ ਲਾ ਦਿਤੀ ਸੀ। ਇਹ ਖ਼ੁਰਾਕੀ ਪਦਾਰਥ ਯੂਰਪ 'ਚ ਵੀ ਪਾਬੰਦੀ ਸ਼ੁਦਾ ਹਨ ਤਾਂ ਫਿਰ ਇਹਨਾਂ ਜਾਨ ਲੇਵਾ ਖ਼ੁਰਾਕੀ ਪਦਾਰਥਾਂ ਤੇ ਜੀਵਾਂ ਨੂੰ ਸਾਡੇ ਉਪਰ ਕਿਉਂ ਲੱਦਿਆ ਜਾ ਰਿਹਾ ਹੈ।

# ਬਿਜਲੀ-ਪਾਣੀ ਦੀ ਸਮਸਿਆ ਨਿਜੀ ਜਾਂ ਸਮੂਹਕ?

ਕਿਸਾਨਾਂ ਕੋਲ ਤਾਂ ਪਹਿਲਾਂ ਤੋਂ ਹੀ ਸਮਸਿਆਵਾਂ ਦੀ ਘਾਟ ਨਹੀਂ ਹੈ। ਇਸ ਵਾਰੀ ਸੋਕੇ ਕਾਰਨ ਇਕ ਹੋਰ ਨਵੀਂ ਮੁਸੀਬਤ ਆ ਗਈ ਹੈ। ਬਿਜਲੀ ਦੀ ਘਾਟ ਨੇ ਇਸ ਨੂੰ ਹੋਰ ਵੱਧ ਡੂੰਘਾ ਕਰ ਦਿੱਤਾ ਹੈ। ਕਿਸਾਨਾਂ ਨੇ ਆਪਣੀਆਂ ਸੁੱਕਦੀਆਂ ਫਸਲਾਂ ਬਚਾਉਣ ਲਈ ਆਪਣਾ ਸਭ ਕੁਝ ਝੋਕ ਦਿੱਤਾ, ਫਿਰ ਵੀ ਕਿਸਾਨ ਆਪਣੀਆਂ ਸੁੱਕਦੀਆਂ ਫਸਲਾਂ ਨੂੰ ਪੂਰੀ ਤਰ੍ਹਾਂ ਨਹੀਂ ਬਚਾ ਸਕੇ। ਇਕ ਪਾਸੇ ਫਸਲ ਦਾ ਨੁਕਸਾਨ ਤੇ ਦੂਜੇ ਪਾਸੇ ਖੇਤੀ ਦੀ ਪੂਰੀ ਲਾਗਤ ਦੇ ਬਰਾਬਰ ਸਿਰਫ ਸਿੰਚਾਈ ’ਤੇ ਅਚਾਨਕ ਖਰਚ ਵਧਾਉਣ ਨਾਲ ਕਿਸਾਨਾਂ ਸਾਹਮਣੇ ਭਾਰੀ ਘਾਟੇ ਦੀ ਹਾਲਤ ਪੈਦਾ ਹੋ ਗਈ ਹੈ। ਇਸ ਦੇ ਬਾਵਜੂਦ ਕਿਸਾਨ ਆਪਣੇ ਆਪ ਨੂੰ ਅੰਨ੍ਹੀ ਗਲੀ ’ਚ ਖੜ੍ਹਾ ਮਹਿਸੂਸ ਕਰ ਰਹੇ ਹਨ ਜਿਥੋਂ ਨਿਕਲਣ ਦਾ ਉਹਨਾ ਨੂੰ ਕੋਈ ਉਪਾਅ ਨਹੀਂ ਸੁੱਝ ਰਿਹਾ ਹੈ। ਅਜੇਹੇ ਹਾਲਤ ’ਚ ਕੁਝ ਸੁਆਲ ਪੈਦਾ ਹੋਏ ਹਨ ਕਿ ਕੀ ਕਿਸਾਨ ਆਪਣੀਆਂ ਨਿਜੀ ਕੋਸ਼ਿਸ਼ਾਂ ਨਾਲ ਇਹਨਾਂ ਸਮਸਿਆਵਾਂ ਦਾ ਹੱਲ ਕਰ ਸਕਦੇ ਹਨ? ਕੀ ਦੇਸ਼ ’ਚ ਬਿਜਲੀ ਦੀ ਏਨੀ ਕਮੀ ਹੈ ਕਿ ਭਿਅੰਕਰ ਸੋਕੇ ਦੇ ਬਾਵਜੂਦ ਸਿੰਚਾਈ ਲਈ ਬਿਜਲੀ ਦੇਣਾ ਸੰਭਵ ਨਹੀਂ ਹੈ? ਇਹ ਪੱਛਮੀ ਉਤਰ ਪ੍ਰਦੇਸ਼ ਦੀ ਹਾਲਤ ਹੈ। 1980 ਤਕ ਉਥੇ ਸਿੰਚਾਈ ਨਹਿਰਾਂ (ਰਜਬਾਹਿਆਂ) ਰਾਹੀਂ ਹੁੰਦੀ ਸੀ। ਕਿਸਾਨਾਂ ਦੇ ਆਪਣੇ ਟਿਊਬਵੈਲ ਬਹੁਤ ਘੱਟ ਸਨ ਜੋ ਡੀਜ਼ਲ ਇੰਜਣ ਤੇ ਟਰੈਕਟਰ ਨਾਲ ਚਲਾਏ ਜਾਂਦੇ ਸਨ। ਬਿਜਲੀ ਨਾਲ ਚਲਣ ਵਾਲੇ ਟਿਊਬਵੈਲ ਇੱਕਾ-ਦੁੱਕਾ ਹੀ ਸਨ। ਇਹਨਾਂ ਸਾਧਨਾਂ ਦੇ ਸਿਰ ’ਤੇ ਮਿਲ-ਜੁਲ ਕੇ ਕੰਮ ਚਲਾਉਂਦੇ ਆ ਰਹੇ ਹਨ। ਪਰ ਹੌਲੀ-ਹੌਲੀ ਰਜਬਾਹਿਆਂ ’ਚ ਪਾਣੀ ਘੱਟ ਆਉਣ ਲੱਗਿਆ ਤੇ ਜ਼ਰੂਰਤ ਦੇ ਸਮੇਂ ਪਾਣੀ ਦੀ ਕਿੱਲਤ ਹੋਣ ਲੱਗੀ। ਸਿੱਟਾ ਇਹ ਹੈ ਕਿ ਜਦ ਵੱਧ ਸਮੇਂ ਪਿਛੋਂ ਰਾਜਬਾਹਿਆਂ ’ਚ ਪਾਣੀ ਆਉਂਦਾ ਤਾਂ ਜੋ ਪਿੰਡ ਰਜਬਾਹਿਆਂ ਦੇ ਕਿਨਾਰੇ ਪੈਂਦੇ ਉਥੋਂ ਦੇ ਕਿਸਾਨ ਆਪਣੇ ਸੁੱਕਦੇ ਖੇਤਾਂ ਨੂੰ ਬਚਾਉਣ ਵਿਚ ਆਪਣੇ ਹਿੱਸੇ ਤੋਂ ਵੱਧ ਪਾਣੀ ਚੋਰੀ ਕਰ ਲੈਂਦੇ ਹਨ। ਇਸ ਤਰ੍ਹਾਂ ਨਹਿਰ ਦੀ ਟੇਲ ’ਤੇ ਪੈਣ ਵਾਲੇ ਪਿੰਡਾਂ ਤਕ ਪਾਣੀ ਜਾਣਾ ਬੰਦ ਹੋ ਗਿਆ। ਸਰਕਾਰ ਨੇ ਨਹਿਰੀ ਪਾਣੀ ਦੇ ਸਸਤੇ ਸਾਧਨ ਨੂੰ ਸਹੀ ਢੰਗ ਨਾਲ ਚਲਾਉਣ, ਉਹਨਾਂ ਦੀ ਦੇਖ-ਰੇਖ ਤੇ ਵਿਸਥਾਰ ਉਪਰ ਕੋਈ ਧਿਆਨ ਨਹੀਂ ਦਿੱਤਾ। ਸੈਂਕੜੇ ਸਾਲਾਂ ਤੋਂ ਚਲਿਆ ਆ ਰਿਹਾ ਸਿੰਚਾਈ ਦਾ ਇਹ ਸਮੂਹਕ ਢਾਂਚਾ ਜਿਵੇਂ-ਜਿਵੇਂ ਉਜੜਦਾ ਗਿਆ, ਤਿਵੇਂ-ਤਿਵੇਂ ਕਿਸਾਨ ਸਿੰਚਾਈ ਦਾ ਨਿਜੀ ਸਾਧਨ ਵਰਤਣ ਲਈ ਮਜ਼ਬੂਰ ਹੁੰਦੇ ਗਏ। ਕਿਸਾਨ ਆਪਣਾ-ਆਪਣਾ ਟਿਊਬਵੈਲ ਲਾਉਣ ਲੱਗੇ ਅਤੇ ਪੰਪਿੰਗ ਸੈਟ ਜਾਂ ਟਰੈਕਟਰ ਰਾਹੀਂ ਆਪਣੇ ਖੇਤਾਂ ਦੀ ਸਿੰਚਾਈ ਸ਼ੁਰੂ ਕਰ ਦਿੱਤੀ। ਪਿਛੋਂ ਡੀਜ਼ਲ ਦੇ ਭਾਅ ਵਧਣ ਕਰਕੇ ਇੰਜਣ ਤੇ ਟ੍ਰੈਕਟਰ ਨਾਲ ਸਿੰਚਾਈ ਕਰਨੀ ਮਹਿੰਗੀ ਪੈਣ ਲੱਗੀ। ਸਰਕਾਰ ਨੇ ਕਿਸਾਨਾਂ ਨੂੰ ਸਸਤਾ ਡੀਜ਼ਲ ਦੇਣ ਬਾਰੇ ਕੋਈ ਧਿਆਨ ਨਹੀਂ ਦਿੱਤਾ। ਅੱਗੇ ਚਲ ਕੇ ਡੀਜ਼ਲ ਦੀ ਬਜਾਏ ਬਿਜਲੀ ਦੀ ਮੋਟਰ ਨਾਲ ਸਿੰਚਾਈ ਵੱਲ ਰੁਖ ਕੀਤਾ। ਇਸ ਤਰ੍ਹਾਂ ਸਿੰਚਾਈ ਪੂਰੀ ਤਰ੍ਹਾਂ ਬਿਜਲੀ ’ਤੇ ਨਿਰਭਰ ਹੋ ਗਈ। ਸਿੰਚਾਈ ਦਾ ਕੰਮ ਜਦ ਨਿਜੀ ਟਿਊਬਵੈਲਾਂ ਤੋਂ ਕੀਤਾ ਜਾਣ ਲੱਗਿਆ ਤਾਂ ਇਕ ਪਾਸੇ ਜਿਥੇ ਧਰਤੀ

ਹੇਠਲੇ ਪਾਣੀ ਦੀ ਲੁੱਟ-ਘਸੁੱਟ ਵੱਧ ਗਈ, ਉਥੇ ਦੂਜੇ ਪਾਸੇ ਮੌਸਮ ਨੇ ਬੇਰੁਖੀ ਵਿਖਾਈ। ਬਰਸਾਤ ਪਹਿਲਾਂ ਦੀ ਤੁਲਨਾ 'ਚ ਘੱਟ ਹੋਣ ਲੱਗੀ ਅਤੇ ਧਰਤੀ ਹੇਠਲਾ ਪਾਣੀ ਦਾ ਪੱਧਰ ਹੇਠਾਂ ਜਾਣ ਲਈ ਸਮਸਿਆ ਆ ਖੜੀ ਹੋਈ ਤੇ ਕਿਸਾਨ ਖੂਹ ਹੋਰ ਤੋਂ ਹੋਰ ਡੂੰਘਾ ਪੁੱਟਣ ਲੱਗੇ। ਲਗਭਗ 50-50 ਫੁੱਟ ਤਕ ਡੂੰਘੇ ਖੂਹ ਪੁੱਟੇ ਗਏ। ਇਸ ਸਮੱਸਿਆ ਨਾਲ ਜੂਝਣ 'ਚ ਕਿਸਾਨਾਂ ਦੀ ਮੇਹਨਤ ਤੇ ਖਰਚ ਤਾਂ ਵਧਿਆ ਹੀ, ਹਜ਼ਾਰਾਂ ਕਿਸਾਨ ਡੂੰਘੇ ਖੂਹਾਂ ਨੂੰ ਪੁੱਟਣ ਵੇਲੇ ਢਿੱਗਾਂ ਡਿੱਗਣ ਕਾਰਨ ਮਿੱਟੀ ਹੇਠ ਦਬ ਕੇ ਮਰ ਗਏ। ਬਰਸਾਤ ਦੇ ਦਿਨਾਂ 'ਚ ਖੂਹਾਂ 'ਚ ਜ਼ਹਿਰੀਲੀ ਗੈਸ ਜਮ੍ਹਾਂ ਹੋਣ ਕਰਕੇ ਮੋਟਰ ਦੇ ਕੋਲ ਹੇਠਾਂ ਉਤਰਨ ਵਾਲੇ ਕਿੰਨੇ ਹੀ ਕਿਸਾਨਾਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ।

ਜਦੋਂ ਹੁਣ ਹੋਰ ਡੂੰਘੇ ਖੂਹ ਬਣਾਉਣਾ ਸੰਭਵ ਨਹੀਂ ਰਿਹਾ ਤਾਂ ਕਿਸਾਨਾਂ 'ਚ ਨਵੀਂ ਤਕਨੀਕੀ ਸਬਮਰਸੀਬਲ ਦੀ ਵਰਤੋਂ ਸ਼ੁਰੂ ਕੀਤੀ ਗਈ। ਇਹ ਬਹੁਤ ਜ਼ਿਆਦਾ ਮਹਿੰਗੀ ਤਕਨੀਕ ਹੈ ਅਤੇ ਇਸ ਲਈ ਟਿਊਬਵੈਲ ਤੋਂ ਲੈ ਕੇ ਮੋਟਰ, ਕੇਬਲ, ਸਟਾਰਟਰ ਸਭ ਕੁਝ ਦੁਬਾਰਾ ਨਵੇਂ ਸਿਰੇ ਤੋਂ ਬਦਲਣਾ ਪੈਂਦਾ ਹੈ। ਸਾਰਾ ਕੁਝ ਮਿਲਾ ਕੇ ਇਸ ਵਿੱਚ ਕਿਸਾਨਾਂ ਨੂੰ ਲੱਖਾਂ ਰੁਪਏ ਖਰਚ ਕਰਨੇ ਪਏ। ਸਬਮਰਸੀਬਲ ਦੇ ਆਉਣ ਨਾਲ ਜਿਥੇ ਇਕ ਵਾਰੀ ਫਿਰ ਕਿਸਾਨ ਇਸ ਅਧੁਨਿਕ ਸਾਧਨ ਦੇ ਜ਼ੋਰ 'ਤੇ ਸਿੰਚਾਈ ਕਰਨ ਦੀ ਠੀਕ-ਠਾਕ ਸਥਿਤੀ ਵਿਚ ਆਏ ਤਾਂ ਇਕ ਹੋਰ ਨਵੀਂ ਸਮਸਿਆ, ਬਿਜਲੀ ਦੀ ਕਮੀ ਦੇ ਰੂਪ 'ਚ ਸਾਹਮਣੇ ਆਉਣ ਲੱਗੀ। ਜਿਥੇ ਪਹਿਲਾਂ ਚੋਆਂ ਉਪਰ ਹੋਣ ਕਰਕੇ ਘੱਟ ਪਾਵਰ ਦੀਆਂ ਮੋਟਰਾਂ ਨਾਲ ਹੀ ਕੰਮ ਚਲ ਰਿਹਾ ਸੀ ਉਸ ਦੀ ਥਾਂ ਉਨੇ ਹੀ ਖੇਤਾਂ ਦੀ ਸਿੰਚਾਈ ਲਈ ਸਬਮਰਸੀਬਲ ਦੀ ਵੱਧ ਪਾਵਰ ਦੀ ਮੋਟਰ ਪਾਉਣੀ ਕਿਸਾਨਾਂ ਦੀ ਮਜ਼ਬੂਰੀ ਹੋ ਗਈ। ਲਗਾਤਾਰ ਘੱਟ ਬਿਜਲੀ ਆਉਣ ਕਰਕੇ ਛੋਟੀ ਮੋਟਰ ਨਾਲ ਸਿੰਚਾਈ ਦਾ ਕੰਮ ਕਰਨਾ ਸੰਭਵ ਨਹੀਂ ਰਿਹਾ। ਇਸ ਨਾਲ ਲਾਈਨਾਂ ਤੇ ਟ੍ਰਾਂਸਫਾਰਮਰਾਂ 'ਤੇ ਲੋਡ ਵਧਣ ਲੱਗੀ ਤੇ ਟਰਾਂਸਫਾਰਮਰ ਸੜਨ ਲੱਗੇ। ਸਰਕਾਰੀ ਟਰਾਂਸਫਾਰਮਰ ਦਾ ਫੂਕ ਜਾਣਾ ਕਿਸਾਨਾਂ ਵਿਚਕਾਰ ਆਏ ਦਿਨ ਨਵੇਂ ਝਗੜੇ ਦਾ ਕਾਰਨ ਬਣਨ ਲੱਗਿਆ।

ਬਿਜਲੀ ਵਿਭਾਗ ਨੇ ਨਾ ਤਾਂ ਕਿਸਾਨਾਂ ਦੀ ਮਜ਼ਬੂਰੀ ਸਮਝ ਕੇ ਟ੍ਰਾਂਸਫਾਰਮਰਾਂ ਦੀ ਸਮਰਥਾ ਵਧਾਈ ਤੇ ਨਾ ਹੀ ਸਰਕਾਰ ਨੇ ਇਸ ਪਾਸੇ ਕੋਈ ਧਿਆਨ ਦਿੱਤਾ। ਉਲਟਾ ਬਿਜਲੀ ਵਿਭਾਗ ਨੇ ਕਿਸਾਨਾਂ ਨੂੰ ਹੀ ਚੋਰ ਠਹਿਰਾਇਆ ਕਿ ਆਪ ਲੋਕਾਂ ਨੇ ਵੱਧ ਪਾਵਰ ਦੀਆਂ ਮੋਟਰਾਂ ਲਾ ਲਈਆਂ ਤੇ ਬਿਜਲੀ ਦੀ ਖਰਾਬ ਹਾਲਤ ਲਈ ਤੁਸੀਂ ਹੀ ਜ਼ਿੰਮੇਵਾਰ ਹੋ। ਲਾਚਾਰ ਹੋ ਕੇ ਕਿਸਾਨਾਂ ਨੇ ਟ੍ਰਾਂਸਫਾਰਮਰ ਦੀ ਸਮਰੱਥਾ ਵਧਾਉਣ, ਉਹਨਾਂ ਦੀ ਮੁਰੰਮਤ ਕਰਾਉਣ, 400 ਵੋਲਟ ਲਾਈਨ ਨੂੰ 11000 ਵੋਲਟ ਲਾਈਨ 'ਚ ਬਦਲਣ ਦਾ ਕੰਮ ਆਪਣੇ ਉਪਰ ਲੈ ਲਿਆ। ਉਹ ਆਪਣੇ ਹੀ ਪੈਸਿਆਂ ਨਾਲ ਸਰਕਾਰੀ ਅਧਿਕਾਰੀਆਂ ਤੋਂ ਸਮਾਨ ਖਰੀਦ ਕੇ ਖੁਦ ਹੀ ਆਪਣੇ ਟਿਊਬਵੈਲ ਤਕ ਬਿਜਲੀ ਪਹੁੰਚਾਉਣ ਦਾ ਇੰਤਜਾਮ ਕਰਨ ਲੱਗੇ। ਅੱਜ ਹਰ ਛੋਟੇ ਵੱਡੇ ਕਸਬਿਆਂ 'ਚ ਟ੍ਰਾਂਸਫਾਰਮਰ ਮੁਰੰਮਤ ਕਰਨ ਵਾਲੀਆਂ ਵਰਕਸ਼ਾਪਾਂ ਦੀ ਭਰਮਾਰ ਕਿਸਾਨਾਂ ਦੀ ਮਜ਼ਬੂਰੀ ਦੀ ਕਹਾਣੀ ਕਹਿ ਰਹੀਆਂ ਹਨ। ਜਿਹਨਾਂ ਖੇਤਾਂ 'ਚ ਪੈਦਾ ਹੋਏ ਅੰਨ ਨਾਲ ਇਸ ਦੇਸ਼ ਦਾ ਪੇਟ ਭਰਦਾ ਹੈ ਉਹਨਾਂ ਹੀ ਖੇਤਾਂ ਲਈ ਜੇ ਕਿਸਾਨਾਂ ਨੂੰ ਆਪਣੇ ਪੈਸਿਆਂ ਤੇ ਆਪਣੀ ਮੇਹਨਤ ਨਾਲ ਸਿੰਚਾਈ ਦਾ ਵਿਵਸਥਾ ਕਰਨੀ ਪਈ ਤਾਂ ਕੀ

ਉਹ ਚੋਰ ਹਨ? ਕੀ ਗੈਰ ਕਾਨੂੰਨੀ ਕੰਮ ਕਿਸਾਨਾਂ ਦਾ ਸ਼ੌਂਕ ਹੈ? ਟ੍ਰਾਂਸਫਾਰਮਾਂ ਤੇ ਲਾਈਨਾਂ 'ਚ ਕਿਸਾਨਾਂ ਨੇ ਜੋ ਪੈਸੇ ਲਾਏ ਉਹ ਬਿਜਲੀ ਵਿਭਾਗ ਕੋਲ ਚਲੇ ਗਏ। ਉਹਨਾਂ ਵਲੋਂ ਖਰੀਦਿਆ ਹੋਇਆ ਟ੍ਰਾਂਸਫਾਰਮਰ ਜਾਂ ਉਹਨਾਂ ਵਲੋਂ ਖਿਚੀ ਗਈ ਲਾਈਨ ਕਿਸਾਨਾਂ ਦੀ ਨਹੀਂ ਹੈ। ਇਥੋਂ ਤਕ ਕਿ ਬਿਜਲੀ ਵਿਭਾਗ ਨੇ ਪਿੰਡ ਵਿਚ ਲਾਈਨਮੈਨਾਂ ਦੀ ਬਹਾਲੀ ਵੀ ਨਹੀਂ ਕੀਤੀ ਹੈ। ਉਹਨਾਂ ਦੇ ਕੰਮ ਪ੍ਰਾਈਵੇਟ ਬਿਜਲੀ ਮਿਸਤਰੀਆਂ ਨੂੰ ਪੈਸੇ ਦੇ ਕੇ ਖੁਦ ਉਹਨਾਂ ਨਾਲ ਮਿਲ ਕੇ ਕਿਸਾਨਾਂ ਨੂੰ ਹੀ ਕਰਾਉਣਾ ਪੈਂਦਾ ਹੈ। ਇਹਨਾਂ ਸਭ ਕੁਝ ਕਰਨ ਦੇ ਬਾਵਜੂਦ ਵੀ ਬਿਜਲੀ ਦੀ ਘਾਟ ਕਾਰਨ ਖੇਤਾਂ ਦੀ ਸਿੰਚਾਈ ਨਹੀਂ ਹੋ ਰਹੀ ਹੈ।

ਕਿਸੇ ਵੀ ਪਿੰਡ 'ਚ 24 ਘੰਟੇ ਬਿਜਲੀ ਤਾਂ ਕੀ ਮਸਾਂ 4-5 ਘੰਟੇ ਵੀ ਬਿਜਲੀ ਨਹੀਂ ਆਉਂਦੀ। ਕੁਝ ਪਿੰਡਾਂ 'ਚ ਤਾਂ 1-2 ਘੰਟੇ ਹੀ ਬਿਜਲੀ ਮਿਲਦੀ ਹੈ। 440 ਵੋਲਟ ਦੀ ਥਾਂ ਸਿਰਫ 100-150 ਵੋਲਟ ਹੀ ਬਿਜਲੀ ਆਉਂਦੀ ਹੈ। ਜਿਸ ਕਾਰਨ ਸਾਰੇ ਕਿਸਾਨਾਂ ਦੇ ਟਿਊਬਵੈਲ ਨਹੀਂ ਚਲ ਸਕਦੇ। ਕਦੀ ਮੋਟਰ ਸੜ ਜਾਂਦੀ ਹੈ, ਕਦੀ ਸਟਾਰਟਰ ਤਾਂ ਕਦੀ ਕੇਬਲ ਜਲ ਜਾਂਦੀ ਹੈ। ਘੱਟ ਵੋਲਟੇਜ਼ ਕਾਰਨ ਕਿਸਾਨਾਂ ਨੂੰ ਕਾਫੀ ਨੁਕਸਾਨ ਹੋ ਰਿਹਾ ਹੈ। ਲਾਚਾਰ ਕਿਸਾਨ ਬਿਜਲੀ ਵਿਭਾਗ ਤੋਂ ਵੋਲਟੇਜ਼ ਨਹੀਂ ਵਧਾ ਸਕੇ। ਅਲਬਤਾ ਕੁਝ ਕਿਸਾਨਾਂ ਨੇ ਇਸ ਦਾ ਵੀ ਨਿਜੀ ਉਪਾਅ ਕੱਢ ਲਿਆ। ਵੀਹ-ਵੀਹ ਹਜ਼ਾਰ ਰੁਪਏ ਖਰਚ ਕਰਕੇ ਉਹਨਾਂ ਨੇ ਟਿਊਬਵੈਲਾਂ 'ਤੇ ਸਟੇਬਲਾਈਜ਼ਰ ਲਾ ਦਿਤੇ ਹਨ। ਇੱਕਲੇ-ਇੱਕਲੇ ਜੋ ਵੀ ਕੰਮ ਕਿਸਾਨ ਦੇ ਵੱਸ 'ਚ ਹੈ ਉਸ ਨੂੰ ਕਰ ਲਈ ਉਹ ਹੱਥ ਪੈਰ ਮਾਰਦਾ ਹੈ। ਬਿਜਲੀ ਦੀ ਕਮੀ ਦੂਰ ਕਰਨਾ ਤਾਂ ਇਕੱਲੇ ਉਸ ਦੇ ਵੱਸ ਦੀ ਗੱਲ ਨਹੀਂ ਹੈ ਪਰ ਸੁੱਕਦੀਆਂ ਫਸਲਾਂ ਬਚਾਉਣ ਲਈ ਉਹਨਾਂ ਨੂੰ ਮਜ਼ਬੂਰਨ ਡੀਜ਼ਲ ਦੇ ਇੰਜਣਾਂ ਰਾਹੀਂ ਸਿੰਚਾਈ ਵੱਲ ਮੁੜਨਾ ਪਿਆ, ਜਿਸ ਨੂੰ ਮਹਿੰਗਾ ਹੋਣ ਕਰਕੇ ਉਹਨਾਂ ਪਹਿਲਾਂ ਹੀ ਤਿਆਗ ਦਿੱਤਾ ਸੀ। ਡੀਜ਼ਲ ਦੀ ਵਰਤੋਂ ਪਹਿਲਾਂ ਤੋਂ ਹੀ ਵੱਧ ਖਰਚੀਲੀ ਹੈ ਕਿਉਂਕਿ ਸਬਮਰਸੀਬਲ ਚਲਾਉਣ ਲਈ ਹੁਣ ਜਨਰੇਟਰ ਦੀ ਜ਼ਰੂਰਤ ਹੁੰਦੀ ਹੈ। ਜਨੇਰਟਰ ਦੀ ਕੀਮਤ ਲਗਭਗ 50 ਤੋਂ 80 ਹਜ਼ਾਰ ਰੁਪਏ ਤਕ ਹੈ ਜਿਸ ਨੂੰ ਖਰੀਦ ਸਕਣਾ ਛੋਟੇ ਦਰਮਿਆਨੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੈ। ਪਰ ਆਪਣੀਆਂ ਫਸਲਾਂ ਨੂੰ ਆਪਣੀਆਂ ਅੱਖਾਂ ਮੂਹਰੇ ਬਰਬਾਦ ਹੁੰਦੇ ਦੇਖਣਾ ਕਿਸਾਨਾਂ ਲਈ ਅਸਹਿ ਹੈ। ਇਸ ਨੂੰ ਟਾਲਣ ਲਈ ਉਹ ਆਖਰੀ ਦਮ ਤਕ ਕੋਸ਼ਿਸ਼ ਕਰਦੇ ਹਨ। ਕਈ-ਕਈ ਕਿਸਾਨਾਂ ਨੇ ਆਪਸ 'ਚ ਮਿਲ ਕੇ ਜਨਰੇਟਰ ਖਰੀਦ ਲਏ ਹਨ। ਹਾਲਾਂਕਿ ਉਹਨਾਂ ਨੂੰ ਇਹ ਅੱਛੀ ਤਰ੍ਹਾਂ ਪਤਾ ਹੈ ਕਿ ਡੀਜ਼ਲ 'ਤੇ ਲਾਗਤ ਬਹੁਤ ਜ਼ਿਆਦਾ ਹੋਣ ਕਰਕੇ ਅੱਜ ਜਨਰੇਟਰ ਭਰੋਸੇ ਸਿੰਚਾਈ ਕਰਨਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਹੈ। ਜਾਹਿਰ ਹੈ ਕਿ ਉਹ ਜਨਰੇਟਰ ਸਿਰਫ ਐਮਰਜੈਂਸੀ ਹਾਲਤ ਲਈ ਹੀ ਖਰੀਦ ਰਹੇ ਹਨ। ਉਹਨਾਂ ਦਾ ਅਨੁਭਵ ਇਹੀ ਦੱਸਦਾ ਹੈ ਕਿ ਅੱਜ ਬਿਜਲੀ ਦੀ ਵਿਵਸਥਾ ਕਿੰਨੀ ਜਰਜਰ ਹੋ ਚੁਕੀ ਹੈ ਕਿ ਕਦੋਂ ਕਿੰਨੇ ਦਿਨਾਂ ਲਈ ਬਿਜਲੀ ਗਾਇਬ ਹੋ ਜਾਵੇਗੀ, ਇਹ ਕੁਝ ਨਹੀਂ ਕਿਹਾ ਜਾ ਸਕਦਾ ਕਿਸਾਨ ਇੱਕਲੇ-ਇੱਕਲੇ ਜਾਂ ਮਿਲ ਜੁਲ ਕੇ ਨਾ ਹੀ ਬਿਜਲੀ ਦੀ ਸਪਲਾਈ ਵਧਾ ਰਹੇ ਹਨ ਨਾ ਹੀ ਵੋਲਟੇਜ਼। ਕੁਝ ਥਾਵਾਂ 'ਤੇ ਕਿਸਾਨਾਂ ਨੇ ਸਮੂਹਿਕ ਵਿਰੋਧ ਵੀ ਕੀਤਾ ਪਰ ਸਿੱਟਾ ਕੁਝ ਨਹੀਂ ਨਿਕਲਿਆ। ਬਿਜਲੀ ਦੀ ਸਹੀ ਸਪਲਾਈ ਤਾਂ ਹੀ ਸੰਭਵ ਹੈ ਜੇ ਲਖਨਊ ਕੰਟਰੋਲ ਰੂਮ 'ਤੇ ਕਿਸਾਨਾਂ ਦਾ ਕੰਟਰੋਲ

ਹੋਵੇ ਤੇ ਕਿਸਾਨਾਂ ਦੇ ਹਿਸਾਬ ਨਾਲ ਸਡਿਊਲ ਬਣਾਏ ਜਾਣ। ਇਹ ਕਿਸਾਨਾਂ ਵਲੋਂ ਇੱਕਲੇ-ਇੱਕਲੇ ਨਹੀਂ ਬਲਕਿ ਸਮੂਹਕ ਤੌਰ 'ਤੇ ਸੰਘਰਸ਼ ਕਰਕੇ ਹੀ ਸੰਭਵ ਹੈ।

ਮੁਨਾਫਾਖੋਰੀ ਦੀ ਇਸ ਮੁਸੀਬਤ 'ਚ ਲੋਕਾਂ ਦੀ ਮੁਸੀਬਤ ਨੂੰ ਵੀ ਮੁਨਾਫਾ ਦਾ ਜ਼ਰੀਏ ਬਣਾ ਦਿਤਾ ਗਿਆ ਹੈ। ਜਿਸ ਸਮੇਂ ਚੋਆਂ ਹੇਠਾਂ ਜਾ ਰਹੀਆਂ ਸਨ, ਟਿਊਬਵੈਲ ਬੰਦ ਪਏ ਸਨ ਤੇ ਕਿਸਾਨਾਂ ਨੂੰ ਸਿੰਚਾਈ ਦਾ ਰਾਹ ਨਜ਼ਰ ਨਹੀਂ ਆ ਰਿਹਾ ਸੀ ਤਦ ਬੋਰ ਕਰਨ ਵਾਲਿਆਂ ਤੇ ਪਾਈਪ ਤੇ ਸਬਮਰਸੀਬਲ ਦਾ ਧੰਦਾ ਕਰਨ ਵਾਲਿਆਂ ਦੀ ਖ਼ੂਬ ਮੌਜ ਲੱਗੀ ਰਹੀ। ਇਕ-ਇਕ ਜ਼ਿਲ੍ਹੇ ਦੇ ਕਿਸਾਨਾਂ ਦੀ ਜੇਬ 'ਚੋਂ ਕੁਲ ਮਿਲਾ ਕੇ ਅਰਬਾਂ ਰੁਪਏ ਕੱਢੇ ਗਏ। ਇਸ ਘਟਨਾ ਦੇ ਪੰਜ ਸਾਲ ਵੀ ਨਹੀਂ ਲੰਘੇ ਕਿ ਕਿਸਾਨਾਂ ਦੇ ਸਿਰ ਸੋਕੇ ਤੇ ਬਿਜਲੀ ਦੀ ਘਾਟ ਡਿੱਗ ਪਈ। ਇਸ ਖਾਤਰ ਕਿਸਾਨ ਜਨਰੇਟਰ ਤੇ ਸਬਮਰਸੀਬਲ ਲਈ ਪੈਸਾ ਇੱਕਠਾ ਕਰਨ ਲੱਗੇ ਹਨ। ਸਭ ਦੇ ਚਿਹਰਿਆਂ ਤੇ ਮਾਯੂਸੀ ਛਾਈ ਹੋਈ ਹੈ। ਪਰ ਉਸੇ ਵਕਤ ਇਹਨਾਂ ਵਸਤਾਂ ਦੇ ਉਤਪਾਦਕ ਵਿਤਰਕ ਤੇ ਥੋਕ ਵਿਕ੍ਰੇਤਾ ਖ਼ੂਬ ਚਾਂਦੀ ਬਣਾ ਰਹੇ ਹਨ। ਬਾਜ਼ਾਰ 'ਚ ਐਸੀ ਮਾਰੋ-ਮਾਰ ਹੈ ਕਿ ਬਸ ਪੁਛੋ ਨਾ। ਪੰਦਰਾਂ-ਪੰਦਰਾਂ ਦਿਨ ਪਹਿਲਾਂ ਪੈਸਾ ਜਮਾ ਕਰਵਾ ਕੇ ਵੀ ਜਨਰੇਟਰ ਮਿਲਣਾ ਮੁਸ਼ਕਲ ਹੈ। ਇਸ ਵਾਰੀ ਵੀ ਕਿਸਾਨਾਂ ਦੀ ਗਾੜ੍ਹੀ ਕਮਾਈ ਤੇ ਭਾਰੀ ਵਿਆਜ ਤੇ ਲਏ ਅਰਬਾਂ ਰੁਪਏ ਮੁਨਾਫ਼ਾਖੋਰੀ ਦੀ ਤਿਜੌਰੀ 'ਚ ਚਲੇ ਗਏ। ਕਿਸਾਨਾਂ ਨੂੰ ਵਿਅਕਤੀਗਤ ਯਤਨਾਂ ਲਈ ਸਰਕਾਰ ਦਾ ਆਪਣੀਆਂ ਜਿੰਮੇਵਾਰੀਆਂ ਤੋਂ ਭੱਜਣਾ ਇਕ ਵੱਡਾ ਕਾਰਨ ਹੈ। ਜੇ ਸਾਡੇ ਦੇਸ਼ ਦੀ ਸਰਕਾਰ ਨਹਿਰਾਂ ਤੇ ਸਰਕਾਰੀ ਟਿਊਬਵੈਲਾਂ ਰਾਹੀਂ ਸਿੰਚਾਈ ਦਾ ਜਨਤਕ ਢਾਂਚਾ ਉਸਾਰੇ ਤਾਂ ਕਿਸਾਨਾਂ ਦੇ ਪੈਸੇ ਤੇ ਮੇਹਨਤ ਦੀ ਬਰਬਾਦੀ ਰੋਕੀ ਜਾ ਸਕਦੀ ਹੈ। ਦੁਨੀਆਂ ਭਰ ਦੀਆਂ ਸਰਕਾਰਾਂ ਕਿਸਾਨਾਂ ਦੇ ਵਿਕਾਸ ਲਈ ਬਹੁਤ ਸਹਾਇਤਾ ਦਿੰਦੀਆਂ ਹਨ ਤੇ ਸਿੰਚਾਈ ਦਾ ਪ੍ਰਬੰਧ ਕਰਦੀਆਂ ਹਨ। ਪਰ ਸਾਡੇ ਇਥੇ ਦੇਸ਼ 'ਚ ਬਿਜਲੀ ਦੀ ਘਾਟ ਦਾ ਰੋਣਾ ਰੋ ਕੇ ਸਰਕਾਰ ਪੱਲਾ ਝਾੜ ਰਹੀ ਹੈ। ਪਰ ਸ਼ਹਿਰਾਂ ਦੇ ਉਦਯੋਗਾਂ ਤੇ ਐਯਾਸ਼ ਲੋਕਾਂ ਲਈ ਚੌਬੀ ਘੰਟੇ ਬਿਜਲੀ ਮਿਲਦੀ ਹੈ। ਪਰ ਖੇਤੀ-ਕਿਸਾਨੀ ਤਾਂ ਸਰਕਾਰ ਲਈ ਚਿੰਤਾ ਦਾ ਵਿਸ਼ਾ ਹੀ ਨਹੀਂ ਰਹੀ। ਉਲਟਾ ਸਰਕਾਰ ਵਿਦੇਸ਼ਾਂ ਤੋਂ ਅਨਾਜ ਦਰਾਮਦ ਕਰਨ ਤੇ ਜ਼ੋਰ ਦੇ ਰਹੀ ਹੈ। ਰਾਸ਼ਟਰਮੰਡਲ ਖੇਡਾਂ 'ਤੇ 3400 ਕਰੋੜ ਰੁਪਏ ਲੱਗੇ, ਦੂਜੇ ਪਾਸੇ ਕਿਸਾਨਾਂ ਨੂੰ ਸਿੰਚਾਈ ਲਈ 1000 ਕਰੋੜ ਦੇਣ ਦਾ ਹੀ ਐਲਾਨ ਕੀਤਾ ਹੈ। ਸਰਕਾਰ ਦੀ ਮੰਸ਼ਾ ਸਾਫ਼ ਹੈ। ਬਿਨ੍ਹਾਂ ਇੱਕਠੇ ਹੋ ਕੇ ਸੰਘਰਸ਼ ਕੀਤਿਆਂ ਸਰਕਾਰ ਤੋਂ ਕਿਸਾਨਾਂ ਨੂੰ ਕੁਝ ਨਹੀਂ ਮਿਲਣਾ।

# ਭੁਪਾਲ ਗੈਸ ਪੀੜਤਾਂ ਦਾ ਸ਼ਰੀਰ ਗੈਰ ਮਨੁੱਖੀ ਪ੍ਰਯੋਗਾਂ ਲਈ ਕਿਉਂ?

ਸਭ ਤੋਂ ਵੱਡੀ ਸਨਅਤੀ ਤ੍ਰਾਸਦੀ ਝੱਲ ਰਹੇ ਭੁਪਾਲ ਦੇ ਗੈਸ ਪੀੜਤਾਂ 'ਤੇ ਨਵੀਆਂ ਦਵਾਈਆਂ ਦੇ ਤਜਰਬਿਆਂ ਤੇ ਉਹਨਾਂ ਕਾਰਨ ਹੋਣ ਵਾਲੀਆਂ ਮੌਤਾਂ ਦਾ ਮਾਮਲਾ ਸਾਹਮਣੇ ਆਇਆ ਹੈ ਤਾਂ ਭੁਪਾਲ ਦਾ ਇਕ ਹੋਰ ਗੈਰ ਮਨੁੱਖੀ ਪਹਿਲੂ ਉਜਾਗਰ ਹੋ ਗਿਆ ਹੈ। ਡ੍ਰੱਗ ਕੰਟੋਲਰ ਆਫ ਇੰਡੀਆ ਦੀ ਰੀਪੋਟ ਵਿਚ ਇਸ ਗੱਲ ਦਾ ਖੁਲਾਸਾ ਹੋਇਆ ਕਿ ਦਵਾ ਪ੍ਰੀਖਣ ਦੌਰਾਨ ਹੁਣ ਤਕ 18 ਗੈਸ ਪੀੜਤਾਂ ਦੀ ਮੌਤ ਹੋ ਚੁਕੀ ਹੈ। ਦਵਾ ਪ੍ਰੀਖਣ ਦਾ ਸ਼ਿਕਾਰ ਹੋਏ ਆਧਾਰ ਸ੍ਰੀ ਵਾਸਤਵ ਕਹਿੰਦੇ ਹਨ "ਮੈਂ ਜ਼ਹਿਰੀਲੇ ਗੈਸ ਨਾ ਫੇਫੜਿਆਂ ਦੀ ਇਨਫੈਕਸ਼ਨ ਦਾ ਸ਼ਿਕਾਰ ਹੋਣ ਦਾ ਇਲਾਜ ਕਰਾਉਣ ਭੁਪਾਲ ਮੈਮੋਰੀਅਲ ਹਸਪਤਾਲ ਤੇ ਰਿਸਰਚ ਸੈਂਟਰ (BMHRC) ਗਿਆ ਸੀ। ਉਥੇ ਇਲਾਜ ਦੌਰਾਨ ਮੈਨੂੰ ਕਈ ਦਵਾਈਆਂ ਖਵਾਈਆਂ ਗਈਆਂ ਜਿਉਂ ਹੀ ਦਵਾ ਖਤਮ ਹੁੰਦੀ ਫਿਰ ਤੋਂ ਦਵਾ ਦਿੱਤੀ ਜਾਂਦੀ। ਆਪਣੇ ਇਲਾਜ ਨਾਲ ਸਬੰਧਤ ਦਵਾ ਸਮਝ ਕੇ ਮੈਂ ਉਸ ਨੂੰ ਖਾਂਦਾ ਰਿਹਾ। ਪਰ ਮੇਰੀ ਤਕਲੀਫ ਘੱਟ ਹੋਣ ਦੀ ਬਜਾਏ ਵਧ ਦੀ ਗਈ। ਸ਼ੱਕ ਹੋਣ 'ਤੇ ਮੈਂ ਦੂਜੇ ਹਸਪਤਾਲ 'ਚ ਜਾਣ ਦੀ ਸੋਚੀ। ਡਿਸਚਾਰਜ ਦੌਰਾਨ ਮੈਂ ਉਹਨਾਂ ਦਵਾਈਆਂ ਦੀ ਸੂਚੀ ਮੰਗੀ ਜੋ ਮੈਨੂੰ ਖਵਾਈਆਂ ਗਈਆਂ ਸਨ। ਪਰ ਮੈਨੂੰ ਸੂਚੀ ਨਹੀਂ ਦਿਤੀ ਗਈ। ਜਦ ਮੈਂ ਹੋਰ ਹਸਪਤਾਲ 'ਚ ਭਰਤੀ ਹੋਇਆ ਤਾਂ ਮੈਨੂੰ ਦਸਿਆ ਗਿਆ ਕਿ ਮੇਰੇ ਉਪਰ ਦਵਾਈ ਦੇ ਤਜ਼ਰਬੇ ਕੀਤੇ ਗਏ ਹਨ। ਕੁਝ ਅਜੇਹਾ ਹੀ ਲਛਮੀ ਬਾਈ ਦੇ ਪਤੀ ਸ਼ੰਕਰ ਲਾਲ ਨਾਲ ਹੋਇਆ। ਸ਼ੰਕਰ ਲਾਲ ਵੀ ਆਪਣਾ ਇਲਾਜ ਕਰਾਉਣ (BMHRC) 'ਚ ਭਰਤੀ ਹੋਏ ਪਰ ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜਦੀ ਗਈ ਤੇ ਉਨ੍ਹਾਂ ਦੀ ਮੌਤ ਹੋ ਗਈ ਲਛਮੀ ਬਾਈ ਦਾ ਦੋਸ਼ ਹੈ ਕਿ ਉਨ੍ਹਾਂ ਦੇ ਪਤੀ 'ਤੇ ਦਵਾ ਦਾ ਪ੍ਰੀਖਣ ਕੀਤਾ ਗਿਆ ਅਤੇ ਉਸ ਪਿਛੋਂ ਉਸ ਦੀ ਹਾਲਤ ਵੱਧ ਖਰਾਬ ਹੋ ਗਈ। ਉਸ ਸੰਬੰਧੀ ਜਦ ਡਾਕਟਰਾਂ ਨੂੰ ਪੁਛਿਆ ਗਿਆ ਤਾ ਉਹਨਾਂ ਦਾ ਸਪਸ਼ਟ ਕਹਿਣਾ ਹੈ ਕਿ ਹਸਪਤਾਲ 'ਚ ਕੋਈ ਦਵਾ ਪ੍ਰੀਖਣ ਨਹੀਂ ਹੋਇਆ, ਤੇ ਜਿੰਨੀਆਂ ਵੀ ਮੌਤਾਂ ਹੋਈਆਂ ਹਨ ਉਹ ਬੀਮਾਰੀ ਕਾਰਨ ਹੋਈਆਂ ਹਨ ਪਰ ਡਰੱਗ ਕੰਟਰੋਲ ਆਫ ਇੰਡੀਆਂ ਦੀ ਰੀਪੋਟ ਦਸਦੀ ਹੈ ਕਿ ਸੰਨ 2004 ਤੋਂ ਲੈ ਕੇ 2009 ਤਕ ਇਸ ਹਸਪਤਾਲ 'ਚ ਪੀੜਤਾਂ 'ਤੇ ਦਵਾਂ ਪ੍ਰੀਖਣ ਕੀਤਾ ਗਿਆ ਅਤੇ ਇਸ ਦੇ ਕਾਰਨ ਲੋਕਾਂ ਨੂੰ ਜਾਨ ਵੀ ਗੁਆਉਣੀ ਪਈ। ਸੈਂਟਰਲ ਡਰੱਗਸ ਸਟੈਂਡਰਡ ਕੰਟਰੋਲ ਆਰਗੇਨਾਈਜੇਸ਼ਨ ਅਨੁਸਾਰ ਕੁਲ ਦਸ ਦਵਾ ਪ੍ਰੀਖਣ ਕੀਤੇ ਗਏ। ਉਥੇ ਅਮਰੀਕਾ ਕੋਲ ਮੋਜੂਦ ਰਿਕਾਰਡ 'ਚ 'ਚ 13 ਦਵਾ ਪ੍ਰੀਖਣ ਹੋਣ ਦੀ ਜਾਣਕਾਰੀ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਦਿਲ ਦੇ ਰੋਗੀਆਂ ਤੇ ਮਾਨਸਕ ਰੋਗਾਂ ਨਾਲ ਜੁੜੀਆਂ ਦਵਾਈਆਂ ਦਾ ਪ੍ਰੀਖਣ ਕੀਤਾ ਗਿਆ। ਅੰਕੜੇ ਇਹ ਸਵੈ ਵਿਰੋਧ ਦਸਣ ਲਈ ਕਾਫੀ ਹਨ ਕਿ ਹਸਪਤਾਲ 'ਚ ਦਵਾ ਪ੍ਰੀਖਣ ਨੂੰ ਲੈ ਕੇ ਕਈ ਗੱਲਾਂ ਨੂੰ ਛੁਪਾਇਆ ਗਿਆ ਤੇ ਅਸਲੀ ਸਥਿਤੀ ਨਹੀਂ ਦੱਸੀ ਗਈ। ਗੌਰ ਕਰਨ ਵਾਲੀ ਗੱਲ ਇਹ ਹੈ ਕਿ ਹੁਣ

ਤਕ ਸਿਰਫ ਤਿੰਨ ਦਵਾ ਪ੍ਰੀਖਣਾ ਦੀ ਰੀਪੋਟ ਸਰਕਾਰ ਨੂੰ ਸੌਂਪੀ ਗਈ ਹੈ। ਰੀਪੋਟ ਦਸਦੀ ਹੈ ਕਿ ਦਵਾ ਪ੍ਰੀਖਣ ਦੌਰਾਨ ਮਾਰੇ ਗਏ ਤੇਰਾਂ ਲੋਕਾਂ ਵਿਚੋਂ ਗਿਆਰਾਂ ਗੈਸ ਪੀੜਤ ਸਨ ਇਕ ਪਾਸੇ ਇਥੇ ਦਵਾ ਪ੍ਰੀਖਣ ਕਾਰਨ ਲੋਕ ਮਰ ਰਹੇ ਹਨ ਉਥੇ ਦੂਜੇ ਪਾਸੇ ਜ਼ਹਿਰੀਲਾ ਕਚਰਾ ਰਾਜ ਦੇ ਲੋਕਾਂ ਨੂੰ ਬੀਮਾਰ ਤੇ ਕੰਮਜੋਰ ਕਰ ਰਿਹਾ ਹੈ। ਕਾਫੀ ਕੋਸ਼ਿਸ਼ ਪਿਛੋਂ ਜਰਮਨ ਏਜੰਸੀ ਫਾਰ ਇੰਟਰਨੈਸ਼ਨਲ ਕੋਆਪ੍ਰੇਸਨ (ਜੀ. ਆਈ. ਜੈਡ.) ਕਚਰੇ ਦ ਨਿਪਟਾਰੇ ਲਈ ਤਿਆਰ ਹੋਈ ਸੀ ਪਰ ਉਥੋਂ ਦੇ ਵਾਤਾਵਰਣ ਸੰਗਠਨ ਦੇ ਵਿਰੋਧ ਕਾਰਨ ਇਹ ਮਾਮਲਾ ਇਕ ਵਾਰ ਫਿਰ ਲਟਕ ਗਿਆ ਹੈ। ਜ਼ਿਕਰਯੋਗ ਹੈ ਕਿ ਪ੍ਰਦੇਸ਼ ਸਰਕਾਰ ਤੇ ਜਰਮਨ ਏਜੰਸੀ ਵਿਚਾਲੇ ਸਮਝੌਤਾ ਹੋਇਆ ਸੀ ਕਿ ਯੂਨੀਅਨ ਕਾਰ ਬਾਈਡ ਦੇ ਕਾਰਖਾਨੇ 'ਚ ਪਏ 350 ਮੀਟਰਿਕ ਟਨ ਕਚਰੇ ਨੂੰ ਏਜੰਸੀ ਨਸ਼ਟ ਕਰੇਗੀ ਪਰ ਕਚਰੇ ਨਾਲ ਹੋਣ ਵਾਲੇ ਸੰਭਾਵਿਤ ਨੁਕਸਾਨ ਅਤੇ ਜਰਮਨੀ ਦੇ ਵਾਤਾਵਰਣ ਸੰਗਠਨ ਦੇ ਵਿਰੋਧਾਂ ਕਾਰਨ ਮਾਮਲਾ ਫਿਰ ਝਮੇਲਿਆਂ 'ਚ ਘਿਰ ਗਿਆ ਹੈ। ਇਸ ਨਾਲ ਪਹਿਲਾਂ ਸੂਬਾਂ ਸਰਕਾਰ ਗੁਜ਼ਰਾਤ ਦੇ ਅੰਕਲੇਸ਼ਚਾਰ ਮੱਧ ਪ੍ਰਦੇਸ਼ ਦੇ ਪੀਥਮਪੁਰ ਨਾਗਪੁਰ ਦੇ ਡੀ. ਆਰ . ਡੀ. ਓ. ਤੇ ਮਹਾਂਰਾਸ਼ਟਰ ਵਿਚ ਕਚਰੇ ਦੇ ਨਿਪਟਾਰੇ ਲਈ ਗਲਬਾਤ ਕੀਤੀ ਸੀ ਪਰ ਸਭ ਥਾਂ ਸਨਅਤੀ ਤੇ ਵਾਤਾਵਰਣੀ ਸੰਗਠਨਾ ਦੇ ਵਿਰੋਧ ਦੇ ਕਾਰਨ ਗੱਲ ਨਹੀਂ ਬਣ ਸਕੀ। ਜ਼ਿਕਰਯੋਗ ਹੈ ਕਿ ਸਾਲ 1984 ਵਿਚ ਯੂਨੀਅਨ ਕਾਰਬਾਈਡ ਕਾਰਖਾਨੇ ਤੋਂ ਜ਼ਹਿਰੀਲੀ ਗੈਸ ਮਿਥਾਇਲ ਆਈ ਸੋਸਾਈਨਾਇਟ ਦੇ ਰਸਾਅ ਨੇ ਹਜ਼ਾਰਾਂ ਜਿੰਦਗੀਆਂ ਲੈ ਲਈਆਂ ਸਨ। ਇਸ ਕਾਰਨ ਕਾਰਖਾਨੇ ਦੇ ਬਾਹਰ ਤੇ ਅੰਦਰ ਜ਼ਹਿਰੀਲਾਂ ਕਚਰਾ ਜ਼ਮਾਂ ਹੋ ਗਿਆ ਸੀ। ਪਰ ਇਸ ਘਟਨਾ ਦੇ 28 ਸਾਲ ਪਿਛੋਂ ਵੀ ਸਿਰਫ ਕਾਰਖਾਨੇ ਦੇ ਅੰਦਰ ਰਖੇ 350 ਮੀਟ੍ਰਿਕ ਟਨ ਕਚਰੇ ਦੇ ਨਿਪਟਾਰੇ ਦੀ ਹੀ ਗੱਲ ਹੋ ਰਹੀ ਹੇ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨ ਮੈਂਟ ਦੇ ਅਧਿਐਨ ਅਨੁਸਾਰ 'ਕਾਰਖਾਨਾ ਕੈਂਪਸ ਤੋਂ ਤਿੰਨ ਕਿਲੋਮੀਟਰ ਦੂਰ ਅਤੇ ਤੀਹ ਮੀਟਰ ਦੀ ਗਹਿਰਾਈ ਤਕ ਜ਼ਹਿਰੀਲੇ ਰਸਾਇਣ ਪਾਏ ਗਏ। ਇਸ ਖੇਤਰ ਵਿਚ ਕਰੀਬ ਦਸ ਹਜ਼ਾਰ ਮੀਟ੍ਰਿਕ ਟਨ ਰਸਾਇਣਕ ਕਚਰਾ ਫੈਲਿਆ ਹੈ ਜੋ ਉਥੋਂ ਦੇ ਧਰਤੀ ਹੇਠਲੇ ਪਾਣੀ ਨੂੰ ਭਾਰਤੀ ਪੈਮਾਨੇ, ਪੱਧਰ ਨਾਲ 561 ਗੁਣਾ ਤਕ ਪ੍ਰਦੂਸ਼ਿਤ ਕਰ ਭੂਕਿਆ ਹੈ। ਇਸ ਸੰਬੰਧੀ ਰਾਜ ਸਰਕਾਰ ਦੇ ਭੋਪਾਲ ਗੈਸ ਰਾਹਤ ਅਤੇ ਪੁਨਰਵਾਸ ਮੰਤਰੀ ਬਾਬੂ ਲਾਲ ਕਹਿੰਦੇ ਹਨ ਕਿ ਮਿੱਟੀ 'ਚ ਕੋਈ ਜ਼ਹਿਰੀਲਾ ਪਦਾਰਥ ਨਹੀਂ ਹੈ। ਹਾਲਾਂਕਿ ਆਉਣ ਵਾਲੇ ਸਮੇਂ ਵਿਚ ਕਾਰਖਾਨੇ ਅੰਦਰ ਪਏ ਕਚਰੇ ਦਾ ਨਿਪਟਾਰਾ ਕਰਨ ਲਈ ਸਰਕਾਰ ਕੋਸ਼ਿਸ਼ ਕਰ ਰਹੀ ਹੈ। ਪਰ ਅਹਿਮ ਸੁਆਲ ਇਹ ਹੈ ਕਿ ਜਨ ਜੀਵਨ ਤੇ ਵਾਤਾਵਰਣ ਨੂੰ ਲਗਾਤਾਰ ਨੁਕਸਾਨ ਪਹੁੰਚਾਉਣ ਵਾਲੇ ਕਾਰਖਾਨੇ ਦੇ ਬਾਹਰ ਫੈਲੇ ਉਸ ਦਸ ਹਜ਼ਾਰ ਮੀਟ੍ਰਿਕ ਟਨ ਕਚਰੇ ਦੇ ਸੰਕਟ ਤੋਂ ਲੋਕਾਂ ਨੂੰ ਮੁਕਤੀ ਕਦੋਂ ਮਿਲੂ ਜੋ ਪਿਛਲੇ 28 ਸਾਲਾਂ ਤੋਂ ਸਥਾਨਕ ਲੋਕਾਂ ਦੇ ਸਿਰ ਮੰਡਰਾ ਰਿਹਾ ਹੈ।

# ਕੁਪੋਸ਼ਣ ਦਾ ਕਹਿਰ-ਬੱਚਿਆਂ 'ਚ ਆਫਤ

ਏਸ਼ੀਆ ਦੀ ਸਭ ਤੋਂ ਵੱਡੀ ਝੁਗੀ ਬਸਤੀ ਧਾਰਾਵੀ 'ਚ ਰਹਿਣ ਵਾਲੇ ਰਾਮਸਾਗਰ ਲਈ ਜਿੰਦਗੀ ਦਾ ਨਾਂ ਭੁੱਖ ਤੇ ਗੰਦਗੀ ਹੈ। ਭੁੱਖ ਤੇ ਗੰਦਗੀ ਨੇ ਉਸ ਦੇ ਅੱਠ ਸਾਲ ਦੇ ਬੇਟੇ ਸੌਰਵ ਨੂੰ ਬੀਮਾਰ ਕਰ ਦਿੱਤਾ ਹੈ। ਪਿਛਲੇ ਇਕ ਮਹੀਨੇ ਵਿਚ ਉਸ ਦਾ ਵਜਣ ਚਾਰ ਕਿਲੋ ਤੋਂ ਵੀ ਵੱਧ ਘਅ ਗਿਆ ਹੈ। ਸੌਰਵ ਨੂੰ ਲੈਕੇ ਉਹ ਹਸਪਤਾਲ ਦੇ ਗੇੜੇ ਮਾਰ ਰਹੇ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਉਸ ਕੁਪੋਸ਼ਣ (ਸੋਕੜੇ) ਦਾ ਸ਼ਿਕਾਰ ਹੋ ਗਿਆ ਹੈ। ਇਹ ਅਗਰ ਉਸ ਮੁੰਬਈ ਦੀ ਸਚਾਈ ਹੈ ਜਿਸ ਨੂੰ ਦੇਸ਼ ਦੀ ਆਰਥਕ ਰਾਜਧਾਨੀ ਕਿਹਾ ਜਾਂਦਾ ਹੈ ਤੇ ਜਿਥੋਂ ਦੇ ਲੋਕ ਹਰ ਸਾਲ ਦਸ ਲੱਖ ਕਰੋੜ ਤੋਂ ਵੱਧ ਟੈਕਸ ਵਲੋਂ ਦਿੰਦੇ ਹਨ ਤਾਂ ਮਹਾਂਰਾਸ਼ਟਰ ਦੇ ਸੁਦੂਰਵਰਤੀ ਇਲਾਕਿਆਂ ਦਾ ਕੀ ਹਾਲ ਹੋਵੇਗਾ ਕਲਪਨਾ ਤੋਂ ਪਰੇ ਹੈ। ਸਥਿਤੀ ਇਹ ਹੈ ਕਿ ਮਹਾਂਰਾਸ਼ਟਰ ਦੇ ਪੇਂਡੂ ਤੇ ਆਦੀਵਾਸੀ ਇਲਾਕਿਆਂ 'ਚ ਪਿਛਲੇ ਕੁਝ ਮਹੀਨਿਆਂ 'ਚ 24 ਹਜ਼ਾਰ ਤੋਂ ਵੱਧ ਬੱਚੇ ਕੁਪੋਸ਼ਣ ਨਾਲ ਮਰ ਚੁਕੇ ਹਨ।

ਅੱਜ ਮੁੰਬਈ ਦੇ ਹਸਪਤਾਲਾਂ 'ਚ ਹੀ ਰੋਜ਼ਾਨਾ 100 ਤੋਂ ਵੱਧ ਕੁਪੋਸ਼ਿਤ ਬੱਚੇ ਭਰਤੀ ਹੋ ਰਹੇ ਹਨ ਤੇ ਇਨ੍ਹਾਂ 'ਚੋਂ 40 ਤੋਂ ਵੱਧ ਦੀ ਮੌਤ ਹੋ ਚੁਕੀ ਹੈ ਅਤੇ ਹੁਣ ਵੀ ਹੋਵੇਗੀ। ਕਦੀ ਸਨਅਤੀ ਨਜ਼ਰੀਏ ਤੋਂ ਅਵੱਲ ਤੇ ਸਮਾਜਕ ਦ੍ਰਿਸ਼ਟੀ ਤੋਂ ਪ੍ਰਗਤੀਸ਼ੀਲ ਰਾਜ ਵਜ਼ੋਂ ਮਸ਼ਹੂਰ ਮਹਾਂਰਾਸ਼ਟਰ ਪਿਛਲੇ ਕੁਝ ਸਾਲਾ 'ਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਤੇ ਕਾਰਨ ਚਰਚਾ 'ਚ ਕਿਸਾਨਾਂ ਦੀਆ ਆਤਮ ਹੱਤਿਆਵਾਂ ਸਿਰ ਚੁੱਕ ਰਹੀ ਹੈ ਉਹ ਹੈ ਵੱਡੇ ਪੈਮਾਨੇ 'ਤੇ ਬਾਲ ਮੌਤਾਂ। ਰਾਜ ਦੀ ਰਾਜਨੀਤੀ ਵਿਚ ਅੱਜ ਸਭ ਤੋ ਚਰਚਿਤ ਮੁੱਦਾ ਬਣ ਗਿਆ ਹੈ। ਦੇਸ਼ ਦੀ ਮਹਿਲਾਂ ਤੇ ਬਾਲ ਵਿਕਾਸ ਮੰਤਰੀ ਵਰਸ਼ਾ ਗਾਇਕ ਵਾੜ ਨੇ ਵਿਧਾਨ ਸਭਾ 'ਚ ਮੰਨਿਆ ਕਿ ਪਿਛਲੇ ਕੁਝ ਮਹੀਨਿਆ 'ਚ 24 ਹਜ਼ਾਰ 365 ਬੱਚਿਆ ਦੀ ਮੌਤ ਸਬੰਧੀ ਜਾਣ ਕਾਰੀ ਮਿਲੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਬਾਲ-ਮੌਤ ਦਰ ਸਿਰਫ ਕੁਪੋਸ਼ਣ ਕਾਰਨ ਨਹੀਂ ਬਲਕਿ ਬੀਮਾਰੀਆਂ ਕਰਕੇ ਵੀ ਹੋਈ ਹੈ। ਉਹਨਾਂ ਨੇ ਦਾਅਵਾ ਕੀਤਾ ਕਿ ਸੂਬੇ 'ਚ ਰਾਜਮਾਤਾ ਜਿਜਾਉ ਕੁਪੋਸ਼ਣ-ਮੁਕਤ ਪਿੰਡ ਮੁਹਿੰਮ ਸ਼ੁਰੂ ਕੀਤੇ ਜਾਣ ਪਿਛੋਂ ਬਾਲ ਮੌਤ ਦਰ ਘਟੀ ਹੈ। ਜਿਕਰ ਲਾਇਕ ਹੈ ਕਿ ਵਿਧਾਨ ਸਭਾ 'ਚ ਇਸੇ ਮੁਦੇ ਨੂੰ ਭਾਜਪਾ ਦੇ ਸੂਬਾ ਪ੍ਰਧਾਨ ਸੁਧੀਰ ਮੁਨਗੰਟੀਵਾਰ ਰਾਕਾਂਪਾ ਦੇ ਵਿਧਾਇਕ ਜਿਤੇਂਦਰ ਅਵਗੜ ਸਸ਼ੀਕਾਂਤ ਛਿੰਦੇ ਆਦਿ ਨੇ ਤਾਰਾਂ ਕਿੰਤ ਪ੍ਰਸ਼ਨ ਰਾਹੀਂ ਉਠਾਇਆਂ ਸੀ। ਉਹਨਾਂ ਦਾ ਦੋਸ਼ ਹੈ ਕਿ ਸੂਬੇ 'ਚ ਜਨਵਰੀ 2012 ਦੇ ਆਖੀਰ 'ਚ ਕਰੀਬ 10 ਲੱਖ 67 ਹਜ਼ਾਰ 659 ਕੁਪੋਸ਼ਿਤ ਬੱਚੇ ਪਾਏ ਗਏ, ਜਿਨ੍ਹਾਂ 'ਚ 9 ਲੱਖ ਪ੍ਰਤੀ ਹਜ਼ਾਂਰ 218 ਦਰਮਿਆਨ ਰੂਪ 'ਚ ਕੁਪੋਸ਼ਿਤ ਤੇ ਇਕ ਲੱਖ 24 ਹਜ਼ਾਰ 441 ਬੇਹੱਦ ਕੁਪੋਸ਼ਿਤ ਸਨ। ਇਹਨਾਂ ਵਿਚੋਂ 24 ਹਜ਼ਾਰ 365 ਬੱਚਿਆਂ ਦੀ ਮੌਤ ਗਈ 2012 ਦੇ ਆਖਿਰ ਤਕ ਹੋ ਚੁਕੀ ਹੈ। ਮੰਤਰੀ ਦੇ ਇਸ ਦਾਅਵੇ ਦੇ ਕਈ ਸਿਹਤ ਮਾਹਰ ਪੁਸ਼ਟੀ ਕਰਦੇ ਹਨ। ਮਹਾਂਰਾਸ਼ਟਰ ਅਰੋਗਿਆ ਵਿਗਿਆਨ ਵਿਦਿਆਪੀਠ, ਨਾਸਿਕ ਦੇ ਉਜਾੜਾ ਬੋਰਡ ਦੇ ਮੈਂਬਰ ਤੇ ਮਸਹੂਰ ਡਾਕਟਰ ਉਧੋ ਬੋਬਨਕਰ ਕਹਿੰਦੇ ਹਨ ਕਿ ਰਾਜ 'ਚ ਬਾਲ ਮੌਤ ਦਰ 36 ਸੀ ਜੋ 2010-11

'ਚ ਘਟ ਕੇ 32 ਹੋ ਗਈ ਹੈ ਕਈ ਹੋਰ ਮਾਹਰਾਂ ਦਾ ਕਹਿਣਾਂ ਹੈ ਕਿ ਬਾਲ ਮੌਤ ਦਰ 'ਚ ਕਮੀ ਆਉਣ ਦੇ ਬਾਵਜੂਦ ਹਜ਼ਾਰਾਂ ਬੱਚੇ ਮਰ ਰਹੇ ਹਨ ਹਾਲਾਂਕਿ ਇਹ ਅੰਕੜੇ ਸਰਕਾਰੀ ਹਨ ਜਿਨ੍ਹਾਂ 'ਚ ਹਾਲਾਤ ਦੇ ਗੁਲਾਬੀ ਪੱਖ ਨੂੰ ਹੀ ਉਜਾਗਰ ਕੀਤਾ ਗਿਆ ਹੈ। ਅਸਲੀਅਤ ਇਹ ਹੈ ਕਿ ਕੁਝ ਸਮਾਂ ਪਹਿਲਾਂ ਜਦ ਵਿਧਾਨ ਸਭਾ 'ਚ ਇਹ ਮਾਮਲਾ ਉਠਿਆਂ ਤਾ ਰਾਜ ਸਰਕਾਰ ਦੇ ਦੇਸ਼ ਦੇ ਆਦੀਵਾਸੀ ਬਹੁਗਿਣਤੀ ਜਿਲ੍ਹੇ ਗੜਚਿਰੌਲੀ 'ਚ ਕੰਮ ਕਰਨ ਵਾਲੇ ਅਭੈਕੁਮਾਰ ਬੰਗ ਦੀ ਪ੍ਰਧਾਨਗੀ 'ਚ ਕਮੇਟੀ ਗਠਿਤ ਕੀਤੀ, ਜਿਸ ਦੀ ਰੀਪੋਟ ਚੌਂਕਾਉਣ ਵਾਲੀ ਹੈ। ਬਾਲ ਮੌਤ ਦਰ ਦੀ ਸਮਸਿਆ ਰਾਜ ਦੇ ਆਦੀ ਵਾਸੀ ਬਹੁਗਿਣਤੀ ਅਬਾਦੀ ਵਾਲੇ ਜਿਲੇ ਮੇਲਘਾਟ, ਸੜਚਿਰੌਲੀ, ਨੰਦਰਬਾਰ, ਯਵਤਮਾਲ ਆਦਿ 'ਚ ਬੇਹੱਦ ਗੰਭੀਰ ਹੈ। ਕੁਝ ਦਿਨ ਪਹਿਲਾਂ ਛਪੀ ਇਕ ਰੀਪੋਟ ਅਨੁਸਾਰ ਕੁਪੋਸ਼ਣ ਦੇ ਕਾਰਨ ਆਦੀਵਾਸੀ ਬੱਚੇ 6 ਸਾਲ ਦੀ ਉਮਰ ਤਕ ਪਹੁੰਚਣ ਤੋਂ ਪਹਿਲਾਂ ਹੀ ਤੇਜੀ ਨਾਲ ਮਰ ਰਹੇ ਹਨ। ਸੰਨ 2004 ਤੇ 2012 ਦੌਰਾਨ 51461 ਬੱਚਿਆਂ ਦੀ ਮੌਤ ਹੋ ਚੁਕੀ ਹੈ। ਪਿਛੇ ਜਿਹੇ ਹੀ 'ਸਾਥੀ' ਨਾਮਕ ਐਨ ਜੀ. ਓ. ਵਲੋਂ ਜਾਰੀ ਖੋਜ ਰੀਪੋਟ 'ਆਨ ਨਿਊਟੀਸ਼ ਨਾਲ ਦਰਈਸਸ ਇਨ ਮਹਾਂਰਾਸ਼ਟਰ' ਦੇ ਅੰਕੜੇ ਵੀ ਬੇਹੱਦ ਹੈਰਾਨ ਕੁੰਨ ਹਨ। ਇਸ ਦੇ ਮੁਤਾਬਕ ਕੁਪੋਸ਼ਣ ਦੇ ਕਾਰਨ ਰਾਜ 'ਚ ਹਰ ਸਾਲ 45 ਹਜ਼ਾਰ ਬੱਚੇ ਮਰਦੇ ਹਨ। ਜਦ ਕਿ ਬਾਲੇ ਕਲਿਆਣ ਲਈ ਮਿਡ-ਡੇ ਮੀਲ ਤੇ ਆਈ ਸੀ. ਡੀ ਐਸ ਯੋਜਨਾਵਾਂ ਚੱਲਦੀਆ ਹਨ। ਮੇਲਘਾਟ 'ਚ ਬੱਚਿਆਂ ਦੀ ਮੌਤ ਦੇ ਅੰਕੜੇ ਵਧਦੇ ਹੀ ਜਾ ਰਹੇ ਹਨ। ਸੰਨ 1993 'ਚ ਪਹਿਲੀ ਵਾਰੀ ਇਥੇ ਕੁਪੋਸ਼ਣ ਨਾਲ ਮਰਨ ਵਾਲੇ ਬੱਚਿਆਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਉਦੋਂ ਤੋਂ ਹੁਣ ਤਕ 10 ਹਜ਼ਾਰ ਤੋਂ ਵੱਧ ਬੱਚਿਆਂ ਦੀ ਮੌਤ ਹੋ ਚੁਕੀ ਹੈ। ਮੇਲਘਾਟ 'ਚ ਜੇ ਬੀਤੇ 5 ਸਾਲਾਂ 'ਚ ਜੀਰੋ ਤੋਂ 6 ਸਾਲ ਤਕ ਦੇ ਬੱਚਿਆਂ ਦੀ ਮੌਤ ਦਰ ਸਰਕਾਰੀ ਅੰਕੜਿਆਂ 'ਚ ਵੇਖਿਆ ਜਾਏ ਤਾਂ ਸੰਨ 2005-06 'ਚ 504 ਸੰਨ 2006-07 'ਚ 490 2007-08 'ਚ 447, 2008-09 'ਚ 467 ਤੇ ਸੰਨ 2009-10 'ਚ 510 ਤਕ ਆ ਪਹੁੰਚੀ ਬੀਤੇ ਤਿੰਨ ਸਾਲਾ 'ਚ ਇਥੇ ਬੱਚਿਆਂ ਦੀ ਮੌਤ ਦਰ ਲਗਾਤਾਰ ਵਧ ਰਹੀ ਹੈ। ਇਸ ਸਾਲ ਵੀ ਕੁਪੋਸ਼ਣ ਦੇ ਗ੍ਰੇਡ-4 'ਚ 39 ਬੱਚੇ ਪਾਏ ਜੋ ਬੀਤੇ ਸਾਲ ਦੇ ਮੁਕਾਬਲੇ 10 ਜ਼ਿਆਦਾ ਹਨ। ਪਿਛਲੇ 17 ਸਾਲਾਂ ਦੇ ਅੰਕੜੇ ਦਸਦੇ ਹਨ ਕਿ ਕੁਪੋਸ਼ਣ ਦੇ ਕਾਰਣ ਸਲਾਨਾ 700 ਤੋਂ 1000 ਬੱਚੇ ਦਮ ਤੋੜ ਦਿੱਦੇ ਹਨ। ਇਸ ਤਰ੍ਹਾਂ ਰਾਜ ਦੇ ਨੰਦੂਰਬਾਰ ਜਿਲੇ 'ਚ ਪਿਛਲੇ ਸਾਲ 49 ਹਜ਼ਾਰ, ਨਾਸਿਕ 'ਚ ਇਕ ਲੱਖ ਮੇਲਘਾਟ 'ਚ ਚਾਲੀ ਹਜ਼ਾਰ, ਔਰੰਗਾਬਾਦ 'ਚ 61 ਹਜ਼ਾਰ ਤੇ ਮਠਾਵਾੜਾ, 'ਚ 24 ਹਜ਼ਾਰ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋਏ ਹਨ। ਸੂਬਾ ਸਰਕਾਰ ਵਲੋ ਪੈਸੇ ਖਰਚਣ ਦੇ ਬਾਵਜੂਦ ਮੌਤ ਦਾ ਤਾਂਡਵ ਰੁਕਣ ਦੀ ਬਜਾਏ ਹੋਰ ਤੇਜ ਹੁੰਦਾ ਜਾ ਰਿਹਾ ਹੈ ਤੇ ਕੁਪੋਸ਼ਣ ਲਈ ਸ਼ਿਕਾਰ ਬੱਚਿਆ ਦੀ ਗਿਣਤੀ ਵਿੱਚ ਦੁਗਣਾ ਵਾਧਾ ਹੋਣ ਦਾ ਡਰ ਦਰਸਾਇਆ ਜਾ ਰਿਹਾ ਹੈ।

**ਐਨ ਜੀ ਓ ਵੀ ਜਿੰਮੇਵਾਰ ਕਿਵੇਂ?**

ਵਿਦਰਭ ਜਨ ਅੰਦਲੋਨ ਸੰਮਤੀ ਦੇ ਪ੍ਰਧਾਨ ਕਿਸ਼ੋਰ ਤਿਵਾੜੀ ਅਨੁਸਾਰ "ਸਭ ਤੋਂ ਵੱਡੀ ਵਜਾਹ ਹੈ ਸੂਬਾ ਸਰਕਾਰ ਤੇ ਉਥੇ ਕੰਮ ਕਰਦੀਆਂ ਸਵੈ ਸੇਵੀ ਸੰਸਥਾਵਾਂ। ਸਰਕਾਰ ਯੋਜਨਾਵਾਂ ਬਣਾ ਕੇ ਉਹਨਾਂ ਨੂੰ ਲਾਗੂ ਕਰਨ ਲਈ ਜਰੂਰੀ ਪੈਸਾ ਮੁਹਈਆਂ

ਕਰਵਾ ਕੇ ਆਪਣੇ ਫਰਜ ਦੀ ਕਾਰਵਾਈ ਪਾ ਲੈਂਦੀਆਂ ਹਨ ਅਤੇ ਐਨ ਜੀਓ ਵੱਧ ਪੈਸੇ ਹਾਸਲ ਕਰਨ ਦੇ ਲਾਲਚ ਵਿਚ ਠੀਕ ਤਰ੍ਹਾਂ ਖਰਚ ਨਹੀਂ ਕਰਦੀਆਂ ਤਾਂ ਕਿ ਇਥੇ ਕੁਪੋਸ਼ਣ ਬਣਿਆ ਰਹੇ ਤੇ ਉਨ੍ਹਾਂ ਨੂੰ ਪੈਸੇ ਆਉਂਦੇ ਰਹਿਣ। ਪਿਛਲੇ 20 ਸਾਲਾਂ 'ਚ ਸਰਕਾਰ ਐਨ ਜੀ ਓ ਰਾਹੀਂ ਅਰਬਾਂ ਰੁਪਏ ਖਰਚ ਕਰ ਚੁਕੀ ਹੈ ਪਰ ਮੌਤ ਦਾ ਅੰਕੜਾ ਸਾਲ-ਦਰ-ਸਾਲ ਵਧਦਾ ਜਾ ਰਿਹਾ ਹੈ। 24 ਹਜ਼ਾਰ ਬੱਚਿਆਂ ਦੀ ਮੌਤ ਦਾ ਅੰਕੜਾ ਤਾਂ ਸਰਕਾਰੀ ਹੈ। ਸਚਾਈ ਕੁਝ ਹੋਰ ਹੀ ਹੈ ਕਿਉਂਕਿ ਸਰਕਾਰੀ ਅੰਕੜੇ ਕਾਫੀ ਘੱਟ ਕਰਕੇ ਵਿਖਾਏ ਜਾਂਦੇ ਹਨ। ਇਸ ਤੋਂ ਇਲਾਵਾ ਕੁਪੋਸ਼ਣ ਕਾਰਨ ਮਾਂ ਦੇ ਪੇਟ 'ਚ ਬੱਚਿਆਂ ਦੀ ਮੌਤ ਦਰ ਸ਼ਾਮਲ ਨਹੀਂ ਹੈ। ਸਰਕਾਰ ਜਿਸ ਪਾਰਟੀ ਦੀ ਮਰਜ਼ੀ ਹੋਵੇ ਸਭ ਇਹ ਕੰਮ ਕਰਦੀਆਂ ਹਨ। ਮਹਾਂ ਰਾਸ਼ਟਰ ਦੇ ਜ਼ਿਆਦਾਤਰ ਨਵੇਂ ਕਰੋੜ ਪਤੀਆਂ ਵਿਚ ਇਥੇ ਕੰਮ ਕਰਨ ਵਾਲੇ ਐਨ ਜੀ, ਓ ਰਾਜਸੀ ਨੇਤਾਵਾਂ ਦੇ ਰਿਸ਼ਤੇਦਾਰ ਵੀ ਹਨ। ਉਹ ਸਰਕਾਰੀ ਪੈਸੇ ਨਾਲ ਵਿਦੇਸ਼ੀ ਦੌਰ ਉਤੇ ਕਰਕੇ ਤੇ ਉਥੇ ਜਾਕੇ ਗਰੀਬ ਭੁਖਾਮਰੀ ਤੇ ਕੁਪੋਸ਼ਣ ਸੰਬੰਧੀ ਲੰਬੇ ਭਾਸ਼ਣ ਦਿੰਦੇ ਹਨ, ਵਿਦੇਸ਼ਾਂ 'ਚ ਭਾਰਤ ਦੀ ਗਰੀਬੀ ਨੂੰ ਦੇਖਦੇ ਹਨ ਅਤੇ ਅਖਬਾਂਰਾਂ ਦੀਆਂ ਰੰਗੀਨ ਕਾਤਰਾਂ ਵਿਖਾਕੇ ਕਰੋੜਾਂ ਦੇ ਵਾਰੇ-ਨਿਆਰੇ ਕਰਦੇ ਹਨ ਇਸ ਕੰਮ 'ਚ ਸੂਬੇ ਦੇ ਕਈ ਆਲ੍ਹ ਨੇਤਾ ਤੇ ਉਹਨਾਂ ਤੇ ਰਿਸ਼ਤੇਦਾਰ ਵੀ ਲੱਗੇ ਹੋਏ। ਸਾਬਕਾ ਮੁਖ ਮੰਤਰੀ ਅਸ਼ੋਕ ਚੌਹਾਨ ਦੀ ਕੰਪਨੀ ਤੇ ਭਾਜਪਾ ਦੇ ਸਾਂਸਦ ਗੋਪੀਨਾਥ ਮੁੰਡੇ ਦੇ ਰਿਸ਼ਤੇਦਾਰ ਇਸ ਖੇਤਰ 'ਚ ਅਨਾਜ, ਖੁਰਾਕੀ ਪਦਾਰਥਾਂ, ਦਵਾਈ ਆਦਿ ਦੀ ਸਪਲਾਈ ਕਰਦੇ ਹਨ। ਕੁਪੋਸ਼ਨ ਦਾ ਕਾਰਨ ਦੋ ਵਕਤ ਦੀ ਰੋਟੀ ਤੇ ਦਵਾਈ ਦਾ ਇੰਤਜਾਮ ਨਾ ਹੋਣਾ ਹੈ। ਜੋ ਭੋਜਨ ਮਾਂ ਤੇ ਬੱਚਿਆਂ ਨੂੰ ਕੁਪੋਸ਼ਣ ਤੋਂ ਬਚਾਉਣ ਲਈ ਦਿੱਤਾ ਜਾਂਦਾ ਹੈ, ਉਸ ਨੂੰ ਪਸ਼ੂ ਵੀ ਖਾਣਾ ਪਸੰਦ ਨਹੀਂ ਕਰਦੇ। ਖਿਚੜੀ ਲਈ ਚਾਵਲ ਸਪਲਾਈ ਹੁੰਦਾ ਹੈ ਤਾਂ ਲਕੜੀ ਗਾਇਬ ਜਾਂ ਫਿਰ ਲਕੜੀ ਮਿਲਦੀ ਹੈ ਤਾਂ ਦਾਇਲ ਗਾਇਬ। ਅਧਿਆਪਕਾਂ ਨੂੰ ਤਨਖਾਹ ਛੇ-ਛੇ ਮਹੀਨੇ ਤਕ ਨਹੀਂ ਮਿਲਦੀ। ਅਜੇਹੇ 'ਚ ਉਹ ਪੇਟ ਪਾਲਣ ਦਾ ਕੀ ਇੰਤਜਾਮ ਕਰਨ ਜੇ ਕੁਪੋਸ਼ਣ ਹਟਾਉਣਾ ਹੈ ਤਾਂ ਸਰਕਾਰ ਐਨ-ਜੀ ਓ ਨੂੰ ਭਜਾ ਦੇਵੇ ਤੇ ਕੰਮ ਆਪ ਕਰਵਾਏ ਜਾਂ ਫਿਰ ਗਰੀਬ ਲੋਕਾਂ ਤੇ ਆਦੀ ਵਾਸੀਆਂ ਨੂੰ ਅੰਨ ਸੁਰਖਿਆ ਯੋਜਨਾ ਤਹਿਤ ਲਿਆਵੇ। ਕੌਮੀ ਪੇਂਡੂ ਸਿਹਤ ਮਿਸ਼ਨ NRHM ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਮਾਂ ਬੱਚਾ ਕਲਿਆਣ ਯੋਜਨਾ, ਮਿਡ-ਡੇ-ਮੀਲ ਅੰਤੋਦਿਆ ਆਦਿ ਦਾ ਸਹੀ ਤਰੀਕੇ ਨਾਲ ਸੰਚਾਲਨ ਹੋਵੇ ਤਾਂ ਹਾਲਤ ਬਦਲ ਸਕਦੀ ਹੈ। ਬੱਚੇ ਛੋਲੇ, ਮੂੰਗਫਲੀ, ਮੋਠ ਆਦਿ ਚਾਅ ਨਾਲ ਖਾਂਦੇ ਹਨ। ਜੇ ਉਨ੍ਹਾਂ ਨੂੰ ਛੋਲੇ ਤੇ ਗੁੜ ਜਾਂ ਮੂੰਗਫਲੀ ਖਾਣ ਦਿਤੀ ਜਾਵੇ ਤਾਂ ਉਹ ਜਰੂਰ ਖਾਣਗੇ। ਇਸ ਨਾਲ ਕੁਪੋਸ਼ਣ ਘਟੇਗਾ।"

# ਕੀ ਤਪਦਿਕ ਗੁਰਦਿਆਂ ਦੀ ਵੀ ਹੋ ਸਕਦੀ ਹੈ?

ਭਾਵੇਂ ਦਵਾਈ ਨਾਲ ਤਪਦਿਕ ਦਾ ਇਲਾਜ ਸੌ-ਪ੍ਰਤੀਸ਼ਤ ਸੰਭਵ ਹੈ ਪਰ ਫਿਰ ਵੀ ਇਨਫ਼ੈਕਸ਼ਨ ਗੁਰਦਿਆਂ ਨੂੰ ਆਪਣਾ ਸ਼ਿਕਾਰ ਬਣਾ ਕੇ ਮਰੀਜ਼ਾਂ ਦੀ ਜਾਨ ਨੂੰ ਖਤਰਾ ਖੜ੍ਹਾ ਕਰ ਸਕਦੀ ਹੈ। ਜੋ ਬੀਮਾਰੀ ਦਾ ਸਮੇਂ ਸਿਰ ਪਤਾ ਨਾ ਲੱਗੇ ਤੇ ਮਰੀਜ਼ ਦਾ ਇਲਾਜ ਢੰਗ ਸਿਰ ਨਾ ਹੋਵੇ ਤਾਂ ਗੁਰਦੇ ਬਹੁਤ ਹੀ ਥੋੜੇ ਸਮੇਂ ਵਿਚ ਤਬਾਹ ਹੋ ਜਾਂਦੇ ਹਨ। ਇਲਾਜ ਲੰਬਾ ਤੇ ਮਹਿੰਗਾ ਹੋਣ ਕਰਕੇ ਮਰੀਜ਼ਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦਾ ਹੈ। ਅਧੂਰਾ ਇਲਾਜ ਵੀ ਇਕ ਵੱਡਾ ਕਾਰਨ ਹੈ ਕਿ ਟੀ.ਬੀ ਦੇ ਵਿਸ਼ਾਣੂੰ ਦਵਾਈ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਹਨ ਤੇ ਹੱਠੀ ਹੋ ਜਾਂਦੇ ਹਨ। ਗੁਰਦਿਆਂ ਦੀ ਤਪਦਿਕ ’ਚ ਬਹੁਤੇ ਮਰੀਜ਼ਾਂ ਨੂੰ ਇਹ ਇਨਫ਼ੈਕਸ਼ਨ ਕਈ ਵਰ੍ਹੇ ਪਹਿਲਾਂ ਹੋਈ ਹੁੰਦੀ ਹੈ। ਪਰ ਅਲਾਮਤਾਂ ਲੇਟ ਜਾਹਰ ਹੁੰਦੀਆਂ ਹਨ। ਫੇਫੜਿਆਂ ਦੀ ਤਪਦਿਕ ਇਕ ਜਾਂ ਕਈ ਵਾਰ ਦੋਨੋਂ ਗੁਰਦਿਆਂ ਤਕ ਪਹੁੰਚ ਕੇ ਆਪਣਾ ਅਸਰ ਵਿਖਾਉਂਦੀ ਹੈ। ਗੁਰਦਿਆਂ ਦੀ ਇਨਫ਼ੈਕਸ਼ਨ ਦਾ ਪਤਾ ਉਨੀ ਦੇਰ ਤਕ ਨਹੀਂ ਲਗਦਾ ਜਿੰਨੀ ਦੇਰ ਤਾਂ ਪੇਸ਼ਾਬ ਦੇ ਬਲੈਡਰ ਅੰਦਰ ਇਸ ਕਾਰਨ ਗੜਬੜ ਨਹੀਂ ਹੋ ਜਾਂਦੀ। ਫੇਫੜਿਆਂ ਜਾਂ ਟੌਂਸਿਲਾਂ ਤੋਂ ਇਨਫੈਕਸ਼ਨ ਮਰੀਜ਼ਾਂ ਦੀ 3 ਤੋਂ 4 ਫੀ ਸਦੀ ਨੂੰ ਗੁਰਦਿਆਂ ਦੀ ਤਪਦਿਕ ਹੋਈ ਹੁੰਦੀ ਹੈ। ਇਹ ਇਨਫ਼ੈਕਸ਼ਨ 20 ਤੋਂ 40 ਸਾਲਾਂ ਦੀ ਉਮਰ ਵਿਚ ਹੁੰਦੀ ਹੈ। ਗੁਰਦਿਆਂ ਦੀ ਇਨਫ਼ੈਕਸ਼ਨ ਜਾਂ ਤਾਂ ਸਾਰੇ ਸਰੀਰ ਅੰਦਰ ਫੈਲੀ ਤਪਦਿਕ ਦਾ ਇਕ ਹਿੱਸਾ ਹੁੰਦੀ ਹੈ ਜਾਂ ਫਿਰ ਇਹ ਇੱਕਲੀ ਕਹਿਰੀ ਹੀ ਦੋਨੋਂ ਜਾਂ ਕਿਸੇ ਇਕ ਗੁਰਦੇ ਨੂੰ ਪ੍ਰਭਾਵਿਤ ਕਰਦੀ ਹੈ। ਗੁਰਦਿਆਂ ਦੀ ਤਪਦਿਕ ਸਿੱਧੀ ਕਦੀ ਵੀ ਨਹੀਂ ਹੁੰਦੀ, ਇਹ ਆਉਂਦੀ ਸਰੀਰ ਦੇ ਕਿਸੇ ਇਕ ਜਾਂ ਦੂਜੇ ਹਿੱਸੇ ਤੋਂ ਹੀ ਹੈ। ਤਪਦਿਕ ਜੇ ਤੇਜ ਅਤੇ ਵਿਆਪਕ ਹੋਵੇ ਤਾਂ ਮਰੀਜ਼ ਦੀ ਮੌਤ ਲਗਭਗ ਯਕੀਨੀ ਹੁੰਦੀ ਹੈ ਪਰ ਬੀਮਾਰੀ ਦਾ ਹੱਲਾ ਜੇ ਤੇਜ ਤੇ ਵਿਆਪਕ ਹੋਵੇ ਤਾਂ ਮਰੀਜ਼ ਦੀ ਮੌਤ ਹੋ ਜਾਂਦੀ ਹੈ ਪਰ ਜੇ ਪ੍ਰਕੋਪ ਮੱਠਾ ਤੇ ਘੱਟ ਹੋਵੇ ਤਾਂ ਗੁਰਦਿਆਂ ਅੰਦਰ ਹੌਲੀ-ਹੌਲੀ ਪਾਕ ਬਣ ਜਾਂਦੀ ਹੈ। ਸੁਰਾਖ਼ ਹੋ ਜਾਂਦੇ ਹਨ, ਜ਼ਖਮ ਗਹਿਰੇ ਹੁੰਦੇ ਜਾਂਦੇ ਹਨ, ਪੇਸ਼ਾਬ ’ਚ ਤਪਦਿਕ ਦੇ ਜਰਾਸੀਮ ਵਧਣ ਫੁਲਣ ਲਗਦੇ ਹਨ। ਤਪਦਿਕ ਗੁਰਦਿਆਂ ’ਤੇ ਮਾਰ ਕਰਦੀ ਹੋਈ ਅਨੇਕਾਂ ਆਲੇ-ਦੁਆਲੇ ਨੂੰ ਵੀ ਗ੍ਰਸਤ ਕਰਦੀ ਹੈ। ਗੁਰਦਿਆਂ ਅੰਦਰ ਕੈਲਸੀਫੀਕੇਸ਼ਨ ਵੀ ਹੋ ਸਕਦੀ ਹੈ।

ਅਲਾਮਤਾਂ:- ਪੇਸ਼ਾਬ ਵਾਰ-ਵਾਰ ਆਉਂਦਾ ਹੈ, ਦਰਦ ਹੁੰਦਾ ਹੈ, ਸਰੀਰਕ ਵਜਨ ਘੱਟ ਜਾਂਦਾ ਹੈ, ਪੇਸ਼ਾਬ ’ਚ ਪਾਕ ਆਉਣ ਕਰਕੇ ਉਹ ਪੀਲਾ ਭੂਕ ਨਜ਼ਰ ਆਉਣ ਲਗਦਾ ਹੈ, ਗੁਰਦਿਆਂ ਦਾ ਸਾਈਜ਼ ਵੱਡਾ ਹੋ ਜਾਂਦਾ ਹੈ ਤੇ ਪੇਟ ਟੋਹ ਕੇ ਪਤਾ ਲਾਇਆ ਜਾ ਸਕਦਾ। ਪੇਸ਼ਾਬ ’ਚ ਖ਼ੂਨ ਆ ਸਕਦਾ ਹੈ। ਗੁਰਦੇ ਉਦੋਂ ਵਧਦੇ ਹਨ ਜਦੋਂ ਬੀਮਾਰੀ ਅਗਲੇ ਪੜਾਅ ’ਤੇ ਪਹੁੰਚ ਚੁੱਕੀ ਹੁੰਦੀ ਹੈ। ਗੁਪਤ ਅੰਗ ਵੀ ਪ੍ਰਭਾਵਿਤ ਹੋ ਜਾਂਦੇ ਹਨ। ਮਰਦਾਂ ਦੇ ਵੀਰਜ਼ ’ਚ ਖ਼ੂਨ ਆਉਣ ਲੱਗਦਾ ਹੈ। ਔਰਤਾਂ ’ਚ ਲਕੋਰੀਆ ਜਾਂ ਮਹਾਂਵਾਰੀ ਬੰਦ ਹੋਣ ਵਰਗੀਆਂ ਅਲਾਮਤਾਂ ਆ ਘੇਰਦੀਆਂ ਹਨ। ਇਸ ਬੀਮਾਰੀ ਦਾ ਇਲਾਜ ਦਵਾਈ ਰਾਹੀਂ ਹੁੰਦਾ ਹੈ। ਖ਼ੁਰਾਕ, ਨਰਸਿੰਗ ਕੇਅਰ ਤੇ ਆਰਾਮ ਦਾ ਮਹੱਤਵ

ਦੂਜੇ ਦਰਜੇ ’ਤੇ ਆਉਂਦਾ ਹੈ। ਦਵਾਈ ਘਟੋ-ਘੱਟ ਚਾਰ ਜਾਂ ਪੰਜ ਹੋਣ ਤੇ ਸਹੀ ਮਾਤਰਾ ’ਚ ਘੱਟੋ-ਘੱਟ 6 ਮਹੀਨੇ ਤੇ ਵੱਧ ਤੋਂ ਵੱਧ ਇਕ ਸਾਲ ਬਿਨਾਂ ਨਾਗਾ ਦਿਤੀਆਂ ਜਾਣ। ਬੀਮਾਰੀ ਦਾ ਕੋਰਸ ਬੀਮਾਰੀ ਦੀਆਂ ਉਲਝਣਾਂ ਤੇ ਨਿਰਭਰ ਕਰਦਾ ਹੈ। ਟੀਕੇ ਘਟੋ-ਘੱਟ ਦੋ ਮਹੀਨੇ ਲਾਏ ਜਾਣ। ਜਿਥੇ ਪਾਕ ਹੋਵੇ ਉਹ ਅਪ੍ਰੇਸ਼ਨ ਰਾਹੀਂ ਕੱਢ ਦਿੱਤੀ ਜਾਵੇ। ਕਈ ਵਾਰ ਗੁਰਦਾ ਵੀ ਕੱਢਣਾ ਪੈ ਸਕਦਾ ਹੈ। ਇਸ ਬੀਮਾਰੀ ’ਚ ਗੁਰਦੇ ਗਲ ਸੜ ਵੀ ਸਕਦੇ ਹਨ। ਪਾਕ ਗੁਰਦਿਆਂ ਤੋਂ ਬਾਹਰਲੇ ਹਿਸਿਆਂ ’ਚ ਪਹੁੰਚ ਸਕਦੀ ਹੈ। ਗੁਰਦੇ ਫੇਲ੍ਹ ਹੋ ਜਾਣ ਤਾਂ ਬੀਮਾਰੀ ਘਾਤਕ ਹੋ ਜਾਂਦੀ ਹੈ।

# ਹੱਡੀਆਂ ਤੇ ਜੋੜਾਂ ਦੀ ਤਪਦਿਕ ਕਿਵੇਂ ਹੁੰਦੀ ਹੈ?

ਹੱਡੀਆਂ ਤੇ ਜੋੜਾਂ ਦੀ ਤਪਦਿਕ ਦੇ 80 ਫੀ ਸਦੀ ਮਰੀਜ਼ ਰੀੜ੍ਹ ਦੀ ਹੱਡੀ ਦੇ ਤਪਦਿਕ ਦੇ ਹੁੰਦੇ ਹਨ। ਤਪਦਿਕ ਦੀ ਬੀਮਾਰੀ ਮੁੱਖ ਤੌਰ 'ਤੇ ਢੂਹੀ, ਕੁੱਲੇ, ਗੋਡੇ, ਪੈਰ, ਕੂਹਣੀ, ਗੁੱਟ, ਮੋਢੇ ਜਾਂ ਪੱਸਲੀਆਂ ਆਦਿ ਨੂੰ ਅਸਰ ਅੰਦਾਜ ਕਰਦੀ ਹੈ। ਹੱਡੀਆਂ ਦੀ ਤਪਦਿਕ ਆਮ ਤੌਰ 'ਤੇ ਅਸਿੱਧੇ ਰੂਪ 'ਚ ਹੁੰਦੀ ਹੈ ਜਾਂ ਹੋਰ ਕਿਸੇ ਨੇੜਲੇ ਅੰਗ ਤੋਂ ਜਾਂ ਫਿਰ ਫੇਫੜਿਆਂ ਤੋਂ। ਖ਼ੂਨ ਦਾ ਵਹਾਅ ਇਸ ਦਾ ਮੁੱਖ ਰਸਤਾ ਹੈ। ਇਸ ਤਪਦਿਕ ਦੀ ਵਜਾਹ ਵੀ ਟੂਬਰਕ ਬੈਸੀਲਸ ਜੀਵਾਣੂੰ ਬੈਕਟੀਰੀਆ ਹੁੰਦਾ ਹੈ। ਹੱਡੀਆਂ ਦੀ ਤਪਦਿਕ ਨੂੰ ਸਰੀਰ ਦੇ ਸਾਰੇ ਸਰੀਰ ਦੀ ਬੀਮਾਰੀ ਸਮਝ ਕੇ ਹੀ ਇਲਾਜ ਕੀਤਾ ਜਾਂਦਾ ਹੈ। ਭੁਖਮਰੀ, ਗਰੀਬੀ, ਸਫਾਈ ਦੀ ਘਾਟ, ਉਪਰੋਥਲੀ ਬੱਚੇ ਪੈਦਾ ਹੋਣੇ, ਸ਼ੂਗਰ ਦੀ ਬੀਮਾਰੀ, ਨਸ਼ੇ, ਏਡਜ਼, ਸਰੀਰਕ ਕੰਮਜ਼ੋਰੀ ਆਦਿ ਤਪਦਿਕ ਨੂੰ ਸੱਦਾ ਦਿੰਦੇ ਹਨ। ਸੱਟ ਵੱਜਣ ਨਾਲ ਅੰਦਰ ਸੁਸਤ ਪਈ ਤਪਦਿਕ ਸਰਗਰਮ ਹੋ ਜਾਂਦੀ ਹੈ। ਤਪਦਿਕ ਦੇ ਕੀਟਾਣੂ ਹੱਡੀ ਅੰਦਰ ਪਸ ਬਣਾ ਕੇ ਬਾਹਰ ਚਮੜੀ ਰਾਹੀਂ ਜ਼ਖਮ ਬਣਾ ਕੇ ਫੁੱਟ ਸਕਦੇ ਹਨ। ਇਸ ਨੂੰ ਠੰਡੀ ਪਾਕ (Cold Abscess) ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਤਪਦਿਕ ਨਾਲ ਜੋੜਾਂ ਵਾਲੀ ਥਾਂ ਤੋਂ ਹੱਡੀ ਭਰ ਜਾਂਦੀ ਹੈ ਅਤੇ ਜੋੜ ਟੇਡੇ-ਮੇਡੇ ਹੋ ਜਾਂਦੇ ਹਨ। ਹੱਡੀਆਂ ਦੀ ਤਪਦਿਕ ਕਈ ਕਿਸਮ ਦੀ ਹੁੰਦੀ ਹੈ। ਇਹ ਬੀਮਾਰੀ ਕਿਸੇ ਵੀ ਉਮਰ ਦੇ ਬੰਦੇ ਨੂੰ ਆਪਣਾ ਸ਼ਿਕਾਰ ਬਣਾ ਸਕਦੀ ਹੈ। ਹਲਕਾ ਬੁਖਾਰ ਰਹਿਣਾ, ਭਾਰ ਘਟਣਾ, ਭੁੱਖ ਮਰਨੀ, ਰਾਤ ਨੂੰ ਤਰੇਲੀਆਂ ਆਉਣੀਆਂ, ਦਿਲ ਦੀ ਧੜਕਣ ਤੇਜ ਹੋਣੀ, ਥਕਾਵਟ, ਖ਼ੂਨ ਦੀ ਘਾਟ ਆਦਿ ਮੁੱਖ ਆਮ ਅਲਾਮਤਾਂ ਤਪਦਿਕ ਵੱਲ ਇਸ਼ਾਰਾ ਕਰਦੀਆਂ ਹਨ। ਇਸ ਤੋਂ ਇਲਾਵਾ ਹੱਡੀਆਂ ਵਿਚ ਦਰਦਾਂ, ਰਾਤ ਨੂੰ ਚੀਸਾਂ, ਜੋੜਾਂ ਦੀਆਂ ਹਰਕਤਾਂ 'ਚ ਰੁਕਾਵਟ ਪੈਣੀ ਤੇ ਦਰਦ ਹੋਣਾ, ਮਾਸਪੇਸ਼ੀਆਂ ਦਾ ਸੁੱਕਣਾ ਤੇ ਨੇੜੇ ਦੇ ਹਿਸਿਆਂ 'ਚ ਗਿਲਟੀਆਂ ਬਣਨੀਆਂ ਹੋਰ ਅਲਾਮਤਾਂ ਵੀ ਹੱਡੀਆਂ ਦੀ ਤਪਦਿਕ ਦਾ ਇਜਹਾਰ ਹੁੰਦੀਆਂ ਹਨ। ਜੋੜਾਂ ਦੀ ਤਪਦਿਕ ਨਾਲ ਜੋੜਾਂ ਦੀ ਝਿੱਲੀ ਵਿਚ ਸੋਜ਼ ਆ ਜਾਂਦੀ ਹੈ ਤੇ ਜੋੜਾਂ ਅੰਦਰ ਪਾਣੀ ਵੀ ਭਰ ਸਕਦਾ ਹੈ। ਝਿੱਲੀ ਤੋਂ ਤਪਦਿਕ ਹੱਡੀ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੰਦਾ ਹੈ ਜਿਸ ਦੇ ਟੁੱਟੇ ਹਿੱਸੇ ਜੋੜ ਅੰਦਰਲੇ ਪਾਣੀ 'ਚ ਤੈਰਨ ਲਗਦੇ ਹਨ।

ਪਹਿਚਾਣ:- ਸਬੰਧਤ ਹੱਡੀ ਜਾਂ ਜੋੜ ਦਾ ਐਕਸਰੇ ਕੀਤਾ ਜਾਂਦਾ ਹੈ। ਸਥਾਨਕ ਹੱਡੀ ਭਰ ਕੇ ਜਾਂ ਖੁਰ ਕੇ ਖੁਰਦਰੀ ਹੋਈ ਹੁੰਦੀ ਹੈ। ਜੋੜ ਅੰਦਰਲੇ ਹੱਡੀਆਂ ਦੇ ਕਿਨਾਰੇ ਟੇਡੇ-ਮੇਡੇ ਹੋ ਜਾਂਦੇ ਹਨ। ਜੋੜਾਂ ਵਿਚ ਸੋਜ਼ ਆ ਕੇ ਪੱਠੇ ਵੀ ਸੁੱਜ ਸਕਦੇ ਹਨ। ਜਿਵੇਂ ਤਪਦਿਕ ਦੀ ਸਟੇਜ ਵਧਦੀ ਜਾਂਦੀ ਹੈ ਜੋੜਾਂ ਅੰਦਰਲਾ ਵਿਗਾੜ ਵਧਦਾ ਜਾਂਦਾ ਹੈ। ਇਉਂ ਲਗਦਾ ਹੈ ਜਿਵੇਂ ਜੋੜ ਅੰਦਰੋਂ ਨਿਕਲ ਹੀ ਗਿਆ ਹੋਵੇ। ਹੱਡੀ ਤੇ ਜੋੜ ਦੀ ਖ਼ੂਨ ਦੀ ਸਪਲਾਈ 'ਤੇ ਵੀ ਤਪਦਿਕ ਕਾਰਨ ਮਾੜਾ ਅਸਰ ਪੈਂਦਾ ਹੈ। ਖ਼ੂਨ ਅੰਦਰ ਈ.ਐਸ.ਆਰ ਵੱਧ ਜਾਂਦਾ ਹੈ। ਟੁਬਰਕਲਿਨ ਟੈਸਟ ਵੀ ਕੀਤਾ ਜਾਂਦਾ ਹੈ। ਜੇ ਨਾ ਪਤਾ ਲੱਗੇ ਤਾਂ ਜੋੜ ਅੰਦਰੋਂ ਮਾਸ ਦਾ ਟੁਕੜਾ ਜਾਂ ਹੱਡੀ ਗੰਢ ਕੱਢ ਕੇ ਟੈਸਟ ਕੀਤੀ ਜਾਂਦੀ ਹੈ।

ਇਲਾਜਃ- ਅਧੁਨਿਕ ਦਵਾਈਆਂ ਨਾਲ ਤਪਦਿਕ ਦੇ ਇਲਾਜ ਵਿਚ ਲਗਭਗ ਇਨਕਲਾਬ ਹੀ ਆ ਗਿਆ ਹੈ। ਜੇ ਇਲਾਜ ਲੇਟ ਸ਼ੁਰੂ ਹੋਵੇ ਤਾਂ ਜੋੜਾਂ 'ਚ ਵਿਗਾੜ ਬਾਕੀ ਬਚਣ ਦੇ ਆਸਾਰ ਹੁੰਦੇ ਹਨ ਨਹੀਂ ਤਾਂ ਸਮੇਂ ਸਿਰ ਕੀਤਾ ਇਲਾਜ ਮਰੀਜ਼ ਨੂੰ ਫੇਰ ਆਮ ਵਰਗਾ ਕਰ ਦਿੰਦਾ ਹੈ, ਦਵਾਈਆਂ ਦਾ ਇਲਾਜ 6 ਤੋਂ 8 ਮਹੀਨੇ ਤਕ ਦਾ ਹੁੰਦਾ ਹੈ। ਦਵਾਈ ਸਹੀ ਮਾਤਰਾ 'ਚ, ਸਹੀ ਸਮੇਂ, ਬਿਨ੍ਹਾਂ ਨਾਗਾ ਤਪਦਿਕ ਦੇ ਮਾਹਰ ਡਾਕਟਰ ਦੀ ਰਾਇ ਨਾਲ ਲੈਣੀ ਚਾਹੀਦੀ ਹੈ। ਸਰਕਾਰੀ ਹਸਪਤਾਲਾਂ 'ਚੋਂ ਇਹ ਦਵਾਈ ਡਾਟ (DOT) ਪ੍ਰਣਾਲੀ ਅਧੀਨ ਮੁਫ਼ਤ ਮਿਲਦੀ ਹੈ। ਜੋ ਹੱਡੀ-ਜੋੜ ਤਪਦਿਕ ਦੀ ਮਾਰ ਹੇਠ ਆਇਆ ਹੋਵੇ, ਉਸ ਨੂੰ ਆਰਾਮ ਮਿਲਣਾ ਚਾਹੀਦਾ ਹੈ। ਇਲਾਜ ਦੇ ਛੇ ਮਹੀਨਿਆਂ ਪਿਛੋਂ ਹੀ ਮਰੀਜ਼ ਨੂੰ ਚੱਲਣ ਫਿਰਨ ਦੀ ਇਜਾਜ਼ਤ ਦਿਤੀ ਜਾਣੀ ਚਾਹੀਦੀ ਹੈ। ਪਾਕ ਜਿਥੇ ਕਿਤੇ ਵੀ ਹੋਵੇ ਸੂਈ-ਸਰਿੰਜ਼ ਨਾਲ ਖਿੱਚ ਕੇ ਕੱਢ ਦੇਣੀ ਚਾਹੀਦੀ ਹੈ ਤੇ ਉਸ ਦੀ ਥਾਂ ਦਵਾਈ ਦਾ ਟੀਕਾ ਲਾਇਆ ਜਾਂਦਾ ਹੈ। ਜੇ ਪਾਕ ਸੂਈ-ਸਰਿੰਜ ਨਾਲ ਨਾ ਨਿਕਲੇ ਤਾਂ ਉਸ ਥਾਂ 'ਤੇ ਚੀਰਾ ਦੇ ਕੇ ਪਾਕ ਕੱਢਣੀ ਜ਼ਰੂਰੀ ਸਮਝੀ ਜਾਂਦੀ ਹੈ। ਜੋੜਾਂ ਅੰਦਰਲੀ ਟੀ.ਬੀ. ਦੀ ਬੀਮਾਰੀ ਦਾ ਪਾਣੀ ਵੀ ਕੱਢ ਹੀ ਦੇਣਾ ਚਾਹੀਦਾ ਹੈ। ਰੀੜ੍ਹ ਦੀ ਹੱਡੀ ਨੇੜੇ ਪਈ ਪਾਕ ਬੜੀ ਹੀ ਸਾਵਧਾਨੀ ਨਾਲ ਕਿਸੇ ਮਾਹਰ ਡਾਕਟਰ ਤੋਂ ਕਢਵਾਉਣੀ ਚਾਹੀਦੀ ਹੈ। ਹੱਡੀਆਂ ਦੀ ਬੀਮਾਰੀ (ਤਪਦਿਕ) ਵਿਚ ਸਰਜਰੀ (ਅਪ੍ਰੇਸ਼ਨ) ਦਾ ਵੀ ਅਹਿਮ ਰੋਲ ਹੈ ਪਰ ਇੱਕਲਾ ਅਪ੍ਰੇਸ਼ਨ ਕੁਝ ਨਹੀਂ ਕਰਦਾ ਜਦ ਤਕ ਟੀ. ਬੀ ਦੀ ਦਵਾਈ ਦਾ ਸਹੀ ਕੋਰਸ ਪੂਰੀ ਤਰ੍ਹਾਂ ਨਹੀਂ ਕੀਤਾ ਜਾਂਦਾ। ਹੇਠ ਲਿਖੇ ਅਪ੍ਰੇਸ਼ਨ ਕੀਤੇ ਜਾਂਦੇ ਹਨਃ-

1. ਪ੍ਰਭਾਵਿਤ ਹੱਡੀ ਦਾ ਇਕ ਹਿੱਸਾ ਕੱਟ ਕੇ ਕੱਢਿਆ ਜਾਂਦਾ ਹੈ ਤਾਂ ਕਿ ਨੇੜਲੇ ਜੋੜ ਨੂੰ ਇਹ ਪ੍ਰਭਾਵਿਤ ਨਾ ਕਰ ਸਕੇ। ਕਈ ਵਾਰੀ ਸਾਰੀ ਦੀ ਸਾਰੀ ਹੱਡੀ ਨੂੰ ਕੁਰਬਾਨ ਕਰਨਾ ਪੈਂਦਾ ਹੈ। ਪੱਸਲੀਆਂ, ਮੋਢੇ ਦੀਆਂ ਹੱਡੀਆਂ, ਉਂਗਲਾਂ ਦੀਆਂ ਛੋਟੀਆਂ ਹੱਡੀਆਂ ਜੋ ਤਪਦਿਕ ਕਾਰਨ ਗਲ ਸੜ ਗਈਆਂ ਹੋਣ ਕੱਟ ਕੇ ਕੱਢੀਆਂ ਜਾਣੀਆਂ ਚਾਹੀਦੀਆਂ ਹਨ।
2. ਕਈ ਵਾਰ ਜੋੜ ਜੋ ਬਹੁਤ ਖਰਾਬ ਹੋ ਗਏ ਹੋਣ ਤਾਂ ਉਹਨਾਂ ਨੂੰ ਜਾਮ ਕਰ ਦਿੱਤਾ ਜਾਂਦਾ ਹੈ ਤਾਂ ਕਿ ਬੀਮਾਰੀ ਅੱਗੇ ਨਾ ਵਧੇ।
3. ਜੋੜਾਂ ਅੰਦਰ ਝਿੱਲੀ ਕੱਟ ਕੇ ਕੱਢ ਦੇਣੀ ਚਾਹੀਦੀ ਹੈ।
4. ਰੀੜ੍ਹ ਦੀ ਹੱਡੀ ਦੇ ਮਣਕੇ ਜੇ ਤੰਤੂ ਪ੍ਰਬੰਧ ਦੀਆਂ ਨਾੜਾਂ ਨੂੰ ਦਬਾ ਰਹੇ ਹੋਣ ਤਾਂ ਉਹਨਾਂ ਤੋਂ ਦਬਾਅ ਘਟਾਉਣ ਜਾਂ ਹਟਾਉਣ ਲਈ ਅਪ੍ਰੇਸ਼ਨ ਕਰਕੇ ਮਣਕਿਆਂ ਦੇ ਕੁੱਝ ਹਿਸੇ ਕੱਟ ਦਿਤੇ ਜਾਂਦੇ ਹਨ। ਅਪ੍ਰੇਸ਼ਨ ਕਰਕੇ ਬੀਮਾਰੀ ਦਾ ਫੋਕਸ ਕੱਢ ਦਿੱਤਾ ਜਾਂਦਾ ਹੈ ਤੇ ਇਸ ਨਾਲ ਸਰੀਰ ਨੂੰ ਰਾਹਤ ਮਿਲਦੀ ਹੈ।

# ਪਿੱਤੇ ਦੀਆਂ ਬੀਮਾਰੀਆਂ ਕਿਹੜੀਆਂ ਤੇ ਕਿਉਂ?

ਪਿੱਤਾ ਜਿਗਰ ਤੋਂ ਤਿਆਰ ਬਾਇਲ ਜੂਸ ਨੂੰ 5 ਤੋਂ 10 ਗੁਣਾ ਗਾੜ੍ਹਾ ਬਣਾਉਂਦਾ ਹੈ ਅਤੇ ਸਟੋਰ ਕਰਦਾ ਹੈ। ਇਸ ਵਿਚੋਂ ਪਾਣੀ ਤੇ ਸਾਲਟ ਪਿੱਤੇ ਦੀ ਝਿੱਲੀ ਚੂਸ ਲੈਂਦੀ ਹੈ। ਪੂਰੇ 24 ਘੰਟਿਆਂ 'ਚ ਲਗਭਗ 1000 ਸੀ.ਸੀ ਬਾਇਲ ਜਿਗਰ 'ਚੋਂ ਪੈਂਦਾ ਹੁੰਦਾ ਹੈ ਜਿਸ ਦਾ ਵੱਡਾ ਹਿੱਸਾ ਗਾਲ ਬਲੈਡਰ (ਪਿੱਤਾ) ਅੰਦਰ ਪੁੱਜਦਾ ਹੈ। ਆਮ ਹਾਲਤਾਂ ਵਿਚ ਪਿੱਤੇ ਤੋਂ ਆਂਤੜੀ ਦੇ ਭਾਗ ਡਿਊਡੀਨਮ ਨੂੰ ਜਾਂਦਾ ਰਸਤਾ ਬੰਦ ਰਹਿੰਦਾ ਹੈ। ਇਹ ਰਾਹ ਉਦੋਂ ਹੀ ਖੁਲ੍ਹਦਾ ਹੈ, ਜਦੋਂ ਖਾਣਾ ਮਿਹਦੇ 'ਚੋਂ ਡਿਊਡੀਨਮ ਅੰਦਰ ਦਾਖਲ ਹੁੰਦਾ ਹੈ। ਪਿਤੇ ਅੰਦਰ ਕਈ ਵਾਰੀ ਇਸੇ ਬਾਇਲ ਜੂਸ ਦੀਆਂ ਪੱਥਰੀਆਂ ਬਣ ਜਾਂਦੀਆਂ ਹਨ। ਜੋ ਕਈ ਵਾਰੀ ਪੇਟ ਦੇ ਐਕਸਰੇ 'ਚ ਨਜ਼ਰੀਂ ਪੈ ਜਾਂਦੀਆਂ ਹਨ। ਕੋਲੀ ਸਿਸਟੋਗ੍ਰਾਫੀ ਇਕ ਅਜਿਹਾ ਫਾਇਦੇਮੰਦ ਟੈਸਟ ਹੈ ਜਿਸ ਨਾਲ ਪਿਤੇ ਦੀਆਂ ਅਨੇਕਾਂ ਬੀਮਾਰੀਆਂ ਦਾ ਪਤਾ ਲਾਇਆ ਜਾ ਸਕਦਾ ਹੈ। ਸ਼ਾਮ ਨੂੰ ਹਲਦੀ ਫੈਟ ਫਰੀ ਖੁਰਾਕ ਦੇ ਕੇ ਮਰੀਜ਼ ਨੂੰ ਟੈਲੀਪੈਕ ਦੀਆਂ ਗੋਲੀਆਂ ਦਿਤੀਆਂ ਜਾਂਦੀਆਂ ਹਨ ਤੇ ਦੂਜੇ ਦਿਨ ਸਵੇਰ ਤਾਈਂ ਇਹ ਪਦਾਰਥ ਹਾਜ਼ਮ ਹੋ ਕੇ ਜਿਗਰ ਵਿਚੋਂ ਪਿੱਤੇ ਤਕ ਬਾਹਰ ਭੇਜ ਦਿੱਤਾ ਜਾਂਦਾ ਹੈ। ਠੀਕ 14 ਘੰਟੇ ਪਿਛੋਂ ਪਿੱਤੇ ਦਾ ਐਕਸਰੇ ਕਰੀਏ ਤਾਂ ਇਸ ਵਿਚ ਪਿਤੇ ਦੀ ਫੋਟੋ (ਆਕਾਰ ਤੇ ਸਾਈਜ) ਆ ਜਾਂਦਾ ਹੈ। ਫੇਰ ਮਰੀਜ਼ ਨੂੰ ਆਂਡੇ ਜਾਂ ਦੁੱਧ ਨਾਲ ਮੱਖਣ (ਬਟਰ) ਖਾਣ ਲਈ ਦਿੱਤਾ ਜਾਂਦਾ ਹੈ। ਫੇਰ ਉਸ ਤੋਂ ਇਕ ਘੰਟੇ ਪਿਛੋਂ ਇਕ ਹੋਰ ਐਕਸਰੇ ਲਿਆ ਜਾਂਦਾ ਹੈ। ਜੇ ਇਹਨਾਂ ਐਕਸਰਿਆਂ 'ਚ ਪਿਤੇ ਦੀ ਕੋਈ ਫੋਟੋ ਨਹੀਂ ਆਉਂਦੀ ਤਾਂ ਸਮਝੋ ਪਿੱਤਾ ਠੀਕ ਕੰਮ ਨਹੀਂ ਕਰਦਾ, ਕੋਈ ਨਾ ਕੋਈ ਬੀਮਾਰੀ ਉਸ 'ਚ ਹੋ ਗਈ ਹੈ। ਕਈ ਵਾਰ ਫੋਟੋ ਤਾਂ ਆਉਂਦੀ ਹੈ ਪਰ ਜੇ ਅੰਦਰ ਪੱਥਰੀ ਪਈ ਹੋਵੇ ਤਾਂ ਪਿੱਤੇ ਅੰਦਰ ਉਸ ਦੇ ਨਿਸ਼ਾਨ ਆ ਜਾਂਦੇ ਹਨ। ਪਿੱਤੇ ਦਾ ਕੈਂਸਰ ਵੀ ਇਸ ਟੈਸਟ ਰਾਹੀਂ ਕੁਝ ਹੱਦ ਤਕ ਪਤਾ ਲਾਇਆ ਜਾ ਸਕਦਾ ਹੈ। ਪਿਤੇ ਤੇ ਜਿਗਰ (ਸਮੇਤ ਬਾਈਲ ਡੈਕਟ ਦੇ) ਦੀਆਂ ਪੱਥਰੀਆਂ ਦੀ ਪਹਿਚਾਣ ਲਈ ਇਕ ਹੋਰ ਟੈਸਟ ਕੋਲੈਂਜੀਓਗ੍ਰਾਫੀ ਵੀ ਕਾਰਗਰ ਹੋ ਸਕਦਾ ਹੈ। ਇਸ ਤੋਂ ਬਿਨਾਂ ਅਲਟਰਾ ਸੋਨੋਗ੍ਰਾਫੀ ਅਧੁਨਿਕ ਟੈਸਟ ਹੈ ਜਿਸ 'ਚ ਕੋਈ ਦਵਾਈ ਲੈਣ ਦੀ ਲੋੜ ਨਹੀਂ ਪੈਂਦੀ, ਨਾ ਹੀ ਸੂਈ ਜਾਂ ਟੀਕਾ ਹੀ ਲਾਉਣਾ ਪੈਂਦਾ ਹੈ। ਇਸ ਨਾਲ ਪਿੱਤੇ ਦੀ ਬੀਮਾਰੀ ਜਾਂ ਪਥਰੀ ਪਤਾ ਲਗ ਜਾਂਦੀ ਹੈ।

**ਪਿੱਤੇ ਦੀ ਸੋਜ਼ ਦੀ ਬੀਮਾਰੀ**:- ਪਿਤੇ ਦੀ ਸਿੱਧੀ ਇਨਫੈਕਸ਼ਨ ਤਾਂ ਘੱਟ ਹੀ ਹੁੰਦੀ ਹੈ ਪਰ ਜੇ ਉਸ ਨਾਲ ਜੁੜੀ ਸਿਸਟਕ ਡਕਟ ਜਾਂ ਗਰਦਨ ਅੰਦਰ ਕੋਈ ਰੁਕਾਵਟ ਪੈਦਾ ਹੋ ਜਾਵੇ ਤਾਂ ਇਨਫੈਕਸ਼ਨ ਹੋਵੇ ਤਾਂ ਪਿੱਤੇ ਦਾ ਦਰਦ ਤੇ ਸੋਜ਼ ਸ਼ੁਰੂ ਹੋ ਜਾਂਦੀ ਹੈ। ਰੁਕਾਵਟ ਦਾ ਸਭ ਤੋਂ ਵੱਡਾ ਕਾਰਨ ਪਿਤੇ ਦੀ ਪਥਰੀ ਹੁੰਦਾ ਹੈ। ਪਰ ਸੋਜ਼, ਕੈਂਸਰ ਤੇ ਬਾਹਰੀ ਦਬਾਅ ਵੀ ਇਸ ਦਾ ਕਾਰਨ ਬਣ ਸਕਦੇ ਹਨ। ਪਿੱਤਾ ਬੰਦ ਹੋ ਕੇ ਬਾਈਲ ਬਾਹਰ ਨਹੀਂ ਕੱਢ ਸਕਦਾ। ਉਸ ਦੀ ਬਲੱਡ ਸਪਲਾਈ ਰੁਕ ਜਾਂਦੀ ਹੈ ਅਤੇ ਪਿਤੇ 'ਚ ਵਿਗਾੜ ਤੇ ਕੰਮਜ਼ੋਰੀ ਆ ਕੇ ਉਸ 'ਚ ਸੁਰਾਖ਼ ਪੈਂਦਾ ਹੋ ਜਾਂਦੇ ਹਨ। ਬੈਕਟੀਰੀਆ ਕਿਸ ਰਸਤੇ ਪਿਤੇ ਤਾਈਂ ਪੁਜਦੇ ਹਨ ਇਸ ਦਾ ਅਜੇ ਤਕ ਪੱਕਾ ਪਤਾ ਨਹੀਂ ਹੈ।

ਟਾਈਫਾਈਡ ਤੇ ਪੈਰਾਟਾਈਫਾਈਡ ਬੁਖਾਰ ਕਾਰਨ ਪਿਤੇ ਦੀ ਸੋਜ਼ ਜੀਵਾਣੂਆਂ ਕਾਰਨ ਬੜੀ ਤੇਜੀ ਨਾਲ ਹੋ ਸਕਦੀ ਹੈ। ਜੇ ਕਿਸੇ ਵੀ ਇਨਫੈਕਸ਼ਨ ਕਾਰਨ ਸਰੀਰ ਅੰਦਰ ਜ਼ਹਿਰ ਵਾਅ ਹੋ ਜਾਵੇ ਤਾਂ ਪਿੱਤਾ ਵੀ ਇਸ ਦੀ ਮਾਰ ਤੋਂ ਬਚਿਆ ਨਹੀਂ ਰਹਿ ਸਕਦਾ। ਪਿੱਤਾ ਪਾਕ ਨਾਲ ਭਰ ਸਕਦਾ ਹੈ।

ਲੱਛਣ:- 40 ਸਾਲ ਦੀ ਉਮਰ ਪਿਛੋਂ (ਔਰਤਾਂ 'ਚ ਖਾਸ ਕਰਕੇ) ਇਹ ਬੀਮਾਰੀ ਹੁੰਦੀ ਹੈ। ਮੋਟਾਪੇ ਦਾ ਸ਼ਿਕਾਰ ਔਰਤਾਂ ਜਿਹਨਾਂ ਦੇ ਬੱਚੇ ਪੈਦਾ ਹੋਏ ਹੋਣ, ਇਸ ਦਾ ਵਿਸ਼ੇਸ਼ ਤੌਰ 'ਤੇ ਸ਼ਿਕਾਰ ਬਣਦੀਆਂ ਹਨ। ਮਰੀਜ਼ ਨੂੰ ਉਲਟੀ ਆਉਂਦੀ ਹੈ, ਹਲਕਾ ਬੁਖਾਰ ਹੁੰਦਾ ਹੈ ਤੇ ਪੇਟ ਦੇ ਉਪਰਲੇ ਹਿਸੇ 'ਚ ਸੱਜੇ ਪਾਸੇ ਦਰਦ ਮਹਿਸੂਸ ਹੁੰਦਾ ਹੈ। ਲੰਮਾ ਸਾਹ ਲੈਣ ਅਤੇ ਹੱਥ ਨਾਲ ਟੋਹ ਕੇ ਦੇਖਣ ਸਮੇਂ ਦਰਦ ਵੱਧ ਤੇਜ ਹੋ ਜਾਂਦੈ। ਜਦੋਂ ਕੋਈ ਰੁਕਾਵਟ ਹੋਵੇ ਤਾਂ ਮਰੀਜ਼ ਨੂੰ ਅਚਾਨਕ ਬੀਲ਼ੇ ਵਾਗੂੰ ਦਰਦ ਉਠਦਾ ਹੈ ਤੇ ਉਹ ਬੇਚੈਨ ਹੋ ਜਾਂਦਾ ਹੈ। ਪੀਲੀਆ ਵੀ ਹੋ ਜਾਂਦਾ ਹੈ ਪਰ ਜ਼ਰੂਰੀ ਨਹੀਂ। ਪੇਟ ਦਰਦ ਦੇ ਦੌਰੇ ਹਟ-ਹਟ ਕੇ ਪੈਂਦੇ ਰਹਿੰਦੇ ਹਨ। ਖ਼ੂਨ ਅੰਦਰ ਚਿਟੇ ਕਣਾਂ ਦੀ ਗਿਣਤੀ ਵਧਦੀ ਰਹਿੰਦੀ ਹੈ। ਕਈ ਕੇਸਾਂ 'ਚ ਖ਼ੂਨ ਅੰਦਰ ਸੀਰਮ ਬਿਲੀਰੂਬਿਨ ਵੱਧ ਜਾਂਦੀ ਹੈ ਤੇ ਪੇਸ਼ਾਬ ਟੈਸਟ ਕੀਤਿਆਂ ਬਾਈਲ ਸਾਲਟ ਵੇਖੇ ਜਾ ਸਕਦੇ ਹਨ। ਤੇਜ਼ ਦਰਦ ਸਮੇਂ ਕੋਲੀਸਿਸਟੋਗ੍ਰਾਫੀ ਨਹੀਂ ਕੀਤੀ ਜਾਂਦੀ ਪਰ ਪੇਟ ਦਾ ਐਕਸਰੇ ਕਰਨ 'ਚ ਕੋਈ ਹਰਜ਼ ਨਹੀਂ ਹੁੰਦਾ। ਦਵਾਈ ਦੇਣ ਤੇ ਪੇਟ ਦਰਦ ਦਬ ਜਾਂਦਾ ਹੈ, ਪਰ ਦਰਦ ਕੁਝ ਹਫ਼ਤਿਆਂ ਜਾਂ ਮਹੀਨਿਆਂ ਦੇ ਅਰਸੇ ਪਿਛੋਂ ਫਿਰ ਉਠ ਸਕਦਾ ਹੈ। ਜੇ ਇਲਾਜ ਪ੍ਰਤੀ ਅਣਗਹਿਲੀ ਵਰਤੀ ਜਾਵੇ ਤਾਂ ਗੰਭੀਰ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਜੇ ਪਿੱਤੇ ਦੀ ਇਨਫ਼ੈਕਸ਼ਨ ਬਹੁਤ ਗੰਭੀਰ ਹੋਵੇ ਪਿੱਤਾ ਪਸ ਨਾਲ ਭਰ ਜਾਂਦਾ ਹੈ। ਜੇ ਪਿੱਤੇ ਅੰਦਰ ਇਸ ਕਾਰਨ ਸੁਰਾਖ਼ ਹੋ ਜਾਵੇ ਤਾਂ ਇਨਫ਼ੈਕਸ਼ਨ ਜ਼ਹਿਰ ਵਾਅ ਸਾਰੇ ਪੇਟ ਵਿਚ ਫੈਲ ਕੇ ਪੈਰੀਟੋਨਾਈਟਸ ਨਾਂ ਦੀ ਗੰਭੀਰ ਜਾਨਲੇਵਾ ਬੀਮਾਰੀ ਬਣ ਜਾਂਦੀ ਹੈ। ਜਿਗਰ ਦੇ ਆਲੇ-ਦੁਆਲੇ ਇਹ ਪਾਕ ਇਕਠੀ ਹੋ ਕੇ ਪ੍ਰੇਸ਼ਾਨੀ ਪੈਦਾ ਕਰਦੀ ਹੈ। ਇਸ ਨਾਲ ਬਹੁਤ ਤੇਜ਼ ਬੁਖਾਰ ਹੋ ਜਾਂਦਾ ਹੈ।

ਇਲਾਜ:- ਪਿੱਤੇ ਦੀ ਸੋਜ ਤੇ ਇਨਫ਼ੈਕਸ਼ਨ ਦੀ ਬੀਮਾਰੀ ਦਾ ਇਲਾਜ ਗੰਭੀਰਤਾ ਨਾਲ ਹੋਣਾ ਚਾਹੀਦਾ ਹੈ। ਪਹਿਲਾਂ ਦਵਾਈ ਨਾਲ ਪਿੱਤੇ ਦੀ ਸੋਜ ਉਤਰ ਜਾਂਦੀ ਹੈ ਤੇ ਇਨਫ਼ੈਕਸ਼ਨ ਕੰਟਰੋਲ ਕਰ ਲਈ ਜਾਂਦੀ ਹੈ। ਪਰ ਪਿਛੋਂ ਇਸ ਦਾ ਸਥਾਈ ਤੇ ਪੱਕਾ ਇਲਾਜ ਅਪ੍ਰੇਸ਼ਨ ਹੀ ਹੈ। ਜੇ ਇਨਫ਼ੈਕਸ਼ਨ ਨਾਲ ਤੇਜ ਬੁਖਾਰ ਤੇ ਜ਼ਹਿਰਵਾਅ ਹੋਈ ਹੋਵੇ ਤਾਂ ਤੁਰੰਤ ਐਮਰਜੈਂਸੀ ਅਪ੍ਰੇਸ਼ਨ ਵੀ ਕਰਨਾ ਪੈ ਸਕਦਾ ਹੈ। ਇਹ ਡਾਕਟਰ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਕੀ ਫੈਸਲਾ ਲੈਣਾ ਹੈ। ਅਪ੍ਰੇਸ਼ਨ ਜਦ ਨਾ ਹੋਵੇ ਤਾਂ ਐਂਟੀਬਾਇਟਕ ਦਵਾਈ ਦਿਤੀ ਜਾਂਦੀ ਹੈ। ਪਾਣੀ 'ਤੇ ਸਾਲਟ ਦਾ ਤਵਾਜਨ ਬਰਕਰਾਰ ਰਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# ਫੇਫੜਿਆਂ ਦੀ ਦਰਦਨਾਕ ਬੀਮਾਰੀ ਨਿਮੋਨੀਆ

ਫੇਫੜਿਆਂ ਅੰਦਰ ਆਈ ਸੋਜ਼ ਨੂੰ ਨਿਮੋਨੀਆ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਨਮੋਨੀਆ ਦੀਆਂ ਅਨੇਕਾਂ ਕਿਸਮਾਂ ਹਨ। ਕੁਝ ਕਿਸਮਾਂ ਤਾਂ ਆਮ ਹੀ ਮਿਲਦੀਆਂ ਹਨ ਜਦਕਿ ਦੂਜੀਆਂ ਬਹੁਤ ਘੱਟ ਪਾਈਆਂ ਜਾਂਦੀਆਂ ਹਨ। ਨਿਮੋਨੀਆਂ ਦੇ ਕਾਰਨਾਂ ਪੱਖੋਂ ਇਸ ਨੂੰ ਦੋ ਭਾਗਾਂ 'ਚ ਵੰਡਿਆ ਜਾ ਸਕਦਾ ਹੈ।

1) ਖਾਸ ਨਿਮੋਨੀਆਂ:- ਜਿਸ ਵਿਚ ਬੀਮਾਰੀ ਦਾ ਕਾਰਨ ਇਕ ਖਾਸ ਕਿਸਮ ਦੇ ਜੀਵਾਣੂ ਹੁੰਦੇ ਹਨ।

2) ਐਸਪੀਰੇਸ਼ਨ ਨਿਮੋਨੀਆਂ:- ਇਸ 'ਚ ਫੇਫੜਿਆਂ ਦੇ ਕਿਸੇ ਅੰਦਰੂਨੀ ਵਿਗਾੜ ਕਰਕੇ ਜੀਵਾਣੂ ਫੇਫੜਿਆਂ ਅੰਦਰ ਦਾਖਲ ਹੋ ਕੇ ਰੋਗ ਪੈਦਾ ਕਰਦੇ ਹਨ। ਜਿਵੇਂ ਨਾਂ ਤੋਂ ਹੀ ਲਗਦਾ ਹੈ। ਫੇਫੜਿਆਂ ਅੰਦਰ ਇਨਫ਼ੈਕਸ਼ਨ ਬਾਹਰੋਂ ਦੂਸ਼ਿਤ ਪਦਾਰਥ (ਸਾਹ ਪ੍ਰਣਾਲੀ ਦੇ ਹੋਰ ਭਾਗਾਂ ਤੋਂ) ਖਿੱਚ ਲਏ ਜਾਣ ਕਰਕੇ ਹੁੰਦੀ ਹੈ। ਜੀਵਾਣੂ ਨੂੰ ਫੇਫੜਿਆਂ ਤੋਂ ਵੱਖ ਕਰਕੇ ਪਹਿਚਾਣ ਕਰਨੀ ਕਾਫੀ ਔਖੀ ਹੁੰਦੀ ਹੈ। ਐਚ.ਇਨਫਲੂੰਜਾ ਤੇ ਸਟਰੇਪਟੋ ਨਮੋਨੀਆ ਆਮ ਬੈਕਟੀਰੀਆ ਹਨ ਜੋ ਸਾਹ ਪ੍ਰਣਾਲੀ ਦੇ ਉਪਰਲੇ ਹਿਸਿਆਂ ਤੇ ਮੂੰਹ ਅੰਦਰ ਆਮ ਹਾਲਤਾਂ 'ਚ ਰਹਿੰਦੇ ਹਨ। ਇਹ ਬੈਕਟੀਰੀਆ ਜੇ ਫੇਫੜਿਆਂ ਅੰਦਰ ਆਮ ਬੰਦਾ ਲੰਘਾ ਜਾਵੇ ਤਾਂ ਨਿਮੋਨੀਆ ਹੋ ਜਾਂਦੈ। ਕੁਝ ਕਿਸਮ ਦੇ ਖਾਸ ਨਿਮੋਨੀਆ ਤੇ ਐਸਪੀਰੇਸ਼ਨ ਨਿਮੋਨੀਆ ਵਿਚ ਸੋਜ਼ ਕਾਰਨ ਫੇਫੜਿਆਂ ਦਾ ਟਿਸ਼ੂ ਤਬਾਹ ਹੋ ਕੇ ਆਪਣੀ ਲਚਕ ਖਤਮ ਕਰ ਦਿੰਦਾ ਹੈ ਤੇ ਅੰਦਰ ਬਲਗਮ ਜਮਾਂ ਹੋਣ ਦੀ ਪੱਕੀ ਸੀਟ (ਥਾਂ) ਬਣ ਜਾਂਦੀ ਹੈ। ਬਦਬੂਦਾਰ ਨਮੋਨੀਆ ਇਸ ਹਾਲਤ ਨੂੰ ਕਿਹਾ ਜਾਂਦਾ ਹੈ।

1) ਖਾਸ ਨਿਮੋਨੀਆ:- ਅੱਗੇ ਦੋ ਭਾਗਾਂ 'ਚ ਵੰਡਿਆ ਜਾ ਸਕਦਾ ਹੈ। ਪਹਿਲਾ ਉਹ ਜੋ ਬੈਕਟੀਰੀਆ ਕਾਰਨ ਹੁੰਦਾ ਹੈ, ਦੂਜਾ ਉਹ ਜੋ ਵਾਇਰਸ (ਵਿਸ਼ਾਣੂੰ) ਕਾਰਨ ਹੁੰਦਾ ਹੈ। ਨਿਮੂਕੋਕਿਸ ਜੀਵਾਣੂ ਜੋ ਨਮੋਨੀਆਂ ਪੈਦਾ ਕਰਦੇ ਹਨ ਉਹ ਬਹੁਤ ਗਿਣਤੀ ਮਰੀਜ਼ਾਂ 'ਚ ਮਿਲਦਾ ਹੈ।

2) ਨਿਮੋਕੋਕਲ ਨਮੋਨੀਆ:- ਇਸ ਨੂੰ ਲੋਬਾਰ ਨਿਮੋਨੀਆ ਵੀ ਕਿਹਾ ਜਾਂਦਾ ਹੈ। ਇਸ 'ਚ ਫੇਫੜੇ ਲਾਲ ਗੂੜ੍ਹੇ ਪਦਾਰਥ ਨਾਲ ਭਰ ਕੇ ਆਪਣਾ ਲਚਕੀਲਾਪਣ ਖੋਹ ਬੈਠਦੇ ਹਨ ਅਤੇ ਸਖ਼ਤ ਹੋ ਜਾਂਦੇ ਹਨ। ਆਮ ਤੌਰ 'ਤੇ ਸਰਦੀਆਂ 'ਚ ਹੋਣ ਵਾਲੀ ਇਹ ਬੀਮਾਰੀ ਸਾਰੀ ਉਮਰ ਦੇ ਬੰਦਿਆਂ 'ਚ ਵੇਖਣ ਨੂੰ ਮਿਲਦੀ ਹੈ। ਇਹ ਨਿਮੋਨੀਆ ਜਦੋਂ ਠੀਕ ਹੋ ਜਾਂਦਾ ਹੈ ਤਾਂ ਆਪਣੀ ਕੋਈ ਨਿਸ਼ਾਨੀ ਜਾਂ ਉਲਝਣ ਪਿਛੋਂ ਨਹੀਂ ਛੱਡਦਾ, ਬੇਸ਼ਰਤ ਹੈ ਇਲਾਜ ਸਹੀ ਤੇ ਪੂਰਾ ਹੋਇਆ ਹੋਵੇ।

ਨਿਮੋਨੀਆ ਦੇ ਲੱਛਣ:- ਬੱਚਿਆਂ ਵਿਚ ਦੌਰਿਆਂ ਨਾਲ, ਬਾਕੀਆਂ 'ਚ ਤੇਜ਼ ਬੁਖਾਰ ਤੇ ਉਲਟੀਆਂ ਨਾਲ ਸ਼ੁਰੂ ਹੋਣ ਵਾਲਾ ਇਹ ਨਮੋਨੀਆ ਅਚਾਨਕ ਹੀ ਹੱਲਾ ਬੋਲਦਾ ਹੈ। ਬੁਖਾਰ ਕੁਝ ਹੀ ਘੰਟਿਆਂ 'ਚ 103 ਡਿਗਰੀ ਫਾਰਨਹੀਟ ਤਕ ਪਹੁੰਚ ਜਾਂਦਾ ਹੈ। ਸਰੀਰ ਦੀ ਟੁੱਟ ਭੱਜ, ਸੁਸਤੀ, ਭੁੱਖ ਦਾ ਮਰਨਾ, ਸਿਰ ਦਰਦ, ਤੇਜ਼ ਬੁਖਾਰ ਇਸ ਦੇ ਆਮ ਲੱਛਣ ਹਨ। ਛਾਤੀ 'ਚ ਇਕ ਥਾਂ ਦਰਦ ਉਠਦਾ ਹੈ ਜੋ ਮੋਢੇ ਜਾਂ ਪੇਟ ਵਿਚ ਵੀ ਜਾ ਸਕਦਾ ਹੈ। ਖੰਘ ਛਿੜਦੀ ਹੈ ਜੋ ਪਹਿਲਾਂ ਖੁਸ਼ਕ ਹੁੰਦੀ ਹੈ ਪਰ ਪਿਛੋਂ ਗਾੜ੍ਹੀ

ਬਲਗਮ ਸਮੇਤ ਹੁੰਦੀ ਹੈ। ਇਹ ਮਿੱਟੀ ਰੰਗੀ ਹੁੰਦੀ ਹੈ। ਇਸ 'ਚ ਹਲਕਾ ਖ਼ੂਨ ਵੀ ਆ ਜਾਂਦਾ ਹੈ। ਸ਼ਾਹ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਬਲੱਡ ਪ੍ਰੈਸ਼ਰ ਵਧਦਾ ਹੈ, ਨੱਕ ਫਰਕਦਾ ਹੈ ਤੇ ਨਬਜ਼ ਦੀ ਰਫ਼ਤਾਰ ਵੱਧ ਜਾਂਦੀ ਹੈ। ਮੂੰਹ ਲਾਲ ਤੇ ਚਮੜੀ ਖੁਸ਼ਕ ਹੋ ਜਾਂਦੀ ਹੈ। ਬੱਚਾ ਨੀਲਾ ਪੈ ਸਕਦਾ ਹੈ। ਥੁੱਕ 'ਚ ਬੈਕਟੀਰੀਆ ਦੇਖਿਆ ਜਾ ਸਕਦਾ ਹੈ। ਮਾੜੀ ਸਿਹਤ ਵਾਲੇ ਬੱਚਿਆਂ 'ਚ ਤਾਂ ਇਲਾਜ ਦਾ ਅਸਰ ਵੀ ਵਧੀਆ ਨਹੀਂ ਹੁੰਦਾ। ਹਾਲਾਤ ਅਚਾਨਕ ਵਿਗਾੜ ਕੇ ਕੰਮਜ਼ੋਰੀ ਹੋ ਸਕਦੀ ਹੈ ਤੇ ਆਕਸੀਜਨ ਦੀ ਘਾਟ ਕਾਰਨ ਕੁਝ ਘੰਟਿਆਂ ਵਿਚ ਹੀ ਮੌਤ ਹੋ ਸਕਦੀ ਹੈ। ਛਾਤੀ ਅੰਦਰ ਬਲਗਮ ਖੜਕਣ ਲਗਦੀ ਹੈ। ਐਕਸਰੇ 'ਚ ਇਕ ਸਾਰ ਦਾਗ ਵੇਖੇ ਜਾ ਸਕਦੇ ਹਨ। ਨਿਮੋਨੀਆ ਕਾਰਨ ਖ਼ੂਨ ਸੰਚਾਰ ਪ੍ਰਣਾਲੀ ਫੇਲ੍ਹ ਹੋ ਸਕਦੀ ਹੈ। ਤੰਤੂ ਪ੍ਰਬੰਧ 'ਤੇ ਅਸਰ ਪੈ ਕੇ ਦੌਰੇ ਸ਼ੁਰੂ ਹੋ ਜਾਂਦੇ ਹਨ।

ਰੋਗ ਦੀ ਪਹਿਚਾਣਃ- ਸ਼ੁਰੂ 'ਚ ਸਰਦੀ ਨਾਲ ਬੁਖਾਰ, ਛਾਤੀ ਦਾ ਜਾਮ ਹੋਣਾ, ਖ਼ੂਨ ਅੰਦਰ ਚਿਟੇ ਕਣਾਂ ਦਾ ਵਧਣਾ, ਥੁੱਕ 'ਚ ਬੈਕਟੀਰੀਆ ਦੀ ਪਹਿਚਾਣ ਅਤੇ ਐਕਸਰੇ ਰਾਹੀਂ ਰੋਗ ਦੀ ਪਹਿਚਾਣ ਕਰ ਲਈ ਜਾਂਦੀ ਹੈ। ਤਪਦਿਕ ਤੇ ਦਮੇ ਦੀ ਬੀਮਾਰੀ ਨਾਲ ਹਾਲਤ ਮੇਲ ਖਾ ਸਕਦੀ ਹੈ। ਇਸ ਲਈ ਰੋਗ ਦਾ ਉਹਨਾਂ ਹਾਲਤਾਂ ਤੋਂ ਵਖਰੇਵਾਂ ਕਰਨਾ ਅਤਿ ਜ਼ਰੂਰੀ ਮੰਨਿਆ ਜਾਂਦਾ ਹੈ।

ੳ) ਸਟੈਫਲੋਕੋਕਲ ਨਮੋਨੀਆ- ਸਟੈਫਲੋਕੋਕਲ ਪਾਇਓਜਨ ਅਤੇ ਸਟੈਫਲੋਕੋਕਲ ਔਰੀਅਸ ਬੈਕਟੀਰੀਆ ਇਸ ਦੇ ਜ਼ਿੰਮੇਵਾਰ ਹਨ। ਇਹ ਇਨਫ਼ੈਕਸ਼ਨ ਸਿੱਧੀ ਫੇਫੜਿਆਂ 'ਚ ਪਹੁੰਚ ਦੀ ਹੈ ਜਾਂ ਫਿਰ ਸਰੀਰ ਦੇ ਕਿਸੇ ਹੋਰ ਹਿੱਸੇ ਹੱਡੀਆਂ ਆਦਿ ਖ਼ੂਨ ਸਪਲਾਈ ਰਾਹੀਂ ਉਥੇ ਪਹੁੰਚ ਜਾਂਦੇ ਹਨ। ਬੀਮਾਰੀ ਸਮੇਂ ਫੇਫੜਿਆਂ 'ਚ ਪਾਕ ਨਾਲ ਭਰੇ ਛੋਟੇ-ਛੋਟੇ ਅਨੇਕਾਂ ਟੋਏ ਬਣ ਜਾਂਦੇ ਹਨ। ਇਹ ਬੈਕਟੀਰੀਆ ਸਾਧਾਰਨ ਆਮ ਐਂਟੀਬਾਇਟਕ ਦੀ ਪ੍ਰਵਾਹ ਵੀ ਨਹੀਂ ਕਰਦੇ।

ਅ) ਕਲੈਬਸੈਲਾ ਨਮੋਨੀਆ- ਬਹੁਤ ਘੱਟ ਮਿਲਦਾ ਹੈ ਪਰ ਬਹੁਤ ਭੈੜਾ ਤੇ ਖਤਰਨਾਕ ਹੁੰਦਾ ਹੈ। ਸਾਰਾ ਹੀ ਫੇਫੜਾ ਪ੍ਰਭਾਵਿਤ ਹੋ ਜਾਂਦਾ ਹੈ।

ੲ) ਤਪਦਿਕ ਕਾਰਨ ਨਮੋਨੀਆ- ਇਸ 'ਚ ਬੈਕਟੀਰੀਆ ਮਾਈਕੋ ਬੈਕਟੀਰੀਅਮ ਟੂਬਰਕੁਲੋਸਿਸ ਬਾਕੀ ਬੈਕਟੀਰੀਆ ਵਰਗੇ ਹੁੰਦੇ ਹਨ। ਇਸ ਟੂਬਰਕਲਰ ਨਿਮੋਨੀਆ 'ਚ ਬੁਖਾਰ ਤੇ ਬੇਚੈਨੀ ਉਵੇਂ ਹੀ ਹੁੰਦੀ ਹੈ। ਬੀਮਾਰੀ ਇਲਾਜ ਨਾਲ ਰੁਕਣ ਵਾਲੀ ਹੁੰਦੀ ਹੈ।

ਸ) ਵਾਇਰਲ ਨਮੋਨੀਆ- ਵਾਇਰਸ (ਵਿਸ਼ਾਣੂੰ) ਕਾਰਨ ਪੈਦਾ ਹੋਏ ਨਮੋਨੀਆ ਦੇ ਇਹ ਲੱਛਣ ਵੀ ਬਾਕੀ ਨਿਮੋਨੀਆ ਵਾਂਗ ਹੁੰਦੇ ਹਨ। ਬੀਮਾਰੀ ਆਪਣੇ ਆਪ ਰੁਕਣ ਵਾਲੀ ਹੁੰਦੀ ਹੈ।

ਐਸਪੀਰੇਸ਼ਨ ਨਮੋਨੀਆਃ- ਇਹ ਜੀਵਾਣੂੰ ਆਮ ਹਾਲਤਾਂ 'ਚ ਗਲੇ ਦੀ ਇਨਫ਼ੈਕਸ਼ਨ ਪਿਛੋਂ ਫੇਫੜਿਆਂ ਤਕ ਉਦੋਂ ਪੁੱਜਦੇ ਹਨ ਜਦ ਬੰਦਾ ਕਿਸੇ ਕਾਰਨ ਖੰਘ ਨਹੀਂ ਸਕਦਾ ਜਾਂ ਬੇਹੋਸ਼ ਹੁੰਦਾ ਹੈ। ਕਈ ਵਾਰੀ ਬੇਹੋਸ਼ੀ ਸਮੇਂ ਪਾਚਨ ਪ੍ਰਣਾਲੀ ਦੇ ਤੱਤ ਵੀ ਫੂਡ ਪਾਈਪ ਤੋਂ ਸ਼ਾਹ ਨਾਲੀ ਵਿਚ ਖਿੱਚੇ ਜਾਂਦੇ ਹਨ। ਸੁੱਤਿਆਂ ਹੋਇਆ ਵੀ ਕਈ ਵਾਰੀ ਇਸ ਤਰ੍ਹਾਂ ਹੋ ਸਕਦਾ ਹੈ। ਫੇਫੜੇ ਦੇ ਕੈਂਸਰ ਦੇ ਮਰੀਜ਼ਾਂ ਨੂੰ ਵੀ ਇਹ ਨਮੋਨੀਆ ਹੋ ਜਾਂਦੈ।

ਕਲੈਬਸੈਲਾ ਨਮੋਨੀਆ:- ਫੇਫੜੇ ਅੰਦਰ ਹਰਜਾ ਹੋ ਕੇ ਟੋਏ ਪੈ ਜਾਂਦੇ ਹਨ ਜਿਸ 'ਚ ਪਾਕ (Pus) ਭਰ ਜਾਂਦੀ ਹੈ। ਪੀਲੀ ਬਦਬੂਦਾਰ ਬਲਗ਼ਮ ਆਉਂਦੀ ਹੈ। ਬੁਖਾਰ ਵੀ ਹੌਲੀ-ਹੌਲੀ ਵਧਦਾ ਹੈ, ਕਦੀ ਬੁਖਾਰ ਕਾਂਬੇ ਨਾਲ ਵੀ ਚੜ੍ਹਦਾ ਹੈ। ਜੇ ਇਲਾਜ ਨਾ ਕੀਤਾ ਜਾਵੇ ਤਾਂ ਹਾਲਤ ਤੇਜ਼ੀ ਨਾਲ ਬਦਤਰ ਹੋ ਜਾਂਦੀ ਹੈ। ਭਾਰ ਘੱਟ ਜਾਂਦਾ ਹੈ, ਬਲਗਮ ਕੱਢ ਕੇ ਕਲਚਰ ਕਰ ਲਈ ਜਾਵੇ ਤਾਂ ਬੇਹਤਰ ਹੈ। ਬਚਾਅ ਪੱਖੋਂ ਬੇਹੋਸ਼ ਬੰਦੇ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ। ਮੂੰਹ ਤੇ ਦੰਦਾਂ ਦੀ ਇਨਫ਼ੈਕਸ਼ਨ, ਕੰਨ, ਨੱਕ, ਗਲੇ ਦੀ ਇਨਫ਼ੈਕਸ਼ਨ ਤੇ ਟੌਂਸਿਲਾਂ ਦੀ ਇਨਫ਼ੈਕਸ਼ਨ ਦਾ ਬਿਨਾਂ ਕਿਸੇ ਦੇਰੀ ਦੇ ਜ਼ਰੂਰੀ ਤੇ ਪੂਰਾ ਇਲਾਜ ਕੀਤਾ ਜਾਣਾ ਚਾਹੀਦਾ ਹੈ।

# ਕੀ ਹੈ ਸਲਿਪ ਡਿਸਕ ਦਾ ਰੋਗ ਤੇ ਉਸ ਦਾ ਇਲਾਜ?

ਮਨੁੱਖ ਦੀ ਇਹ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਉਹ ਸਰੀਰ ਦੇ ਵੱਖ-ਵੱਖ ਭਾਗਾਂ ਬਾਰੇ ਜਾਣਕਾਰੀ ਹਾਸਲ ਕਰੇ ਤਾਂ ਕਿ ਮਨੁੱਖੀ ਸਰੀਰ ਵਿਚ ਹੋਣ ਵਾਲੇ ਰੋਗਾਂ ਨੂੰ ਸਮਝ ਕੇ ਉਹਨਾਂ ਦਾ ਇਲਾਜ ਖੋਜਿਆ ਜਾ ਸਕੇ। ਅੱਜ ਜਦੋਂ ਵਿਗਿਆਨ ਰਾਹੀਂ ਅਨੇਕਾਂ ਰੋਗਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਜਿਸ 'ਚ ਐਲੋਪੈਥਿਕ ਇਲਾਜ ਪ੍ਰਣਾਲੀ ਕਾਫੀ ਪ੍ਰਚਲਤ ਹੈ। ਫਿਰ ਵੀ ਕੁਝ ਰੋਗ ਅਜਿਹੇ ਹਨ ਜਿਨ੍ਹਾਂ 'ਚ ਦਵਾਈ ਦੇ ਨਾਲ-ਨਾਲ ਕੁਝ ਹੋਰ ਵੀ ਕਰਨ ਦੀ ਲੋੜ ਹੁੰਦੀ ਹੈ। ਹਰ ਦੇਸ਼ ਦੀਆਂ ਤੇ ਸਮਾਜ ਦੀਆਂ ਕੁਝ ਪ੍ਰਾਚੀਨ ਤੇ ਰਵਾਇਤੀ ਇਲਾਜ ਪ੍ਰਣਾਲੀਆਂ ਵੀ ਹੁੰਦੀਆਂ ਹਨ, ਜਿਹਨਾਂ ਰਾਹੀਂ ਗੁੰਝਲਦਾਰ ਰੋਗਾਂ ਦਾ ਇਲਾਜ ਵੀ ਕਈ ਵਾਰ ਸੰਭਵ ਹੋ ਜਾਂਦਾ ਹੈ। ਭਾਰਤੀ ਇਲਾਜ ਪ੍ਰਣਾਲੀ ਦਾ ਇਕ ਮਹੱਤਵਪੂਰਨ ਹਿੱਸਾ ਯੋਗਾ ਹੈ। ਇਲਾਜ ਦਾ ਇਹ ਤਰੀਕਾ ਕਾਫੀ ਬੀਮਾਰੀਆਂ 'ਚ ਕਾਮਯਾਬ ਹੈ। ਜਿਵੇਂ ਹੱਡੀਆਂ, ਜੋੜਾਂ ਤੇ ਪੱਠਿਆਂ ਨਾਲ ਸਬੰਧਤ ਰੋਗਾਂ ਦਾ। ਕਈ ਲਾਇਲਾਜ ਬੀਮਾਰੀਆਂ 'ਚ ਵੀ ਯੋਗਾ ਮਦਦ ਕਰ ਸਕਦਾ ਹੈ। ਉਹਨਾਂ 'ਚੋਂ ਇਕ ਬੀਮਾਰੀ ਹੈ- ਸਲਿਪ ਡਿਸਕ (ਕਮਰ ਦਰਦ)। ਇਸ ਤੋਂ ਪਹਿਲਾਂ ਇਹ ਜਾਣੀਏ ਕਿ ਸਲਿਪ ਡਿਸਕ ਹੈ ਕੀ? ਫਿਰ ਇਸ ਦਾ ਕਾਰਨ ਤੇ ਅੰਤ 'ਚ ਯੋਗ ਆਸਨ ਨਾਲ ਇਹ ਬੀਮਾਰੀ ਕਿਵੇਂ ਠੀਕ ਹੋ ਸਕਦੀ ਹੈ। ਸਲਿਪ ਡਿਸਕ ਅਜੇਹੀ ਕਸ਼ਟ ਦਾਇਕ ਬੀਮਾਰੀ ਹੈ ਜਿਸ ਵਿਚ ਢੂਹੀ ਦੇ ਹੇਠਲੇ ਹਿੱਸੇ ਵਿਚ ਤੇ ਕਮਰ ਦੇ ਲਾਗੇ ਤੇਜ਼ ਦਰਦ ਹੁੰਦਾ ਹੈ। ਮਨੁੱਖ ਦੀ ਰੀੜ੍ਹ 'ਚ ਲਗਭਗ 33 ਹੱਡੀਆਂ ਹੁੰਦੀਆਂ ਹਨ ਜਿਹਨਾਂ ਨੂੰ ਮਣਕੇ ਕਿਹਾ ਜਾਂਦਾ ਹੈ। ਇਹ ਮਣਕੇ ਇਕ ਦੂਜੇ ਉਪਰ ਟਿਕੇ ਹੁੰਦੇ ਹਨ। ਹਰ ਦੋ ਮਣਕਿਆਂ ਵਿਚਾਲੇ ਇਕ ਤਰ੍ਹਾਂ ਦੀ ਡਿਸਕ ਵਰਗਾ ਜੋੜ ਹੁੰਦਾ ਹੈ ਜਿਸ 'ਚ ਤਰਲ ਜਾਂ ਚਿਕਨਾਈ ਭਰਿਆ ਤਰਲ ਪਦਾਰਥ ਭਰਿਆ ਹੁੰਦਾ ਹੈ। ਇਹ ਤੇਲ ਭਰੀ ਡਿਸਕ ਰੀੜ੍ਹ ਦੀ ਹੱਡੀ ਤੇ ਸਪਾਈਨਲ ਕੋਡ ਨੂੰ ਸੱਟ ਤੋਂ ਬਚਾਉਂਦੀ ਹੈ। ਪਰ ਜੇ ਕਿਸੇ ਕਾਰਨ ਕਮਰ ਦੇ ਹੇਠਲੇ ਹਿੱਸੇ 'ਤੇ ਵੱਧ ਜ਼ੋਰਦਾਰ ਭਾਰ ਪਵੇ ਤਾਂ ਇਹ ਟੁੱਟ ਜਾਂਦੀ ਹੈ। ਜਿਸ ਕਾਰਨ ਉਸ ਦਾ ਤਰਲ ਬਾਹਰ ਨਿਕਲ ਜਾਂਦਾ ਹੈ, ਡਿਸਕ ਇਕ ਪਾਸੇ ਨੂੰ ਖਿਸਕ ਜਾਂਦੀ ਹੈ। ਬਾਹਰ ਨਿਕਲਿਆ ਤਰਲ ਕਿਸੇ ਤੰਤੂ ਪ੍ਰਣਾਲੀ 'ਤੇ ਦਬਾਅ ਪਾਉਂਦਾ ਹੈ। ਇਸ ਵਜ੍ਹਾ ਕਰਕੇ ਦਰਦ ਸ਼ੁਰੂ ਹੋ ਜਾਂਦਾ ਹੈ। ਇਹ ਦਰਦ ਅਕਸਰ ਚਾਰ-ਪੰਜ ਨੰਬਰ ਮਣਕਿਆਂ 'ਚ ਹੁੰਦਾ ਹੈ। ਸਲਿਪ ਡਿਸਕ ਉਹਨਾਂ ਲੋਕਾਂ 'ਚ ਹੁੰਦਾ ਹੈ ਜੋ ਅਕਸਰ ਝੁੱਕ ਕੇ ਬਹੁਤ ਕੰਮ ਕਰਦੇ ਰਹਿੰਦੇ ਹਨ ਅਤੇ ਤਣਾਅ ਵਿਚ ਰਹਿੰਦੇ ਹਨ। ਇਸ ਤੋਂ ਇਲਾਵਾ ਜੋ ਵਿਅਕਤੀ ਘੰਟਿਆਂ ਬੱਧੀ ਕਮਰ ਨਾਲ ਝੁੱਕ ਕੇ ਕੰਮ ਕਰਦੇ ਰਹਿੰਦੇ ਹਨ ਅਤੇ ਤਣਾਅ ਵਿਚ ਰਹਿੰਦੇ ਹਨ ਜਾਂ ਉਹ ਔਰਤਾਂ ਜੋ ਝੁਕ ਕੇ ਝਾੜੂ ਲਾਉਂਦੀਆਂ ਹਨ। ਅਜੇਹੇ ਅਨੇਕਾਂ ਰੋਗੀ ਮਿਲਦੇ ਹਨ ਜੋ ਡਰਾਇਵਰ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਬਰਾਬਰ ਕਲੱਚ-ਬਰੇਕ ਤੇ ਪੈਰ ਚਲਾਉਣਾ ਪੈਂਦਾ ਹੈ। ਨਾਲ ਹੀ ਉਹਨਾਂ ਲੋਕਾਂ ਨੂੰ ਬੀਮਾਰੀ ਵੱਧ ਹੁੰਦੀ ਹੈ ਜੋ ਅਕਸਰ ਬਹੁਤ ਦੇਰ ਤਕ ਕੁਰਸੀ 'ਤੇ ਬੈਠ ਕੇ ਕੰਮ ਕਰਦੇ ਹਨ। ਸਟੱਡੀ ਤੋਂ ਇਹ ਪਤਾ ਲੱਗਿਆ ਹੈ ਕਿ ਇਹ ਰੋਗ ਅਚਾਨਕ ਹੀ ਹੋ ਜਾਂਦਾ ਹੈ। ਇਸ ਸਮੇਂ ਅਜਿਹਾ ਲੱਗਦਾ ਹੈ ਕਿ ਕਮਰ ਨੇੜਿਉਂ ਕੋਈ ਚੀਜ਼

ਝਟਕੇ ਨਾਲ ਨਿਕਲ ਗਈ ਜਾਂ ਫਟ ਗਈ। ਇਸ ਦਾ ਦਰਦ ਅਸਹਿ ਹੁੰਦਾ ਹੈ। ਰੋਗੀ ਕਮਰ ਝੁਕਾਉਣ ਜਾਂ ਸਿੱਧੀ ਕਰਨ 'ਚ ਅਸਮਰਥ ਹੋ ਜਾਂਦਾ ਹੈ। ਅਜੇਹਾ ਇਸ ਲਈ ਹੁੰਦਾ ਹੈ ਕਿ ਫਟੀ ਹੋਈ ਡਿਸਕ ਲਾਗੇ ਖ਼ੂਨ ਜਮ੍ਹਾਂ ਜਾਂ ਤਰਲ ਪਦਾਰਥ ਆਸ-ਪਾਸ ਦੀਆਂ ਮਾਸਪੇਸ਼ੀਆਂ ਜਾਂ ਨਸਾਂ ਨੂੰ ਗਿੱਲਾ ਕਰ ਦਿੰਦਾ ਹੈ ਜਿਸ ਕਾਰਨ ਸਪਾਨੀਲ ਕੋਡ ਦੇ ਪੱਠੇ ਕਰੜੇ ਹੋ ਕੇ ਕਮਰ ਨੂੰ ਹਿਲਣ-ਜੁਲਣ ਨਹੀਂ ਦਿੰਦੇ ਕਿਉਂਕਿ ਫਟੀਆਂ ਡਿਸਕਾਂ ਵਿਚ ਨਰਮ ਤੇ ਕੋਮਲ ਤੰਤੂਆਂ 'ਚ ਸੋਜ਼ ਆ ਜਾਂਦੀ ਹੈ। ਇਸ ਰੋਗ 'ਚ ਰੋਗੀ ਨੂੰ ਅਸਹਿ ਦਰਦ ਹੁੰਦਾ ਹੈ।

ਰੋਗੀ ਥੋੜਾ ਝੁਕਣ ਮੁੜਨ ਜਾਂ ਕਿਸੇ ਪ੍ਰਕਾਰ ਦੇ ਦਬਾਅ ਤੋਂ ਪ੍ਰੇਸ਼ਾਨ ਹੋ ਜਾਂਦਾ ਹੈ। ਇਸ ਕਾਰਨ ਜ਼ਿੰਦਗੀ ਬੋਝ ਲੱਗਣ ਲੱਗਦੀ ਹੈ ਅਤੇ ਹਮੇਸ਼ਾ ਗੁੱਸਾ ਹੀ ਆਉਂਦਾ ਰਹਿੰਦਾ ਹੈ। ਰੋਗੀ ਨੂੰ ਬਿਸਤਰੇ ਤੇ ਪਏ ਰਹਿਣ ਨਾਲ ਰਾਹਤ ਮਿਲਦੀ ਹੈ। ਅਨੇਕਾਂ ਡਾਕਟਰ ਇਸ ਰੋਗੀ ਨੂੰ ਬੈਲਟ ਜਾਂ ਪੇਟੀ ਬੰਨ੍ਹਣ ਦੀ ਰਾਇ ਦਿੰਦੇ ਹਨ। ਪਰ ਇਹ ਵੀ ਕੋਈ ਪੱਕਾ ਇਲਾਜ ਨਹੀਂ ਹੈ। ਕਈ ਰੋਗੀਆਂ ਨੂੰ ਤਾਂ ਅੱਕ ਕੇ ਅਪ੍ਰੇਸ਼ਨ ਵੀ ਕਰਵਾਉਣਾ ਪੈਂਦਾ ਹੈ। ਯੋਗਾ ਰਾਹੀਂ ਇਸ ਰੋਗ ਦੇ ਇਲਾਜ 'ਚ ਕਾਫੀ ਮਦਦ ਮਿਲਦੀ ਹੈ। ਇਸ ਰੋਗ ਦੇ ਰੋਗੀ ਨੂੰ ਪਿਛੇ ਝੁਕਣ ਵਾਲੇ ਆਸਣ ਹੀ ਕਰਨੇ ਚਾਹੀਦੇ ਹਨ। ਅਸੀਂ ਜਾਣਦੇ ਹਾਂ ਕਿ ਆਸਣ ਦਾ ਪ੍ਰਭਾਵ ਮਾਸਪੇਸ਼ੀਆਂ, ਤੰਤੂਆਂ ਅਤੇ ਨਾੜਾਂ ਉਪਰ ਪੈਂਦਾ ਹੈ। ਇਸ ਤਰ੍ਹਾਂ ਮਾਸਪੇਸ਼ੀਆਂ ਤੇ ਮਣਕੇ ਮਜ਼ਬੂਤ ਹੋ ਕੇ ਡਿਸਕ ਨੂੰ ਆਪਣੀ ਥਾਂ 'ਤੇ ਰੱਖਣ 'ਚ ਮੱਦਦ ਕਰਦੇ ਹਨ। ਨਾਲ ਹੀ ਨਾਲ ਖ਼ੂਨ ਦਾ ਵਹਾਅ ਵੀ ਨਿਯਮਤ ਹੁੰਦਾ ਹੈ। ਇਸ ਤਰ੍ਹਾਂ ਆਸਣ ਰਾਹੀਂ ਨਿਯਮਤ ਅਭਿਆਸ ਕਰਕੇ ਇਸ ਕਸ਼ਟਦਾਇਕ ਮਰਜ਼ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਮਕਰ ਆਸਨ, ਭੁਜੰਗ ਆਸਨ, ਛਲਭ ਆਸਨ, ਉਸ਼ਟ ਆਸਨ, ਸੁਮੇਰ ਆਸਨ, ਇਹਨਾਂ ਆਸਣ ਤੋਂ ਪਹਿਲਾਂ ਬਲੱਡ ਪ੍ਰੈਸ਼ਰ ਚੈਕ ਕਰਵਾਉਣਾ ਜ਼ਰੂਰੀ ਹੈ ਨਹੀਂ ਤਾਂ ਚੱਕਰ ਆ ਸਕਦਾ ਹੈ। ਇਹ ਆਸਨ ਕਰਨ ਤੋਂ ਪਹਿਲਾਂ ਆਸਨਾਂ ਦੇ ਕਿਸੇ ਮਾਹਰ (ਯੋਗਾ ਦੇ ਮਾਹਰ) ਦੀ ਸਲਾਹ ਲੈਣ ਦਾ ਕੋਈ ਹਰਜ਼ ਨਹੀਂ।

# ਪਿੱਠ ਦਰਦ ਕਿਉਂ? ਕਾਰਨ, ਇਲਾਜ ਤੇ ਉਪਾਅ

'ਇਸ ਦਰਦ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਅਸੀਂ ਆਪਣੀ ਪਿੱਠ (ਢੂਹੀ) ਦੀ ਦੁਰਵਰਤੋਂ ਕਰਦੇ ਹਾਂ। ਸਾਡੇ 'ਚੋਂ ਬਹੁਤੇ ਤਾਂ ਵਰਜਸ ਹੀ ਨਹੀਂ ਕਰਦੇ। ਬਹੁਤੇ ਸਾਰਾ ਦਿਨ ਅਜੇਹੀਆਂ ਕੁਰਸੀਆਂ 'ਤੇ ਬੈਠੇ ਰਹਿੰਦੇ ਹਾਂ ਜਿਹਨਾਂ ਦੀ ਬਣਤਰ ਸਹੀ ਨਹੀਂ ਹੁੰਦੀ। ਅਸੀਂ ਕਾਰਾਂ, ਬੱਸਾਂ, ਰੇਲਾਂ 'ਚ ਸਹੀ ਢੰਗ ਨਾਲ ਬੈਠ ਨਹੀਂ ਸਕਦੇ। ਕਈ ਵਾਰੀ ਆਪਣੀ ਰੀੜ੍ਹ ਦੀ ਹੱਡੀ 'ਤੇ ਬੋਝ, ਦਬਾਅ ਜਾਂ ਖਿੱਚ ਉਲਟਾਉਂਦੇ ਉਠਦੇ ਜਾਂ ਪਾਉਂਦੇ ਹਾਂ। ਕਮਰ ਦਰਦ ਨਾਲ ਪ੍ਰੇਸ਼ਾਨੀ ਇਹ ਹੈ ਕਿ ਇਸ ਦੇ ਹੋਣ ਦੇ ਅਨੇਕਾਂ ਕਾਰਨ ਹਨ। ਕੁਝ ਭੌਤਿਕ ਤੇ ਕੁਝ ਰਸਾਇਣਕ ਕਿਰਿਆ ਦਾ ਸਿੱਟਾ। ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਜਾਂਦੀ ਹੈ ਉਵੇਂ-ਉਵੇਂ ਸਾਡਾ ਸਰੀਰ ਵੀ ਕੰਮਜ਼ੋਰ ਹੁੰਦਾ ਜਾਂਦਾ ਹੈ। ਇਹ ਹਾਲ 40-50 ਸਾਲ ਦੀ ਉਮਰ ਪਿਛੋਂ ਹੁੰਦੀ ਹੈ। ਪਰ ਹੋਰ ਮਾਸਪੇਸ਼ੀਆਂ ਦੇ ਮੁਕਾਬਲੇ ਰੀੜ੍ਹ ਦੀ ਹੱਡੀ ਤੇ ਇਸ ਗੱਲ ਦਾ ਅਸਰ ਵੱਧ ਪੈਂਦਾ ਹੈ ਕਿ ਅਸੀਂ ਜਵਾਨੀ ਵੇਲੇ ਆਪਣੀ ਕਮਰ ਦੀ ਕਿੰਨੀ ਕੁ ਦੁਰਵਰਤੋਂ ਕੀਤੀ। ਜਿੰਨੀ ਦੁਰਵਰਤੋਂ ਵੱਧ ਹੋਊ ਜ਼ਿੰਦਗੀ ਦੇ ਪਿਛਲੇ ਪਹਿਰ ਕਮਰ ਦਾ ਦਰਦ ਉਨਾਂ ਹੀ ਵੱਧ ਹੋਊ।

ਕਮਰ ਦੀ ਬਣਤਰ:- ਮਨੁੱਖ ਦੀ ਰੀੜ੍ਹ 33 ਅੱਡ-ਅੱਡ ਹੱਡੀਆਂ ਨਾਲ ਮਿਲ ਕੇ ਬਣਦੀ ਹੈ ਇਸ ਵਿਚ ਜਿਥੇ ਇਹ ਹੱਡੀਆਂ ਆਪਸ 'ਚ ਜੁੜਦੀਆਂ ਹਨ ਉਥੇ ਉਹਨਾਂ ਵਿਚਕਾਰ ਗੁਦ-ਗੁਦੀਆਂ ਡਿਸਕਾਂ ਵੀ ਹੁੰਦੀਆਂ ਹਨ। ਤਾਂ ਕਿ ਬਿਨ੍ਹਾਂ ਵਜਾਹ ਦਬਾਅ ਜਾਂ ਧੱਕੇ ਵੇਲੇ ਇਹ ਆਪ ਹਰਜਾ ਝੱਲ ਕੇ ਰੀੜ੍ਹ ਦੀਆਂ ਮਣਕਿਆਂ ਨੂੰ ਨੁਕਸਾਨ ਤੋਂ ਬਚਾ ਸਕਣ। ਇਸ ਤੋਂ ਇਲਾਵਾ ਸਾਰੀਆਂ ਹੱਡੀਆਂ ਆਪਸ ਵਿਚ ਮਾਸਪੇਸ਼ੀਆਂ ਤੇ ਹੋਰ ਸੈਲਾਂ ਨਾਲ ਜੁੜੀਆਂ ਹੁੰਦੀਆਂ ਹਨ। ਜੋ ਮਿਲ ਕੇ ਕਮਰ ਨੂੰ ਮਜ਼ਬੂਤੀ ਮੁਹਈਆ ਕਰਦੀਆਂ ਹਨ। ਜਿਸ ਨਾਲ ਸਰੀਰ ਨੂੰ ਖੜਾ ਰਹਿਣ 'ਚ ਸਹਾਇਤਾ ਮਿਲਦੀ ਹੈ ਤੇ ਕੁਝ ਹੱਦ ਤਕ ਹਿਲਜੁਲ ਵੀ ਸੰਭਵ ਹੁੰਦੀ ਹੈ। ਰੀੜ੍ਹ ਦੀਆਂ ਹਰੇਕ ਦੋ ਹੱਡੀਆਂ ਵਿਚਕਾਰ ਮੌਜੂਦ ਡਿਸਕ ਇਕ ਮਹੱਤਵਪੂਰਨ ਭਾਗ ਹੈ ਜੋ ਕਮਰ 'ਚ ਲਚਕੀਲਾਪਣ ਲਿਆਉਂਦੀ ਹੈ। ਇਹਨਾਂ ਡਿਸਕਾਂ ਦੀ ਬਣਤਰ ਅਜੇਹੀ ਹੁੰਦੀ ਹੈ ਕਿ ਇਸ ਦਾ ਬਾਹਰੀ ਹਿੱਸਾ ਬਹੁਤ ਮਜ਼ਬੂਤ ਤੰਤੂਆਂ ਦਾ ਬਣਿਆ ਹੁੰਦਾ ਹੈ ਜਿਸ ਅੰਦਰ ਜੈਲੀ ਜਾਂ ਤਰਲ ਪਦਾਰਥ ਮੌਜੂਦ ਹੁੰਦੇ ਹਨ। ਇਸ ਡਿਸਕ ਦੀ ਖਰਾਬੀ ਪਿੱਠ ਦੇ ਦਰਦ ਦਾ ਆਮ ਕਾਰਨ ਹੈ। ਖਾਸ ਕਰਕੇ ਭਾਰੀ ਬੋਝ ਪਾਉਂਦੇ ਸਮੇਂ ਜਦ ਰੀੜ੍ਹ (ਕਮਰ) ਝੁਕੀ ਹੋਈ ਜਾਂ ਘੁੰਮੀ ਹੋਈ ਹੋਵੇ, ਇਸ 'ਤੇ ਭਾਰੀ ਬੋਝ ਪੈਂਦਾ ਹੈ ਅਤੇ ਇਸ ਦਾ ਬਾਹਰੀ ਕਵਚ ਇਕ ਪਾਸਿਉਂ ਫਟ ਜਾਂਦੈ। ਉਸ ਅੰਦਰਲੇ ਤਰਲ ਪਦਾਰਥ ਬਾਹਰ ਨਿਕਲ ਜਾਂਦਾ ਹੈ।

ਜੇ ਇਹ ਪਦਾਰਥ ਕਿਸੇ ਨਸ 'ਤੇ ਦਬਾਅ ਪਾਵੇ ਤਾਂ ਉਸ ਥਾਂ ਦਰਦ ਹੁੰਦਾ ਹੈ ਤੇ ਨਾਲ ਹੀ ਉਸ ਨਸ਼ ਦਾ ਸਰੀਰ ਦੇ ਜਿਸ ਹਿੱਸੇ ਨਾਲ ਸਬੰਧ ਹੁੰਦਾ ਹੈ, ਉਸ ਭਾਗ ਵਿਚ ਵੀ ਦਰਦ ਤੇ ਹੋਰ ਸੰਵੇਦਨਾਂ ਨਾਲ ਸਬੰਧਤ ਵਿਗਾੜ ਪੈਦਾ ਹੋ ਜਾਂਦੇ ਹਨ। ਇਸ ਨੂੰ ਆਮ ਭਾਸ਼ਾ 'ਚ ਸਲਿਪ ਡਿਸਕ ਕਿਹਾ ਜਾਂਦਾ ਹੈ। ਕਮਰ ਦਰਦ ਦਾ ਇਕ ਹੋਰ ਮਹੱਤਵਪੂਰਨ ਕਾਰਨ ਇਹ ਹੈ ਕਿ ਰੀੜ੍ਹ ਦੀ ਹੱਡੀ ਨੂੰ ਆਕਾਰ ਦੇਣ

ਵਾਲੀਆਂ ਮਾਸਪੇਸ਼ੀਆਂ ਤਣ ਜਾਂਦੀਆਂ ਹਨ। ਜੇ ਤਣੀਆਂ ਹੋਈਆਂ ਮਾਸ-ਪੇਸ਼ੀਆਂ 'ਤੇ ਅਚਾਨਕ ਧੱਕਾ ਲੱਗੇ ਜਾਂ ਉਹ ਤੇਜੀ ਨਾਲ ਘੁੰਮੇ ਤਾਂ ਉਹਨਾਂ ਦੇ ਤੰਤੂ ਫਟ ਜਾਂਦੇ ਹਨ ਤੇ ਤੇਜ਼ ਦਰਦ ਪੈਦਾ ਹੋ ਜਾਂਦਾ ਹੈ। ਭਾਵੇਂ ਦਰਦ ਇਕ ਵਿਅਕਤੀਗਤ ਅਨੁਭਵ ਹੈ ਤੇ ਇਸ ਨੂੰ ਮਾਪਿਆ ਨਹੀਂ ਜਾ ਸਕਦਾ ਪਰ ਕਮਰ ਦਾ ਦਰਦ ਅਕਸਰ ਲਗਾਤਾਰ ਹੋਣ ਵਾਲਾ ਦਰਦ ਹੈ ਜਿਸ 'ਚ ਕਈ ਵਾਰ ਪੈਰਾਂ ਜਾਂ ਹੱਥਾਂ 'ਚ ਝੁਨਝਨੀ ਹੋਣਾ ਜਾਂ ਸਰੀਰ ਦੇ ਕਿਸੇ ਹਿੱਸੇ ਦਾ ਕੰਮਜ਼ੋਰ ਹੋ ਜਾਣਾ ਸ਼ਾਮਲ ਹੈ। ਕਈ ਵਾਰੀ ਦਰਦ ਦਾ ਕਾਰਨ ਸੁਰਖਿਆ ਲਈ ਵੀ ਹੋ ਸਕਦਾ ਹੈ। ਖਾਸ ਕਰਕੇ ਮਾਸਪੇਸ਼ੀਆਂ 'ਚ ਪੈਣ ਵਾਲੇ ਤੇਜ ਦਬਾਅ ਨੂੰ ਰੋਕਣ ਲਈ ਝੁਕਦੇ ਸਮੇਂ ਕਮਰ 'ਚ ਏਨਾ ਦਰਦ ਉਠਦਾ ਹੈ ਕਿ ਮਰੀਜ਼ ਦੂਹਰਾ ਹੋ ਜਾਂਦੈ।

ਕਈ ਵਾਰੀ ਸੱਟ ਕਈ ਸਿਧੀਆਂ ਜਾਂ ਅਸਿਧੀਆਂ ਸਰਗਰਮੀਆਂ ਨਾਲ ਲਗਦੀ ਹੈ। ਮਿਸਾਲ ਵਜੋਂ ਸਰੀਰ ਨੂੰ ਬਹੁਤ ਜ਼ਿਆਦਾ ਜਾਂ ਬਹੁਤ ਜਲਦੀ ਮੋੜਨਾ, ਤੇਜੀ ਨਾਲ ਜਾਂ ਝਟਕੇ ਨਾਲ ਝੁਕਣਾ ਜਾਂ ਘੁੰਮਣਾ, ਭਾਰੀ ਵਜ਼ਨ, ਗਲਤ ਤਰੀਕੇ ਨਾਲ ਉਠਾਉਣਾ ਜਾਂ ਬਹੁਤ ਦੇਰ ਝੁਕੀ ਹੋਈ ਹਾਲਤ ਵਿਚ ਰਹਿਣਾ ਜਾਂ ਬਿਨਾਂ ਸਹਾਰਾ ਦੇਰ ਤਕ ਬੈਠਣਾ। ਕਦੀ-ਕਦੀ ਤਾਂ ਅਚਾਨਕ ਉਠਣ ਵੇਲੇ ਦਬਾਅ ਪਾਇਆ ਜਾਂਦਾ ਹੈ ਜਾਂ ਛਿੱਕ ਮਾਰਨ ਵੇਲੇ ਨੁਕਸਾਨ ਪਹੁੰਚਦਾ ਹੈ। ਉਮਰ ਦੇ ਵਧਣ ਦੇ ਨਾਲ-ਨਾਲ ਸਰੀਰ ਨੂੰ ਵੀ ਨੁਕਸਾਨ ਹੋਣ ਲਗਦਾ ਹੈ ਅਤੇ ਕਮਰ (ਰੀੜ੍ਹ) ਵਿਚ ਇਹ ਨੁਕਸਾਨ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਜਵਾਨੀ ਵੇਲੇ ਰੀੜ੍ਹ ਤੇ ਕਿੰਨਾ ਕੁ ਬੋਝ ਪਾਇਆ ਗਿਆ। ਵੈਸੇ ਆਮ ਹਾਲਤਾਂ ਵਿਚ ਚਾਲੀ ਸਾਲਾਂ ਦੀ ਉਮਰ ਪਿਛੋਂ ਰੀੜ੍ਹ ਦੀ ਹੱਡੀ 'ਚ ਤਬਦੀਲੀ ਸ਼ੁਰੂ ਹੋ ਜਾਂਦੀ ਹੈ।

ਡਿਸਕ ਦੇ ਚਪਟੇ ਹੋਣ ਜਾਂ ਘਿਸਣ ਕਾਰਨ ਦੋ ਹੱਡੀਆਂ ਵਿਚਕਾਰ ਦੀ ਦੂਰੀ ਘੱਟ ਹੋਣ ਲਗਦੀ ਹੈ। ਨਾਲ ਹੀ ਇਹਨਾਂ ਹੱਡੀਆਂ ਦਾ ਲਚਕੀਲਾਪਣ ਘੱਟ ਹੋਣ ਲਗਦਾ ਹੈ ਅਤੇ ਇਹ ਸਖ਼ਤ ਹੋਣ ਲਗਦੀਆਂ ਹਨ। ਜਿਸ ਨਾਲ ਇਹਨਾਂ ਦੇ ਟੁੱਟਣ ਦੀ ਸੰਭਾਵਨਾ ਵੱਧ ਜਾਂਦੀ ਹੈ। ਵਧਦੀ ਉਮਰ ਦੇ ਨਾਲ-ਨਾਲ ਕਸਰਤ ਤੇ ਮੇਹਨਤ ਰਾਹੀਂ ਰੀੜ੍ਹ ਨੂੰ ਲਚਕੀਲਾਪਣ ਬਣਾਈ ਰਖਣਾ ਜ਼ਰੂਰੀ ਹੈ। ਵਧਦੀ ਉਮਰ ਕਾਰਨ ਘਟੇ ਇਸ ਲਚਕੀਲੇਪਣ ਨੂੰ ਸਪਾਂਡੀ ਲਾਈਟਸ ਵੀ ਕਿਹਾ ਜਾਂਦਾ ਹੈ। ਗਰਦਨ ਦੀਆਂ ਹੱਡੀਆਂ 'ਚ ਹੋਏ ਇਸ ਸਪਾਂਡੀ ਲਾਈਟਸ ਰੋਗ ਦੌਰਾਨ ਸਿਰਦਰਦ, ਗਰਦਨ ਦਾ ਦਰਦ ਤੇ ਹੱਥਾਂ ਵਿਚ ਝੁਨਝਨੀ ਹੋਣ ਵਰਗੇ ਲੱਛਣ ਪੈਦਾ ਹੋ ਸਕਦੇ ਹਨ। ਕਦੀ-ਕਦੀ ਚੱਕਰ ਆਉਣੇ, ਹੱਥਾਂ ਵਿਚ ਕੰਮਜ਼ੋਰੀ ਆਉਣੀ ਜਾਂ ਦਰਦ ਹੋਣ ਵਰਗੇ ਲੱਛਣ ਵੀ ਮੌਜੂਦ ਹਨ।

ਗਰਦਨ ਨੂੰ ਆਰਾਮ ਦੇਣ, ਸੇਕ ਦੇਣ ਤੇ ਗਰਦਨ ਨਿਵਾਰਕ ਗੋਲੀਆਂ ਦੀ ਵਰਤੋਂ ਨਾਲ ਇਹ ਤਕਲੀਫ ਕੁਝ ਦਿਨਾਂ ਲਈ ਦੂਰ ਹੋ ਜਾਂਦੀ ਹੈ ਪਰ ਪਿਛੋਂ ਫਿਰ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਕਮਰ ਦੇ ਉਪਰਲੇ ਹਿੱਸੇ ਵਿਚ ਹੋਣ ਵਾਲੇ ਇਸ ਵਕਾਰ ਨੂੰ ਲੰਬਰ ਸਪਾਂਡੀ ਲਾਈਟਸ ਕਿਹਾ ਜਾਂਦਾ ਹੈ। ਇਸ ਨਾਲ ਕਮਰ ਤੇ ਪੈਰਾਂ 'ਚ ਦਰਦ ਹੋਣਾ, ਪੈਰ ਸੁੰਨ ਹੋਣੇ ਤੇ ਰਾਤ ਨੂੰ ਦਰਦ ਵੱਧ ਜਾਣਾ ਜਾਂ ਸਵੇਰੇ ਉਠਣ ਪਿਛੋਂ ਸਰੀਰ ਦਾ ਅਕੜੇਵਾਂ ਵਰਗੇ ਲੱਛਣ ਹੁੰਦੇ ਹਨ। ਬਚਾਅ ਪੱਖੋਂ ਸਖਤ ਬਿਸਤਰੇ ਦੀ ਵਰਤੋਂ ਕਰੋ, ਮੋਟਾਪਾ ਨਾ ਵਧਣ ਦਿਉ। ਝਟਕਿਆਂ ਵਾਲੀ ਹਲਚਲ ਬੰਦ ਕਰੋ। ਵਜ਼ਨ ਚੁੱਕਦੇ

ਸਮੇਂ ਸਾਵਧਾਨੀ ਵਰਤੋਂ। ਵਜ਼ਨ ਚੁੱਕ ਕੇ ਜਲਦੀ ਜਰਕ ਨਾਲ ਨਾ ਉਠੋ। ਦਫ਼ਤਰ 'ਚ ਕੁਰਸੀ ਤੇ ਮੇਜ਼ ਉਪਰ ਲਗਾਤਾਰ ਹੀ ਨਾ ਝੁਕੇ ਰਹੋ, ਜਦੋਂ ਮੌਕਾ ਮਿਲੇ ਆਰਾਮ ਕਰੋ। ਗਲਤ ਆਕਾਰ ਵਾਲੇ ਫਰਨੀਚਰ ਤੇ ਬੈਠਣਾ ਖਤਰਨਾਕ ਹੁੰਦਾ ਹੈ। ਕਈ ਗੁੰਝਲਦਾਰ ਰੋਗਾਂ 'ਚ ਖਿਚ (ਟਰੈਕਸ਼ਨ) ਪਾਉਣੀ ਚਾਹੀਦੀ ਹੈ। ਡਾਇਆਥਰਮੀ ਵੀ ਚਾਹੀਦੀ ਹੈ।

# ਸ਼ੂਗਰ ਦੀ ਬੀਮਾਰੀ ਗੁਰਦੇ ਕਿਵੇਂ ਖਰਾਬ ਕਰਦੀ ਹੈ?

ਸ਼ੂਗਰ ਦੀ ਬੀਮਾਰੀ (ਡਾਇਬਟੀਜ਼) ਦਾ ਹਮਲਾ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਅਨੁਮਾਨ ਹੈ ਕਿ ਦੇਸ਼ ਦੇ ਲਗਭਗ 1.5 ਕਰੋੜ ਲੋਕ ਸ਼ੂਗਰ ਦੀ ਬੀਮਾਰੀ ਦੇ ਮਰੀਜ਼ ਹਨ ਤੇ ਏਨੇ ਹੀ ਹੋਰ ਹਨ ਜਿਹਨਾਂ ਨੂੰ ਆਪਣੀ ਬੀਮਾਰੀ ਦਾ ਪਤਾ ਨਹੀਂ ਹੈ। ਹੋਰਨਾਂ ਦੇਸ਼ਾਂ ਦੇ ਮੁਕਾਬਲੇ ਡਾਇਬਟੀਜ਼ ਸਾਡੇ ਦੇਸ਼ ਵਿਚ ਘੱਟ ਉਮਰ ਵਰਗ ਨੂੰ ਤੇਜ਼ੀ ਨਾਲ ਪ੍ਰਭਾਵਿਤ ਕਰ ਰਹੀ ਹੈ। ਨਾਲ ਹੀ ਰੋਗ ਦੀ ਗੰਭੀਰਤਾ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਦੇਸ਼ 'ਚ ਇਸ ਰੋਗ ਦੇ ਵਧਣ ਦੇ ਮੁੱਖ ਕਾਰਨ ਹਨ:-

ਤੇਜ਼ੀ ਨਾਲ ਬਦਲਦੀ ਜੀਵਨ ਸ਼ੈਲੀ, ਸਰੀਰਕ ਮੇਹਨਤ 'ਚ ਕਮੀ, ਖਾਣ-ਪੀਣ ਦੀਆਂ ਬਦਲ ਦੀਆਂ ਹਾਲਤਾਂ ਤੇ ਮਾਨਸਿਕ ਤਣਾਅ। ਭਾਰਤੀ ਇਲਾਜ ਪ੍ਰੀਸ਼ਦ ਅਨੁਸਾਰ ਜੇ ਪ੍ਰਭਾਵੀ ਉਪਾਅ ਨਾ ਕੀਤੇ ਗਏ ਤਾਂ ਸੰਨ 2010 ਤਕ ਇਸ ਦੇਸ਼ 'ਚ ਹਰੇਕ ਦਸ ਵਿਚੋਂ ਇਕ ਵਿਅਕਤੀ ਸ਼ੂਗਰ ਦੀ ਬੀਮਾਰੀ ਨਾਲ ਪੀੜਤ ਹੋ ਜਾਵੇਗਾ। ਸ਼ੂਗਰ ਦੀ ਬੀਮਾਰੀ ਦੇ ਰੋਗੀ 'ਚ ਲੰਮੇ ਸਮੇਂ ਤਕ ਬਲੱਡ ਸ਼ੂਗਰ ਕੰਟਰੋਲ ਤੋਂ ਬਾਹਰ ਰਹਿਣ ਕਰਕੇ ਸਾਰੇ ਅੰਗਾਂ 'ਤੇ ਬੁਰਾ ਅਸਰ ਪੈਂਦਾ ਹੈ, ਬੇਲਗਾਮ ਹੋਈ ਇਹ ਬੀਮਾਰੀ ਦੇ ਮਰੀਜ਼ਾਂ ਨੂੰ ਹਾਰਟ ਅਟੈਕ, ਸਟਰੋਕ (ਅਧਰੰਗ), ਅੰਨ੍ਹਾਪਣ ਕਈ ਵਾਰੀ ਦੁਬਾਰਾ-ਦੁਬਾਰਾ ਹੁੰਦੀ ਇਨਫ਼ੈਕਸ਼ਨ, ਯੌਨ ਸਮਸਿਆਵਾਂ, ਤੰਤੂ ਪ੍ਰਬੰਧ ਦੇ ਵਿਗਾੜ, ਗੈਂਗਰੀਨ ਤੇ ਗੁਰਦਿਆਂ ਦੀਆਂ ਬੀਮਾਰੀਆਂ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਹਨਾਂ ਸਾਰੀਆਂ ਸਮਸਿਆਵਾਂ ਵਿਚੋਂ ਸਭ ਤੋਂ ਗੁੰਝਲਦਾਰ ਗੰਭੀਰ ਤੇ ਕਸ਼ਟਦਾਇਕ ਸਮਸਿਆ ਹੈ ਗੁਰਦਿਆਂ ਦੀ ਬੀਮਾਰੀ- ਡਾਇਬੈਟਿਨ ਨੈਫਰੋਪੈਥੀ। ਸ਼ੂਗਰ ਦੀ ਬੀਮਾਰੀ ਦੇ ਲਗਭਗ 40 ਫੀ ਸਦੀ ਮਰੀਜ਼ਾਂ 'ਚ ਗੁਰਦੇ ਬੁਰੀ ਤਰ੍ਹਾਂ ਅਸਰ ਅੰਦਾਜ ਹੋ ਕੇ ਫੇਲ੍ਹ ਹੋ ਜਾਂਦੇ ਹਨ। ਸ਼ੂਗਰ ਦੀ ਬੀਮਾਰੀ ਕਾਰਨ ਪੈਦਾ ਹੋਏ ਰੋਗਾਂ ਦਾ ਪ੍ਰਭਾਵ ਪਹਿਲਾਂ ਤੋਂ ਵੀ ਘੱਟ ਉਮਰ ਵਿਚ ਸ਼ੁਰੂ ਹੋਣ ਲੱਗਿਆ ਹੈ। ਸ਼ੂਗਰ ਦੀ ਬੀਮਾਰੀ ਕਾਰਨ ਪੈਦਾ ਹੋਏ ਗੁਰਦਿਆਂ ਦੇ ਰੋਗ ਜ਼ਿਆਦਾ ਗੰਭੀਰ ਹਨ। ਹੁਣ ਤਾਂ ਗੁਰਦਿਆਂ 'ਤੇ ਡਾਇਬਟੀਜ਼ ਦਾ ਪ੍ਰਭਾਵ ਪਹਿਲਾਂ ਤੋਂ ਵੀ ਘੱਟ ਉਮਰ ਵਿਚ ਸ਼ੁਰੂ ਹੋਣ ਲੱਗਿਆ ਹੈ। ਸ਼ੂਗਰ ਦੀ ਬੀਮਾਰੀ ਕਾਰਨ ਪੈਦਾ ਹੋਏ ਗੁਰਦਿਆਂ ਦੇ ਰੋਗਾਂ ਦੇ ਲਗਾਤਾਰ ਵਧਣ ਦਾ ਕਾਰਨ ਸ਼ੂਗਰ ਦੀ ਬੀਮਾਰੀ ਦਾ ਲੰਮੇ ਚਿਰ ਪਤਾ ਨਾ ਲੱਗਣਾ, ਪਤਾ ਲਗਣ 'ਤੇ ਵੀ ਗੁਲੂਕੋਜ਼ ਦਾ ਕੰਟਰੋਲ ਨਾ ਹੋਣਾ, ਗੁਰਦਿਆਂ ਦੀ ਬੀਮਾਰੀ ਦਾ ਕਾਰਨ ਬਣਦਾ ਹੈ। ਜੇ ਰੋਗ ਬਹੁਤ ਪੁਰਾਣਾ ਹੈ, ਰੋਗ ਦੇ ਕਾਰਨ ਖ਼ੂਨ ਵਿਚ ਗੁਲੂਕੋਜ਼ ਦੀ ਮਾਤਰਾ ਬਹੁਤ ਵੱਧ ਜਾਂਦੀ ਹੈ ਤੇ ਕੰਟਰੋਲ ਨਹੀਂ ਹੋ ਸਕਦੀ। ਕੰਟਰੋਲ ਕਰਨ 'ਚ ਰੋਗੀ ਲਾਹਪ੍ਰਵਾਹੀ ਕਰਦੇ ਹਨ। ਬਲੱਡ ਪ੍ਰੈਸ਼ਰ ਵੀ ਸ਼ੂਗਰ ਕਾਰਨ ਵੱਧ ਜਾਂਦਾ ਹੈ। ਜੇ ਸ਼ੂਗਰ ਦੇ ਮਰੀਜ਼ ਭੋਜਨ 'ਚ ਪ੍ਰੋਟੀਨ ਵੱਧ ਲੈਂਦੇ ਹਨ, ਉਹਨਾਂ 'ਚ ਵੀ ਗੁਰਦਿਆਂ ਦੇ ਰੋਗ ਵਧਣ ਦੀ ਸੰਭਵਾਨਾ ਵੱਧ ਜਾਂਦੀ ਹੈ।

ਸ਼ੂਗਰ ਦੀ ਬੀਮਾਰੀ ਦਾ ਗੁਰਦਿਆਂ 'ਤੇ ਅਸਰ :- ਬੇਕਾਬੂ ਸ਼ੂਗਰ ਦੀ ਬੀਮਾਰੀ ਗੁਰਦਿਆਂ 'ਚ ਛਾਨਣੇ ਵਾਲੀ ਝਿੱਲੀ ਦੀ ਤਹਿ ਨੂੰ ਨਸ਼ਟ ਕਰ ਦਿੰਦੀ ਹੈ ਜਿਸ ਨਾਲ ਗੁਰਦਿਆਂ ਦੀ ਕਾਰਜਕੁਸ਼ਲਤਾ 'ਚ ਅੜਿਕਾ ਪੈਦਾ ਹੋ ਜਾਂਦਾ ਹੈ। ਸ਼ੁਰੂ-ਸ਼ੁਰੂ 'ਚ

ਮਰੀਜ਼ਾਂ ਨੂੰ ਪੇਸ਼ਾਬ 'ਚ ਸੂਖਮ ਮਾਤਰਾ 'ਚ ਅਲਬੂਮਿਨ ਪ੍ਰੋਟੀਨ ਆਉਣੀ ਸ਼ੁਰੂ ਹੋ ਜਾਂਦੀ ਹੈ। ਸ਼ੂਗਰ ਦੀ ਬੀਮਾਰੀ ਦੇ ਰੋਗੀਆਂ ਨੂੰ ਸ਼ੁਰੂ ਦੇ ਲੱਛਣਾਂ ਦੀ ਜਾਣਕਾਰੀ ਜ਼ਰੂਰੀ ਹੈ ਤਾਂ ਕਿ ਸਮੇਂ ਸਿਰ ਸੁਚੇਤ ਹੋ ਕੇ ਭਵਿੱਖ 'ਚ ਗੰਭੀਰ ਕਸਟਾਂ ਤੋਂ ਬਚਿਆ ਜਾ ਸਕੇ। ਜੇ ਸ਼ੂਗਰ ਦੇ ਮਰੀਜ਼ ਨੂੰ ਸਵੇਰੇ ਉਠਦਿਆਂ ਹੀ ਚਿਹਰੇ 'ਤੇ ਸੋਜ਼ ਆਉਂਦੀ ਹੈ ਜਾਂ ਵੱਧ ਦੇਰ ਖੜ੍ਹੇ ਰਹਿਣ ਨਾਲ ਪੈਰਾਂ ਤੇ ਸੋਜ਼ ਮਾਲੂਮ ਹੁੰਦੀ ਹੈ ਤਾਂ ਇਹ ਗੁਰਦਿਆਂ ਦੇ ਅਸਰ ਅੰਦਾਜ ਹੋਣ ਦੀ ਨਿਸ਼ਾਨੀ ਹੈ। ਸ਼ੂਗਰ ਦੇ ਰੋਗੀ ਹਾਈ ਬਲੱਡ ਪ੍ਰੈਸ਼ਰ ਦਾ ਵੀ ਸ਼ਿਕਾਰ ਹੋ ਜਾਂਦੇ ਹਨ ਤਾਂ ਪਹਿਲਾਂ ਹੀ ਇਸ ਤੋਂ ਪੀੜਤ ਹੋਣ ਦਾ ਜੋ ਬਲੱਡ ਪ੍ਰੈਸ਼ਰ ਜ਼ਿਆਦਾ ਹੀ ਵੱਧ ਜਾਵੇ ਤਾਂ ਸਮਝੋ ਕਿ ਗੁਰਦਿਆਂ ਨੂੰ ਹਰਜਾ ਹੋ ਰਿਹਾ ਹੈ। ਜਿਹਨਾਂ ਮਰੀਜ਼ਾਂ 'ਚ ਬਲੱਡ ਗੁਲੂਕੋਜ਼ ਕੰਟਰੋਲ ਹੋਣ ਦੇ ਬਾਵਜੂਦ ਵਾਰ-ਵਾਰ ਪੇਸ਼ਾਬ ਆਉਂਦਾ ਹੈ। ਉਹਨਾਂ 'ਚ ਵੀ ਗੁਰਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੁੰਦੀ ਹੈ। ਜੇ ਮਰੀਜ਼ ਨੂੰ ਪੇਸ਼ਾਬ 'ਚ ਵੱਧ ਝੱਗ ਆਉਂਦੀ ਹੈ ਤਾਂ ਗੁਰਦੇ ਪ੍ਰਭਾਵਿਤ ਹੋ ਸਕਦੇ ਹਨ। ਖ਼ੂਨ 'ਚ ਸ਼ੂਗਰ ਦੇ ਕੰਟਰੋਲ ਦੇ ਬਾਵਜੂਦ ਲਗਾਤਾਰ ਕੰਮਜ਼ੋਰੀ ਮਹਿਸੂਸ ਹੋਣੀ ਤਾਂ ਗੁਰਦੇ ਪ੍ਰਭਾਵਿਤ ਹੋ ਸਕਦੇ ਹਨ। ਜੇ ਥੋੜੀ ਜਿੰਨੀ ਮਿਹਨਤ ਨਾਲ ਸਾਹ ਫੁੱਲਦਾ ਹੋਵੇ ਜਾਂ ਥਕਾਵਟ ਆ ਜਾਂਦੀ ਹੋਵੇ ਤਾਂ ਗੁਰਦੇ ਅਸਰ ਅੰਦਾਜ਼ ਹੋ ਸਕਦੇ ਹਨ। ਜੇ ਸ਼ੂਗਰ ਦੇ ਰੋਗੀਆਂ 'ਚ ਹੱਥ ਪੈਰ ਤੇ ਕਮਰ 'ਚ ਲਗਾਤਾਰ ਦਰਦ ਰਹਿੰਦਾ ਹੈ, ਖ਼ੂਨ 'ਚ ਗੁਲੂਕੋਜ਼ ਦਾ ਪੱਧਰ ਜੋ ਪਹਿਲਾਂ ਦਵਾਈਆਂ ਜਾਂ ਇਨਸੂਲਿਨ ਨਾਲ ਕੰਟਰੋਲ ਸੀ, ਵਾਰ-ਵਾਰ ਘੱਟ ਹੋ ਜਾਂਦਾ ਹੈ, ਖ਼ੂਨ 'ਚ ਸ਼ੂਗਰ ਕੰਟਰੋਲ ਹੋਣ ਦੇ ਬਾਵਜੂਦ ਵਾਰ-ਵਾਰ ਪੇਸ਼ਾਬ ਦੇ ਰਸਤੇ ਇਨਫ਼ੈਕਸ਼ਨ ਹੁੰਦੀ ਰਹਿੰਦੀ ਹੈ ਤੇ ਪੇਸ਼ਾਬ 'ਚ ਕਦੀ-ਕਦੀ ਖ਼ੂਨ ਵੀ ਆਉਂਦਾ ਹੈ ਤਾਂ ਸਮਝਿਆ ਜਾਣਾ ਚਾਹੀਦਾ ਹੈ ਕਿ ਸ਼ੂਗਰ ਦੀ ਬੀਮਾਰੀ ਨਾਲ ਗੁਰਦੇ ਪ੍ਰਭਾਵਿਤ ਹੋ ਗਏ ਹਨ।

**ਬਚਾਅ**:- ਇਹ ਸਭ ਤੋਂ ਗੰਭੀਰ ਸਮਸਿਆ ਹੈ। ਜੇ ਸਾਵਧਾਨੀ ਨਾ ਵਰਤੋਂ ਤਾਂ ਗੁਰਦੇ ਫੇਲ੍ਹ ਹੋ ਜਾਂਦੇ ਹਨ। ਜਿਸ ਦਾ ਇਲਾਜ ਲਗਾਤਾਰ ਡਾਇਲਿਸਸ ਜਾਂ ਗੁਰਦਿਆਂ ਦੀ ਤਬਦੀਲੀ ਹੁੰਦਾ ਹੈ। ਰੋਗ ਤੋਂ ਬਚਾਅ ਲਈ ਉਪਾਅ ਜ਼ਰੂਰੀ ਹਨ। ਵੈਸੇ ਸ਼ੂਗਰ ਦੀ ਬੀਮਾਰੀ ਦੇ ਰੋਗੀਆਂ ਵਿਚ ਸਮੇਂ-ਸਮੇਂ ਸਿਰ ਪੇਸ਼ਾਬ 'ਚ ਮਾਈਕਰੋਅਲਬੂਮਿਨ ਤੇ ਖ਼ੂਨ ਦੀ ਸੀਰਮ ਕਰੀਟਨਿਨ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਜਿਸ ਨੂੰ ਬੀਮਾਰੀ ਦੀ ਸ਼ੁਰੂਆਤੀ ਵਿਵਸਥਾ ਦਾ ਗਿਆਨ ਹੁੰਦਿਆਂ ਹੀ ਉਪਾਅ ਕੀਤਾ ਜਾ ਸਕੇ।

ਖ਼ੂਨ 'ਚ ਸ਼ੂਗਰ ਦੀ ਮਾਤਰਾ ਦਾ ਲਗਾਤਾਰ ਕੰਟਰੋਲ ਰਖਣਾ ਜ਼ਰੂਰੀ ਹੈ। ਸ਼ੂਗਰ ਦੇ ਰੋਗੀ ਖ਼ੂਨ 'ਚ ਆਪਣੇ ਗੁਲੂਕੋਜ਼ ਦੇ ਪੱਧਰ 'ਚ ਜਿੰਨਾ ਕਰੜਾਈ ਨਾਲ ਕੰਟਰੋਲ ਰਖਣਗੇ ਉਨਾਂ ਹੀ ਸ਼ੂਗਰ ਦੇ ਰੋਗ ਕਾਰਨ ਹੋਣ ਵਾਲੇ ਮਾੜੇ ਅਸਰਾਂ ਦਾ ਖਤਰਾ ਘੱਟ ਜਾਵੇਗਾ। ਰੋਗੀ ਪ੍ਰੇਹਜ਼, ਨਿਯਮਤ ਕਸਰਤ, ਗੋਲੀਆਂ ਜਾਂ ਟੀਕਿਆਂ ਰਾਹੀਂ ਖ਼ੂਨ 'ਚ ਗੁਲੂਕੋਜ਼ ਦੀ ਮਾਤਰਾ ਭੁਖੇ ਪੇਟ 80 ਤੋਂ 100 ਤੇ ਖਾਣਾ ਖਾਣ ਪਿਛੋਂ 120 ਤੋਂ 140 ਮਿ.ਗ੍ਰਾ: ਵਿਚਕਾਰ ਰਹੇ। ਪ੍ਰਹੇਜ਼, ਕਸਰਤ ਦਵਾਈਆਂ ਵਿਚ ਲਾਹਪ੍ਰਵਾਹੀ ਮੌਤ ਨੂੰ ਸੱਦਾ ਦੇਣ ਬਰਾਬਰ ਹੈ।

ਸ਼ੂਗਰ ਦੀ ਬੀਮਾਰੀ ਦੇ ਮਰੀਜ਼ਾਂ ਨੂੰ ਅਪਣੇ ਗੁਰਦਿਆਂ ਨੂੰ ਸਿਹਤਮੰਦ ਤੇ ਸੁਰਖਿਅਤ ਰਖਣ ਲਈ ਜ਼ਰੂਰੀ ਹੈ ਕਿ ਬਲੱਡ ਪ੍ਰੈਸ਼ਰ ਕੰਟਰੋਲ ਰਹੇ।

ਸ਼ੂਗਰ ਦੇ ਰੋਗੀਆਂ 'ਚ ਖ਼ੂਨ 'ਚ ਚਰਬੀ, ਕਲੈਸਟ੍ਰੋਲ ਤੇ ਲਿਊਨਿਕ ਏਸਡ ਇਹਨਾਂ

ਦੀ ਵਧੀ ਹੋਈ ਮਾਤਰਾ ਕਾਰਨ ਦਿਲ ਦੇ ਰੋਗ ਬਲੱਡ ਪ੍ਰੈਸ਼ਰ ਤੇ ਅਧਰੰਗ ਦੀ ਸੰਭਾਵਨਾ ਵੱਧ ਜਾਂਦੀ ਹੈ। ਭੋਜਨ 'ਚ ਚਰਬੀ ਦੀ ਮਾਤਰਾ 25 ਫੀ ਸਦੀ ਕੁਲ ਕੈਲਰੀ ਤੋਂ ਵੱਧ ਨਾ ਲਵੋ।

ਵੱਧ ਪ੍ਰੋਟੀਨ ਦੀ ਖਾਣੇ ਵਿਚ ਵਰਤੋਂ ਵੀ ਸ਼ੂਗਰ ਦੇ ਰੋਗੀਆਂ ਦੇ ਗੁਰਦਿਆਂ ਨੂੰ ਪ੍ਰਭਾਵਿਤ ਕਰਦੀ ਹੈ। ਡਾਇਬਟੀਜ਼ ਦੇ ਮਰੀਜ਼ਾਂ ਦੇ ਭੋਜਨ 'ਚ ਪ੍ਰੋਟੀਨ 40 ਤੋਂ 60 ਗ੍ਰਾਮ ਰੋਜ਼ਾਨਾ ਤੋਂ ਵੱਧ ਨਾ ਹੋਵੇ। ਮਾਸ਼ਾਹਾਰੀ ਪ੍ਰੋਟੀਨ ਦੀ ਵਰਤੋਂ ਘਟੋ-ਘੱਟ ਕਰੋ ਪਨੀਰ, ਦੁੱਧ ਤੇ ਆਂਡੇ ਵੀ ਸੀਮਤ ਹੀ ਵਰਤੋ।

ਖ਼ੂਨ 'ਚ ਗੁਲੂਕੋਜ਼ ਦਾ ਕੰਟਰੋਲ ਸਹੀ ਹੋ ਰਿਹਾ ਹੈ ਜਾਂ ਨਹੀਂ, ਇਸ ਲਈ ਰੈਗੂਲਰ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ।

# ਦਿਲ ਦੀ ਝਿਲੀ ਦੀ ਤਪਦਿਕ ਕੀ ਹੈ?

ਦਿਲ ਦੀ ਝਿੱਲੀ ਦੀ ਸੋਜ਼ ਦੇ ਅੱਧ ਤੋਂ ਵੱਧ ਕੇਸ ਤਪਦਿਕ ਕਾਰਨ ਹੁੰਦੇ ਹਨ। ਇਹ 50 ਤੋਂ 85 ਫੀ ਸਦੀ ਕੇਸਾਂ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਤਪਦਿਕ ਦੀ ਇਹ ਇਨਫ਼ੈਕਸ਼ਨ ਸਿੱਧੀ ਦਿਲ ਦੀ ਝਿੱਲੀ ਨੂੰ ਨਹੀਂ ਹੁੰਦੀ ਬਲਕਿ ਇਹ ਤਾਂ ਸਰੀਰ ਦੇ ਕਿਸੇ ਹੋਰ ਅੰਗ ਦੀ ਟੀ.ਬੀ ਵਜੋਂ ਪਹਿਲਾਂ ਹੋ ਚੁਕੀ ਹੁੰਦੀ ਐ। ਪਿਛੋਂ ਹੀ ਦਿਲ ਨੂੰ ਮਾਰ ਕਰਦੀ ਹੈ। ਛਾਤੀ ਅੰਦਰ ਦਿਲ ਦੇ ਨੇੜੇ ਹੀ ਪਈਆਂ ਲਿੰਫ ਦੀਆਂ ਗੰਢਾਂ ਤੋਂ ਇਹ ਇਨਫ਼ੈਕਸ਼ਨ ਦਿਲ ਨੂੰ ਆਪਣੀ ਮਾਰ ਹੇਠ ਲੈ ਲੈਂਦੀ ਹੈ ਜਾਂ ਫਿਰ ਫੇਫੜਿਆਂ ਤੋਂ ਹੱਡੀਆਂ ਦੇ ਅੰਦਰਲੀ ਇਨਫ਼ੈਕਸ਼ਨ ਦਾ ਸਿੱਟਾ ਹੋ ਸਕਦੀ ਹੈ। ਸ਼ੁਰੂ 'ਚ ਇਹ ਖ਼ੂਨ ਦੇ ਜ਼ਰੀਏ ਇਕ ਤੋਂ ਦੂਜੀ ਥਾਂ ਪਹੁੰਚਦੀ ਹੈ। ਇਕ ਹਾਲਤ ਇਹ ਵੀ ਹੁੰਦੀ ਹੈ ਕਿ ਮਨੁੱਖੀ ਸਰੀਰ ਦੀਆਂ ਸਾਰੀਆਂ ਝਿਲੀਆਂ, (ਦਿਲ, ਆਂਤੜੀਆਂ ਤੇ ਫੇਫੜਿਆਂ ਦੀਆਂ ਝਿਲੀਆਂ) ਨੂੰ ਇਹ ਹੋਈ ਹੁੰਦੀ ਹੈ। ਦਿਲ ਦੀ ਤਪਦਿਕ ਦਾ ਇਕ ਸਿੱਟਾ ਦਿਲ ਦੀ ਝਿਲੀ ਅੰਦਰ ਦੋਹਾਂ ਤਹਿਆਂ ਵਿਚਾਲੇ ਪਾਣੀ ਭਰ ਜਾਣਾ ਹੀ ਹੁੰਦਾ ਹੈ। ਮੁੱਖ ਲੱਛਣ ਅਜੇਹੇ ਸਮੇਂ ਛਾਤੀ ਦਾ ਦਰਦ ਹੁੰਦਾ ਹੈ। ਮੋਢੇ 'ਚ ਵੀ ਦਰਦ ਹੋ ਜਾਂਦਾ ਹੈ। ਇਹ ਦਰਦ ਰੋਕਣ ਲਈ ਕਦੇ ਕਦਾਈ ਸੁੰਨ ਕਰਨ ਵਾਲਾ ਟੀਕਾ ਵੀ ਲਾਉਣਾ ਪੈਂਦਾ ਹੈ। ਜੇ ਝਿਲੀਆਂ ਵਿਚਕਾਰ ਪਾਣੀ ਦੀ ਮਾਤਰਾ 200-300 ਗ੍ਰਾਮ ਹੋ ਜਾਵੇ ਤਾਂ ਦਿਲ ਨੂੰ ਬੰਦ ਕਰਨ ਵਰਗੇ ਦਬਾਅ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਇਸ ਪਾਣੀ ਦਾ ਰੰਗ ਖ਼ੂਨ ਵਰਗਾ ਜਾਂ ਹਲਕੇ ਸੁਕੇ ਘਾਹ ਵਰਗਾ ਹੁੰਦਾ ਹੈ। ਜਦੋਂ ਠੀਕ ਹੋਣ ਲਗਦਾ ਹੈ ਤਾਂ ਇਹ ਟੀ.ਬੀ ਦਾ ਪਾਣੀ ਜੇ ਬਾਹਰ ਨਾ ਕੱਢਿਆ ਜਾਵੇ ਤਾਂ ਇਹ ਅੱਧਾ ਪਚੱਧਾ ਸੁੱਕ ਕੇ ਗਾੜ੍ਹਾ ਹੋ ਜਾਂਦਾ ਹੈ ਤੇ ਦਿਲ ਦੀ ਆਮ ਧੜਕਣ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਸ ਨਾਲ ਗਰਦਨ ਦੀਆਂ ਖ਼ੂਨ ਦੀਆਂ ਨਸ਼ਾਂ ਵੀ ਤਣ ਜਾਂਦੀਆਂ ਹਨ। ਦਿਲ ਦੀ ਧੜਕਣ ਦੀ ਰਫ਼ਤਾਰ ਵੱਧ ਜਾਂਦੀ ਹੈ।

**ਲੱਛਣ**:- ਬਿਮਾਰੀ ਦੀ ਸ਼ੁਰੂਆਤੀ ਰਫ਼ਤਾਰ 'ਤੇ ਨਿਰਭਰ ਕਰਦੇ ਹਨ। ਸਿਰਫ 20 ਫੀ ਸਦੀ ਕੇਸਾਂ ਵਿਚ ਹੀ ਬੀਮਾਰੀ ਤੇਜ਼ੀ ਨਾਲ ਆਉਂਦੀ ਹੈ। ਮੁੱਖ ਲੱਛਣਾਂ ਵਿਚ ਕਮਜ਼ੋਰੀ, ਥਕਾਵਟ, ਜੋੜਾਂ ਦਾ ਦਰਦ, ਵਜਨ ਘਟਣਾ, ਭੁੱਖ ਮਰਨੀ, ਹਲਕਾ ਬੁਖਾਰ ਰਹਿਣਾ, ਖੰਘ ਸ਼ੁਰੂਆਤੀ ਹੁੰਦੇ ਹਨ। ਖੰਘ ਵਿਚ ਖ਼ੂਨ ਤੇ ਬਲਗਮ ਆਉਂਣੀ ਕਦੇ ਕਦਾਈ ਹੋ ਸਕਦੇ ਹਨ। ਅਸਲ ਲੱਛਣ, ਛਾਤੀ ਦੇ ਅੱਧ ਵਿਚਕਾਰ ਦਰਦ ਜੋ ਕਦੇ ਖੱਬੇ ਮੋਢੇ, ਗਰਦਨ, ਢੂਹੀ, ਖੱਬੀ ਬਾਂਹ ਤੇ ਮਿਹਦੇ ਤਕ ਵੀ ਪੁਜਦਾ ਹੈ, ਡੂੰਘਾ ਸਾਹ ਲੈਣ, ਖੰਘਣ ਤੇ ਨਿਗਲਣ ਨਾਲ ਇਹ ਦਰਦ ਵਧਦਾ ਹੈ। ਮੂਹਰੇ ਝੁੱਕ ਕੇ ਬੈਠਣ ਨਾਲ ਦਰਦ ਤੋਂ ਰਾਹਤ ਮਿਲਦੀ ਹੈ। ਡਾਕਟਰਾਂ ਨੂੰ ਸਟੈਥੋਸਕੋਪ ਨਾਲ ਦਿਲ ਦੀ ਝਿਲੀ ਦੀਆਂ ਤਹਿਆਂ ਦੇ ਆਪਸ ਵਿਚ ਰਗੜਣ ਦੀ ਆਵਾਜ਼ ਸੁਣਾਈ ਦਿੰਦੀ ਹੈ। ਸਾਹ ਦੀ ਰਫ਼ਤਾਰ ਤੇ ਦਿਲ ਦੀ ਧੜਕਣ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਜੇ ਦਿਲ ਦੀਆਂ ਝਿਲੀਆਂ ਵਿਚਕਾਰ ਭਾਰੀ ਮਾਤਰਾ 'ਚ ਪਾਣੀ ਭਰ ਜਾਵੇ ਤਾਂ ਸਾਹ ਚੜ੍ਹਨ ਲਗਦਾ ਹੈ ਤੇ ਬੈਠਿਆਂ ਹੀ ਦਮ ਪੱਟਿਆ ਰਹਿੰਦਾ ਹੈ। ਦੁੱਖ ਇਸ ਲਈ ਵੱਧ ਹੁੰਦਾ ਹੈ ਕਿਉਂਕਿ ਤੇਜ਼, ਤਿੱਖਾ ਤੇ ਨਿਰਦਈ ਦਰਦ ਉਠਦਾ ਹੈ ਜਿਵੇਂ ਦਿਲ ਦੇ ਦੌਰੇ ਸਮੇਂ ਵਾਪਰਦਾ ਹੈ। ਇਹ

ਦਿਲ ਦੇ ਪੱਠਿਆਂ ਅੰਦਰਲੇ ਤੰਤੂ ਪ੍ਰਬੰਧ ਦੀਆਂ ਨਸ਼ਾਂ ’ਤੇ ਪੈਂਦੇ ਦਬਾਅ ਕਾਰਨ ਹੁੰਦਾ ਹੈ। ਇਸ ਦੇ ਨਾਲ-ਨਾਲ ਉਲਟੀ, ਖੱਟੇ ਡਕਾਰ, ਪੇਟ ਦੀ ਫਲਾਵਟ, ਹਿਚਕੀ, ਥਕਾਵਟ, ਵੱਤ, ਖੰਘ, ਗਲੇ ਅੰਦਰ ਬੁਰਕੀ ਫਸਣੀ ਤੇ ਆਵਾਜ਼ ਨਾ ਨਿਕਲਣੀ ਆਦਿ ਲੱਛਣ ਵੀ ਪ੍ਰਗਟ ਹੋ ਸਕਦੇ ਹਨ। ਜਦੋਂ ਪਾਣੀ ਝਿਲੀਆਂ ਦਰਮਿਆਨ ਹੌਲੀ-ਹੌਲੀ ਭਰਦਾ ਹੈ ਤਾਂ ਦਿਲ ਦਾ ਸਾਈਜ਼ ਵੱਡਾ ਹੋ ਸਕਦਾ ਹੈ ਤੇ ਇਹ ਫੇਲ੍ਹ ਹੋਣ ਲਗਦਾ ਹੈ। ਜੇ ਦਿਲ ਦੇ ਦੁਆਲੇ ਪਾਣੀ ਅਜੇ ਘੱਟ ਭਰਿਆ ਹੋਵੇ ਤਾਂ ਰੋਗੀ ਤੁਰਦਾ ਫਿਰਦਾ ਰਹਿ ਸਕਦਾ ਹੈ ਤੇ ਦੇਖਣ ਨੂੰ ਠੀਕ ਲਗਦਾ ਹੈ। ਪਰ ਜਦੋਂ ਇਹ ਪਾਣੀ ਵੱਧ ਜਾਵੇ ਤਾਂ ਰੋਗੀ ਇਉਂ ਝੁਕ ਕੇ ਬੈਠਦਾ ਹੈ ਜਿਵੇਂ ਕੋਈ ਅੱਲਾ ਦਾ ਪਿਆਰਾ ਮੁਸਲਮਾਨ ਨਮਾਜ਼ ਦੀ ਪ੍ਰਾਰਥਨਾ ਮੌਕੇ ਬੈਠਦਾ ਹੈ। ਛਾਤੀ ਵਿਚਕਾਰੋਂ ਬਾਹਰ ਨੂੰ ਉਭਰ ਆਉਂਦੀ ਹੈ ਖਾਸ ਕਰਕੇ ਬੱਚਿਆਂ ਵਿਚ। ਦਿਲ ਦੀ ਧੜਕਣ ਦੀ ਆਵਾਜ਼ ਮਹਿਸੂਸ ਨਹੀਂ ਹੁੰਦੀ।

ਆਲੇ ਦੁਆਲੇ ਮੌਜੂਦ ਝਿੱਲੀ ਦੀਆਂ ਦੋਹਾਂ ਤਹਿਆਂ ਦੇ ਆਪਸ ’ਚ ਘਸਰਨ ਦੀ ਆਵਾਜ਼ (Pleural rub) ਡਾਕਟਰ ਸਟੈਥੋਸਕੋਪ ਰਾਹੀਂ ਸੁਣ ਸਕਦਾ ਹੈ। ਇਕ ਹੋਰ ਗੰਭੀਰ ਹਾਲਤ ਉਦੋਂ ਬਣ ਸਕਦੀ ਹੈ ਜਦੋਂ ਦਿਲ ਦੇ ਇਰਦ-ਗਿਰਦ ਸਖਤ ਝਿੱਲੀ ਬਣ ਕੇ ਦਿਲ ਦੇ ਪੰਪਿੰਗ ਐਕਸ਼ਨ ਵਿਚ ਰੁਕਾਵਟ ਪੈਣ ਲੱਗ ਜਾਂਦੀ ਹੈ।
ਗਰਦਨ ਦੀਆਂ ਖ਼ੂਨ ਵਾਲੀਆਂ ਨਸ਼ਾਂ ਤਣ ਜਾਂਦੀਆਂ ਹਨ। ਪੇਟ ’ਚ ਪਾਣੀ ਭਰਨ ਦੀ ਹਾਲਤ ਵੀ ਪੈਦਾ ਹੋ ਸਕਦੀ ਹੈ ਜਾਂ ਫਿਰ ਦੋਹਾਂ ਫੇਫੜਿਆਂ ਦੁਆਲੇ ਪਾਣੀ ਇੱਕਠਾ ਹੋ ਸਕਦਾ ਹੈ। ਈ.ਸੀ.ਜੀ ’ਚ ਤਬਦੀਲੀਆਂ ਆ ਜਾਂਦੀਆਂ ਹਨ। ਐਕਸਰੇ ’ਚ ਦਿਲ ਦੀ ਸ਼ਕਲ ਇਉਂ ਨਜ਼ਰ ਆਉਂਦੀ ਹੈ ਜਿਵੇਂ ਪਾਣੀ ਦੀ ਥੈਲੀ ਜਾਂ ਪੈਸਿਆਂ ਦੀ ਭਰੀ ਥੈਲੀ (Money Bag) ਪਈ ਹੋਵੇ। ਦਿਲ ਦੀ ਧੜਕਣ ਦਾ ਮਿਆਰ ਘਟ ਜਾਂਦਾ ਹੈ। ਦਿਲ ਦੀ ਝਿਲੀ ਦੀ ਟੀ.ਬੀ ਪਹਿਚਾਣ ਕਰਨ ਲਈ ਦਿਲ ’ਚ ਕੈਥੀਟਰ ਪਾਇਆ ਜਾ ਸਕਦਾ ਹੈ। ਐਂਜੀਓਗ੍ਰਾਫ਼ੀ ਕੀਤੀ ਜਾ ਸਕਦੀ ਹੈ। ਆਈਸੋਟੋਪ ਸਕੈਨਿੰਗ ਕੀਤੀ ਜਾ ਸਕਦੀ ਹੈ। ਈਕੋ ਕਾਰਡੀਓਗ੍ਰਾਫ਼ੀ ਵੀ ਫਾਇਦੇਮੰਦ ਸਾਬਤ ਹੁੰਦੀ ਹੈ।

**ਇਲਾਜ:- ਆਰਾਮ ਦੀ ਸਖ਼ਤ ਲੋੜ ਹੁੰਦੀ ਹੈ।**

ਤਪਦਿਕ ਕੰਟਰੋਲ ਲਈ ਦਵਾਈ ਦਾ ਇਕ ਲੰਮਾ ਕੋਰਸ ਇਕ ਸਾਲ ਲਈ ਕੀਤਾ ਜਾਂਦਾ ਹੈ। ਬਿਨਾਂ ਨਾਗਾ, ਸਹੀ ਦਵਾਈ, ਸਹੀ ਮਾਤਰਾ ’ਚ ਖਾਣੀ ਚਾਹੀਦੀ ਹੈ। ਮਰੀਜ਼ ਹਸਪਤਾਲ ’ਚ ਦਾਖਲ ਵੀ ਕਰਨਾ ਪੈ ਸਕਦਾ ਹੈ। ਦਿਲ ਉਪਰਲਾ ਪਾਣੀ ਸਰਿੰਜ਼ਾਂ ਰਾਹੀਂ ਬਾਹਰ ਵੀ ਕੱਢਣਾ ਚਾਹੀਦਾ ਹੈ। ਝਿਲੀਆਂ ਦਾ ਕੁਝ ਹਿੱਸਾ ਵੀ ਅਪ੍ਰੇਸ਼ਨ ਰਾਹੀਂ ਬਾਹਰ ਕੱਢ ਲਿਆ ਜਾਂਦਾ ਹੈ ਤਾਂ ਕਿ ਝਿਲੀਆਂ ਸਖਤ ਹੋ ਕੇ ਦਿਲ ਦੀ ਚਾਲ ’ਚ ਅੜਿੱਕਾ ਪੈਦਾ ਨਾ ਕਰਨ। ਡਾਈਯੂਰੇਟਿਕ ਤੇ ਡਿਜੀਟੇਲਿਸ ਦਵਾਈਆਂ ਵੀ ਦਿਲ ਨੂੰ ਸਹਾਰਾ ਦੇਣ ਲਈ ਦਿਤੀਆਂ ਜਾਂਦੀਆਂ ਹਨ। ਲਗਭਗ 80-90 ਫੀ ਸਦੀ ਮਰੀਜ਼ ਟੀ.ਬੀ ਦੀਆਂ ਦਵਾਈਆਂ ਰਾਹੀਂ ਠੀਕ ਹੋ ਜਾਂਦੇ ਹਨ। ਮਰੀਜ਼ ਨਮਕ ਘੱਟ ਖਾਵੇ। ਟੀ.ਬੀ ਅੱਜਕਲ੍ਹ ਇਲਾਜ ਯੋਗ ਹੈ।

# ਪੇਟ ਦੀ ਤਪਦਿਕ ਦੀ ਮਰਜ਼ ਹੈ ਕੀ?

ਪੇਟ ਦੀ ਤਪਦਿਕ (ਟੀ.ਬੀ) ਛਾਤੀ ਤੇ ਹੱਡੀਆਂ ਦੀ ਤਪਦਿਕ ਨਾਲੋਂ ਘੱਟ ਗਿਣਤੀ ਲੋਕਾਂ ਨੂੰ ਹੁੰਦੀ ਹੈ। ਪੇਟ ਦੀ ਤਪਦਿਕ ਦਾ ਕਾਰਨ ਵੀ ਮਾਈਕਰੋ-ਬੈਕਟੀਰੀਅਮ ਟੂਬਰਕੁਲੋਸਿਸ ਹੁੰਦਾ ਹੈ ਜੋ ਜਾਂ ਤਾਂ ਸਿੱਧਾ ਨਿਗਲਿਆ ਗਿਆ ਹੁੰਦਾ ਹੈ ਜਾਂ ਕਿਸੇ ਹੋਰ ਰਸਤੇ ਪੇਟ ਅੰਦਰ ਪਹੁੰਚਿਆ ਹੁੰਦਾ ਹੈ। ਪੇਟ ਦੀ ਟੀ.ਬੀ ਨਾਲ ਕੋਈ ਇਕ ਜਾਂ ਤਿੰਨੋ ਕਿਸਮਾਂ ਹੋ ਸਕਦੀਆਂ ਹਨ:-

1. ਪੇਟ ਅੰਦਰ ਲਸੀਕਾ, ਲਿੰਫ ਗਰੰਥੀਆਂ ਦਾ ਵਧਣਾ

2. ਪੇਟ ਅੰਦਰ ਝਿੱਲੀ (ਪੈਰੀ ਟੋਨੀਅਮ) ਦੀ ਤਪਦਿਕ ਦੀ ਮਾਰ ਹੇਠ ਆ ਕੇ ਜਾਂ ਪੇਟ ਅੰਦਰ ਪਾਣੀ ਭਰ ਸਕਦਾ ਹੈ ਜਾਂ ਫਿਰ ਪਲਾਸਟਿਕ ਪੈਰੀਟੋਨਾਈਟਸ ਹੋ ਸਕਦਾ ਹੈ।

3. ਅੰਤੜੀਆਂ ਅੰਦਰ ਜਖਮ ਬਣ ਜਾਣਾ ਪੇਟ ਦੀ ਤਪਦਿਕ ਸਿੱਧੀ ਜਾਂ ਅਸਿੱਧੀ ਦੋ ਤਰਾਂ ਦੀ ਹੋ ਸਕਦੀ ਹੈ। ਅਸਿਧੀ ਤੋਂ ਭਾਵ ਹੈ ਪਹਿਲਾਂ ਇਹ ਤਪਦਿਕ ਫੇਫੜਿਆਂ ਜਾਂ ਗਲੇ ਆਦਿ ਨੂੰ ਪ੍ਰਭਾਵਿਤ ਕਰ ਰਹੀ ਹੁੰਦੀ ਹੈ ਅਸਿਧੀ ਕਿਸਮ ਦੀ ਪੇਟ ਦੀ ਤਪਦਿਕ ਤਾਂ ਬਹੁਤ ਹੀ ਘੱਟ ਪਾਈ ਜਾਣ ਵਾਲੀ ਬਿਮਾਰੀ ਕਹੀ ਜਾ ਸਕਦੀ ਹੈ। ਸਾਡੇ ਦੇਸ਼ 'ਚ ਇਹ ਤਪਦਿਕ ਇਸ ਲਈ ਬੇਹੱਦ ਘੱਟ ਮਿਲਦੀ ਹੈ ਕਿਉਂਕਿ ਸਾਡੇ ਦੇਸ਼ ਦੇ ਲੋਕ ਦੁੱਧ ਨੂੰ ਪੀਣ ਤੋਂ ਪਹਿਲਾਂ ਉਬਾਲਣ ਦੇ ਆਦੀ ਸਦੀਆਂ ਤੋਂ ਹਨ। ਕਦੇ-ਕਦੇ ਖਾਣੇ ਰਾਹੀਂ ਇਹ ਤਪਦਿਕ ਪੇਟ ਤਕ ਪਹੁੰਚ ਜਾਂਦੀ ਹੈ। ਅੰਤੜੀਆਂ ਦੀ ਟੀ.ਬੀ ਲਗਭਗ ਅਸਿੱਧੇ ਤੌਰ 'ਤੇ ਹੀ ਪਾਈ ਜਾਂਦੀ ਹੈ। ਕਈ ਵਾਰੀ ਤਾਂ ਟੀ.ਬੀ ਦੀ ਬੀਮਾਰੀ ਦੀਆਂ ਪੇਟ ਅੰਦਰ ਬਣੀਆਂ ਗੰਢਾਂ ਫੁੱਟ ਕੇ ਝਿਲੀ ਅੰਦਰਲੇ ਹਿੱਸੇ 'ਚ ਰਾਹ ਬਣਾ ਲੈਂਦੀਆਂ ਹਨ ਜਿਸ ਨਾਲ ਜਾਂ ਤਾਂ ਜ਼ਹਿਰਵਾਹ (ਪੈਰੀਟੋਨਾਈਟਸ) ਹੋ ਜਾਂਦਾ ਹੈ ਜਾਂ ਫਿਰ ਪੇਟ ਅੰਦਰ ਟੀ.ਬੀ ਦਾ ਪਾਣੀ ਭਰ ਜਾਂਦਾ ਹੈ। ਜੇ ਸਿੱਧੀ ਟੀ.ਬੀ ਹੋਈ ਹੋਵੇ ਤਾਂ ਪਲਾਸਟਿਕ ਪੈਰੀਟੋਨਾਈਟਸ ਹੋ ਕੇ ਪੇਟ ਅੰਦਰ ਬੰਨ੍ਹ ਪੈ ਸਕਦਾ ਹੈ।

**ਅਲਾਮਤਾਂ**:- ਹੋ ਸਕਦਾ ਹੈ ਕਿ ਇਸ ਤਰ੍ਹਾਂ ਦੇ ਮਰੀਜ਼ ਨੂੰ ਪਹਿਲਾਂ ਕੋਈ ਅਲਾਮਤ ਹੋਵੇ ਹੀ ਨਾ ਜਾਂ ਫਿਰ ਪੇਟ ਅੰਦਰ ਵੱਟ ਚੜ੍ਹ ਕੇ ਦਰਦ ਹੋ ਸਕਦਾ ਹੈ, ਭੁੱਖ ਮਰਨੀ ਤੇ ਅਣਪੱਚ ਪਦਾਰਥ ਟੱਟੀ ਰਸਤੇ ਨਿਕਲਣ ਵਰਗੀਆਂ ਅਲਾਮਤਾਂ ਹੋ ਸਕਦੀਆਂ ਹਨ। ਪੇਟ ਅੰਦਰ ਪਾਣੀ ਭਰਨ ਵਾਲੀ ਕਿਸਮ 'ਚ ਹਲਕਾ ਬੁਖਾਰ, ਤਰੇਲੀਆਂ ਆਉਣੀਆਂ, ਕੰਮਜ਼ੋਰੀ ਆਉਣੀ, ਭੁੱਖ ਮਰਨੀ, ਭਾਰ ਘਟਣਾ ਤੇ ਪੇਟ 'ਚ ਅਫ਼ਾਰਾ ਆਦਿ ਅਸਪਸ਼ਟ ਜਿਹੇ ਲੱਛਣ ਹੋ ਸਕਦੇ ਹਨ। ਪੇਟ ਦਰਦ ਕਦੀ ਹੀ ਹੁੰਦਾ ਹੈ, ਟੱਟੀਆਂ ਲੱਗ ਸਕਦੀਆਂ ਹਨ ਪਰ ਉਲਟੀ ਕਦੇ ਹੀ ਆਉਂਦੀ ਹੈ। ਜਦੋਂ ਅਧੂਰਾ ਜਿਹਾ ਬੰਨ੍ਹ ਪੈ ਕੇ ਪਾਚਣ ਪ੍ਰਣਾਲੀ ਬੰਦ ਹੋ ਜਾਂਦੀ ਹੈ ਤਾਂ ਉਲਟੀ ਲੱਗ ਸਕਦੀ ਹੈ।

ਪਲਾਸਟਿਕ ਕਿਸਮ ਦੀ ਟੀ.ਬੀ 'ਚ ਬੰਨ੍ਹ ਪੈਣਾ, ਪੇਟ ਦਰਦ ਹੋਣਾ, ਕਬਜ਼ੀ ਹੋਣੀ, ਉਲਟੀਆਂ ਲਗਣੀਆਂ ਆਦਿ ਅਲਾਮਤਾਂ ਹੁੰਦੀਆਂ ਹਨ। ਹਲਕਾ ਬੁਖਾਰ ਵੀ ਹੋ ਸਕਦਾ ਹੈ ਤੇ ਸਿਹਤ ਘਟਣ ਲਗਦੀ ਹੈ। ਪੇਟ ਨੂੰ ਹੱਥ ਨਾਲ ਟੋਹਣ 'ਤੇ ਇਉਂ

ਮਹਿਸੂਸ ਹੁੰਦਾ ਹੈ ਜਿਵੇਂ ਪੇਟ ਅੰਦਰ ਗਿਲਟੀਆਂ ਜਾਂ ਗੰਢਾਂ ਬਣ ਗਈਆਂ ਹਨ। ਇਹ ਗੰਢਾਂ ਜਾਂ ਗਿਲਟੀਆਂ ਧੁੰਨੀ ਦੇ ਇਰਦ-ਗਿਰਦ ਜਾਂ ਸੱਜੇ ਕੂਲੇ ਨੇੜੇ ਪਈਆਂ ਮਿਲਦੀਆਂ ਹਨ। ਕਈ ਵਾਰੀ ਮਿਹਦੇ ਵਾਲੀ ਥਾਂ 'ਤੇ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕੱਪੜਾ ਇੱਕਠਾ ਕਰਕੇ ਰਖਿਆ ਹੋਵੇ। ਗੰਢਾਂ ਵਾਲੀ ਤਪਦਿਕ ਦਾ ਪਤਾ ਲੇਟ ਹੀ ਲਗਦਾ ਹੈ ਅਤੇ ਮਰੀਜ਼ ਵੀ ਡਾਕਟਰ ਪਾਸ ਲੇਟ ਹੀ ਪਹੁੰਚਦਾ ਹੈ। ਪਰ ਪਿਛਲੇ ਸਮੇਂ ਅੰਦਰ ਇਸ ਮਰਜ਼ ਦੇ ਮਰੀਜ਼ਾਂ ਦੀ ਗਿਣਤੀ ਵਿਚ ਕੁਝ ਵਾਧਾ ਵੀ ਹੋਇਆ ਲਗਦਾ ਹੈ। ਟੀ.ਬੀ ਦੇ ਕਈ ਕੇਸ਼ਾਂ ਵਿਚ ਤਾਂ ਤਪਦਿਕ ਦੀ ਗੰਢ ਪੇਟ ਅੰਦਰ ਸਿਰਫ ਇਕ ਨਿੰਬੂ ਦੇ ਸਾਈਜ਼ ਜਿੰਨੀ ਹੁੰਦੀ ਹੈ। ਜਿਸ ਨਾਲ ਅਲਾਮਤਾਂ ਵੀ ਘੱਟ ਹੁੰਦੀਆਂ ਹਨ। ਵੱਡੇ ਸਾਈਜ਼ ਦੀਆਂ ਗੰਢਾਂ ਨਾਲ ਅਸਪਸ਼ਟ ਅਲਾਮਤਾਂ ਹੋ ਜਾਂਦੀਆਂ ਹਨ ਅਤੇ ਜੇ ਪੇਟ ਦਰਦ ਹੁੰਦਾ ਹੈ ਤਾਂ ਗੰਢਾਂ ਦਬਾਅ ਪਾ ਕੇ ਪੇਟ ਅੰਦਰ ਮੁਸ਼ਕਲਾਂ ਖੜ੍ਹੀਆਂ ਕਰ ਸਕਦੀਆਂ ਹਨ। ਜਿਵੇਂ ਜਿਗਰ ਦੇ ਖ਼ੂਨ ਦੀ ਨਾਲੀ ਬੰਦ ਹੋ ਸਕਦੀ ਹੈ। ਪਾਣੀ ਇੱਕਠਾ ਹੋ ਸਕਦਾ ਹੈ। ਪੇਟ ਨੂੰ ਨੱਪ ਕੇ ਦੇਖੋ ਤਾਂ ਗੰਢਾਂ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ।

ਪੇਟ ਦਾ ਐਕਸਰੇ ਕਰੋ ਤਾਂ ਸਖਤ ਪੱਥਰ ਵਾਂਗ ਨਜ਼ਰ ਆ ਸਕਦਾ ਹੈ ਇਸ ਨੂੰ ਕੈਲਸੀਫੀਕੇਸ਼ਨ ਕਿਹਾ ਜਾਂਦਾ ਹੈ। ਇਹ ਗੰਢਾਂ ਕਈ ਵਾਰ ਤਪਦਿਕ ਦੀਆਂ ਨਹੀਂ ਹੁੰਦੀਆਂ ਐਵੇਂ ਭੁਲੇਖਾ ਹੀ ਪਾਉਂਦੀਆਂ ਹਨ। ਇਹਨਾਂ ਗੰਢਾਂ ਦੇ ਹੋਰ ਤਿੰਨ ਕਾਰਨ ਹੋ ਸਕਦੇ ਹਨ।

ਪਹਿਲਾਂਃ- ਪੇਟ ਦੇ ਕੀੜੇ ਪਹਿਲਾਂ ਗੁੱਛਾ-ਮੁੱਛਾ ਹੋ ਕੇ ਪਏ ਹੋਣ।

ਦੂਜਾਃ- ਕੋਈ ਕੈਂਸਰ ਦੀ ਗੰਢ ਬਣ ਗਈ ਹੋਵੇ।

ਤੀਜਾਃ- ਕਬਜ਼ੀ ਕਾਰਨ ਟੱਟੀ ਖੁਸ਼ਕ ਹੋ ਕੇ ਲੇਡੇ ਬਣ ਗਏ ਹੋਣ।

ਇਸ ਤੋਂ ਪਹਿਲਾਂ ਅਲਾਮਤਾਂ ਤੇ ਬੇਰੀਅਮ ਮੀਲ ਐਕਸਰੇ ਕਰਕੇ ਟੀ.ਬੀ ਹੋਣ ਬਾਰੇ ਨਿਸ਼ਚਤ ਕਰ ਲੈਣਾ ਚਾਹੀਦਾ ਹੈ। ਪੇਟ ਅੰਦਰੋਂ ਸੂਈ ਪਾ ਕੇ ਪਾਣੀ ਵੀ ਬਾਹਰ ਕੱਢ ਲਿਆ ਜਾਂਦਾ ਹੈ। ਉਸ ਨੂੰ ਲਬਾਰਟਰੀ ਅੰਦਰ ਟੈਸਟ ਕਰਨਾ ਚਾਹੀਦਾ ਹੈ।

ਇਲਾਜਃ- ਪੇਟ ਦੀ ਤਪਦਿਕ ਦਾ ਇਲਾਜ ਵੀ ਫੇਫੜਿਆਂ ਦੀ ਤਪਦਿਕ ਵਾਂਗ ਦਵਾਈਆਂ ਨਾਲ ਕੀਤਾ ਜਾਂਦਾ ਹੈ। ਦਵਾਈ ਘਟੋ-ਘੱਟ ਛੇ ਮਹੀਨੇ ਤੇ ਵੱਧ ਤੋਂ ਵੱਧ ਇਕ ਸਾਲ ਲੈਣੀ ਚਾਹੀਦੀ ਹੈ। ਦਵਾਈ ਹਮੇਸ਼ਾ ਸਹੀ ਮਾਤਰਾ ਵਿਚ, ਸਹੀ ਸਮੇਂ, ਸਹੀ ਕੁਆਲਟੀ ਦੀ ਹੋਵੇ ਤੇ ਡਾਕਟਰ ਦੀ ਨਿਗਰਾਨੀ ਹੇਠ ਲਈ ਜਾਵੇ। ਖੁਰਾਕ ਹਲਕੀ ਤੇ ਅਸਾਨੀ ਨਾਲ ਹਜ਼ਮ ਹੋਣ ਵਾਲੀ ਹੋਵੇ। ਦੁੱਧ, ਦਹੀਂ, ਆਂਡੇ ਦੀ ਵਰਤੋਂ ਕੀਤੀ ਜਾ ਸਕਦੀ ਹੈ।

# ਨੱਕ, ਕੰਨ ਤੇ ਗਲੇ ਦੀ ਤਪਦਿਕ ਕੀ ਹੁੰਦੀ ਹੈ?

ਇਹ ਆਮ ਮੰਨਿਆ ਜਾਂਦਾ ਹੈ ਕਿ ਮਨੁੱਖੀ ਸਰੀਰ 'ਚ ਤਪਦਿਕ ਦੇ ਬੈਕਟੀਰੀਆ ਦੋ ਤਰ੍ਹਾਂ ਦੇ ਰਸਤਿਆਂ ਰਾਹੀਂ ਸਰੀਰ ਅੰਦਰ ਦਾਖਲ ਹੁੰਦੇ ਹਨ।

1. ਕੁਦਰਤੀ ਸ਼ਾਹ ਪ੍ਰਣਾਲੀ ਅੰਦਰ ਦੀ ਹਵਾ ਦੇ ਰਸਤੇ।

2. ਦੂਸ਼ਿਤ ਖਾਦ ਪਦਾਰਥਾਂ ਦੇ ਖਾਣ ਪੀਣ ਪ੍ਰਣਾਲੀ ਰਸਤੇ।

ਇਸ ਲਈ ਇਹ ਅੰਦਾਜ਼ਾ ਲਾਉਣਾ ਸੁਭਾਵਿਕ ਹੈ ਕਿ ਜਿਥੋਂ ਦੀ ਬੈਕਟੀਰੀਆ ਲੰਘੇਗਾ ਉਥੇ ਇਨਫ਼ੈਕਸ਼ਨ ਜ਼ਰੂਰ ਕਰੇਗਾ। ਨੱਕ ਤੇ ਗਲੇ ਦੀ ਇਨਫ਼ੈਕਸ਼ਨ ਇਸੇ ਤਰ੍ਹਾਂ ਦੀ ਹੁੰਦੀ ਹੈ। ਮੂੰਹ ਤੇ ਗਲੇ ਦੀਆਂ ਗਿਲਟੀਆਂ (ਟੌਂਸਿਲ) ਦੀ ਇਨਫ਼ੈਕਸ਼ਨ ਵੀ ਇਵੇਂ ਹੀ ਹੁੰਦੀ ਹੈ। ਮੂੰਹ ਦੀ ਤਪਦਿਕ ਤੇ ਦੰਦਾਂ ਦੀਆਂ ਜੜ੍ਹਾਂ ਦੀ ਤਪਦਿਕ ਅਕਸਰ ਦੰਦ ਕੱਢਣ ਤੋਂ ਬਾਅਦ ਹੁੰਦੀ ਹੈ। ਜਿਸ ਨਾਲ ਮੂੰਹ ਦੇ ਨੇੜਲੇ ਹਿਸਿਆਂ ਅੰਦਰਲੀਆਂ ਲਿੰਫ ਗਿਲਟੀਆਂ 'ਚ ਸੋਜ਼ ਆ ਜਾਂਦਾ ਹੈ। ਸ਼ੱਕ ਉਦੋਂ ਪੈਦਾ ਹੁੰਦਾ ਹੈ ਜਦੋਂ ਮੂੰਹ ਅੰਦਰ ਜਾਂ ਦੰਦ ਨੇੜੇ ਕੋਈ ਵੀ ਜ਼ਖਮ ਲੰਮਾ ਸਮਾਂ ਰਾਜ਼ੀ ਨਹੀਂ ਹੁੰਦਾ ਉਥੋਂ ਮਾਸ ਦਾ ਬਾਰੀਕ ਟੁਕੜਾ ਕੱਢ ਕੇ ਖੁਰਦ ਬੀਨ ਰਾਹੀਂ ਟੈਸਟ ਕੀਤਾ ਜਾਂਦੈ। ਬਿਨਾਂ ਉਬਾਲਿਆ ਜੇ ਕਿਸੇ ਰੋਗੀ ਪਸ਼ੂ ਦਾ ਦੁੱਧ ਪੀ ਲਿਆ ਜਾਵੇ ਤਾਂ ਟੌਂਸਿਲਾਂ ਦੀ ਤਪਦਿਕ ਹੋ ਜਾਂਦੀ ਹੈ। ਟੌਂਸਿਲ ਦਾ ਸਾਈਜ਼ ਵੱਧ ਜਾਂਦੈ। ਇਸ ਨਾਲ ਗਰਦਨ 'ਚ ਗੱਠਾਂ ਬਣ ਜਾਂਦੀਆਂ ਹਨ। ਗਲਾ ਖਰਾਬ ਰਹਿਣ ਲਗਦਾ ਹੈ। ਤਪਦਿਕ ਵਿਰੋਧੀ ਦਵਾਈਆਂ ਦੀ ਸਹੀ ਵਰਤੋਂ ਸ਼ੁਰੂ ਕਰਕੇ ਟੌਂਸਿਲ ਅਪ੍ਰੇਸ਼ਨ ਰਾਹੀਂ ਕੱਢ ਦੇਣੇ ਚਾਹੀਦੇ ਹਨ।

**ਗਲੇ ਦੀ ਤਪਦਿਕ**:- ਇਸ ਨਾਲ ਗਲੇ 'ਚ ਸੋਜ਼ ਕਾਰਨ ਬੁਰਕੀ ਫਸਣ ਲਗਦੀ ਹੈ। ਥੁੱਕ ਵੱਧ ਜਾਂਦਾ ਹੈ, ਕੰਨ ਦੁਖਦੇ ਤੇ ਅਵਾਜ਼ ਘੱਗੀ ਹੋ ਜਾਂਦੀ ਹੈ। ਭੁੱਖ ਮਰ ਜਾਂਦੀ ਹੈ। ਵਜਨ ਘਟਣ ਲਗਦਾ ਹੈ, ਜ਼ਖਮ ਹੋ ਜਾਂਦੇ ਹਨ, ਲਾਲੀ ਹੋ ਜਾਂਦੀ ਹੈ। ਇਲਾਜ ਤਾਂ ਦਵਾਈਆਂ ਹੀ ਹਨ। ਤਪਦਿਕ ਸਵਰਨ ਕੰਠ ਦੀ ਵੀ ਹੋ ਸਕਦੀ ਹੈ।

ਇਹ ਕਦੇ-ਕਦਾਈਂ ਹੀ ਸਿੱਧੀ ਪ੍ਰਭਾਵਿਤ ਹੁੰਦੀ ਹੈ। ਅਸਿੱਧੇ ਤੌਰ 'ਤੇ ਇਹ ਬੱਚਿਆਂ 'ਚ ਖ਼ੂਨ ਦੇ ਰਸਤੇ ਹੀ ਪਹੁੰਚਦੀ ਹੈ। ਅਲਾਮਤ ਵਜੋਂ ਸਵਰਨ ਕੰਠ 'ਚੋਂ ਨਿਕਲੀ ਆਵਾਜ਼ ਘੱਗੀ ਹੋ ਜਾਂਦੀ ਹੈ। ਪਰ ਕਦੇ ਇਹ ਤਾਂ ਬਿਲਕੁਲ ਹੀ ਬੰਦ ਹੋ ਜਾਂਦੀ ਹੈ। ਜਦੋਂ ਜ਼ਖਮ ਹੋ ਜਾਣ ਤਾਂ ਤੇਜ਼ ਦਰਦ ਵੀ ਹੋ ਸਕਦਾ ਹੈ ਜੋ ਖੰਘਣ 'ਤੇ ਖਾਣਾ ਨਿਗਲਣ ਵੇਲੇ ਤੇਜ਼ ਹੋ ਜਾਂਦੀ ਹੈ। ਸਵਰਨ ਕੰਠ ਦੀ ਟੀ.ਬੀ ਦਾ ਇਲਾਜ ਕਰਨ ਲਈ ਆਵਾਜ਼ ਦੀ ਆਰਾਮਦਾਰੀ ਦੀ ਸਲਾਹ ਦਿਤੀ ਜਾਂਦੀ ਹੈ। ਨਾਲ ਹੀ ਟੀ.ਬੀ. ਦੀ ਦਵਾਈ ਦਾ ਸੁਚੱਜਾ, ਸਹੀ ਤੇ ਪੂਰਾ ਕੋਰਸ ਦਿਤਾ ਜਾਂਦਾ ਹੈ।

**ਨੱਕ ਦੀ ਤਪਦਿਕ**:- ਨੱਕ ਦੀਆਂ ਦੋ ਨਾਸਾਂ ਵਿਚਕਾਰਲੀ ਕੰਧ ਦਾ ਇਕ ਖਾਸ ਹਿੱਸਾ ਇਸ ਲਈ ਨਜ਼ਰ ਅੰਦਾਜ਼ ਹੋ ਜਾਂਦਾ ਹੈ। ਇਹ ਇਨਫ਼ੈਕਸ਼ਨ ਖ਼ੂਨ ਸੰਚਾਰ ਰਾਹੀਂ ਉਥੇ ਪਹੁੰਚਦੀ ਹੈ। ਉਥੇ ਇਕ ਜ਼ਖਮ ਬਣ ਜਾਂਦਾ ਹੈ ਜੋ ਰਾਜ਼ੀ ਨਹੀਂ ਹੁੰਦਾ ਤੇ ਫੇਰ ਮੋਰੀ ਹੋ ਜਾਂਦੀ ਹੈ ਜਾਂ ਫਿਰ ਫੋੜਾ ਹੋ ਕੇ ਦੋਵੇਂ ਨਾਸਾਂ ਬੰਦ ਹੋ ਜਾਂਦੀਆਂ ਹਨ।

**ਕੰਨ ਦੀ ਤਪਦਿਕ**:- ਬਾਹਰੀ ਕੰਨ ਦੀ ਟੀ.ਬੀ ਚੇਹਰੇ ਤੋਂ ਵੀ ਵੱਧ ਸਕਦੀ

ਹੈ। ਵਿਚਕਾਰਲੇ ਕੰਨ ਤੇ ਨਾਲ ਦੀ ਹੱਡੀ ਨੂੰ ਵੀ ਤਪਦਿਕ ਪ੍ਰਭਾਵਿਤ ਕਰਦੀ ਹੈ ਇਥੇ ਇਨਫ਼ੈਕਸ਼ਨ ਕਈ ਰਾਹਾਂ ਰਾਹੀਂ ਪੁਜਦੀ ਹੈ। ਬਿਨ੍ਹਾਂ ਦਰਦ ਤੋਂ ਜੋ ਕੰਨ ਵਗਦਾ ਹੋਵੇ ਤਾਂ ਤਪਦਿਕ ਦਾ ਸ਼ੱਕ ਹੁੰਦਾ ਹੈ। ਕੰਨ ਬੋਲ਼ਾ ਹੋ ਸਕਦਾ ਹੈ। ਵਗਦੀ ਮੁਆਦ 'ਚੋਂ ਟੈਸਟ ਰਾਹੀਂ ਬੈਕਟੀਰੀਆ ਲੱਭੇ ਜਾਂਦੇ ਹਨ ਜਾਂ ਪਸ ਕਲਚਰ ਵੀ ਹੋ ਜਾਂਦੈ। ਇਲਾਜ ਨਾ ਹੋਵੇ ਤਾਂ ਇਨਫ਼ੈਕਸ਼ਨ ਸਿੱਧੀ ਦਿਮਾਗ 'ਚ ਪਹੁੰਚਕੇ ਦਿਲ ਦੇ ਦੌਰੇ ਦਾ ਕਾਰਨ ਬਣਦੀ ਹੈ, ਉਥੋਂ ਇਲਾਜ ਜ਼ਬਰਦਸਤ ਕਰਨਾ ਚਾਹੀਦਾ ਹੈ।

# ਹਲਕਾਅ ਦੀ ਬੀਮਾਰੀ ਤੋਂ ਬਚਣ ਦੇ ਉਪਾਅ ਕਿਹੜੇ?

ਰੈਬੀਜ਼ (ਹਲਕਾਅ) ਦੀ ਬੀਮਾਰੀ ਇਕ ਅਤਿ ਸੂਖਮ ਵਿਸਾਣੂ (ਵਾਇਰਸ) ਜਿਸ ਦਾ ਨਾਂ ਰੈਬਡੋ ਵਾਇਰਸ ਹੈ, ਦੇ ਸਰੀਰ 'ਚ ਦਾਖਲ ਹੋਣ ਨਾਲ ਹੁੰਦੀ ਹੈ। ਇਹ ਵਾਇਰਸ ਪਾਗਲ ਜਾਨਵਰਾਂ ਦੇ ਕੱਟਣ ਨਾਲ ਸਰੀਰ 'ਚ ਦਾਖਲ ਹੁੰਦਾ ਹੈ ਕਿਉਂਕਿ ਪਹਿਲਾਂ ਇਹ ਵਾਇਰਸ ਅਜਿਹੇ ਹੀ ਜਾਨਵਰਾਂ 'ਚ ਪਾਏ ਜਾਂਦੇ ਹਨ। ਇਹ ਬੀਮਾਰੀ ਮਨੁੱਖ ਤੇ ਜਾਨਵਰਾਂ ਲਈ ਜਾਨਲੇਵਾ ਹੈ, ਭਾਵੇਂ ਬਿੱਲੀ, ਭੇੜੀਆਂ, ਬਾਂਦਰਾਂ, ਚਮਗਿੱਦੜ ਤੇ ਨਿਉਲਾ ਆਦਿ ਇਸ ਰੋਗ ਨਾਲ ਗ੍ਰਸਿਤ ਹੁੰਦੇ ਹਨ। ਪਰ ਮਨੁੱਖ ਲਈ ਸਭ ਤੋਂ ਵੱਡਾ ਖਤਰਾ ਅਵਾਰਾ ਕੁੱਤੇ ਹੁੰਦੇ ਹਨ। ਜੋ ਗਲੀ-ਗੁਆਂਢ ਤੇ ਸੜਕਾਂ ਉਪਰ ਘੁੰਮਦੇ ਰਹਿੰਦੇ ਹਨ। ਇਸ ਕਾਰਨ ਇਸ ਰੋਗ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਜਿਥੋਂ ਤਕ ਹੋ ਸਕੇ ਹਲਕੇ ਤੇ ਅਵਾਰਾ ਕੁੱਤਿਆਂ ਤੋਂ ਬਚਿਆ ਜਾਵੇ। ਤੇ ਜੇ ਕੁੱਤਾ ਕੱਟ ਜਾਵੇ ਤਾਂ ਰੈਬੀਜ਼ ਵਿਰੋਧੀ ਇਲਾਜ (Anti-Rabies-treatment) ਕੀਤਾ ਜਾਵੇ ਤਾਂ ਕਿ ਇਹ ਵਿਸ਼ਾਣੂ ਸਰੀਰ 'ਚ ਦਾਖਲ ਹੋਣ 'ਤੇ ਰੋਗ ਨਾ ਪੈਦਾ ਹੋ ਸਕੇ। ਆਮ ਬੰਦਾ ਇਹਨਾਂ ਹਾਲਤਾਂ 'ਚ ਕੀ ਕਰੇ?

ਅਵਾਰਾ ਕੁੱਤਿਆਂ ਤੋਂ ਬਚਾਅ ਕਿਵੇਂ ਕਰੀਏ?

1. ਕੁੱਤੇ ਜਾਨਵਰ ਹਨ, ਮਨੁੱਖ ਨਹੀਂ।
2. ਉਹਨਾਂ ਤੋਂ ਡਰ ਕੇ ਭੱਜਣ ਦੀ ਕੋਸ਼ਿਸ਼ ਨਾ ਕਰੋ।
3. ਜੇ ਅਜਿਹਾ ਕਰੋਗੇ ਤਾਂ ਲਾਜ਼ਮੀ ਹੀ ਉਹ ਕੁੱਤੇ ਕੱਟ ਲੈਣਗੇ।
4. ਇਸ ਲਈ ਜੇ ਤੁਸੀਂ ਅਜਿਹੀ ਥਾਂ ਪੁੱਜ ਜਾਵੋ ਜਿਥੇ ਕੁੱਤੇ ਨਾਲ ਤੁਹਾਡਾ ਆਹਮਣਾ-ਸਾਹਮਣਾ ਹੋ ਜਾਵੇ ਤਾਂ ਭੱਜਣ ਦੀ ਲੋੜ ਨਹੀਂ ਕਿਉਂਕਿ ਬਹੁਤੇ ਕੁੱਤੇ ਭੌਂਕਦੇ ਹੀ ਹਨ, ਕਟਦੇ ਨਹੀਂ, ਸ਼ਾਂਤੀ ਨਾਲ ਖੜ੍ਹੇ ਹੋ ਜਾਵੋ ਤੇ ਕੁੱਤੇ ਵੱਲ ਆਪਣਾ ਮੂੰਹ ਕਰੋ, ਇਸ ਤਰ੍ਹਾਂ ਨਾਲ ਦੇਖੋ ਜਿਵੇਂ ਤੁਸੀਂ ਉਸ ਤੋਂ ਡਰ ਰਹੇ ਹੋਵੋਂ। ਤੇਜ਼ ਰਫ਼ਤਾਰ ਨਾਲ ਅੱਗੇ ਪਿਛੇ ਨਾ ਚੱਲੋ। ਕੁੱਤੇ ਨੂੰ ਹਲਕੀ ਤੇ ਨੀਵੀਂ ਆਵਾਜ਼ ਨਾਲ ਪੁਚਕਾਰੋ। ਉਸ ਨੂੰ ਇਹ ਜ਼ਾਹਰ ਕਰੋ ਕਿ ਤੁਸੀਂ ਉਸ ਦੇ ਦੁਸ਼ਮਣ ਨਹੀਂ। ਵੱਧ ਤੋਂ ਵੱਧ ਉਹ ਤੁਹਾਡੇ ਚਾਰੇ ਪਾਸੇ ਘੁੰਮ ਲਵੇਗਾ ਪਰ ਫਿਰ ਸ਼ਾਂਤ ਹੋ ਕੇ ਚਲਾ ਜਾਵੇਗਾ। ਜਿਉਂ ਹੀ ਕੁੱਤਾ ਸ਼ਾਂਤ ਹੋ ਜਾਵੇ ਤਾਂ ਤੁਸੀਂ ਉਸ ਵੱਲ ਵੇਖਦੇ ਹੋਏ। ਪਿਛੇ ਹਟਦੇ ਜਾਓ। ਜੇ ਥੋਡੇ ਹੱਥ 'ਚ ਕੁਝ ਖਾਣ ਦੀ ਵਸਤੂ ਹੈ ਤਾਂ ਥੋੜ੍ਹਾ-ਥੋੜ੍ਹਾ ਉਸ ਨੂੰ ਖਾਣ ਲਈ ਦਿਉ ਕਿਉਂਕਿ ਕੁੱਤੇ ਬਹੁਤ ਘੱਟ ਅਜਿਹੇ ਹੁੰਦੇ ਹਨ ਜੋ ਅਜਿਹੇ ਬੰਦੇ ਨੂੰ ਵੱਢਦੇ ਹਨ ਜੋ ਉਹਨਾਂ ਨੂੰ ਖਾਣ ਲਈ ਦਿੰਦੇ ਹਨ। ਜੇ ਫਿਰ ਵੀ ਕੁੱਤਾ ਸ਼ਾਂਤ ਨਾ ਹੋਵੇ ਤਾਂ ਉਸ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਜਾਵੋ। ਫੌਰਨ ਤਾਂ ਹਮਲਾ ਨਾ ਕਰੋ, ਉਸ ਨੂੰ ਲਲਕਾਰਦੇ ਹੋਏ ਪਿਛੇ ਹਟਦੇ ਜਾਓ ਤੇ ਹੌਲੀ-ਹੌਲੀ ਆਪਣੀ ਜਾਕਟ ਜਾਂ ਸਵੈਟਰ ਨੂੰ ਉਤਾਰ ਕੇ ਉਸ ਨੂੰ ਆਪਣੇ ਹੱਥ ਤੇ ਲਪੇਟ ਲਵੋ। ਜੇ ਕੁੱਤੇ ਤੁਹਾਡੇ ਉਪਰੇ ਛਾਲ ਮਾਰੇ ਜਾਂ ਝਪਟ ਜਾਂ ਸਵੈਟਰ ਲਪੇਟੀ ਹਥੇਲੀ ਉਸ ਦੇ ਮੂੰਹ 'ਚ ਘਸੋੜ ਦਿਉ ਤੇ ਪਿਛੇ ਤੇਜ਼ੀ ਨਾਲ ਹਟਦੇ ਜਾਓ ਜਦ ਤਕ ਤੁਸੀਂ ਕਿਸੇ ਸੁਰਖਿਅਤ ਥਾਂ 'ਤੇ ਨਾ ਪਹੁੰਚ ਜਾਵੋ ਤੇ ਉਦੋਂ ਤਕ ਜੈਕਟ ਨੂੰ ਉਤਾਰ ਕੇ ਸੁੱਟ ਦਿਉ। ਕੁੱਤੇ ਤੋਂ ਮੂੰਹ, ਸਿਰ ਤੇ ਗਰਦਨ

ਕੱਟਣ ਤੋਂ ਬਚਾਉਣੀ ਜ਼ਰੂਰੀ ਹੈ ਕਿਉਂਕਿ ਤੰਤੂ ਪ੍ਰਬੰਧ ਰਾਹੀਂ ਹੀ ਵਿਸ਼ਾਣੂ (ਵਾਇਰਸ) ਦਿਮਾਗ ਤਾਈਂ ਪਹੁੰਚਦੇ ਹਨ ਤੇ ਕੱਟੀ ਹੋਈ ਥਾਂ ਜਿੰਨੀ ਦਿਮਾਗ (ਸਿਰ) ਦੇ ਨੇੜੇ ਹੋਵੇਗੀ, ਉਨਾਂ ਹੀ ਵੱਧ ਖਤਰਾ ਮਨੁੱਖ ਨੂੰ ਰਹਿੰਦਾ ਹੈ। ਸਰੀਰ ਦੇ ਕੁਝ ਅਜਿਹੇ ਹਿਸੇ ਜਿਵੇਂ ਉਂਗਲਾਂ, ਜੋ ਸਿਰ ਤੋਂ ਕਾਫੀ ਦੂਰ ਹੁੰਦੀਆਂ ਹਨ ਪਰ ਉਹਨਾਂ ਦਾ ਤੰਤੂ ਪ੍ਰਬੰਧ ਬਹੁਤ ਵਿਕਸਤ ਹੁੰਦਾ ਹੈ। ਇਸ ਲਈ ਉਂਗਲਾਂ ਦਾ ਕੱਟਣਾ ਵੀ ਬਹੁਤ ਖਤਰਨਾਕ ਹੋ ਸਕਦਾ ਹੈ। ਕੁੱਤੇ ਤੋਂ ਇਲਾਵਾ ਲੂੰਬੜੀ, ਨਿਉਲਾ, ਚਮਗਿੱਦੜ, ਬਾਂਦਰ ਜਾਂ ਬਿੱਲੀ ਦੇ ਕੱਟਣ ਨਾਲ ਵੀ ਰੈਬੀਜ਼ ਹੋ ਸਕਦੀ ਹੈ। ਬਸ਼ਰਤੇ ਕਿ ਉਹ ਪਾਗਲ ਹੋਣ।

ਪਰ ਮਨੁੱਖ ਨੂੰ ਸਭ ਤੋਂ ਵੱਧ ਖਤਰਾ ਪਾਗਲ ਕੁੱਤੇ ਤੋਂ ਹੁੰਦਾ ਹੈ, ਜੋ ਆਵਾਰਾ ਘੁੰਮਦੇ ਹਨ। ਜੇ ਕੱਟ ਖਾਣ ਵਾਲਾ ਕੁੱਤਾ ਪਾਗਲ ਹੋਇਆ ਹੋਵੇ ਤਾਂ ਬੀਮਾਰੀ ਇਕ ਦੂਜੇ ਨੂੰ ਫੈਲਦੀ ਹੈ ਜੋ ਇਹਨਾਂ ਰਾਹੀਂ ਮਨੁੱਖ ਤਕ ਪਹੁੰਚ ਜਾਂਦੀ ਹੈ। ਇਹ ਵੀ ਸੱਚ ਹੈ ਕਿ ਬਹੁਤ ਸਾਰੇ ਵਿਅਕਤੀ ਜਿਹਨਾਂ ਨੂੰ ਮਜ਼ਬੂਰੀ ਵੱਸ ਕੁੱਤਿਆਂ ਦੇ ਸੰਪਰਕ 'ਚ ਆਉਣਾ ਪੈਂਦਾ ਹੈ ਤੇ ਉਹਨਾਂ ਦੇ ਕੱਟੇ ਜਾਣ ਦਾ ਖਤਰਾ ਬਣਿਆ ਰਹਿੰਦਾ ਹੈ। ਪਸ਼ੂਆਂ ਦੇ ਡਾਕਟਰ ਤੇ ਉਹਨਾਂ ਦਾ ਸਟਾਫ਼ ਕੁੱਤੇ ਦੀ ਦੇਖ-ਰੇਖ ਕਰਨ ਵਾਲੇ, ਕੁੱਤੇ ਫੜਨ ਵਾਲੇ ਬੰਦੇ, ਪਾਗਲ ਕੁੱਤੇ ਦੇ ਕੱਟੇ ਦਾ ਇਲਾਜ ਕਰਨ ਵਾਲੇ ਬੰਦੇ ਸ਼ਿਕਾਰੀ ਆਦਿ ਨੂੰ ਹਰ ਸਾਲ ਇਸ ਤੋਂ ਬਚਾਅ ਦਾ ਟੀਕਾ ਲਵਾ ਲੈਣਾ ਚਾਹੀਦਾ ਹੈ।

ਰੈਬੀਜ਼ (ਹਲਕਾਅ) ਦੀ ਬੀਮਾਰੀ ਫੈਲਦੀ ਕਿਵੇਂ ਹੈ?

ਇਹ ਵਾਇਰਸ (ਵਿਸ਼ਾਣੂਆਂ) ਰਾਹੀਂ ਫੈਲਣ ਵਾਲਾ ਇਕ ਤੇਜ਼ ਰਫ਼ਤਾਰ ਇਨਫ਼ੈਕਸ਼ਨ ਰੋਗ ਹੈ। ਜਿਸ ਦੇ ਵਿਸ਼ਾਣੂ ਪਾਗਲ ਜਾਨਵਰਾਂ ਦੇ ਥੁੱਕ ਵਿਚ ਹੁੰਦੇ ਹਨ ਅਤੇ ਜਦ ਅਜਿਹੇ ਜਾਨਵਰ ਮਨੁੱਖ ਨੂੰ ਕਟਦੇ ਹਨ ਤੇ ਇਸ ਦਾ ਜ਼ਖਮ ਬਣ ਜਾਂਦੇ ਹਨ ਜਾਂ ਝਰੀਟ ਆਉਂਦੀ ਹੈ ਜਾਂ ਪਹਿਲਾਂ ਹੀ ਬਣੇ ਜ਼ਖਮ 'ਤੇ ਕੁੱਤੇ ਦੇ ਥੁੱਕ ਦੀ ਲਾਰ ਡਿਗਦੀ ਹੈ ਤਾਂ ਇਹ ਵਾਇਰਸ ਉਸ ਜ਼ਖਮ ਦੇ ਰਸਤੇ ਉਸ ਲੋਕਲ ਤੰਤੂ ਰੇਸ਼ੇ (ਨਰਵ) ਰਾਹੀਂ ਪ੍ਰਵੇਸ਼ ਕਰ ਜਾਂਦੇ ਹਨ ਤੇ ਹੌਲੀ-ਹੌਲੀ ਉਪਰ ਵੱਲ ਦਿਮਾਗੀ ਵੰਨੀ ਵਧਦੇ ਜਾਂਦੇ ਹਨ। ਜਦੋਂ ਤਕ ਕਿ ਦਿਮਾਗ ਦੇ ਸੈਲਾਂ ਤਕ ਨਾ ਪਹੁੰਚ ਜਾਣਾ। ਉਥੇ ਪਹੁੰਚ ਕੇ ਵੱਡੀ ਗਿਣਤੀ ਵਿਚ ਵਧਦੇ ਫੁਲਦੇ ਜਾਂਦੇ ਹਨ। ਹੌਲੀ-ਹੌਲੀ ਇਹਨਾਂ ਦੀ ਗਿਣਤੀ ਏਨੀ ਵੱਧ ਜਾਂਦੀ ਹੈ ਕਿ ਸੈਲ ਪੂਰੇ ਦਿਮਾਗ 'ਚ ਫੈਲ ਜਾਂਦੇ ਹਨ। ਇਸ ਨਾਲ ਦਿਮਾਗ ਦੇ ਸੈਲ ਨਸ਼ਟ ਹੋ ਜਾਂਦੇ ਹਨ ਤੇ ਸਰੀਰ ਅਧਰੰਗ ਵਾਂਗ ਹੋ ਜਾਂਦੈ। ਮਨੁੱਖ 2-3 ਦਿਨਾਂ 'ਚ ਮਰ ਜਾਂਦੈ। ਰੈਬੀਜ਼ ਦਾ ਸ਼ਿਕਾਰ ਹੋਏ ਬੰਦੇ ਦੀ ਲਾਰ ਵਿਚ ਵੀ ਵਿਸ਼ਾਣੂੰ (ਵਾਇਰਸ) ਹੁੰਦੇ ਹਨ।

ਕੁੱਤਾ ਕੱਟਣ ਤੋਂ ਕਿੰਨੇ ਦਿਨਾਂ ਬਾਅਦ ਹਲਕਾਅ ਹੋ ਜਾਂਦੈ?

ਇਸ ਦਾ ਸਿੱਧਾ ਸਬੰਧ ਕੱਟੀ ਹੋਈ ਥਾਂ ਤੇ ਦਿਮਾਗ ਦੇ ਆਪਸੀ ਫਾਸਲੇ 'ਤੇ ਨਿਰਭਰ ਕਰਦਾ ਹੈ ਕਿਉਂਕਿ ਰੋਗ ਪੈਦਾ ਕਰਨ ਵਾਲੇ ਵਿਸ਼ਾਣੂ ਤੰਤੂ ਨਾੜੀ (ਨਰਵ) ਰਾਹੀਂ ਹੀ ਦਿਮਾਗ ਤਕ ਪਹੁੰਚਦੇ ਹਨ। ਇਸ ਲਈ ਰੋਗ ਦਾ ਹੋਣਾ ਹੇਠ ਲਿਖੀਆਂ ਗੱਲਾਂ 'ਤੇ ਨਿਰਭਰ ਕਰਦਾ ਹੈ।

1. ਜਗ੍ਹਾ ਜਿਥੇ ਕਟਿਆ ਹੋਵੇ।
2. ਵਿਸ਼ਾਣੂਆਂ ਦੀ ਗਿਣਤੀ।
3. ਵਿਸ਼ਾਣੂਆਂ ਦੀ ਰੋਗ ਵਿਕਸਤ ਕਰਨ ਦੀ ਯੋਗਤਾ

4. ਸਰੀਰ ਦੀ ਵਿਸ਼ਾਣੂਆਂ ਪ੍ਰਤੀ ਪ੍ਰਤੀਰੋਧਕ ਯੋਗਤਾ ਇਸ ਕਾਰਨ ਰੋਗ ਪੈਦਾ ਹੋਣ ਵਿਚ ਦੋ ਹਫਤਿਆਂ ਤੋਂ ਤਿੰਨ ਮਹੀਨੇ ਤਕ ਲੱਗ ਜਾਂਦੇ ਹਨ। ਪਰ ਕਦੀ-ਕਦੀ 6 ਮਹੀਨੇ ਜਾਂ ਇਸ ਤੋਂ ਵੱਧ ਦਾ ਸਮਾਂ ਵੀ ਲੱਗ ਜਾਂਦੈ। ਜੇ ਸਿਰ ਚਿਹਰਾ, ਗਰਦਨ ਜਾਂ ਮੋਢੇ ਤੇ ਉਂਗਲੀਆਂ ਉਪਰ ਕੁੱਤਾ ਕਟਦਾ ਹੈ ਤਾਂ ਬਹੁਤ ਜਗ੍ਹਾ ਡੂੰਘਾ ਜ਼ਖਮ ਕਰ ਦਿੰਦੈ ਤਾਂ ਇਕ ਮਹੀਨੇ ਅੰਦਰ ਹੀ ਰੋਗ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਕੁੱਤਾ ਕੱਟਣ ਪਿਛੋਂ ਤੁਰੰਤ ਸਭ ਤੋਂ ਪਹਿਲਾਂ ਤਾਂ ਜ਼ਖਮ ਨੂੰ ਨਲਕੇ ਦੇ ਵਗਦੇ ਪਾਣੀ ਵਿਚ ਸਾਬਣ ਜਾਂ ਸਰਫ (ਡਿਟਰਜੈਂਟ) ਨਾਲ ਧੋ ਦੇਣਾ ਚਾਹੀਦਾ ਹੈ। ਜ਼ਖਮ ਨੂੰ ਖੁੱਲ੍ਹਾ ਰਖਣਾ ਚਾਹੀਦਾ ਹੈ। ਹੋ ਸਕੇ ਤਾਂ ਕੁੱਤੇ ਨੂੰ ਫੜ੍ਹ ਕੇ ਅਲੱਗ ਬੰਨ੍ਹ ਕੇ 10 ਦਿਨ ਤਕ ਰਖਣਾ ਚਾਹੀਦਾ ਹੈ। ਇਸ ਨਾਲ ਇਹ ਪਤਾ ਲੱਗ ਜਾਵੇਗਾ ਕਿ ਕਿਤੇ ਕੁੱਤੇ ਨੂੰ ਹਲਕਾ ਦੀ ਬੀਮਾਰੀ ਤਾਂ ਨਹੀਂ। ਕੁੱਤੇ ਦੇ ਮਰ ਜਾਣ 'ਤੇ ਉਸ ਦੇ ਦਿਮਾਗ ਤੇ ਲਾਰ ਗ੍ਰੰਥੀਆਂ ਨੂੰ ਜਾਂਚਣ ਤੋਂ ਇਹ ਪਤਾ ਲੱਗ ਸਕਦਾ ਹੈ ਕਿ ਉਹਨਾਂ 'ਚ ਬੀਮਾਰੀ ਪੈਦਾ ਕਰਨ ਦੇ ਵਿਸ਼ਾਣੂ ਹਨ ਜਾਂ ਨਹੀਂ। ਪਰ ਜੇ ਜਾਨਵਰ ਜਾਂ ਕੁੱਤੇ ਨੂੰ ਫੌਰਨ ਮਾਰ ਦਿੱਤਾ ਜਾਵੇ ਤਾਂ ਇਹ ਪਤਾ ਨਹੀਂ ਲਾਇਆ ਜਾ ਸਕਦਾ ਕਿ ਕੁੱਤਾ ਪਾਗਲ ਹੈ ਸੀ ਜਾਂ ਨਹੀਂ ਤੇ ਉਸ ਸਮੇਂ ਰੋਗੀ ਦੀ ਰੋਕਥਾਮ ਲਈ ਟੀਕਾ ਲਵਾ ਲੈਣਾ ਚਾਹੀਦਾ ਹੈ। ਪਰ ਜੇ ਜਾਨਵਰ ਮੁੜ ਫੜ ਸਕਣਾ ਸੰਭਵ ਨਹੀਂ ਤੇ ਨਾ ਹੀ ਪਤਾ ਲੱਗੇ ਕਿ ਜਾਨਵਰ ਪਾਗਲ ਹੈ ਸੀ ਜਾਂ ਨਹੀਂ ਤਾਂ ਰੈਬੀਜ਼ ਦਾ ਪੂਰਾ ਇਲਾਜ ਕਰਨਾ ਚਾਹੀਦਾ ਹੈ।

**ਕੀ ਰੈਬੀਜ਼ ਸਤ ਪ੍ਰਤੀਸ਼ਤ ਜਾਨਲੇਵਾ ਹੈ?**: ਨਹੀਂ, ਫੌਰਨ ਤੇ ਸਹੀ ਇਲਾਜ ਨਾਲ ਲਗਭਗ 95 ਫੀ ਸਦੀ ਵਿਅਕਤੀਆਂ ਨੂੰ ਰੈਬੀਜ਼ ਨਹੀਂ ਹੁੰਦੀ, ਪਰ ਜੇ ਬੀਮਾਰੀ ਦੇ ਲੱਛਣ ਉਭਰਣ ਲੱਗਣ ਤਾਂ ਲਗਭਗ ਸਾਰੇ ਹੀ ਬੰਦਿਆਂ ਦੀ ਮੌਤ ਹੋ ਜਾਂਦੀ ਹੈ। ਫਿਰ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ ਕਿਉਂਕਿ ਤਿੰਨ ਅਜੇਹੇ ਵਿਅਕਤੀ ਵੀ ਹਨ ਜੋ ਰੈਬੀਜ਼ ਹੋਣ ਪਿਛੋਂ ਠੀਕ ਹੋ ਗਏ। ਅਜਿਹੀ ਸਥਿਤੀ 'ਚ ਰੋਗੀ ਨੂੰ ਇਕ ਵੈਂਟੀਲੇਟਰ ਮਸ਼ੀਨ ਰਾਹੀਂ ਸ਼ਾਹ ਦਿੱਤਾ ਜਾਂਦਾ ਹੈ ਤੇ ਜ਼ਰੂਰੀ ਅੰਗ ਜਿਵੇਂ ਦਿਲ, ਜਿਗਰ ਤੇ ਗੁਰਦਿਆਂ ਨੂੰ ਸੁਰਖਿਅਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਬੰਦੇ ਦੀ ਰੋਗ ਪ੍ਰਤੀ ਰੋਧਕ ਸ਼ਕਤੀ ਨੇ ਸਾਥ ਦਿੱਤਾ ਤਾਂ ਕਦੀ-ਕਦੀ ਵਿਅਕਤੀ ਵਿਸ਼ੇਸ਼ ਜਿਉਂ ਉਠਦਾ ਹੈ।

**ਰੈਬੀਜ਼ ਦੇ ਮੁਢਲੇ ਲੱਛਣ**:- ਇਸ ਨਾਲ ਆਮ ਤੌਰ 'ਤੇ ਬੁਖਾਰ, ਗਲੇ 'ਚ ਜਲਣ ਤੇ ਮਾਸਪੇਸ਼ੀਆਂ 'ਚ ਦਰਦ ਮਹਿਸੂਸ ਹੁੰਦਾ ਹੈ। ਕੱਟੀ ਹੋਈ ਥਾਂ 'ਤੇ ਵੀ ਦਰਦ ਹੋਣ ਲਗਦਾ ਹੈ। ਰੈਬੀਜ਼ ਦਾ ਸਭ ਤੋਂ ਭਿਆਨਕ ਲੱਛਣ ਇਹ ਹੁੰਦਾ ਹੈ ਕਿ ਰੋਗੀ ਨੂੰ ਪਿਆਸ ਬਹੁਤ ਮਹਿਸੂਸ ਹੁੰਦੀ ਹੈ ਤੇ ਜਿਉਂ ਹੀ ਪਾਣੀ ਉਹਨਾਂ ਪਾਸ ਲਿਆਂਦਾ ਜਾਂਦਾ ਹੈ ਤਾਂ ਉਸ ਦੇ ਗਲੇ 'ਚ ਰੁਕਾਵਟ ਹੋਣ ਲਗਦੀ ਹੈ। ਹੌਲੀ-ਹੌਲੀ ਪਾਣੀ ਵੇਖਦਿਆਂ ਹੀ ਰੁਕਾਵਟ ਹੋਣ ਲਗਦੀ ਹੈ। ਹੌਲੀ-ਹੌਲੀ ਪਾਣੀ ਦਾ ਨਾਂ ਲੈਂਦਿਆਂ ਹੀ ਕੰਬਣੀ ਤੇ ਰੁਕਾਵਟ ਹੋਣ ਲਗਦੀ ਹੈ। ਕੰਬਣੀ ਤੇ ਅਕੜਾਅ ਇਉਂ ਹੁੰਦਾ ਹੈ ਕਿ ਜਿਵੇਂ ਰੋਗੀ ਨੂੰ ਟੈਟਨਸ (ਧੁਨਖ ਵਾਅ) ਹੋ ਗਈ ਹੋਵੇ। ਰੈਬੀਜ਼ ਹੁੰਦਿਆਂ ਹੀ ਭੋਜਨ ਨਿਗਲਣ ਵਾਲੀਆਂ ਮਾਸਪੇਸ਼ੀਆਂ ਕਮਜ਼ੋਰ ਹੋਣ ਲਗਦੀਆਂ ਹਨ। ਵਿਅਕਤੀ ਨੂੰ ਤਰਲ ਪਦਾਰਥ ਦੀ ਬਜਾਏ ਠੋਸ ਪਦਾਰਥ ਖਾਣ ਵਿਚ ਅਸਾਨੀ ਰਹਿੰਦੀ ਹੈ ਕਿਉਂਕਿ ਤਰਲ ਅਕਸਰ ਸਾਹ ਨਾਲੀ 'ਚ ਪਹੁੰਚ ਜਾਂਦਾ ਹੈ ਜਿਸ ਨਾਲ ਸੁਰ ਯੰਤਰ (Vocal Cords) 'ਤੇ ਬੁਰਾ ਅਸਰ ਪੈਂਦਾ

ਹੈ। ਜਿਸ ਨਾਲ ਉਹ ਬੁਰੀ ਤਰ੍ਹਾਂ ਸੁੱਜ ਜਾਂਦੇ ਹਨ ਅਤੇ ਉਹਨਾਂ ਨੂੰ ਲਕਵਾ ਮਾਰ ਜਾਂਦੈ ਇਸ ਨਾਲ ਰੋਗੀ ਤਰਲ ਪਦਾਰਥ ਖਾਸ ਕਰਕੇ ਪਾਣੀ ਪੀਣ ਤੋਂ ਘਬਰਾਉਂਦਾ ਹੈ। ਰੋਗੀ ਦੀ ਮੌਤ ਦਾ ਕੀ ਕਾਰਨ ਬਣਦਾ ਹੈ ਤਾਂ ਡਾਕਟਰ ਇਸ ਦੀ ਰੋਕਥਾਮ 'ਚ ਕੀ ਰੋਲ ਅਦਾ ਕਰ ਸਕਦਾ ਹੈ? ਡਾਕਟਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਨਿਸ਼ਚਤ ਕਰੇ ਕਿ ਕੱਟੇ ਹੋਏ ਵਿਅਕਤੀ ਦਾ ਇਲਾਜ ਕਿਵੇਂ ਕਰਨਾ ਹੈ? ਉਹ ਵੈਕਸੀਨ ਦੀ ਖੁਰਾਕ ਨਿਸ਼ਚਤ ਕਰਦਾ ਹੈ ਅਤੇ ਉਹ ਰੋਗੀ ਦੀ ਉਮਰ ਤੇ ਸਰੀਰਕ ਭਾਰ 'ਤੇ ਨਿਰਭਰ ਕਰਦੀ ਹੈ। ਜਿਨ੍ਹਾਂ ਵਿਅਕਤੀਆਂ ਨੂੰ ਕੁੱਤੇ ਦੇ ਦੰਦ ਛੂਹ ਜਾਂਦੇ ਹਨ ਜਾਂ ਥੋੜੀ ਝਰੀਟ ਆ ਜਾਂਦੀ ਹੈ ਤਾਂ ਇਸ ਦਾ ਐਮਰਜੈਂਸੀ ਇਲਾਜ ਕੀਤਾ ਜਾਂਦਾ ਹੈ ਜਿਵੇਂ ਕੱਟਣ ਨਾਲ ਵੱਧ ਜ਼ਖਮ ਹੋ ਜਾਂਦੇ ਹਨ ਜਾਂ ਜ਼ਖਮ ਡੂੰਘਾ ਹੋ ਜਾਂਦਾ ਹੈ ਜਾਂ ਸਿਰ, ਚਿਹਰੇ, ਗਰਦਨ, ਮੋਢੇ ਜਾਂ ਉਂਗਲਾਂ ਪ੍ਰਭਾਵਿਤ ਹੁੰਦੀਆਂ ਹਨ। ਪਹਿਲੇ ਦੂਜੇ ਤੇ ਕੱਟਣ ਤੋਂ ਤੀਜੇ, ਸਤਵੇਂ, ਤੀਹਵੇਂ ਦਿਨ ਵੀ ਟੀਕੇ ਲਾਏ ਜਾਂਦੇ ਹਨ। ਜੇ ਕੁੱਤਾ ਕੱਟਣ ਵੇਲੇ ਆਮ ਨਜ਼ਰ ਆਵੇ ਤਾਂ ਉਸ ਨੂੰ 10 ਦਿਨਾਂ ਤਕ ਨਿਗਰਾਨੀ ਹੇਠ ਰਖਿਆ ਜਾਵੇ। 10 ਦਿਨ ਕੁੱਤੇ ਦੀ ਹਾਲਤ ਵੇਖਣ ਪਿਛੋਂ ਫਿਰ ਵਿਚਾਰ ਕੀਤਾ ਜਾਂਦਾ ਹੈ ਕਿ ਇਲਾਜ ਕੀ ਕੀਤਾ ਜਾਵੇ।

**ਕੁੱਤੇ ਦੇ ਪਾਗਲ ਹੋਣ ਦੀਆਂ ਨਿਸ਼ਾਨੀਆਂ**:- ਸੁਭਾਅ 'ਚ ਤਬਦੀਲੀ, ਭੈਭੀਤ, ਬੁਖਾਰ, ਚੌਕਨਾਪਣ ਇਕ ਤੋਂ ਦੂਜੇ ਕਮਰੇ 'ਚ ਘੁੰਮਣਾ ਜਾਂ ਇਕ ਤੋਂ ਦੂਜੇ ਪਿੰਡ ਚਲੇ ਜਾਣਾ, ਜੋ ਸਾਹਮਣੇ ਆਵੇ ਉਸ ਨੂੰ ਕੱਟਣਾ, ਰੋਣਾ ਜਿਵੇਂ ਦਰਦ ਹੁੰਦਾ ਹੋਵੇ, ਚਿਕੜ ਮਿਟੀ ਕੰਕਰ, ਲਕੜੀ, ਕਾਗਜ ਆਦਿ ਚੱਬਣਾ, ਹੱਡੀ ਗਲੇ 'ਚ ਫਸ ਜਾਣੀ। ਪਾਣੀ ਪੀਣਾ ਛੱਡ ਜਾਣਾ, ਲਾਰ ਵੱਧ ਵਗਣੀ, ਪੂਛ ਤੇ ਸਿਰ ਹੇਠਾਂ ਸੁੱਟਣਾ, ਪਿਛਲੇ ਪੈਰ ਕਮਜ਼ੋਰ ਪੈਣੇ, ਚਲਦੇ ਸਮੇਂ ਲੁਟਕ ਜਾਣਾ, ਪਿਛਲੇ ਹਿੱਸੇ ਦਾ ਲਕਵਾ ਤੇ ਅੰਤ ਵਿਚ ਇਹ ਮਰ ਜਾਂਦਾ ਹੈ। ਹੁਣ ਜੋ ਨਵੀਂ ਵੈਕਸੀਨ ਮਿਲਦੀ ਹੈ, ਉਹ ਪੁਰਾਣੀ ਨਾਲੋਂ ਬੇਹਤਰ ਤੇ ਭਿੰਨ ਕਿਸਮ ਦੀ ਹੁੰਦੀ ਹੈ। ਇਹ ਸਰੀਰ 'ਤੇ ਕੋਈ ਬੁਰਾ ਅਸਰ ਨਹੀਂ ਪਾਉਂਦੀ। ਕੁੱਤਿਆਂ ਤੇ ਪਾਲਤੂ ਬਿਲੀਆਂ ਨੂੰ ਐਂਟੀਰੈਬੀਜ਼ ਵੈਕਸੀਨ ਦੇਣੀ ਚਾਹੀਦੀ ਹੈ।

# ਕੀ ਬਾਂਝਪਣ ਦੂਰ ਕੀਤਾ ਜਾ ਸਕਦਾ ਹੈ?

ਹਾਂ ਔਰਤ ਦਾ ਕਲੰਕ ਰੂਪੀ ਬਾਂਝਪਣ ਦੂਰ ਕੀਤਾ ਜਾ ਸਕਦਾ ਹੈ। ਸਾਡੇ ਸਮਾਜ 'ਚ ਸੰਤਾਨਹੀਣ ਔਰਤ ਬਹੁਤ ਹੀ ਤਰਸਯੋਗ ਹਾਲਤ 'ਚ ਰਹਿ ਰਹੀ ਹੈ। ਉਹ ਤਰ੍ਹਾਂ-ਤਰ੍ਹਾਂ ਦੇ ਤਾਹਨਿਆਂ ਦਾ ਸ਼ਿਕਾਰ ਬਣਾਈ ਜਾਂਦੀ ਰਹਿੰਦੀ ਹੈ। ਸ਼ੁਭ ਅਵਸਰਾਂ 'ਤੇ ਉਸ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਜਾਂਦਾ ਹੈ। ਇਸ ਸਮਾਜ 'ਚ ਸੰਤਾਨ ਸੁਖ ਨੂੰ ਇਕ ਬਹੁਤ ਵੱਡਾ ਸੁਖ ਮੰਨਿਆ ਜਾਂਦਾ ਹੈ। ਸੰਤਾਨ ਸੁਖ ਵਿਚ ਵੀ ਪੁੱਤ ਦਾ ਲਾਲਚ ਬਹੁਤਿਆਂ ਨੂੰ ਹੈ ਕਿਉਂਕਿ ਉਹ ਸਮਝਦੇ ਹਨ ਕਿ ਪੁੱਤ ਨਾਲ ਹੀ ਪੀੜ੍ਹੀ ਅੱਗੇ ਵਧਦੀ ਹੈ।

ਸਾਡਾ ਦੇਸ਼/ਸਮਾਜ ਮਰਦ ਪ੍ਰਧਾਨ ਸਮਾਜ ਹੈ। ਪਰ ਜਿਸ ਜੋੜੇ ਨੂੰ ਲੰਮੇ ਸਮੇਂ ਤਕ ਸੰਤਾਨ ਹਾਸਲ ਹੁੰਦੀ ਹੈ ਤਾਂ ਉਹ ਧੀ ਦੇ ਜਨਮ ਨਾਲ ਵੀ ਸੰਤੁਸ਼ਟ ਹੁੰਦੇ ਵੇਖੇ ਗਏ ਹਨ। ਮਨ ਨੂੰ ਮਨਾ ਲੈਂਦੇ ਹਨ। ਵਿਆਹ ਤੋਂ ਬਾਅਦ ਇਕ ਦੋ ਸਾਲ ਲੰਘ ਜਾਣ ਪਿਛੋਂ ਫਿਰ ਵੀ ਔਰਤ ਗਰਭਵਤੀ ਨਾ ਹੋਵੇ ਤਾਂ ਉਹ ਜੋੜੀ ਸਹਿਮ ਜਾਂਦੀ ਹੈ। ਨਾਲ ਹੀ ਨਾਲ ਉਸ ਜੋੜੀ ਦੇ ਮਾਪੇ ਵੀ ਚਿੰਤਤ ਹੋ ਜਾਂਦੇ ਹਨ। ਸ਼ੁਰੂ 'ਚ ਕੁਝ ਘਰੇਲੂ ਉਪਾਅ ਕਰਨ ਲਗਦੇ ਹਨ, ਫੇਰ ਡਾਕਟਰਾਂ ਕੋਲ ਜਾਣਾ ਸ਼ੁਰੂ ਹੋ ਜਾਂਦਾ ਹੈ। ਸੰਤ ਔਲੀਏ, ਫਕੀਰਾਂ, ਸਾਧੂਆਂ ਆਦਿ ਨੂੰ ਵੀ ਅਜਮਾਇਆ ਜਾਂਦਾ ਹੈ। ਪਰ ਇਹ ਸਭ ਗੈਰ ਵਿਗਿਆਨਕ ਹੋਣ ਕਰਕੇ ਵਿਅਰਥ ਜਾਂਦੇ ਹਨ। ਧਾਗੇ, ਤਵੀਤਾਂ ਤੇ ਟੂਣਿਆਂ, ਮੰਤਰ ਦਾ ਦੌਰ ਵੀ ਚਲਦਾ ਹੈ। ਆਮ ਤੌਰ 'ਤੇ ਪਤੀ-ਪਤਨੀ ਠੱਗੇ ਜਾਂਦੇ ਹਨ, ਭਰਮਾ ਲਏ ਜਾਂਦੇ ਹਨ।

ਬਾਂਝਪਣ ਦੀ ਦੋਸ਼ੀ ਸਿਰਫ ਔਰਤ ਹੀ ਨਹੀਂ ਮਰਦ 'ਚ ਨੁਕਸ ਹੋਣ ਕਰਕੇ ਵੀ ਕਈ ਵਾਰ ਔਰਤ ਗਰਭ ਧਾਰਨ ਨਹੀਂ ਕਰ ਸਕਦੀ। ਪਰ ਸਾਡੇ ਸਮਾਜ 'ਚ ਫਿਰ ਵੀ ਨੁਕਸ ਔਰਤ ਵਿਚ ਹੀ 100 ਫੀ ਸਦੀ ਸਮਝ ਕੇ ਜਾਂਚ ਕਰਵਾਈ ਜਾਂਦੀ ਹੈ। ਔਰਤ ਨੂੰ ਹੀ ਦੋਸ਼ੀ ਮੰਨਿਆ ਜਾਂਦਾ ਹੈ। ਜੇ ਕੋਈ ਡਾਕਟਰ ਪਤੀ ਦੀ ਜਾਂਚ ਦਾ ਸੁਝਾਅ ਦੇਵੇ ਤਾਂ ਤੁਰੰਤ ਹੀ ਪਤੀ ਦੇਵ ਤੇ ਉਸ ਦੇ ਮਾਪਿਆਂ ਦਾ ਪਾਰਾ ਚੜ੍ਹ ਜਾਂਦਾ ਹੈ। ਜੇ ਗਰਭ ਧਾਰਨ ਨਾ ਹੋਵੇ ਤਾਂ ਮਾਹਰ ਡਾਕਟਰ ਦੀ ਸਲਾਹ ਨਾਲ ਔਰਤ-ਮਰਦ ਦੋਹਾਂ ਦੀ ਹੀ ਜਾਂਚ ਕੀਤੀ ਜਾਂਦੀ ਹੈ ਅਤੇ ਸਮੇਂ ਸਿਰ ਜਿਥੇ ਵੀ ਨੁਕਸ ਹੋਵੇ ਲੱਭ ਲਿਆ ਜਾਂਦਾ ਹੈ, ਇਲਾਜ ਕਰਵਾ ਲਿਆ ਜਾਂਦਾ ਹੈ। ਇਸ ਨਾਲ ਬੇਲੋੜੀ ਦੇਰੀ ਤੋਂ ਬਚਾਅ ਹੋ ਜਾਂਦਾ ਹੈ, ਔਰਤ ਬਾਂਝਪਣ ਦੇ ਸਰਾਪ ਤੋਂ ਮੁਕਤ ਹੋ ਜਾਂਦੀ ਹੈ। ਸੰਤਾਨ ਪ੍ਰਾਪਤੀ ਲਈ ਮਰਦ ਦਾ ਵੀਰਜ਼ ਤੇ ਔਰਤ ਦਾ ਅੰਡਾ (ovum) ਬੇਹੱਦ ਮਹੱਤਵਪੂਰਨ ਹੈ।

ਇਹ ਦੋਹਾਂ ਦਾ ਸ਼ੁੱਧ ਤੇ ਕੁਦਰਤੀ ਹੋਣਾ ਅਤਿ ਜ਼ਰੂਰੀ ਹੈ। ਬੀਜ ਨਾਲੀ ਤੇ ਬੱਚੇਦਾਨੀ ਵਿਚ ਜੇ ਨੁਕਸ ਹੋਵੇ ਤਾਂ ਵੀ ਗਰਭ ਧਾਰਨ ਨਹੀਂ ਹੁੰਦਾ। ਖ਼ੂਨ ਦੀ ਘਾਟ (ਅਨੀਮੀਆ) ਵੀ ਗਰਭ ਧਾਰਨ ਯੋਗ ਸਥਿਤੀ ਨਹੀਂ ਹੁੰਦੀ। ਲਕੋਰੀਆ ਵਰਗੇ ਰੋਗ ਵੀ ਗਰਭ ਧਾਰਨ ਵਿਚ ਅੜਿਕਾ ਬਣਦੇ ਹਨ। ਮਰਦ ਦੇ ਵੀਰਜ ਨੂੰ ਨੁਕਸ ਰਹਿਣ ਤੇ ਔਰਤ ਦੇ ਸਰੀਰ ਨੂੰ ਤੰਦਰੁਸਤ ਕਰਨ ਪਿਛੋਂ ਹੀ ਗਰਭ ਧਾਰਨ ਦੀ ਇਜਾਜਤ

ਦਿਤੀ ਜਾਂਦੀ ਹੈ ਤਾਂ ਉਹ ਗਰਭ ਸਥਿਰ ਹੁੰਦਾ ਹੈ। ਜਿਵੇਂ ਔਰਤ ਗਰਭ ਧਾਰਨ ਲਈ ਜਿੰਮੇਵਾਰ ਹੈ। ਠੀਕ ਉਸੇ ਤਰ੍ਹਾਂ ਮਰਦ ਦੇ ਵੀਰਜ਼ ਵਿਚ ਸ਼ੁਕਰਾਣੂਆਂ ਦੀ ਘੱਟ ਗਿਣਤੀ ਜਾਂ ਗੈਰ ਮੌਜੂਦਗੀ ਕਾਰਨ ਮਰਦ ਵੀ ਉਨਾਂ ਹੀ ਜਿੰਮੇਵਾਰ ਕਿਹਾ ਜਾਂਦਾ ਹੈ। ਅਧੁਨਿਕ ਇਲਾਜ ਪ੍ਰਣਾਲੀ ਤੇ ਵਿਗਿਆਨ ਅਨੁਸਾਰ ਜਾਂਚ ਕਰਾਉਣ ਦੀ ਹਰ ਜਗ੍ਹਾ ਪ੍ਰਬੰਧ ਹੈ। ਜਿਸ ਨੂੰ ਸ਼ਕਰਾਣੂਆਂ ਸਬੰਧੀ ਜਾਣਕਾਰੀ ਹਾਸਲ ਹੋ ਸਕਦੀ ਹੈ। ਅੱਛੀ ਫਸਲ ਲਈ ਜਿਸ ਤਰ੍ਹਾਂ ਅੱਛੀ ਜ਼ਮੀਨ, ਵਾਤਾਵਰਣ, ਬੀਜ਼ ਲੋੜੀਂਦਾ ਪਾਣੀ ਆਦਿ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਸੰਤਾਨ ਦੀ ਪੈਦਾਇਸ਼ ਲਈ ਅੱਛੀ ਜ਼ਮੀਨ (ਭਾਵ ਬੱਚੇਦਾਨੀ, ਅੰਡੇਦਾਨੀ) ਤੇ ਵੀਰਜ਼ ਅੰਦਰਲੇ ਸ਼ਕਰਾਣੂਆਂ ਦੀ ਸਹੀ ਲੋੜੀਂਦੀ ਗਿਣਤੀ ਜ਼ਰੂਰੀ ਹੁੰਦੇ ਹਨ। ਸੰਤਾਨ ਵਾਸਤੇ ਸ਼ਕਰਾਣੂਆਂ ਦੀ ਸਹੀ ਗਿਣਤੀ ਦੇ ਨਾਲ ਚਾਲ (ਰਫ਼ਤਾਰ) ਆਦਿ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਹਾਲਤਾਂ ਦੀ ਕੁਦਰਤੀ ਮੌਜੂਦਗੀ ਬਹੁਤ ਜ਼ਰੂਰੀ ਹੈ।

ਡਾਕਟਰੀ ਇਲਾਜ 'ਚ ਸਟਰਲਿਟੀ ਤੇ ਇਨਫਰਟਿਲਟੀ ਇਹਨਾਂ ਦੋਹਾਂ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਹਨਾਂ ਨੂੰ ਜਮਾਂਦਰੂ ਕਾਰਨਾਂ ਕਰਕੇ ਗਰਭਧਾਰਨ ਨਹੀਂ ਰਹਿੰਦਾ ਉਸ ਹਾਲਤ ਨੂੰ ਸਟਰਲਿਟੀ ਕਿਹਾ ਜਾਂਦਾ ਹੈ ਪਰ ਜਿਹਨਾਂ ਨੂੰ ਸੰਤਾਨ ਹੋ ਸਕਦੀ ਹੈ ਪਰ ਗਰਭ ਧਾਰਨ ਨਹੀਂ ਰਹਿੰਦੀ ਤਾਂ ਉਸ ਨੂੰ ਇਨਫਰਟਿਲਟੀ ਕਿਹਾ ਜਾਂਦਾ ਹੈ। ਇਸ ਕਿਸਮ ਦੀ ਹਾਲਤ ਵਿਚ ਕਈ ਵਾਰੀ ਇਕੱਲਾ ਮਰਦ, ਇੱਕਲੀ ਔਰਤ ਜਾਂ ਫਿਰ ਦੋਨੋਂ ਹੀ ਜਿੰਮੇਵਾਰ ਹੁੰਦੇ ਹਨ। ਇਲਾਜ ਕਾਰਨ ਤੋਂ ਪਹਿਲਾਂ ਇਸ ਦੀ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ। ਅਧੁਨਿਕ ਮੈਡੀਕਲ ਵਿਗਿਆਨ ਦੇ ਨੁਕਤਾ ਨਜ਼ਰ ਤੋਂ ਵੇਖੀਏ ਤਾਂ ਹੇਠ ਲਿਖੇ ਕਾਰਨ ਔਰਤ ਦੇ ਬਾਂਝਪਣ ਲਈ ਜਿੰਮੇਵਾਰ ਹੋ ਸਕਦੇ ਹਨ।

ਬੀਜ਼ ਨਾਲ ਦੀ ਰੁਕਾਵਟ, ਪ੍ਰਜਨਣ ਅੰਗਾਂ 'ਚ ਕਿਸੇ ਵੀ ਕਿਸਮ ਦੇ ਇਨਫ਼ੈਕਸ਼ਨ, ਬੱਚੇਦਾਨੀ ਦੀ ਰਸੌਲੀ, ਅੰਡੇਦਾਨੀ ਦਾ ਵਿਕਸਤ ਨਾ ਹੋਣਾ, ਸ਼ੂਗਰ ਦੀ ਬੀਮਾਰੀ, ਬੀਜ਼ ਦਾ ਸਹੀ ਢੰਗ ਨਾਲ ਨਾ ਨਿਕਲਣਾ, ਯੋਗ ਨਾ ਹੋਣਾ, ਥਾਈਰਾਡ ਗ੍ਰੰਥੀ ਦਾ ਸਹੀ ਢੰਗ ਨਾਲ ਕੰਮ ਨਾ ਕਰਨਾ, ਬੱਚੇਦਾਨੀ ਝੁਕਣਾ, ਵਿਟਾਮਨ ਈ ਦੀ ਘਾਟ, ਔਰਤ ਦੀ ਉਮਰ 40 ਸਾਲ ਤੋਂ ਵੱਧ ਹੋਣੀ, ਕਾਫੀ ਜਾਂ ਗਰਮ ਚੀਜ਼ਾਂ ਦੀ ਬੇਲੋੜੀ ਵਰਤੋਂ ਆਦਿ। ਮਰਦ ਦੇ ਕਾਰਨਾਂ ਵਿਚ ਸ਼ਕਰਾਣੂਆਂ ਦੀ ਗਿਣਤੀ ਦਾ ਘੱਟ ਹੋਣਾ, ਸ਼ਕਰਾਣੂ ਮੌਜੂਦ ਨਾ ਹੋਣਾ (ਨਿਲ ਸ਼ਕਰਾਣੂ), ਸ਼ਕਰਾਣੂਆਂ ਦੀ ਗਿਣਤੀ (ਰਫ਼ਤਾਰ) ਘੱਟ ਹੋਣੀ, ਜਲਦੀ ਖਾਰਜ਼, ਸਿਫਲਸ, ਗਨੋਰੀਆ ਆਦਿ ਇਨਫ਼ੈਕਸ਼ਨ ਰੋਗ ਮੁੱਖ ਹਨ। ਬਾਂਝਪਣ ਲਈ ਸਰੀਰ ਦੇ ਨਾਲ-ਨਾਲ ਮਾਨਸਿਕ ਕਾਰਨ ਵੀ ਜ਼ਿੰਮੇਵਾਰ ਹੁੰਦੇ ਹਨ। ਲਗਾਤਾਰ ਮਾਨਸਕ ਤਣਾਅ ਦੇ ਕਾਰਨ ਹਾਰਮੋਨ ਸੰਤੁਲਨ ਵਿਗੜ ਜਾਂਦਾ ਹੈ। ਜੋ ਬਾਂਝਪਣ ਦਾ ਕਾਰਨ ਬਣ ਸਕਦਾ ਹੈ।

ਉਪਰੋਕਤ ਕਾਰਨਾਂ 'ਚੋਂ ਜਿਹੜਾ ਕਾਰਨ ਜਿੰਮੇਵਾਰ ਹੈ, ਜੋ ਔਰਤ ਦੇ ਗਰਭਧਾਰਨ 'ਚ ਅੜਿਕਾ ਬਣ ਰਿਹਾ ਹੈ, ਸੋਚ ਸਮਝ ਕੇ ਲੋੜ ਅਨੁਸਾਰ ਇਲਾਜ ਕਰਨ ਨਾਲ ਲੋੜੀਂਦੇ ਨਤੀਜੇ ਹਾਸਲ ਹੋ ਸਕਦੇ ਹਨ। ਔਰਤਾਂ ਦੇ ਕਾਰਨਾਂ ਦੀ ਸ਼ਨਾਖਤ ਕਰਨ ਲਈ ਡਾਕਟਰੀ ਜਾਂਚ ਲਈ ਹੇਠ ਲਿਖੀਆਂ ਸਹੂਲਤਾਂ ਮੁਹੱਈਆ ਹਨ।

ਫੈਲੋਪੀਅਨ ਟਿਊਬ ਦੀ ਰੁਕਾਵਟ ਤੇ ਸਾਈਜ਼ ਆਦਿ ਨਿਸ਼ਚਤ ਕਰਨ ਲਈ

ਟੀ.ਪੀ.ਟੀ ਕੀਤਾ ਜਾਂਦਾ ਹੈ। ਇਹ ਟੈਸਟ ਮਹਾਂਵਾਰੀ ਦੇ ਦਿਨਾਂ ਤੋਂ ਬਾਅਦ ਕੀਤਾ ਜਾਂਦਾ ਹੈ। ਦੂਜਾ ਟੈਸਟ ਮਹਾਂਵਾਰੀ ਆਉਂਦਿਆਂ ਹੀ ਬੱਚੇਦਾਨੀ ਤੋਂ ਛੋਟਾ ਟੁਕੜਾ ਲੈ ਕੇ ਜਾਂਚ ਕੀਤੀ ਜਾਂਦੀ ਹੈ। ਜਿਸ ਤੋਂ ਸਹੀ ਹੁੰਦਾ ਹੈ ਜਾਂ ਨਹੀਂ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ। ਜੇ ਬੱਚੇਦਾਨੀ 'ਚ ਤਪਦਿਕ ਦੀ ਇਨਫ਼ੈਕਸ਼ਨ ਹੋਵੇ ਤਾਂ ਇਸ ਦਾ ਪਤਾ ਇਸ ਟੈਸਟ ਰਾਹੀਂ ਲੱਗ ਜਾਂਦਾ ਹੈ। ਹੁਣ ਤਕ ਅਧੁਨਿਕ ਤਕਨੀਕੀ ਸੋਨੋਗ੍ਰਾਫੀ ਆਦਿ ਦੀ ਵੀ ਸਹੂਲਤ ਹਾਸਲ ਹੈ ਜਿਸ ਰਾਹੀਂ ਪੱਕੀ ਸ਼ਨਾਖਤ ਹੋ ਜਾਂਦੀ ਹੈ।

# ਕੀ ਹੈ ਲਿਕੋਰੀਆ ਦੀ ਬੀਮਾਰੀ?

"ਭੁੱਖ ਨਹੀਂ ਲਗਦੀ, ਕਮਰ ਦਰਦ ਐਨਾ ਰਹਿੰਦਾ ਹੈ ਕਿ ਕਿਸੇ ਕੰਮ ਨੂੰ ਕਰਨ ਦੀ ਇੱਛਾ ਨਹੀਂ ਰਹਿੰਦੀ। ਮਰੀਜ਼ ਕਹਿੰਦੀ ਹੈ ਕਿ ਉਠਦੀ ਹਾਂ ਤਾਂ ਚੱਕਰ ਆਉਂਦਾ ਹੈ। ਮਨ 'ਚ ਉਤਸ਼ਾਹ ਨਹੀਂ ਰਹਿੰਦਾ, ਛਾਤੀ 'ਚ ਹਲਕਾ-ਹਲਕਾ ਦਰਦ ਰਹਿੰਦਾ ਹੈ। ਕਦੇ ਸਿਰ ਤੇਜ਼ੀ ਨਾਲ ਦੁਖਣ ਲਗਦਾ ਹੈ। ਅੱਛੇ ਪੌਸ਼ਟਿਕ ਭੋਜਨ ਲੈਣ ਨਾਲ ਵੀ ਸਿਹਤ ਨਹੀਂ ਬਣਦੀ, ਵਜ਼ਨ ਨਹੀਂ ਵਧਦਾ, ਹੱਥ ਪੈਰ ਦੁਖਦੇ ਰਹਿੰਦੇ ਹਨ। ਰਾਤ ਨੂੰ ਤਾਂ ਗਿੱਟਿਆਂ ਤੋਂ ਹੇਠਾਂ ਪੱਟੀ ਬੰਨ੍ਹਣ ਜਾਂ ਪੈਰ ਦਬਾਉਣ ਨਾਲ ਥੋੜਾ ਆਰਾਮ ਮਿਲਦਾ ਹੈ।

ਹੋਰ ਤਾਂ ਕੀ ਹੁਣ ਤਾਂ ਅੱਖਾਂ ਦੇ ਇਰਦ-ਗਿਰਦ ਟੋਏ ਪੈਣ ਲਗਦੇ ਹਨ ਤੇ ਕਾਲੀਆਂ ਛਾਈਆਂ ਪੈ ਜਾਂਦੀਆਂ ਹਨ। ਪੈਰਾਂ ਦੀਆਂ ਤਲੀਆਂ ਜਲਦੀਆਂ ਹਨ ਆਦਿ" ਇਹ ਦਰਦ ਕਹਾਣੀ 24 ਸਾਲ ਮਰੀਜ਼ ਸੁਦੇਸ਼ ਰਾਣੀ ਦੀ ਹੈ ਉਸ ਦੀ ਸਾਰੀ ਰਾਮ ਕਹਾਣੀ ਸੁਨਣ ਪਿਛੋਂ ਡਾਕਟਰ ਨੇ ਉਸ ਤੋਂ ਪੁੱਛਿਆ ਕਿ "ਕੀ ਤੁਹਾਨੂੰ ਹੋਰ ਤਕਲੀਫ ਵੀ ਹੈ" ਤਾਂ ਉਸ ਨੇ ਹਾਂ 'ਚ ਸਿਰ ਹਿਲਾ ਦਿਤਾ ਤੇ ਕਿਹਾ "ਹਾਂ ਇਹ ਤਕਲੀਫ ਹੈ" ਨਾ ਜਾਣੇ ਅਜੇਹੀਆਂ ਕਿੰਨੀਆਂ ਹੀ ਔਰਤਾਂ ਹੋਣਗੀਆਂ ਜੋ ਉਪਰੋਕਿਤ ਲੱਛਣਾਂ ਕਰਕੇ ਡਾਕਟਰ ਕੋਲ ਜਾਂਦੀਆਂ ਹੋਣਗੀਆਂ। ਔਰਤਾਂ ਦੇ ਰੋਗਾਂ ਨੂੰ ਪਿੰਡਾਂ 'ਚ ਖਾਸ ਕਰਕੇ ਵਿਸ਼ੇਸ਼ ਤਰੀਕੇ ਨਾਲ ਛੁਪਾ ਕੇ ਰੱਖਿਆ ਜਾਂਦਾ ਹੈ। ਪਹਿਲਾਂ ਤਾਂ ਮਨਚਾਹੇ ਇਲਾਜ ਘਰੇ ਹੀ ਕੀਤੇ ਜਾਂਦੇ ਹਨ ਤੇ ਫਿਰ ਜਦ ਮਰਜ਼ ਵੱਧ ਹੀ ਜਾਂਦੀ ਹੈ ਤਾਂ ਫਿਰ ਡਾਕਟਰ ਕੋਲ ਪਹੁੰਚ ਕੀਤੀ ਹੀ ਜਾਣੀ ਚਾਹੀਦੀ ਹੈ। ਹੁਣ ਤਾਂ ਤੁਸੀਂ ਸਮਝ ਹੀ ਗਏ ਹੋਵੇ ਕਿ ਮੇਰਾ ਇਸ਼ਾਰਾ ਔਰਤਾਂ 'ਚ ਪਾਈ ਜਾਣ ਵਾਲੀ ਆਮ ਬੀਮਾਰੀ ਲਿਕੋਰੀਆ ਵੱਲ ਹੈ। ਭਾਰਤ 'ਚ ਇਹ ਬੀਮਾਰੀ ਔਰਤਾਂ ਲਈ ਇਕ ਸਰਾਪ ਹੈ। ਕਿਸੇ ਵਿਸ਼ੇਸ਼ ਬੀਮਾਰੀ ਕਾਰਨ ਔਰਤਾਂ ਦੀ ਯੌਨੀ ਵਿਚੋਂ ਰਾਤ-ਦਿਨ ਵਗਦੇ ਜੁਕਾਮ ਵਰਗੇ ਪਾਣੀ (ਡਿਸਚਾਰਜ) ਨੂੰ ਹੀ ਲਿਕੋਰੀਆ ਦਾ ਨਾਂ ਦਿਤਾ ਜਾਂਦਾ ਹੈ।

ਕਾਰਨਃ- ਲਿਕੋਰੀਆ ਕਈ ਰੋਗਾਂ ਦਾ ਸਿੱਟਾ ਹੁੰਦਾ ਹੈ। ਖਾਸ ਕਰਕੇ ਬੱਚੇਦਾਨੀ ਦੇ ਆਪਣੀ ਥਾਂ ਤੋਂ ਹਟਣ, ਯੌਨੀ ਮਾਰਗ ਦੀ ਸੋਜ਼, ਅੰਦਰੂਨੀ ਜਨਣ ਇੰਦਰੀਆ 'ਚ ਫੋੜਾ, ਫਿਨਸੀ ਆਦਿ ਹੋਣੀ, ਮੂਤਰ ਬਲੈਡਰ ਦੀ ਸੋਜ਼, ਖੂਨ ਦੀ ਕਮੀ, ਸ਼ੁਜਾਕ, ਜਿਗਰ ਦੇ ਰੋਗ, ਗੁਰਦਿਆਂ ਦੇ ਰੋਗ, ਸ਼ੂਗਰ ਦੀ ਬੀਮਾਰੀ, ਟਰਾਈਕੋ ਮੋਨਾਇਸਸ ਆਦਿ ਰੋਗਾਂ ਦੇ ਇਕ ਲੱਛਣ ਵਜੋਂ ਲਕੋਰੀਆ ਹੁੰਦਾ ਹੈ। ਇਸ ਰੋਗ ਦੇ ਮੁੱਖ ਲੱਛਣਾਂ 'ਚ ਜਨਣ ਇੰਦਰੀਆਂ ਦੀ ਸਫਾਈ ਨਾ ਕਰਨਾ ਵੀ ਸ਼ਾਮਲ ਹੈ। ਗਨੋਰੀਆ ਵੀ ਸਫੈਦ ਪਾਣੀ ਪੈਣ ਕਰਕੇ ਬਣ ਸਕਦਾ ਹੈ। ਸਰੀਰਕ ਕੰਮਜ਼ੋਰੀ, ਜੋੜਾਂ ਦਾ ਦਰਦ ਤੇ ਸੋਜ਼, ਛੋਟੀ ਉਮਰ ਵਿਚ ਸ਼ਾਦੀ ਹੋ ਜਾਣਾ, ਮਾਂਹਵਾਰੀ ਦਾ ਰੁਕਣਾ, ਤੇਜ਼ ਦਵਾਈਆਂ ਨੂੰ ਬੱਚੇਦਾਨੀ ਅੰਦਰ ਰੱਖਣਾ, ਬੱਚੇਦਾਨੀ ਦਾ ਕੈਂਸਰ, ਇਨਫ਼ੈਕਸ਼ਨ, ਡਿੰਬ ਗ੍ਰੰਥੀ ਦੀ ਸੋਜ਼ ਆਦਿ, ਕਾਰਨਾਂ ਕਰਕੇ ਲਕੋਰੀਆ ਹੋ ਜਾਂਦਾ ਹੈ। ਅਕਸਰ ਨਵ ਵਿਆਹੀਆਂ ਵਿਚ ਹੋਣ ਵਾਲਾ ਇਹ ਰੋਗ ਲਗਾਤਾਰ ਗਰਭਪਾਤ। ਵੱਧ ਸੰਤਾਨ ਪੈਦਾ ਕਰਨ ਨਾਲ ਵੀ ਲਿਕੋਰੀਆ ਹੋ ਜਾਂਦਾ ਹੈ।

**ਰੋਗ ਦੇ ਲੱਛਣ:-**

1. ਰੋਗੀ ਦੀ ਬੱਚੇਦਾਨੀ ਤੇ ਯੌਨੀ 'ਚ 24 ਘੰਟੇ ਸਫੈਦ ਜਾਂ ਪੀਲਾ ਜਿਹਾ ਪਾਣੀ ਆਉਂਦਾ ਰਹਿੰਦਾ ਹੈ ਜੋ ਲੇਸਦਾਰ ਹੁੰਦਾ ਹੈ।
2. ਯੌਨੀ ਹਮੇਸ਼ਾ ਗਿੱਲੀ ਰਹਿੰਦੀ ਹੈ।
3. ਇਸ ਤਰਲ ਪਦਾਰਥ ਦਾ ਰੰਗ ਕਦੀ ਸਫੈਦ, ਕਦੀ ਘਸਮੈਲਾ, ਕਦੀ ਲਾਲ ਤੇ ਕਦੀ ਪੀਲਾ ਹੁੰਦਾ ਹੈ।
4. ਇਹ ਤਰਲ ਕਦੀ ਘੱਟ, ਕਦੀ ਵੱਧ ਆਉਂਦਾ ਹੈ ਕਿ ਅੰਡਰ ਵੀਅਰ ਖਰਾਬ ਹੋ ਕੇ ਦਾਗ਼ ਪੈ ਜਾਂਦੇ ਹਨ।
5. ਯੌਨੀ 'ਚ ਜਲਣ ਹੁੰਦੀ ਹੈ ਤੇ ਬਦਬੂ ਮਾਰਦੀ ਹੈ।
6. ਪੇਟ 'ਚ ਭਾਰੀਪਣ, ਦਰਦ, ਭੋਜਨ ਨਾ ਪਚਣਾ, ਕਬਜ਼ੀ, ਚੱਕਰ ਆਉਣੇ, ਭੁੱਖ ਮਰਨੀ, ਵੱਧ ਪੇਸ਼ਾਬ ਤੇ ਸਰੀਰਕ ਕੰਮਜ਼ੋਰੀ ਆਦਿ।
7. ਹਮੇਸ਼ਾ ਥਕਾਵਟ ਮਹਿਸੂਸ ਹੋਣੀ, ਅੱਖਾਂ ਹੇਠ ਟੋਏ ਤੇ ਸਿਆਹੀਆਂ ਪੈਣੀਆਂ।
8. ਹਮੇਸ਼ਾ ਥਕਾਵਟ ਮਹਿਸੂਸ ਹੋਣੀ, ਸਾਰੇ ਲੱਛਣਾਂ ਦਾ ਮਾਂਹਵਾਰੀ ਲਾਗੇ ਵੱਧ ਜਾਣਾ।
9. ਚਿੜਚੜਾਪਣ ਹੋ ਜਾਣਾ।
10. ਜੇ ਰੋਗ ਵਿਸ਼ੇਸ਼ ਜੀਵਾਣੂਆਂ ਜਾਂ ਵਾਇਰਸ ਉਲ੍ਹੀ ਆਦਿ ਕਾਰਨ ਹੋਇਆ ਹੋਵੇ ਤਾਂ ਪੀਲੇ ਰੰਗ ਦਾ ਝੱਗਦਾਰ ਤਰਲ ਆਉਂਦਾ ਹੈ। ਯੌਨੀ 'ਚ ਛੋਟੇ-ਛੋਟੇ ਜ਼ਖਮ ਹੋ ਜਾਂਦੇ ਹਨ।
11. ਔਰਤ ਦੀ ਸੁੰਦਰਤਾ ਪੂਰੀ ਤਰ੍ਹਾਂ ਖਰਾਬ ਹੋ ਜਾਂਦੀ ਹੈ।
12. ਕਦੀ-ਕਦੀ ਰੋਗੀ ਬੁਖਾਰ ਦੀ ਸ਼ਕਾਇਤ ਵੀ ਕਰਦੀ ਹੈ।
13. ਔਰਤ ਸਫੈਦ ਹੱਥ ਪੈਰ ਜਾਂ ਕਮਰ ਵਿਚ ਦਰਦ ਤੇ ਹੱਥਾਂ ਪੈਰਾਂ ਵਿਚ ਜਲਣ ਦੀ ਸ਼ਕਾਇਤ ਕਰਦੀ ਹੈ।
14. ਰੋਗੀ ਉਦਾਸ ਰਹਿੰਦੀ ਹੈ।
15. ਰੋਗ ਦੇ ਪੁਰਾਣਾ ਹੋ ਜਾਣ 'ਤੇ ਕਾਲਜੇ ਦੇ ਚਾਰੇ ਪਾਸੇ ਭਾਰੀਪਣ ਤੇ ਵੇਦਨਾ ਰਹਿੰਦੀ ਹੈ। ਸਾਹ ਦੀ ਤਕਲੀਫ਼ ਹੋ ਜਾਂਦੀ ਹੈ। ਬੇਹੋਸ਼ੀ ਦੇ ਲੱਛਣ ਵਿਖਾਈ ਦਿੰਦੇ ਹਨ।

**ਰੋਗ ਦਾ ਸਿੱਟਾ:-** ਇਹ ਇਕ ਇਨਫ਼ੈਕਸ਼ਨ ਰੋਗ ਹੈ, ਰੋਗੀ ਨੂੰ ਕਮਰ ਤੇ ਪਿੰਜਣੀਆਂ ਵਿਚ ਦਰਦ ਰਹਿਣ ਲਗਦਾ ਹੈ।

ਇਲਾਜ:-

1. ਜੇ ਰੋਗ ਸਥਾਨਕ ਕਾਰਨਾਂ ਕਰਕੇ ਹੈ ਤਾਂ ਇਲਾਜ ਵੀ ਸਥਾਨਕ ਹੀ ਹੁੰਦਾ ਹੈ।
2. ਜੇ ਰੋਗੀ ਕਿਸੇ ਸਰੀਰਕ ਬੀਮਾਰੀ ਕਾਰਨ, ਵਿਗਾੜ ਕਾਰਨ ਹੈ ਤਾਂ ਉਸ ਵਿਗਾੜ ਦਾ ਇਲਾਜ ਹੋਣਾ ਚਾਹੀਦਾ ਹੈ।
3. ਜੇ ਲਿਕੋਰੀਆ ਦਾ ਕਾਰਨ ਸ਼ੁਜਾਕ ਹੋਵੇ ਜਾਂ ਕੋਈ ਹੋਰ ਇਨਫ਼ੈਕਸ਼ਨ ਤਾਂ ਉਸ ਦਾ ਇਲਾਜ ਹੋਣਾ ਚਾਹੀਦਾ ਹੈ।
4. ਔਰਤ ਨੂੰ ਚਿੰਤਾ ਮੁਕਤ ਕਰਾਇਆ ਜਾਵੇ ਜਿਸ ਨਾਲ ਉਹ ਹਮੇਸ਼ਾ ਖੁਸ਼ ਰਹੇ ਕਿਉਂਕਿ ਚਿੰਤਾ ਲਕੋਰੀਆ ਦਾ ਕਾਰਨ ਬਣ ਸਕਦੀ ਹੈ।
5. ਹਲਕੀ ਕਸਰਤ ਕਾਰਨ ਸਰੀਰਕ ਇਲਾਜ 'ਚ ਮਦਦ ਮਿਲਦੀ ਹੈ।

# ਔਰਤ ਦੇ ਜਨਣ ਅੰਗਾਂ ਦੀ ਤਪਦਿਕ

ਇਸ ਤਰ੍ਹਾਂ ਦੀ ਤਪਦਿਕ ਦੇ ਮਰੀਜ਼ਾਂ ਦੀ ਗਿਣਤੀ ਵੱਖ-ਵੱਖ ਖੇਤਰਾਂ 'ਚ ਵੱਖ-ਵੱਖ ਹੁੰਦੀ ਹੈ। ਇਸ ਤੋਂ ਇਲਾਵਾ ਇਹ ਮਰੀਜ਼ਾਂ ਦੀਆਂ ਕਿਸਮ ਅਨੁਸਾਰ ਵੀ ਘਟਦੀ ਵਧਦੀ ਰਹਿੰਦੀ ਹੈ। ਫੇਫੜਿਆਂ ਦੀ ਟੀ.ਬੀ ਦੇ ਮਰੀਜ਼ਾਂ ਦਾ 10 ਫੀ ਸਦੀ ਮਰੀਜ਼ ਜਨਣ ਅੰਗਾਂ ਦੀ ਟੀ.ਬੀ ਦੇ ਹੁੰਦੇ ਹਨ।

ਇਸ ਬੀਮਾਰੀ ਦੀ ਔਸਤ ਉਮਰ 30 ਸਾਲ ਹੁੰਦੀ ਹੈ। ਬਹੁਤੇ ਮਰੀਜ਼ਾਂ ਨੂੰ ਇਹ ਬੀਮਾਰ ਬੱਚੇ ਪੈਦਾ ਕਰਨ ਵਾਲੀ ਉਮਰ ਸਮੇਂ ਹੁੰਦੀ ਹੈ। ਇਸ ਦਾ ਪਤਾ ਕਈ ਵਾਰੀ ਅਚਾਨਕ ਹੀ ਲੱਗਦਾ ਹੈ। ਜਦੋਂ ਬੱਚੇਦਾਨੀ ਦੇ ਅੰਦਰੋਂ ਪੀਸ ਕਿਸੇ ਹੋਰ ਲੋੜ ਅਨੁਸਾਰ ਲਿਆ ਗਿਆ ਹੁੰਦਾ ਹੈ ਪਰ ਨਤੀਜਾ ਤਪਦਿਕ ਦਾ ਆ ਜਾਂਦਾ ਹੈ। ਇਸ ਤਪਦਿਕ ਦਾ ਕਾਰਨ ਬਹੁਤੀ ਵਾਰੀ ਫੇਫੜਿਆਂ ਦੀ ਟੀ.ਬੀ ਹੁੰਦਾ ਹੈ। ਕਈ ਵਾਰੀ ਇਹ ਬੀਮਾਰੀ ਸਾਰੇ ਸਰੀਰ ਨੂੰ ਲਪੇਟ ਵਿਚ ਲੈ ਰਹੀ ਤਪਦਿਕ ਦਾ ਹੀ ਅੰਗ ਹੁੰਦੀ ਹੈ। ਤਪਦਿਕ ਦਾ ਬੈਕਟੀਰੀਆ ਬੀਮਾਰੀ ਵਾਲੀ ਥਾਂ 'ਤੇ ਖ਼ੂਨ ਰਸਤੇ ਪਹੁੰਚਦਾ ਹੈ। ਬੱਚੇਦਾਨੀ ਦੀਆਂ ਟਿਊਬਾਂ ਸਭ ਤੋਂ ਪਹਿਲਾਂ ਬੀਮਾਰੀ ਦੀ ਮਾਰ ਹੇਠ ਆਉਂਦੀਆਂ ਹਨ। ਇਸ ਤਰ੍ਹਾਂ ਦੀ ਤਪਦਿਕ ਵਿਚ ਟਿਊਬਾਂ ਦਾ ਪ੍ਰਭਾਵਿਤ ਹੋਣਾ ਲਗਭਗ 100 ਫੀ ਸਦੀ ਯਕੀਨੀ ਹੁੰਦਾ ਹੈ। ਸਿਵਾਏ ਉਹਨਾਂ ਕੇਸਾਂ ਦੇ ਜਿਥੇ-ਜਿਥੇ ਇਨਫ਼ੈਕਸ਼ਨ ਰੋਗੀ ਪਤੀ ਵਲੋਂ ਸਹਿਵਾਸ ਦੌਰਾਨ ਫੈਲਾਈ ਜਾਂਦੀ ਹੋਵੇ ਤੇ ਇਸ ਨਾਲ ਬੱਚੇਦਾਨੀ ਦੇ ਮੂੰਹ ਦੀ ਤਪਦਿਕ ਹੁੰਦੀ ਹੋਵੇ। ਟਿਊਬਾਂ ਤੋਂ ਇਨਫ਼ੈਕਸ਼ਨ ਸ਼ੁਰੂ ਹੋ ਕੇ ਬੱਚੇਦਾਨੀ ਤੇ ਫੇਰ ਅੰਡੇਦਾਨੀ ਤਕ ਪੁੱਜਦੀ ਹੈ। ਜਨਣ ਅੰਗਾਂ ਦੀ ਤਪਦਿਕ ਦੀਆਂ ਅਲਾਮਤਾਂ 20-30 ਫੀ ਸਦੀ ਕੇਸਾਂ 'ਚ ਤਾਂ ਇਨਫ਼ੈਕਸ਼ਨ ਹੋਣ ਤੋਂ ਇਕ ਸਾਲ ਦੇ ਅੰਦਰ-ਅੰਦਰ ਸ਼ੁਰੂ ਹੋ ਜਾਂਦੀਆਂ ਹਨ। ਪਰ 50-60 ਫੀ ਸਦੀ ਕੇਸਾਂ 'ਚ ਪੰਜ ਸਾਲ ਤਕ ਦਾ ਸਮਾਂ ਲੱਗ ਜਾਂਦਾ ਹੈ। ਇਸ ਬੀਮਾਰੀ ਦਾ ਪ੍ਰਭਾਵਾਂ 'ਚ ਟਿਊਬਾਂ ਅੰਦਰ ਸੋਜ਼ ਤੋਂ ਪਿਛੋਂ ਭੀੜਾਪਣ ਆ ਜਾਂਦਾ ਹੈ, ਟਿਊਬਾਂ ਅੰਦਰ ਪਾਕ ਭਰ ਜਾਂਦੀ ਹੈ ਤੇ ਉਸ ਦੀ ਝਿੱਲੀ 'ਤੇ ਉਭਰਵੇਂ ਧੱਬੇ ਪੈ ਜਾਂਦੇ ਹਨ। ਬੱਚੇਦਾਨੀ ਦੀ ਅੰਦਰਲੀ ਤਹਿ ਵੀ ਅਸਰ ਅੰਦਾਜ਼ ਹੁੰਦੀ ਹੈ। ਕਈ ਵਾਰੀ ਤਾਂ ਬਾਹਰਲੀ ਨਜ਼ਰ ਦੇਖਦਿਆਂ ਹੀ ਉਸ ਤੋਂ ਕੈਂਸਰ ਦਾ ਪ੍ਰਭਾਵ ਪੈ ਜਾਂਦਾ ਹੈ। ਜੇ ਪੀਸ ਲੈ ਕੇ ਟੈਸਟ ਨਾ ਕੀਤਾ ਜਾਵੇ ਤਾਂ ਕਈ ਵਾਰ ਗਲਤੀ ਨਾਲ ਕੈਂਸਰ ਸਮਝ ਕੇ ਕਈ ਡਾਕਟਰ ਸੇਕੇ ਦੇਈ ਜਾਂਦੇ ਹਨ।

ਬਹੁਤੇ ਮਰੀਜ਼ ਬਾਂਝਪਣ ਦੀ ਸ਼ਕਾਇਤ ਕਰਦੇ ਹਨ। ਕਈਆਂ ਨੂੰ ਮਹਾਂਵਾਰੀ 'ਚ ਵਿਗਾੜ ਆ ਜਾਂਦੈ। ਪੇਟ ਦਰਦ ਤੇ ਸਫੈਦ ਪਾਣੀ ਪੈਣ ਭਾਵ ਲਕੋਰੀਆ ਹੋਣ ਦੀ ਮਰਜ਼ ਵੀ ਬਹੁਤਿਆਂ ਅੰਦਰ ਵੇਖੀ ਜਾਂਦੀ ਹੈ। ਟੋਹ ਕੇ ਦੇਖੀਏ ਤਾਂ ਗੁੰਨ੍ਹੇ ਹੋਏ ਆਟੇ ਵਾਂਗ ਪੇਟ ਮਹਿਸੂਸ ਹੁੰਦਾ ਹੈ। ਪੇਟ ਅੰਦਰ ਪਾਣੀ ਭਰ ਸਕਦਾ ਹੈ, ਪੇਟ ਅੰਦਰ ਟੀ.ਬੀ ਦੀ ਰਸੌਲੀ ਬਣ ਸਕਦੀ ਹੈ, ਜੋ ਦਰਦ ਘੱਟ ਕਰਦੀ ਹੈ ਪਰ ਵਿਗਾੜ ਵੱਧ ਪੈਦਾ ਕਰਦੀ ਹੈ। ਸਰਵਿਕਸ ਤੇ ਯੌਨੀ ਅੰਦਰ ਤਪਦਿਕ ਦੇ ਜ਼ਖਮ ਦੇਖੇ ਜਾ ਸਕਦੇ ਹਨ। ਛਾਤੀ ਦਾ ਐਕਸਰੇ ਕੀਤਾ ਜਾ ਸਕਦਾ ਹੈ। ਬੱਚੇਦਾਨੀ ਅੰਦਰੋਂ ਖੁਰਚ-ਖੁਰਚ ਕੇ ਮਾਸ

ਕੱਢ ਲਿਆ ਜਾਂਦੈ ਤੇ ਉਸ ਨੂੰ ਖੁਰਦ ਬੀਨ ਰਾਹੀਂ ਨੇੜਿਉਂ ਗਹੁ ਨਾਲ ਵਾਚਿਆ ਜਾਂਦਾ ਹੈ। ਜੇ ਫਿਲੋਪੀਅਨ, ਟਿਊਬਾਂ ਬੰਦ ਹੋਣ ਤਾਂ ਟੀ.ਬੀ ਦਾ ਸ਼ੱਕ ਕਰਨਾ ਚਾਹੀਦਾ ਹੈ। ਹਿਸਟੈਰੋਸਲ ਪਿੰਜੋਗ੍ਰਾਮ ਤਿਆਰ ਕੀਤਾ ਜਾਂਦਾ ਹੈ। ਇਲਾਜ ਵਜੋਂ ਤਪਦਿਕ ਮਾਰੂ ਦਵਾਈ ਦਾ ਕੋਰਸ ਸ਼ੁਰੂ ਕੀਤਾ ਜਾਂਦਾ ਹੈ। ਦਵਾਈ ਘੱਟੋਂ-ਘੱਟ ਇਕ ਸਾਲ ਦਿਤੀ ਜਾਂਦੀ ਹੈ ਜੋ ਬਿਨਾਂ ਨਾਗਾ ਸਹੀ ਮਾਤਰਾ 'ਚ ਖਾਧੀ ਜਾਣੀ ਹੁੰਦੀ ਹੈ। 10-15 ਫੀ ਸਦੀ ਕੇਸਾਂ 'ਚ ਇਹ ਰੋਗ ਪੂਰੇ ਇਲਾਜ ਦੇ ਬਾਵਜੂਦ ਦੂਜੀ ਵਾਰੀ ਹੋ ਸਕਦੈ। ਹਰ ਮਹੀਨੇ ਟੈਸਟ ਕਰਕੇ ਬੀਮਾਰੀ ਦੀ ਪਹਿਚਾਣ ਪੱਕੀ ਕੀਤੀ ਜਾਂਦੀ ਹੈ। ਟਿਊਬਾਂ ਨਾ ਬੰਦ ਹੋਣ ਤਾਂ ਗਰਭ ਠਹਿਰਨ ਦੀ ਸੰਭਾਵਨਾ ਬਣ ਜਾਂਦੀ ਹੈ। ਜੇ ਇਲਾਜ ਸਹੀ ਹੋਵੇ ਤਾਂ ਅਪ੍ਰੇਸ਼ਨ ਵੀ ਕਰਨਾ ਪੈ ਸਕਦਾ ਹੈ। ਅਪ੍ਰੇਸ਼ਨ ਤੋਂ ਪਹਿਲਾਂ ਦਵਾਈਆਂ ਦਾ ਕੋਰਸ ਸ਼ੁਰੂ ਕਰ ਦੇਣਾ ਚਾਹੀਦਾ ਹੈ। ਕਾਮਯਾਬੀ ਰੋਗ ਦੀ ਸਟੇਜ ਤੇ ਨਿਰਭਰ ਕਰਦੀ ਹੈ।

# ਕਿਉਂ ਲਾਭਦਾਇਕ ਹੈ ਮਾਂ ਦਾ ਦੁੱਧ

ਮਾਂ ਬਨਣ ਦਾ ਸੁੱਖ ਔਰਤ ਨੂੰ ਹਾਸਲ ਸਭ ਤੋਂ ਖੂਬਸੂਰਤ ਉਪਹਾਰ ਹੈ। ਨਵਜਾਤ ਸਿਸ਼ੂ ਦੀ ਜਦ ਪਹਿਲੀ ਕਿਲਕਾਰੀ ਮਾਂ ਦੇ ਕੰਨਾ 'ਚ ਸੁਣਾਈ ਦਿੰਦੀ ਹੈ। ਉਦੋਂ ਬਣਦਾ ਹੈ ਦੁਨੀਆਂ ਦਾ ਸਭ ਤੋਂ ਮਿਠਾ ਰਿਸ਼ਤਾ ਮਾਂ ਅਤੇ ਬੱਚੇ ਦਾ। ਇਸ ਤਰਾਂ ਜਦ ਨਵਜਾਤ ਆਪਣੇ ਮੁਲਾਇਮ ਬੁਲਾਂ ਨਾਲ ਦੁੱਧ ਚੁੰਘਦਾ ਹੈ ਤਾਂ ਬੱਚਾ ਤ੍ਰਿਪਤ ਤੇ ਨਿਹਾਲ ਹੋ ਜਾਂਦਾ ਹੈ। ਮਾਂ ਉਸ ਤੋਂ ਵੀ ਵੱਧ ਖੁਦ ਨੂੰ ਧੰਨ ਮਹਿਸੂਸ ਕਰਦੀ ਹੈ। ਇਹ ਪਲ ਯਾਦਗਾਰੀ ਹੁੰਦੇ ਹਨ ਜਦ ਦੁੱਧ ਚੁੰਘਣ ਪਿਛੋਂ ਗੁਹੜੀ ਨੀਂਦ ਸੌ ਜਾਂਦਾ ਹੈ। ਸੱਚੀ ਮੁੱਚੀ ਮਾਂ ਦਾ ਬੱਚੇ ਨੂੰ ਦੁੱਧ ਚੁੰਘਾਉਣਾ ਅਮ੍ਰਿਤਪਾਨ ਹੈ। ਜੋ ਬੱਚੇ ਨੂੰ ਕੁਦਰਤ ਵਜੋ ਤੋਹਫਾ ਮਿਲਿਆ ਹੈ।

ਮਾਂ ਦਾ ਦੁੱਧ ਹੀ ਕਿਉਂ? – ਵੈਸੇ ਸਾਰੇ ਜਾਣਦੇ ਹਨ ਕਿ ਬੱਚੇ ਲਈ ਮਾਂ ਦਾ ਦੁੱਧ ਸਭ ਤੋਂ ਉਤਮ ਖੁਰਾਕ ਹੈ। ਪਾ ਅਜੇਹਾ ਕਿਉਂ ਹੈ ਇਸ ਨੂੰ ਵੀ ਸਮਝਣਾ ਲਾਜਮੀ ਹੈ– ਜਨਮ ਤੋਂ ਛੇ ਮਹੀਨੇ ਬਾਅਦ ਤਕ ਮਾਂ ਦਾ ਦੁੱਧ ਬੱਚੇ ਲਈ ਸਭ ਤੋਂ ਉਤਮ ਖੁਰਾਕ ਹੈ। ਇਸ 'ਚ ਉਹ ਸਾਰੇ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਦੇ ਵਿਕਾਸ ਲਈ ਜਰੂਰੀ ਹਨ। ਇਸ ਤੋਂ ਇਲਾਵਾ ਇਹ ਪਚਣ 'ਚ ਵੀ ਆਸਾਨ ਹੁੰਦਾ ਹੈ। ਮਾਂ ਦਾ ਦੁੱਧ ਹਮੇਸ਼ਾ ਤਾਜਾ ਹੁੰਦਾ ਹੈ। ਅਤੇ ਹਰ ਸਮੇਂ ਮੁੱਹਈਆ ਰਹਿੰਦਾ ਹੈ। ਇਸ ਨੂੰ ਗਰਮ ਕਰਨ ਦਾ ਵੀ ਝੰਜਟ ਨਹੀਂ ਰਹਿੰਦਾ। ਜਨਮ ਪਿਛੋਂ ਬੱਚੇ ਨੂੰ ਦਸਤ, ਜੁਕਾਮ, ਖਾਂਸੀ ਤੇ ਮੈਨੇ ਜਾਈਟਸ ਵਰਗੀਆਂ ਬੀਮਾਰੀਆਂ ਦੀ ਇਨਫੈਕਸ਼ਨ ਦਾ ਖਤਰਾ ਰਹਿੰਦਾ ਹੈ।

ਮਾਂ ਦਾ ਦੁੱਧ ਬੱਚੇ ਨੂੰ ਇਹਨਾਂ ਬੀਮਾਰੀਆਂ ਦੀ ਇਨਫੈਕਸ਼ਨ ਤੋਂ ਬਚਾਉਂਦਾ ਹੈ। ਗਾਂ, ਬਕਰੀ, ਮੱਝ ਜਾਂ ਪਾਊਡਰ ਦਾ ਦੁੱਧ ਜਿਥੇ ਬੱਚੇ ਨੂੰ ਲੋੜੀਂਦਾ ਪੌਸ਼ਣ ਨਹੀਂ ਦੇ ਸਕਦਾ ਉਥੇ ਇਸ ਨਾਲ ਇਨਫੈਕਸ਼ਨ ਦਾ ਖਤਰਾ ਵੀ ਵੱਧ ਜਾਂਦਾ ਹੈ। ਮਾਂ ਦਾ ਦੁੱਧ ਬੱਚੇ ਲਈ ਵੈਕਸੀਨ ਦਾ ਕੰਮ ਕਰਦਾ ਹੈ। ਇਸ ਨਾਲ ਵੱਡੇ ਹੋਣ 'ਤੇ ਉਹਨਾਂ 'ਚ ਸ਼ਕਰ ਰੋਗ, ਦਿਲ ਦੇ ਰੋਗ ਤੇ ਕੈਂਸਰ ਵਰਗੀਆਂ ਬੀਮਾਰੀਆਂ ਹੋਣ ਦਾ ਖਤਰਾ ਘੱਟ ਹੋ ਜਾਂਦਾ ਹੈ। ਮਾਂ ਦਾ ਪਹਿਲਾਂ ਦੁੱਧ (ਕੌਲਸਟ੍ਰਸ) ਵਿਟਾਮਨ 'ਏ' ਦਾ ਭੰਡਾਰ ਹੋਣ ਨਾਲ ਅੱਖਾਂ ਦੀਆਂ ਬੀਮਾਰੀਆਂ ਤੋਂ ਬਚਾਅ ਕਰਦਾ ਹੈ। ਇਸ ਵਿਚ ਵਿਟਾਮਿਨ 'ਸੀ' ਹੁੰਦਾ ਹੈ। ਜੋ ਰੋਗਾਂ ਤੋਂ ਬਚਾਉਂਦਾ ਹੈ। ਮਾਂ ਦੇ ਦੁੱਧ ਨਾਲ ਬੱਚੇ ਤੇ ਅਲਰਜੀ ਅਸਥੰਮਾ ਤੇ ਇਕ ਜੀਮਾ ਵਰਗੀਆਂ ਬੀਮਾਰੀਆਂ ਦਾ ਘੱਟ ਅਸਰ ਪੈਂਦਾ ਹੈ। ਦੁੱਧ ਚੁੰਘਾਉਣ ਨਾਲ ਮਾਂ ਤੇ ਬੱਚੇ ਵਿਚਕਾਰ ਭਾਵਨਾਤਮਕ ਰਿਸ਼ਤੇ ਨੂੰ ਮਜ਼ਬੂਤੀ ਮਿਲਦੀ ਹੈ। ਇਹ ਵੀ ਵੇਖਿਆ ਗਿਆ ਹੈ ਕਿ ਜੋ ਬੱਚੇ ਬਚਪਨ 'ਚ ਆਪਣੀ ਮਾਂ ਦਾ ਦੁੱਧ ਪੀਂਦੇ ਹਨ, ਉਹ ਵੱਡੇ ਹੋਣ 'ਤੇ ਵੱਧ ਮਜ਼ਬੂਤ, ਸਮਾਰਟ ਤੇ ਆਤਮ ਵਿਸਵਾਸ਼ੀ ਹੁੰਦੇ ਹਨ।

**ਮਾਂ ਲਈ ਵੀ ਦੁੱਧ ਚੁੰਘਾਉਣਾ ਫਾਇਦੇਮੰਦ ਹੁੰਦਾ ਹੈ** :- ਦੁੱਧ ਚੁੰਘਾਉਣਾ ਬੱਚੇ ਲਈ ਵੀ ਉਪਯੋਗੀ ਹੈ। ਇਹ ਸੱਚ ਹੈ ਪਰ ਦੁੱਧ ਚੁੰਘਾਉਣ ਨਾਲ ਮਾਂ ਨੂੰ ਵੀ ਪਰਮ ਅਨੰਦ ਹਾਸਲ ਹੁੰਦਾ ਹੈ। ਇਸ ਦੇ ਨਾਲ–ਨਾਲ ਮਾਂ ਅਨੇਕਾਂ ਸਿਹਤ ਸਬੰਧੀ

ਸਮੱਸਿਆਵਾਂ ਤੋਂ ਬਚੀ ਰਹਿੰਦੀ ਹੈ। ਜਿਵੇਂ ਕਿ- ਦੁੱਧ ਚੁੰਘਾਉਣ ਨਾਲ ਛਾਤੀਆਂ ਅਤੇ ਅੰਡੇਦਾਨੀ ਦੇ ਕੈਂਸਰ ਦਾ ਖਤਰਾ ਘੱਟ ਹੋ ਜਾਂਦਾ ਹੈ। ਜਦ ਤੱਕ ਮਾਂ ਦੁੱਧ ਚੁੰਘਾਉਂਦੀ ਹੈ ਉਸ ਨੂੰ ਮਹਾਂਵਾਰੀ ਨਹੀਂ ਆਵੁੰਦੀ। ਇਹ ਇਕ ਤਰਾਂ ਨਾਲ ਗਰਭ ਨਿਰੋਧਕ ਦਾ ਕੰਮ ਕਰਦਾ ਹੈ। ਦੁੱਧ ਚੁੰਘਾਉਣ ਨਾਲ ਬੱਚੇਦਾਨੀ ਦੇ ਸੁੰਗੜਨ 'ਚ ਮਦਦ ਮਿਲਦੀ ਹੈ। ਜੋ ਜਣੇਪੇ ਪਿਛੋਂ ਹੋਣ ਵਾਲੇ ਵੱਧ ਖ਼ੂਨ ਵਹਾਅ ਨੂੰ ਰੋਕਦਾ ਹੈ। ਇਸ ਨਾਲ ਡਲਿਵਰੀ ਪਿਛੋਂ ਹੋਣ ਵਾਲੇ ਮੋਟਾਪੇ ਤੋਂ ਸੁੱਰਖਿਆ ਮਿਲਦੀ ਹੈ। ਜੇ ਮਾਂ ਨੂੰ ਛਾਤੀਆਂ 'ਚੋਂ ਦੁੱਧ ਘੱਟ ਆਉਂਦਾ ਹੈ ਤਾਂ ਬੱਚੇ ਘੱਟ ਸਮੇਂ ਦੇ ਫਰਕ ਨਾਲ ਦੁੱਧ ਚੁੰਘਾਉਂਦੇ ਰਹਿਣਾ ਚਾਹੀਦਾ ਹੈ।

ਬੱਚਾ ਜਿੰਨਾ ਵੱਧ ਦੁੱਧ ਪੀਵੇਗਾ ਜਾਂ ਛਾਤੀਆਂ ਨੂੰ ਚੂਸੇਗਾ, ਦੁੱਧ ਦੀ ਮਾਤਰਾ ਉਨੀ ਹੀ ਵਧੇਗੀ। ਸ਼ੁਰੂ ਦੇ ਕੁਝ ਹਫ਼ਤਿਆਂ ਵਿਚ ਬੱਚੇ ਨੂੰ ਰਾਤ ਨੂੰ ਦੁੱਧ ਚੁੰਘਾਓ। ਬੱਚਾ ਦੁੱਧ ਸਹੀ ਤਰੀਕੇ ਨਾਲ ਪੀਵੇ ਇਸ ਲਈ ਬੈਠ ਕੇ ਆਪਣੇ ਹੱਥ ਨਾਲ ਛਾਤੀਆਂ ਨੂੰ ਫੜ ਕੇ ਬੱਚੇ ਨੂੰ ਗੋਦ 'ਚ ਬਿਠਾ ਕੇ ਦੁੱਧ ਪਿਲਾਓ। ਬੋਤਲ ਵਾਲਾ ਦੁੱਧ ਜਾਂ ਗੁਲੂਕੋਜ਼ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਨਾ ਹੀ ਵੱਖਰਾ ਪਾਣੀ ਪਿਲਾਓ।

**ਦੁੱਧ ਚੁੰਘਾਉਣ ਦੇ ਕੁਝ ਜ਼ਰੂਰੀ ਟਿਪਸ-** ਬੱਚੇ ਦੇ ਜਨਮ ਪਿਛੋਂ ਪਹਿਲਾਂ ਦੁੱਧ (ਕੋਲਸਟ੍ਰਸ) ਜਾਂ ਖੀਸ (ਬੌਹਲੀ) ਗਾੜਾ ਤੇ ਪੀਲੇ ਰੰਗ ਦਾ ਹੁੰਦਾ ਹੈ। ਇਹ ਬੱਚੇ ਲਈ ਬੇਹੱਦ ਜ਼ਰੂਰੀ ਹੈ। ਇਹ ਪਿਛੋਂ ਬਣਨ ਵਾਲੇ ਦੁੱਧ ਤੋਂ ਕਈ ਗੁਣਾ ਵੱਧ ਪੋਸ਼ਟਿਕ, ਵਿਟਾਮਨ 'ਏ' ਦਾ ਖਜਾਨਾ ਤੇ ਕਈ ਘਾਤਕ ਰੋਗਾਂ ਤੋਂ ਬਚਾਅ ਹਿੱਤ ਵੈਕਸੀਨ ਦਾ ਕੰਮ ਕਰਨ ਵਾਲਾ ਹੁੰਦਾ ਹੈ। ਹਰੇਕ ਮਾਂ ਨੂੰ ਇਸ ਨਵਜਾਤ ਨੂੰ ਜ਼ਰੂਰ ਪਿਲਾਉਣਾ ਚਾਹੀਦਾ ਹੈ। ਜਨਮ ਤੋਂ ਕੁਝ ਹਫਤੇ ਪਿਛੋਂ ਤਕ ਬੱਚੇ ਨੂੰ ਕਿਸੇ ਵੀ ਸਮੇਂ ਦੁੱਧ ਪਿਲਾਇਆ ਜਾ ਸਕਦਾ ਹੈ। ਇਸ ਦਾ ਕੋਈ ਨਿਸ਼ਚਿਤ ਟਾਈਮ ਟੇਬਲ ਨਹੀਂ ਹੁੰਦਾ। ਜੇ ਬੱਚੇ ਦਾ ਵਜਨ ਠੀਕ ਤਰਾਂ ਨਾਲ ਵੱਧ ਰਿਹਾ ਹੈ। ਅਤੇ ਦੁੱਧ ਪੀਣ ਪਿਛੋਂ ਉਸ ਨੂੰ ਅੱਛੀ ਤਰਾਂ ਨੀਂਦ ਆਉਂਦੀ ਹੈ। ਤਾਂ ਇਸ ਦਾ ਅਰਥ ਹੈ ਕਿ ਉਸ ਨੂੰ ਲੋੜੀਦਾ ਮਾਤਰਾ 'ਚ ਖੁਰਾਕ ਮਿਲ ਰਹੀ ਹੈ। ਇਕ ਆਮ ਸਿਹਤਮੰਦ ਬੱਚੇ ਨੂੰ ਲੋੜੀਂਦਾ ਦੁੱਧ ਪੀਣ 'ਚ ਲੱਗਭਗ 10 ਮਿੰਟ ਲਗ ਜਾਂਦੇ ਹਨ।

ਛਾਤੀਆਂ ਤੋਂ ਸ਼ੁਰੂ 'ਚ ਨਿਕਲਣ ਵਾਲਾ ਦੁੱਧ ਪਤਲਾ ਹੁੰਦਾ ਹੈ। ਜਦ ਕਿ ਬਾਅਦ ਵਾਲਾ ਦੁੱਧ ਗਾੜਾ ਹੁੰਦਾ ਹੈ। ਇਸ ਲਈ ਪਹਿਲਾਂ ਇਕ ਛਾਤੀ ਦਾ ਪੂਰਾ ਦੁੱਧ ਪਿਲਾਇਆ ਜਾਣਾ ਚਾਹੀਦਾ ਹੈ। ਬੱਚਾ ਹਮੇਸ਼ਾਂ ਭੁੱਖ ਲੱਗਣ 'ਤੇ ਹੀ ਨਹੀਂ ਰੋਂਦਾ। ਜੇ ਕੁਝ ਦੇਰ ਪਹਿਲਾਂ ਲੋੜੀਂਦੀ ਮਾਤਰਾ 'ਚ ਦੁੱਧ ਚੁੰਘਣ ਦੇ ਬਾਵਜੂਦ ਵੀ ਬੱਚਾ ਰੋ ਰਿਹਾ ਹੈ ਤਾਂ ਉਸ ਨੂੰ ਕੋਈ ਹੋਰ ਪ੍ਰੇਸ਼ਾਨੀ ਹੋ ਸਕਦੀ ਹੈ। ਮਾ ਦੇ ਦੁੱਧ 'ਚ ਪਾਣੀ ਦੀ ਲੋੜੀਂਦੀ ਮਾਤਰਾ ਹੁੰਦੀ ਹੈ। ਇਸ ਲਈ ਉਪਰੋ ਪਾਣੀ ਦੇਣ ਦੀ ਲੋੜ ਨਹੀਂ ਹੁੰਦੀ। ਪਾਣੀ ਦੇਣ ਨਾਲ ਦੁੱਧ ਚੁੰਘਣ ਦੀ ਮਾਤਰਾ ਘੱਟ ਹੋ ਜਾਂਦੀ ਹੈ। ਇਸ ਨਾਲ ਇਨਫੈਕਸ਼ਨ ਵੀ ਹੋ ਸਕਦੀ ਹੈ। ਬੱਚੇ ਦੇ ਬੀਮਾਰ ਹੋਣ 'ਤੇ ਵੀ ਛਾਤੀਆਂ ਦਾ ਦੁੱਧ ਚੁੰਘਾਉਂਦੇ ਰਹੋ। ਕਿਉਂਕਿ ਮਾਂ ਦਾ ਦੁੱਧ ਇਨਫੈਕਸ਼ਨ ਤੋਂ ਬੱਚੇ ਦੀ ਰਾਖੀ ਕਰਦਾ ਹੈ ਤੇ ਬੀਮਾਰੀਆਂ ਨਾਲ ਲੜਨ 'ਚ ਮਦਦ ਕਰਦਾ ਹੈ। ਬੱਚੇ ਨੂੰ ਜਨਮ ਤੋਂ ਘੱਟੋ-ਘੱਟ ਚਾਰ ਮਹੀਨੇ ਬਾਅਦ ਦੁੱਧ ਪਿਲਾਇਆ ਜਾਣਾ ਚਾਹੀਦਾ ਹੈ। ਇਸ ਪਿਛੋਂ ਬੱਚੇ ਨੂੰ ਹੋਰ ਆਹਾਰ ਦਿੱਤਾ ਜਾ ਸਕਦਾ ਹੈ ਪਰ ਦੁੱਧ ਚੁੰਘਾਉਣਾ ਜਾਰੀ ਰੱਖਣਾ ਚਾਹੀਦਾ ਹੈ।

ਅੱਜਕਲ ਫੈਸ਼ਨ ਪ੍ਰਸਤ ਔਰਤਾਂ 'ਚ ਦੁੱਧ ਚੁੰਘਾਉਣ ਸਬੰਧੀ ਕੁਝ ਗਲਤ ਫਹਿਮੀਆਂ ਫੈਲ ਰਹੀਆਂ ਹਨ ਜਿਵੇਂ ਦੁੱਧ ਚੁੰਘਾਉਣ ਨਾਲ ਫਿਗਰ ਖਰਾਬ ਹੁੰਦੀ ਹੈ। ਛਾਤੀਆਂ ਦਾ ਲਟਕਣਾ, ਜਾਂ ਛਾਤੀਆਂ ਢਿਲੀਆਂ ਪੈਣੀਆਂ, ਇਹ ਬੱਚੇ ਦੇ ਦੁੱਧ ਚੁੰਘਣ ਕਾਰਨ ਨਹੀਂ ਹੁੰਦਾ ਬਲਕਿ ਇਸ ਦੇ ਉਲਟ ਬੱਚੇ ਨੂੰ ਦੁੱਧ ਚੁੰਘਾਉਣ ਨਾਲ ਬੱਚੇਦਾਨੀ ਨੂੰ ਸੁਗੜਨ 'ਚ ਮਦਦ ਮਿਲਦੀ ਹੈ। ਜਿਸ ਨਾਲ ਡਿਲਵਰੀ ਪਿਛੋਂ ਪੇਟ ਜਲਦੀ ਹੀ ਆਪਣੀ ਆਮ ਹਾਲਤ 'ਚ ਆ ਜਾਂਦਾ ਹੈ। ਇਸ ਦੇ ਬਾਵਜੂਦ ਅਨੇਕਾਂ ਔਰਤਾਂ ਬੱਚਿਆਂ ਨੂੰ ਦੁੱਧ ਚੁੰਘਾਉਣ ਤੋਂ ਟਲਦੀਆਂ ਹਨ। ਇਹ ਬੱਚੇ ਨੂੰ ਉਪਰਲੇ ਦੁੱਧ 'ਤੇ ਰੱਖਦੀਆਂ ਹਨ।

ਅਜੇਹਾ ਕਰਨ ਨਾਲ ਬੱਚੇ ਤੇ ਮਾਂ ਦੋਹਾਂ ਨੂੰ ਹਾਨੀ ਪਹੁੰਚਣ ਦੀ ਪੂਰੀ ਸੰਭਾਵਨਾ ਹੁੰਦੀ ਹੈ। ਮਾਂ ਦੇ ਦੁੱਧ ਦੀ ਥਾਂ ਓਪਰੇ ਦੁੱਧ ਦੇ ਪੀਣ ਨਾਲ ਅਨੇਕਾਂ ਕਿਸਮ ਦੀਆਂ ਬੀਮਾਰੀਆਂ ਨਾਲ ਬੱਚਾ ਘਿਰ ਸਕਦਾ ਹੈ। ਕੀ ਛੋਟੀਆਂ ਛਾਤੀਆਂ ਲੋੜੀਦਾ ਦੁੱਧ ਪੈਦਾ ਨਹੀਂ ਕਰ ਸਕਦੀਆਂ? ਇਹ ਵੀ ਭਰਮ ਹੈ, ਗਲਤ ਧਾਰਨਾ ਹੈ ਕਿ ਛੋਟੀਆਂ ਛਾਤੀਆਂ 'ਚ ਦੁੱਧ ਘੱਟ ਉਤਰਦਾ ਹੈ। ਅਸਲੀਅਤ ਇਹ ਹੈ ਕਿ ਛਾਤੀਆਂ ਦੇ ਆਕਾਰ ਦਾ ਦੁੱਧ ਦੀ ਮਾਤਰਾ ਤੇ ਕੋਈ ਅਸਰ ਨਹੀਂ ਪੈਦਾ। ਵੱਡੀਆਂ ਛਾਤੀਆਂ 'ਚ ਚਰਬੀ ਦੀ ਮਾਤਰਾ ਵੱਧ ਹੁੰਦੀ ਹੈ। ਜਿਸ ਦਾ ਦੁੱਧ ਪੈਦਾਵਾਰ ਨਾਲ ਕੋਈ ਸਬੰਧ ਨਹੀਂ ਹੁੰਦਾ। ਕੀ ਛਾਤੀਆਂ 'ਚ ਲੋਂੜੀਦਾ ਦੁੱਧ ਨਾ ਹੋਣ ਕਾਰਨ ਬੱਚੇ ਭੁੱਖੇ ਰਹਿ ਜਾਂਦੇ ਹਨ। ਦੁੱਧ ਚੁੰਘਾਉਣ ਦੇ ਅਰਸੇ ਦੌਰਾਨ ਮਾਂ ਦੀਆਂ ਛਾਤੀਆਂ 'ਚ ਉਨਾ ਹੀ ਦੁੱਧ ਉਤਰਦਾ ਹੈ ਜਿਨੀ ਬੱਚੇ ਨੂੰ ਲੋੜ ਹੁੰਦੀ ਹੈ। ਜੇ ਬੱਚਾ ਦੁੱਧ ਵੱਧ ਪੀਵੇਗਾ ਤਾਂ ਦੁੱਧ ਦੀ ਮਾਤਰਾ ਆਪਣੇ ਆਪ ਹੀ ਵੱਧ ਜਾਵੇਗੀ। ਇਸ ਲਈ ਇਹਨਾਂ ਵਹਿਮੀ ਵਿਚਾਰਾਂ ਤੋਂ ਬਚਣਾ ਚਾਹੀਦਾ ਹੈ ਕਿ ਛਾਤੀਆਂ 'ਚ ਦੁੱਧ ਘੱਟ ਉਤਰਨ ਨਾਲ ਬੱਚਾ ਭੁੱਖਾ ਰਹਿ ਜਾਂਦਾ ਹੈ। ਆਪਣੀ ਇਸ ਸੋਚ ਕਾਰਨ ਜੇ ਦੁੱਧ ਚੁੰਘਾਉਣ ਤੋਂ ਇਲਾਵਾ ਓਪਰ ਦੁੱਧ ਦਿੱਤਾ ਜਾਂਦਾ ਹੈ ਤਾਂ ਇਹ ਬੱਚੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਕੀ ਦੁੱਧ ਚੁੰਘਾਉਣ ਨਾਲ ਸੁਹੱਪਣ ਨਸ਼ਟ ਹੋ ਜਾਂਦਾ ਹੈ। ਸ਼ਰੀਰਕ ਖੂਬਸੂਰਤੀ ਦਾ ਦੁੱਧ ਚੁੰਘਾਉਣ ਨਾਲ ਕੋਈ ਸਬੰਧ ਨਹੀਂ ਹੈ। ਵੱਧ ਕੈਲਰੀ ਯੁਕਤ ਆਹਾਰ ਚਰਬੀ ਵੱਧ ਜਾਣ ਤੋਂ ਇਲਾਵਾ ਕੁਪੋਸ਼ਣ ਕਾਰਨ ਅੱਖਾਂ ਅੰਦਰ ਵੜ ਜਾਣ ਨਾਲ ਜਾਂ ਸੱਲ੍ਹਾ ਚਿਪਕ ਜਾਣ ਨਾਲ ਭਾਵ ਹੈ ਸ਼ਰੀਰ ਦਾ ਸੁੱਹਪਣ ਘੱਟ ਜਾਂਦਾ ਹੈ। ਮਾਨਸਿਕ ਚਿੰਤਾ ਜਾਂ ਉਦਾਸੀ ਵੀ ਇਸ ਦੇ ਕਾਰਨ ਹੋ ਸਕਦੇ ਹਨ।

ਦੁੱਧ ਚੁੰਘਾਉਣ ਨਾਲ ਤਾਂ ਮਨ ਨੂੰ ਇਕ ਅਜੀਬ ਆਨੰਦ ਤੇ ਸੰਤੋਸ਼ ਹਾਸਲ ਹੁੰਦਾ ਹੈ। ਜੋ ਚੇਹਰੇ 'ਤੇ ਚਮਕ ਤੇ ਤਨ-ਮਨ ਨੂੰ ਤਰੋ ਤਾਜ਼ਾ ਰੱਖਦਾ ਹੈ।

**ਯਾਦ ਰੱਖੋ**: ਗਰਭਵਤੀ ਔਰਤ ਨੂੰ ਪਹਿਲਾਂ ਤੋਂ ਦੁੱਧ ਚੁੰਘਾਉਣ ਬਾਰੇ ਜ਼ਰੂਰੀ ਜਾਣਕਾਰੀ ਦੇਣੀ ਚਾਹੀਦੀ ਹੈ। ਜਨਮ ਤੋਂ ਅੱਧੇ ਘੰਟੇ ਬਾਅਦ ਹੀ ਬੱਚੇ ਨੂੰ ਛਾਤੀਆਂ ਨਾਲ ਲਾ ਲਉ। ਦੁੱਧ ਪਿਲਾਉਂਦੇ ਸਮੇਂ ਬੱਚੇ ਦਾ ਆਰਾਮਦਾਇਕ ਹਾਲਤ 'ਚ ਹੋਣਾ ਲਾਜ਼ਮੀ ਹੈ। ਜਨਮ ਦੇ ਕੁਝ ਹਫ਼ਤਿਆਂ ਪਿਛੋਂ ਤਕ ਬੱਚੇ ਨੂੰ ਮਾਂ ਦੇ ਨਾਲ ਹੀ ਸੁਲਾਉਣਾ ਚਾਹੀਦਾ ਹੈ। ਇਸ ਨਾਲ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰੇਗਾ ਤੇ ਮਾਂ ਵੀ ਉਸ ਦੀਆ ਸਾਰੀਆਂ ਸਰਗਰਮੀਆਂ 'ਤੇ ਧਿਆਨ ਰੱਖ ਸਕਦੀ ਹੈ। ਦੁੱਧ ਚੁੰਘਾਉਣ ਵਾਲੀਆਂ ਨੂੰ ਪੋਸ਼ਟਿਕ ਆਹਾਰ ਲੈਣਾ ਚਾਹੀਦਾ ਹੈ। ਇਹ ਦੁੱਧ ਬਣਨ ਦੇ

ਅਸਲ ਤੇ ਬੱਚੇ ਦੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਮਾਂ ਦੀ ਬਿਮਾਰੀ 'ਚ ਵੀ ਜਦ ਤਕ ਡਾਕਟਰ ਨਾ ਕਹੇ ਬੱਚੇ ਨੂੰ ਦੁੱਧ ਪਿਲਾਉਣਾ ਬੰਦ ਨਹੀਂ ਕਰਨਾ ਚਾਹੀਦਾ। ਮਾਂ ਦੇ ਵਾਧੂ ਦੁੱਧ ਨੂੰ ਬਾਅਦ ਦੇ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇਸ ਨੂੰ ਸਟੀਲ ਦੇ ਕਿਸੇ ਅਜੇਹੇ ਛੋਟੇ ਭਾਂਡੇ ਵਿਚ ਪਾ ਕੇ ਰੱਖਿਆ ਜਾ ਸਕਦਾ ਹੈ। ਜਿਸ ਨੂੰ ਕੱਸ ਕੇ ਬੰਦ ਕੀਤਾ ਜਾ ਸਕੇ। ਭਾਂਡੇ ਨੂੰ 10 ਮਿੰਟ ਉਬਾਲ ਕੇ ਕੀਟਾਣੂ ਰਹਿਤ ਕਰਨਾ ਜ਼ਰੂਰੀ ਹੈ। ਇਹ ਫਰਿਜ਼ 'ਚ 24 ਘੰਐ ਅਤੇ ਆਮ ਤਾਪਮਾਨ 'ਤੇ 8 ਘੰਟੇ ਤਕ ਰੱਖਿਆ ਜਾ ਸਕਦਾ ਹੈ। ਜੇ ਬੱਚਾ ਆਮ ਜਣੇਪਾ ਰਾਹੀਂ ਜੰਮਿਆ ਹੋਵੇ ਤਾਂ ਅੱਧੇ ਘੰਟੇ ਬਾਅਦ ਤੇ ਸਿਜੇਰੀਅਨ ਅਪ੍ਰੇਸ਼ਨ ਰਾਹੀ ਜੰਮਿਆ ਹੋਵੇ ਤਾਂ ਡੇਢ ਘੰਟੇ ਪਿਛੋ ਸਿਸ਼ੂ ਨੂੰ ਛਾਤੀਆਂ ਨਾਲ ਲਾਉਣਾ ਚਾਹੀਦਾ ਹੈ। ਬੱਚੇ ਨੂੰ ਛਾਤੀ ਨਾਲ ਲਾਉਣ ਕਰਕੇ ਛਾਤੀਆਂ 'ਚ ਦੁੱਧ ਛੇਤੀ ਉਤਰਨ ਲੱਗ ਜਾਂਦਾ ਹੈ। ਖੁਦ ਸਿਸ਼ੂ ਹੀ ਦੁੱਧ ਚੁੰਘਣ ਦਾ ਅਭਿਆਸ ਕਰਨ ਲੱਗਦਾ ਹੈ।

# ਗਾਂਧੀਵਾਦੀ
# ਅਹਿੰਸਾ ਬਨਾਮ ਹਥਿਆਰਾਂ ਦਾ ਵਪਾਰ

ਇਸ ਸਾਲ ਦੇ ਬਜਟ ’ਚ ਭਾਰਤ ਨੇ ਆਪਣਾ ਰੱਖਿਆ ਬਜਟ 17 ਫੀਸਦੀ ਵਧਾਇਆ ਹੈ। ਇਸ ਨਾਲ ਭਾਰਤ ਦਾ ਰੱਖਿਆ ਬਜਟ ਲਗਭਗ ਦੋ ਲੱਖ ਕਰੋੜ ਰੁਪਏ ਤਕ ਪਹੁੰਚ ਗਿਆ ਹੈ। ਭਾਰਤ ਵਰਗੇ ਗਰੀਬ ਦੇਸ਼ ਲਈ ਇਹ ਬਹੁਤ ਵੱਡੀ ਰਾਸ਼ੀ ਬਣਦੀ ਹੈ। ਨਾਲ ਹੀ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਭਾਰਤ ਦੁਨੀਆਂ ’ਚ ਹਥਿਆਰਾਂ ਦਾ ਸਭ ਤੋਂ ਵੱਡਾ ਦਰਾਮਦਕਾਰ ਦੇਸ਼ ਹੈ। ਕੋਈ ਵੀ ਇਹਨਾਂ ਤੱਥਾਂ ਦੀ ਰੌਸ਼ਨੀ ’ਚ ਸੁਆਲ ਖੜਾ ਕਰ ਸਕਦਾ ਹੈ ਕਿ ਭਾਰਤ ਜਿਸ ਦੀ ਮੁਦਰਾ ’ਚ ਅਹਿੰਸਾ ਦੇ ਪੁਜਾਰੀ ਮਹਾਤਮਾ ਗਾਂਧੀ ਦੀ ਫੋਟੋ ਛਪੀ ਹੁੰਦੀ ਹੈ, ਨੂੰ ਕਿਉਂ ਇਤਨਾ ਵੱਧ ਧਨ ਹਥਿਆਰਾਂ ਦੀ ਖਰੀਦ ’ਤੇ ਅਤੇ ਰੱਖਿਆ ਬਜਟ ਲਈ ਖਰਚ ਕਰਨਾ ਪੈ ਰਿਹਾ ਹੈ? ਕਿਉਂਕਿ ਭਾਰਤ ਦੀ ਹਾਕਮ ਜਮਾਤ ਆਪਣੇ ਆਪ ਨੂੰ ਪੈਰਾਂ ਤੋਂ ਲੈ ਕੇ ਸਿਰ ਤਕ ਹਥਿਆਰਾਂ ਨਾਲ ਲੈਸ ਕਰ ਰਹੀ ਹੈ? ਏਨਾ ਖਤਰਾ ਹੈ ਕਿਸ ਤੋਂ? ਅਤੇ ਇਸ ਦੇ ਇਰਾਦੇ ਕੀ ਹਨ?

ਭਾਰਤ ਦੇ ਹਾਕਮ ਅਕਸਰ ਹੀ ਅਹਿੰਸਾ, ਸ਼ਾਂਤੀ, ਹਥਿਆਰ ਤੋਂ ਰਹਿਤ ਸੰਸਾਰ ਆਦਿ ਪਵਿੱਤਰ ਸ਼ਬਦਾਂ ਦਾ ਜਾਪ ਕਰਦੇ ਰਹਿੰਦੇ ਹਨ। ਭਾਰਤ ਦੀ ਹਾਕਮ ਜਮਾਤ ਵੱਲੋਂ ਮਹਾਤਮਾ ਗਾਂਧੀ ਦੇ ਵਿਚਾਰਾਂ ਤੇ ਆਦਰਸ਼ ਦੀ ਖ਼ੂਬ ਸਹੁੰ ਖਾਧੀ ਜਾਂਦੀ ਹੈ। ਪੁਲਸ ਥਾਣਿਆਂ ਤੋਂ ਲੈ ਕੇ ਰਾਸ਼ਟਰਪਤੀ ਭਵਨ ਤਕ ਉਹਨਾਂ ਦੀਆਂ ਤਸਵੀਰਾਂ ਹਾਰਾਂ ਸਮੇਤ ਲਟਕਾਈਆਂ ਹੋਈਆਂ ਹਨ। ਅਜਿਹੇ ’ਚ ਸਹਿਜੇ ਹੀ ਬੁੱਧੀ ਇਹ ਕਹੇਗੀ ਕਿ ਭਾਰਤ ਨੂੰ ਅਹਿੰਸਾ, ਸ਼ਾਂਤੀ ਵਰਗੇ ਆਦਰਸ਼ਾਂ ’ਤੇ ਚਲਣਾ ਚਾਹੀਦਾ ਹੈ ਅਤੇ ਉਸ ਦੇ ਅਧਾਰ ’ਤੇ ਆਪਣੀ ਨੀਤੀ ਬਣਾਉਣੀ ਚਾਹੀਦੀ ਹੈ। ਪਰ ਭਾਰਤ ਦੇ ਹਾਕਮ ਅਜਿਹਾ ਵਰਤਾਅ ਅਮਲ ’ਚ ਨਹੀਂ ਕਰਦੇ। ਉਹ ਪਾਕਿਸਤਾਨ ਤੇ ਚੀਨ ਆਦਿ ਨਾਲ ਜੰਗਾਂ ’ਚ ਉਲਝ ਚੁੱਕੇ ਹਨ। ਨੇਪਾਲ, ਬੰਗਲਾ ਦੇਸ਼, ਸ੍ਰੀ ਲੰਕਾ, ਮਾਲਦੀਪ ’ਚ ਇਸ ਦੀਆਂ ਭੂਮਿਕਾਵਾਂ ਜੱਗ ਜ਼ਾਹਿਰ ਹਨ ਅਤੇ ਜਿੱਥੋਂ ਤਕ ਦੇਸ਼ ਅੰਦਰ ਭਾਰਤ ਦੇ ਮਜ਼ਦੂਰਾਂ-ਕਿਸਾਨਾਂ, ਮੇਹਨਤਕਸ਼ਾਂ-ਨੌਜਵਾਨਾਂ ਨਾਲ ਵਰਤਾਅ ਦੀ ਗੱਲ ਹੈ, ਭਾਰਤ ਦੇ ਹਾਕਮਾਂ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ। ਬ੍ਰਿਟਿਸ਼ ਸਾਮਰਾਜੀਆਂ ਨੇ ਭਾਰਤ ’ਚ ਆਪਣੀ ਹਕੂਮਤ ਦੌਰਾਨ ਜਿੰਨੇ ਜ਼ਿਲ੍ਹਿਆਂਵਾਲਾ ਬਾਗ ਕਾਂਡ ਰਚੇ, ਉਨੇ ਹੀ ਬੇਰਹਿਮ ਤੇ ਜਾਲਮਾਨਾ ਢੰਗ ਨਾਲ ਭਾਰਤ ਦੇ ਹਾਕਮ ਨੇ ਭਾਰਤ ਦੀ ਜ਼ਮੀਨ ’ਤੇ ਕਈ ਜ਼ਿਲ੍ਹਿਆਂ ਵਾਲਾ ਕਾਂਡ ਰਚੇ ਹਨ। ਅਸਲ ’ਚ ਮਹਾਤਮਾ ਗਾਂਧੀ ਦੀ ਅਹਿੰਸਾ ਦੀ ਨੀਤੀ ਤੇ ਉਹਨਾਂ ਦੇ ਅਮਲ ’ਚ ਅਤੇ ਭਾਰਤ ਦੇ ਹਾਕਮਾਂ ਦੀ ਨੀਤੀ ਤੇ ਉਹਨਾਂ ਦੇ ਅਮਲ ’ਚ ਕੋਈ ਵੱਡਾ ਫ਼ਰਕ ਨਹੀਂ ਹੈ। ਬਲਕਿ ਖੁਦ ਗਾਂਧੀ ਦਾ ਅਮਲ ਤੇ ਨੀਤੀ ਜਿੰਨੀ ਆਪਾ ਵਿਰੋਧੀ ਸੀ, ਉਨੀ ਹੀ ਇਹਨਾਂ ਦੀ ਹੈ। ਤਲਖ ਸ਼ਬਦਾਂ ’ਚ ਕਹੀਏ ਤਾਂ ਮਹਾਤਮਾ ਗਾਂਧੀ ਦੀਆਂ ਅਹਿੰਸਾ ਸ਼ਾਂਤੀ ਦੀਆਂ ਗੱਲਾਂ ਤੇ ਅਮਲ ਪਾਖੰਡ ਨਾਲ ਭਰੀਆਂ ਹੋਈਆਂ ਸਨ ਅਤੇ ਭਾਰਤ ਦੇ ਹਾਕਮਾਂ ਨੇ ਇਸ ਰਾਹ ’ਤੇ ਵਧਦਿਆਂ ਉਸ ਨੂੰ ਸ਼ਾਨਦਾਰ

ਬੁਲੰਦੀਆਂ 'ਤੇ ਪਹੁੰਚਾਇਆ ਹੈ। ਮਹਾਤਮਾ ਗਾਂਧੀ ਲਈ ਅਹਿੰਸਾ ਫਿਲਾਸਫੀ ਦੀ ਵਿਸ਼ਾ ਵਸਤੂ ਨਾ ਹੋ ਕੇ ਰਾਜਸੀ ਸੰਦ, ਹਥਿਆਰ ਸੀ। ਉਨ੍ਹਾਂ ਨੇ ਉਸ ਨੂੰ ਭਾਰਤ ਜੈਨ, ਬੁੱਧ ਮੁਨੀਆਂ ਵਾਗੂੰ ਨਹੀਂ ਅਪਣਾਇਆ ਸੀ ਅਤੇ ਨਾ ਉਸ ਰੂਪ 'ਚ ਉਹ ਉਸ ਨੂੰ ਅਪਣਾ ਸਕਦੇ ਹਨ। ਜੇ ਉਹ ਅਜਿਹਾ ਕਰਦੇ ਹਨ ਤਾਂ ਉਹ ਭਾਰਤ ਦੇ ਭਾਵੀ ਹਾਕਮ ਪੂੰਜੀਪਤੀ ਜਮਾਤ ਲਈ ਕਿਸੇ ਕੰਮ ਦੇ ਨਹੀਂ ਹੁੰਦੇ। ਜੈਨ ਜਾਂ ਬੁੱਧ ਧਰਮ ਦੀਆਂ ਅਹਿੰਸਾ ਦੀਆਂ ਗੱਲਾਂ ਇਸ ਲਈ ਗਾਂਧੀ ਦੀਆਂ ਗੱਲਾਂ 'ਚ ਕਹੀਆਂ ਤੇ ਦੁਹਰਾਈਆਂ ਨਹੀਂ ਗਈਆਂ ਹਨ।

ਗਾਂਧੀ ਜੀ ਦੇ ਰਾਜਸੀ ਅਮਲ ਨੂੰ ਜੇ ਵੇਖਿਆ ਜਾਵੇ ਤਾਂ ਉਹਨਾਂ ਨੇ ਬ੍ਰਿਟਿਸ ਸਾਮਰਾਜੀਆਂ ਵੱਲੋਂ ਭਾਰਤ ਦੇ ਲੋਕਾਂ 'ਤੇ ਵਰਤਾਈ ਹਿੰਸਾ 'ਤੇ ਜਾਂ ਤਾਂ ਮੌਨ ਧਾਰਿਆ ਜਾਂ ਫਿਰ ਉਸ ਦੇ ਸ਼ਰੇਆਮ ਹਮਾਇਤੀ ਬਣੇ ਰਹੇ। ਪਹਿਲੇ ਸੰਸਾਰ ਯੁੱਧ 'ਚ ਉਹਨਾਂ ਨੇ ਬ੍ਰਿਟਿਸ਼ ਸਾਮਰਾਜੀਆਂ ਦੀ ਖੁਲ੍ਹ ਕੇ ਹਮਾਇਤ ਕੀਤੀ। ਚੌਰਾ-ਚੌਰੀ ਕਾਂਡ 'ਚ ਕਿਸਾਨਾਂ ਦੀ ਨਿਖੇਧੀ ਕੀਤੀ ਅਤੇ ਅਸਹਿਯੋਗ ਅੰਦੋਲਨ ਨੂੰ ਵਾਪਸ ਲੈ ਲਿਆ। ਭਗਤ ਸਿੰਘ-ਰਾਜਗੁਰੂ-ਸੁਖਦੇਵ ਦੀ ਹੱਤਿਆ ਦੀ ਬੇਹੱਦ ਕੂਟਨੀਤਕ ਢੰਗ ਨਾਲ ਹਮਾਇਤ ਕੀਤੀ। ਚੰਦਰ ਸਿੰਘ ਗੜਵਾਲੀ ਤੋਂ ਲੈ ਕੇ ਸਮੁੰਦਰੀ ਫੌਜੀਆਂ ਦੀ ਬਗਾਵਤ ਦਾ ਖੁਲ੍ਹ ਕੇ ਵਿਰੋਧ ਕੀਤਾ ਆਦਿ ਅਜਿਹੀਆਂ ਦਰਜ ਨਾ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। 'ਜਿੱਥੋਂ ਉਹਨਾਂ ਦੇ ਅਹਿੰਸਾ ਦੇ ਰਾਜਸੀ ਪੱਖਾਂ' ਨੂੰ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਉਹ ਕਲਪਨਾ ਲੋਕ 'ਚ ਰਹਿਣ ਵਾਲੇ ਜਾਂ ਮੋਕਸ਼ ਦੀ ਚਿੰਤਾ 'ਚ ਦੁਬਲੇ ਹੋਣ ਵਾਲੇ ਸੰਤ ਨਹੀਂ ਸਨ। ਬਲਕਿ ਸੰਤਾਂ ਦਾ ਚੋਲਾ ਧਾਰਨ ਕਰਕੇ ਸਰਮਾਏਦਾਰ ਜਮਾਤ ਦੇ ਚਲਾਕ ਤੇ ਸਫਲ ਨੇਤਾ ਸਨ। ਇਹੀ ਕਾਰਨ ਹੈ ਕਿ ਉਹ ਭਾਰਤ ਦੀ ਸਰਮਾਏਦਾਰ ਜਮਾਤ ਦੇ ਬਾਪੂ ਸਨ।

ਬਿਲਕੁਲ ਇਹ ਚੀਜ ਸਾਨੂੰ ਭਾਰਤ ਦੀ ਹਾਕਮ ਜਮਾਤ ਦੇ ਅਮਲ 'ਚ ਦਿਸਦੀ ਹੈ ਕਿ ਉਹ ਆਪਣੇ ਰਾਜਭਾਗ ਦੇ ਪਹਿਲੇ ਦਿਨ ਤੋਂ ਅਹਿੰਸਾ, ਸ਼ਾਤੀ, ਗੁਟਨਿਰਲੇਪਤਾ, ਨਿਸ਼ਸਤਰੀਕਰਣ, ਪੰਚਸ਼ੀਲ ਆਦਿ ਸਿਧਾਤਾਂ ਦਾ ਐਲਾਨ ਦੇਸ਼-ਦੁਨੀਆਂ ਦੇ ਵੱਖ-ਵੱਖ ਮੰਚਾਂ 'ਤੇ ਕਰਦਾ ਰਿਹਾ ਹੈ ਅਤੇ ਇਸ ਦੇ ਉਲਟ ਆਪਣੇ ਵੱਲੋਂ ਕੀਤੇ ਗਏ ਯੁੱਧ, ਗੁਆਂਢੀ ਦੇਸ਼ਾਂ 'ਚ ਕੀਤੀ ਗਈ ਦਖਲ ਅੰਦਾਜੀ ਨੂੰ ਦੇਸ਼ ਦੇ ਸੁਰਖਿਆ ਹਿੱਤਾਂ ਲਈ ਜਾਇਜ਼ ਠਹਿਰਾਉਂਦਾ ਰਿਹਾ ਹੈ। ਆਪਣੇ ਵੱਲੋਂ ਕਸ਼ਮੀਰ ਤੋਂ ਲੈ ਕੇ ਨਾਗਾਲੈਂਡ ਤਕ ਦੇ ਕਾਇਮ ਕੀਤੇ ਜਬਰ ਤੰਤਰ ਤੇ ਹੱਤਿਆਵਾਂ ਨੂੰ ਦੇਸ਼ ਦੀ ਏਕਤਾ ਆਦਿ ਦੇ ਨਾਂ ਹੇਠ ਜਾਇਜ਼ ਠਹਿਰਾਇਆ ਜਾਂਦਾ ਰਿਹਾ ਹੈ। ਲੋਕਾਂ ਦੇ ਗੁੱਸੇ ਨੂੰ ਕੁਚਲਣ ਲਈ ਉਸ ਨੇ ਨਾ ਸਿਰਫ ਬ੍ਰਿਟਿਸ਼ ਕਾਲ ਦੇ ਕਾਨੂੰਨ ਬਣਾਕੇ ਰੱਖੇ ਹੋਏ ਹਨ। ਬਲਕਿ ਹੋਰ ਵੀ ਕਈ ਘਾਤਕ-ਮਾਰਕ ਕਾਨੂੰਨ ਆਪਣੇ ਸੰਵਿਧਾਨ 'ਚ ਜੋੜ ਲਏ ਹਨ, ਭਾਰਤ ਦੀ ਫੌਜ, ਅਰਧ ਫੌਜਾਂ, ਪੁਲਸ, ਖੁਫੀਆ ਏਜੰਸੀਆਂ ਦਾ ਖਰਚਾ ਹਰ ਸਾਲ ਵਧਦਾ ਜਾ ਰਿਹਾ ਹੈ। ਇਸ ਸਭ ਦੇ ਦੌਰਾਨ ਅਹਿੰਸਾ ਕਿੱਥੇ ਹੈ? ਅਹਿੰਸਾ ਲੋਕਾਂ ਨੂੰ ਪੜਾਇਆ ਜਾਣ ਵਾਲਾ ਪਾਠ ਹੈ। ਨਿੱਹਥੇ ਮਜ਼ਦੂਰਾਂ-ਕਿਸਾਨਾਂ ਨੂੰ ਜੋ ਗੱਲ ਗਾਂਧੀ ਸਮਝਦੇ ਸਨ, ਉਹ ਸਮਝਾਉਦੇ ਰਹੇ ਹਨ। ਕਿ ਰਾਜ ਤੇ ਹਾਕਮ ਜਮਾਤ ਦੀ ਹਿੰਸਾ ਜਾਇਜ਼ ਹੈ। ਪਵਿੱਤਰ ਹੈ, ਜ਼ਰੂਰੀ ਹੈ ਤੇ ਹੱਦ ਇੱਥੋਂ ਤੱਕ ਹੈ ਕਿ ਨਿਹੱਥੀ ਜਨਤਾ ਦਾ ਨਾਹਰੇ ਲਾਉਣਾ, ਭਾਸ਼ਣ ਦੇਣਾ, ਜਲੂਸ ਕੱਢਣਾ, ਮੁਜਾਹਰਾ ਕਰਨਾ ਗੁਨਾਹ ਹੈ।

ਅਪਰਾਧ ਹੈ, ਦੇਸ਼ ਦੀ ਏਕਤਾ ਵਿਕਾਸ ਲਈ ਖਤਰਾ ਹੈ ਅਤੇ ਜਦ ਵੀ ਉਹ ਅਜਿਹਾ ਕਰਦੀ ਹੈ ਤਾਂ ਹਾਕਮ ਉਸਨੂੰ ਸਬਕ ਸਿਖਾਉਣ ਲਈ ਤਿਆਰ ਰਹਿੰਦੇ ਹਨ। ਹਾਲ ਦੇ ਸਾਲਾਂ 'ਚ ਪੱਛਮੀ ਬੰਗਾਲ, ਮਹਾਂਰਾਸ਼ਟਰ, ਉਤਰ ਪ੍ਰਦੇਸ਼, ਪੰਜਾਬ, ਉਤਰਾਖੰਡ ਆਦਿ ਸਭ ਰਾਜਾਂ 'ਚ ਜੋ ਕੁਝ ਵਾਪਰਿਆ ਹੈ ਉਹ ਕਿਸੇ ਤੋਂ ਲੁਕਿਆ ਨਹੀਂ। ਭਾਰਤ ਦਾ ਵਧਦਾ ਰੱਖਿਆ ਬਜਟ ਤੇ ਇਸ ਰਾਹੀਂ ਅਮਰੀਕਾ, ਰੂਸ, ਫਰਾਂਸ ਇਜ਼ਰਾਇਲ ਤੋਂ ਆਧੁਨਿਕ ਹਥਿਆਰਾਂ ਦੀ ਖਰੀਦ ਆਪਣੀ ਕਹਾਣੀ ਆਪ ਦੱਸਦੇ ਹਨ। ਅੱਜ 'ਚ ਭਾਵੀ ਲੋਕ ਉਭਾਰ ਨੂੰ ਕੁਚਲਣ ਲਈ ਵੀ ਉਨ੍ਹਾਂ ਨੂੰ ਹਥਿਆਰਬੰਦ ਫੌਜੀ ਚਾਹੀਦੇ ਹਨ ਤਾਂ ਕਿ ਉਹਨਾਂ ਦੀ ਹਕੂਮਤ ਬਣੀ ਰਹੇ।

# ਕਿੰਗਫਿਸ਼ਰ ਸਾਡੀ ਕੀ ਲੱਗਦੀ ਹੈ? ਸਬਸਿਡੀਆਂ ਸਿਰਫ ਕਾਰਪੋਰੇਟਾਂ ਨੂੰ ਹੀ ਕਿਉਂ?

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਆਦਤ ਹੀ ਬਣ ਗਈ ਹੈ ਕਿ ਉਹ ਖਾਦ, ਪੈਟਰੋਲ ਆਦਿ ਜ਼ਰੂਰੀ ਵਸਤਾਂ ਦੀ ਵਧਦੀ ਸਬਸਿਡੀ 'ਤੇ ਕਦੇ ਨਾ ਕਦੇ ਚਿੰਤਾ ਜ਼ਾਹਿਰ ਕਰਦੇ ਹੀ ਰਹਿੰਦੇ ਹਨ। 12 ਨਵੰਬਰ 2011 ਨੂੰ ਪ੍ਰੈਤਕਾਰਾਂ ਨਾਲ ਗੱਲਬਾਤ ਕਰਦੇ ਸਮੇਂ ਸਬਸਿਡੀ ਬਾਰੇ ਆਪਣੀ ਨਾਪਸੰਦਗੀ ਦਾ ਇਜ਼ਹਾਰ ਕਰਦਿਆਂ ਉਹਨਾਂ ਨੇ ਆਪਣੀ ਪੁਰਾਣੀ ਘਸੀ ਪਿਟੀ ਦਲੀਲ ਦੁਹਰਾਈ ਕਿ ਸਬਸਿਡੀ ਨਾਲ ਬਜਟ ਸਮੱਸਿਆਵਾਂ ਵਧ ਜਾਂਦੀਆਂ ਹਨ। ਆਮ ਆਦਮੀ ਦੇ ਫਾਇਦੇ ਲਈ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਨਾਲ ਉਹਨਾਂ ਨੂੰ ਬਹੁਤ ਪ੍ਰੇਸ਼ਾਨੀ ਹੁੰਦੀ ਹੈ ਪਰ ਕਾਰਪੋਰਟਾਂ ਨਾਲ ਦਿੱਤੀ ਜਾਣ ਵਾਲੀ ਉਸ ਤੋਂ ਵੱਡੀ ਸਬਸਿਡੀ ਉਹਨਾਂ ਨੂੰ ਕਦੀ ਨਹੀਂ ਖਟਕਦੀ। 2010-11 'ਚ ਉਹਨਾਂ ਦੀ ਸਰਕਾਰ ਨੇ ਕਾਰਪੋਰੇਟ ਇਨਕਮ ਟੈਕਸ ਐਕਸਾਈਜ਼ ਡਿਊਟੀ ਤੇ ਕਸਟਮ ਡਿਊਟੀ 'ਚ ਛੋਟ ਤੇ ਰਿਆਇਤਾਂ ਵਜੋਂ ਕਾਰਪੋਰੇਟਾਂ ਨੂੰ 4, 60, 972 ਕਰੋੜ ਰੁਪਏ ਦਾ ਫਾਇਦਾ ਪਹੁੰਚਾਇਆ। 2005-06 ਤੋਂ 2010-11 ਤਕ ਛੇ ਸਾਲਾਂ 'ਚ ਉਹਨਾਂ ਦੀ ਸਰਕਾਰ ਨੇ ਕਾਰਪੋਰੇਟਾਂ ਨੂੰ 2125023 ਕਰੋੜ ਰੁਪਏ ਦੀ ਰਿਆਇਤਾਂ/ਛੋਟਾਂ ਦਿੱਤੀਆਂ ਜੋ ਕਾਰਪੋਰੇਟਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਤੋਂ ਇਲਾਵਾ ਹੋਰ ਕੁਝ ਵੀ ਨਹੀਂ। ਪਰ ਕਾਰਪੋਰੇਟਾਂ ਨੂੰ ਦਿੱਤੀ ਇਸ ਸਬਸਿਡੀ ਨਾਲ ਉਹਨਾਂ (ਪ੍ਰਧਾਨ ਮੰਤਰੀ) ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਆਮ ਲੋਕਾਂ ਦੇ ਕਲਿਆਣ ਲਈ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਨਾਲ ਉਹਨਾਂ ਦੇ ਪੇਟ 'ਚ ਹਰ ਸਮੇਂ ਦਰਦ ਹੁੰਦਾ ਰਹਿੰਦਾ ਹੈ। ਸਬਸਿਡੀਆਂ ਨੂੰ ਖਤਮ ਕਰਨਾ ਆਰਥਕ ਸੁਧਾਰਾਂ ਦੀਆਂ ਨੀਤੀਆਂ ਦੇ ਉਹਨਾਂ ਦਸ ਨੁਸਖਿਆਂ ਵਿੱਚੋਂ ਇੱਕ ਹੈ ਜਿਹਨਾਂ ਨੂੰ ਕੌਮਾਂਤਰੀ ਮੁਦਰਾਕੋਸ਼, ਵਿਸ਼ਵ ਬੈਂਕ ਤੇ ਅਮਰੀਕੀ ਸਰਕਾਰ ਦੇ ਵਿੱਤ ਮੰਤਰਾਲੇ ਨੇ ਤਹਿ ਕੀਤਾ ਸੀ। ਇਹਨਾਂ ਦਸ ਨੁਸਖਿਆਂ ਨੂੰ ਵਸਿੰਗਟਨ ਆਮ ਰਾਏ ਦਾ ਨਾਂ ਨਾਲ ਜਾਣਿਆ ਜਾਂਦਾ ਹੈ। ਮਨਮੋਹਨ ਸਿੰਘ ਤੇ ਨਵ ਉਦਾਰਵਾਦੀ ਆਰਥਕ ਨੀਤੀਆਂ ਪ੍ਰਤੀ ਸਮਰਪਿਤ ਹੋਰ ਸਭ ਲੋਕਾਂ ਲਈ ਇਹ ਦਸ ਨੁਸਖੇ ਬਾਈਬਲ 'ਚ ਵਰਨਣ ਕੀਤੇ ਦਸ ਰੱਬੀ ਫਰਮਾਨਾਂ ਵਰਗੇ ਪਵਿੱਤਰ ਹਨ। ਆਮ ਲੋਕਾਂ ਦੇ ਭਲੇ ਲਈ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਪ੍ਰਤੀ ਏਨੀ ਵਿਤਕਰਾਪੂਰਨ ਸਮਝ ਰੱਖਣ ਵਾਲੇ ਪ੍ਰਧਾਨ ਮੰਤਰੀ ਨੂੰ ਕਾਰਪੋਰੇਟਾਂ ਨੂੰ, ਇੱਥੋਂ ਤੱਕ ਕਿ ਜੋ ਕਾਰਪੋਰੇਟ ਬੇਹੱਦ ਫਜ਼ੂਲ ਖਰਚੀ ਹਨ ਅਤੇ ਕਾਰਜਕੁਸ਼ਲ ਵੀ ਨਹੀਂ ਉਹਨਾਂ ਨੂੰ ਵੀ ਵੱਡੀ ਮਾਤਰਾ 'ਚ ਲੋਕਾਂ ਦਾ ਪੈਸਾ ਦੇਣ 'ਚ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਵਿਤ ਮੰਤਰਾਲੇ ਤੇ ਨਾਗਰਿਕ ਹਵਾਬਾਜੀ ਮੰਤਰਾਲਿਆਂ 'ਚ ਦਿਵਾਲੀਆਪਣ ਦੇ ਕੰਢੇ ਪੁੱਜੀ ਕਿੰਗਫਿਸ਼ਰ ਏਅਰਲਾਈਨਸ ਨੂੰ ਮਦਦ ਦੇਣ ਲਈ ਜੋ ਤਿਗੜਮ ਬਾਜੀ ਕੀਤੀ ਜਾ ਰਹੀ ਹੈ ਉਸ ਨਾਲ ਕਾਫੀ ਇਸ਼ਾਰਾ ਮਿਲਦਾ ਹੈ ਕਿ ਇਹ ਸਰਕਾਰ ਕਾਰਪੋਰੇਟਾਂ ਨੂੰ ਫਾਇਦਾ ਪਹੁੰਚਾਉਣ ਲਈ ਨੀਤੀਆਂ ਨੂੰ ਬਦਲਣ ਦੀ ਹੱਦ ਕੀਤੀ ਜਾ ਰਹੀ ਹੈ। ਕਿੰਗਰ ਫਿਸ਼ਰ ਏਅਰਲਾਈਨਜ਼ ਜੋ ਹਵਾਬਾਜ਼ੀ 'ਚ ਬਾਜ਼ਾਰ ਦੀ ਹਿੱਸੇਦਰੀ

ਦੇ ਲਿਹਾਜ ਨਾਲ ਭਾਰਤ ਦੀ ਸਭ ਵੱਡੀ ਏਅਰਲਾਈਨਜ਼ ਹੈ ਡਗਮਗਾ ਗਈ ਹੈ। ਉਹ ਆਪਣੀਆਂ ਅਨਸੂਚਿਤ ਉਡਾਣਾ ਵੀ ਨਹੀਂ ਭਰ ਰਹੀ ਹੈ ਅਤੇ ਉਡਾਣਾਂ ਨੂੰ ਰੱਦ ਕਰ ਰਹੀ ਹੈ। ਕਿੰਗ ਫਿਸ਼ਰ ਏਅਰ ਲਾਈਨਜ਼ ਵਿੱਤੀ ਤੌਰ 'ਤੇ ਸੰਚਾਲਨ ਪੱਖੋਂ ਇਸ ਹੱਦ ਤਕ ਬੇਹਾਲ ਹੈ ਕਿ ਜੇ ਸਰਕਾਰ ਇਸ ਕੰਪਨੀ ਦੀ ਮਦਦ 'ਤੇ ਨਾ ਆਈ ਤਾਂ ਸਮਝੋ ਉਸ ਦਾ ਦਿਵਾਲਾ ਨਿਕਲਣਾ ਹੀ ਨਿਕਲਣਾ ਹੈ। ਕਿੰਗਰਫਿਸ਼ਰ ਏਅਰ ਲਾਈਨਜ਼ ਦੇ ਮਾਲਕ ਸ਼ਰਾਬ ਦੇ ਬਾਦਸ਼ਾਹ ਵਿਜੈ ਮਾਲੈ ਮਾਲੈ ਦਾ ਕਹਿਣਾ ਹੈ ਕਿ ਹਾਲੇ ਦੇ ਮਹੀਨਿਆਂ 'ਚ ਤੇਲ ਦੀਆਂ ਕੀਮਤਾਂ ਵਿੱਚ ਦਾ ਵਾਧਾ ਤੇ ਰੁਪਏ ਦੀ ਕਦਰ ਘਟਾਈ 50 ਫੀਸਦੀ ਨੇ ਉਹਨਾਂ ਦੀ ਕੰਪਨੀ ਦਾ ਵਿਤੀ ਪੱਖੋਂ ਸਤਿਆਨਾਸ਼ ਕਰ ਦਿੱਤਾ ਹੈ। ਜ਼ਰਾ ਸੋਚੋ ਤੇਲ ਦੇ ਮੁੱਲ 'ਚ ਵਾਧੇ ਨੇ ਵਿਜੈ ਮਾਲਾ ਵਰਗੇ ਤਾਕਤਵਰ, ਪ੍ਰਭਾਵਸ਼ਾਲੀ ਤੇ ਮਹਾਂਖੁਸ਼ਹਾਲ ਬੰਦੇ ਦੀ ਕੰਪਨੀ ਨੂੰ ਤਬਾਹ ਕਰ ਦਿੱਤਾ ਹੈ। ਉਸ ਮੁਲ ਵਾਧੇ ਤੇ ਮਹਿੰਗਾਈ ਨਾਲ ਦੇਸ਼ ਦੇ ਆਮ ਲੋਕਾਂ 'ਤੇ ਕੀ ਗੁਜਰਦੀ ਹੋਵੇਗੀ।

ਕਿੰਗਰਫਿਸ਼ਰ ਏਅਰ ਲਾਈਨਜ਼ ਨੂੰ ਜੁਲਾਈ ਤੋਂ ਸਤੰਬਰ 2011 ਤਕ 714 ਕਰੋੜ ਦਾ ਘਾਟਾ ਪਿਆ ਜਦ ਕਿ ਪਿਛਲੇ ਸਾਲ ਦੀ ਇਸ ਤਿਮਾਹੀ 'ਚ ਉਸ ਨੂੰ 12-14 ਕਰੋੜ ਦਾ ਮੁਨਾਫਾ ਹੋਇਆ ਸੀ। 2011-12 'ਚ ਉਸ ਨੂੰ ਕੁਲ 1027 ਕਰੋੜ ਰੁਪਏ ਦਾ ਘਾਟਾ ਰਿਹਾ ਹੈ। ਪਿਛਲੇ ਤਿੰਨ ਸਾਲਾਂ 'ਚ ਕੁਲ ਮਿਲਾ ਕੇ ਉਸ ਨੂੰ 4700 ਕਰੋੜ ਰੁਪਏ ਦਾ ਘਾਟਾ ਪੈ ਚੁੱਕਿਆ ਹੈ। ਅਤੇ ਇਸ ਸਮੇਂ ਉਸ ਉਪਰ 705708 ਕਰੋੜ ਦਾ ਪਹਾੜ ਵਰਗੇ ਕਰਜੇ ਦਾ ਬੋਝ ਹੈ। ਇਸ ਹਾਲਾਤ 'ਚ ਉਸ ਨੂੰ ਕੋਈ ਵੀ ਬੈਂਕ ਅਸਾਨੀ ਨਾਲ ਕਰਜਾ ਦੇਣ ਖਾਤਰ ਤਿਆਰ ਨਹੀਂ ਹੈ। ਕਿੰਗਫਿਸ਼ਰ ਏਅਰਲਾਈਨਜ਼ ਦੇ ਮਾਲਕ ਹਨ ਸ਼ਰਾਬ ਦੇ ਬਾਦਸ਼ਾਹ। ਉਹਨਾਂ ਨੇ ਨਾਗਰਿਕ ਹਵਾਬਾਜੀ ਮੰਤਰੀ ਵਿਆਲਰ ਨਾਲ ਮੁਲਾਕਾਤ ਕੀਤੀ, ਜ਼ਾਹਿਰ ਹੈ ਉਸ ਨੇ ਇਹ ਮੁਲਾਕਾਤ ਸਰਕਾਰ ਦੀ ਮਦਦ ਹਾਸਲ ਕਰਨ ਲਈ ਕੀਤੀ। ਉਸ ਮੁਲਾਕਾਤ ਪਿੱਛੋਂ ਹਵਾਬਾਜੀ ਮੰਤਰੀ ਨੇ ਕਿਹਾ ਕਿ ਇਹ ਵਿਤ ਮੰਤਰੀ ਪ੍ਰਣਾਬ ਮੁਖਰਜੀ ਤੇ ਪੈਟੋਲੀਅਮ ਮੰਤਰੀ ਐਸ. ਜੈਪਾਲ ਨਾਲ ਗੱਲਬਾਤ ਕਰਨਗੇ ਕਿ ਦੇਖੋ ਬੈਂਕ ਤੇ ਪਬਲਿਕ ਸੈਕਟਰ ਤੇਲ ਕੰਪਨੀਆਂ ਕਿੰਗਫਿਸ਼ਰ ਨੂੰ ਕਿਸ ਤਰ੍ਹਾਂ ਰਾਹਤ ਪਹੁੰਚਾ ਸਕਦੀ ਹੈ। ਪ੍ਰਧਾਨ ਮੰਤਰੀ ਨੇ ਤਾਂ ਸਾਫ-ਸਾਫ ਕਿਹਾ ਕਿ ਸਰਕਾਰ ਕਿੰਗਫਿਸਰ ਦੀ ਮਦਦ ਲਈ "ਤੌਰ ਤਰੀਕੇ" ਖੋਜੇਗੀ। ਉਹਨਾਂ ਨੇ ਕਿਹਾ ਕਿ ਨਿੱਜੀ ਖੇਤਰ ਦੀਆਂ ਏਅਰਲਾਈਨਜ਼ ਕੰਪਨੀਆਂ ਦਾ ਕੁਸ਼ਲਤਾ ਪੂਰਵਕ ਪ੍ਰਬੰਧ (ਮੈਨੇਜਮੈਂਟ) ਕੀਤਾ ਜਾਣਾ ਚਾਹੀਦਾ ਹੈ। ਪਰ ਜੇ ਉਹ ਮੁਸ਼ਕਿਲਾਂ 'ਚ ਘਿਰ ਜਾਣ ਤਾਂ ਸਾਨੂੰ ਉਹਨਾਂ ਦੀ ਮਦਦ ਲਈ ਕੋਈ ਨਾ ਕੋਈ ਰਾਹ ਕੱਢਣ ਪਵੇਗਾ। ਉਹਨਾਂ ਨੇ ਕਿਹਾ "ਉਸ ਦੀ ਮਦਦ ਲਈ ਕੁਝ ਨਾ ਕੁਝ ਰਾਹ ਕੱਢਿਆ ਜਾਵੇਗਾ।"

ਪ੍ਰਧਾਨ ਮੰਤਰੀ ਤੇ ਉਹਨਾਂ ਦੀ ਸਰਕਾਰ ਨੂੰ ਮੁਸ਼ਕਿਲ 'ਚ ਪਈ ਕਿੰਗਫਿਸ਼ਰ ਏਅਰਲਾਈਨਜ ਨੂੰ ਸਰਕਾਰੀ ਪੈਸੇ ਰਾਹੀਂ ਬਾਹਰ ਕੱਢਣ ਲਈ ਭਾਵੇਂ ਹੀ ਕਿੰਨੀ ਵੱਧ ਦਿਲਚਸਪੀ ਕਿਉਂ ਨਾ ਵਿਖਾਉਣ ਇਸ ਤਰ੍ਹਾਂ ਦੀ ਪੈਕੇਜ ਦੇ ਵਿਆਪਕ ਵਿਰੋਧ ਕਾਰਨ ਉਹ ਖੁਲ੍ਹੇਆਮ ਉਸ ਦੀ ਇਸ ਤਰ੍ਹਾਂ ਦੀ ਮਦਦ ਕਰਨ ਦੀ ਸਥਿਤੀ 'ਚ ਨਹੀਂ ਹਨ। ਪਰ ਇਸ ਤਰ੍ਹਾਂ ਦੇ ਕਾਫੀ ਸੰਕੇਤ ਹਨ ਕਿ ਸਰਕਾਰ ਜਨਤਕ ਖੇਤਰ ਦੇ ਬੈਂਕਾਂ ਨੂੰ ਇਸ਼ਾਰਾ ਕਰ ਰਹੀ ਹੈ ਅਤੇ ਉਹਨਾਂ 'ਤੇ ਦਬਾਅ ਪਾ ਰਹੀ ਹੈ ਕਿ ਉਹ ਕਿੰਗਫਿਸ਼ਰ

ਨੂੰ ਇਸ ਮੁਸੀਬਤ 'ਚੋਂ ਕੱਢਣ ਲਈ ਕੋਈ ਰਣਨੀਤੀ ਤਿਆਰ ਕਰਨ। ਪਰ ਬੈਂਕ ਕੁਝ ਹਿਚਕਚਾ ਰਹੇ ਹਨ। 13 ਬੈਂਕਾਂ ਦੇ ਇਕ ਸਮੂਹ ਨੇ ਜਿਸ 'ਚ ਭਾਰਤੀ ਸਟੇਟ ਬੈਂਕ ਸਮੇਤ ਜ਼ਿਆਦਾਤਰ ਬੈਂਕ ਜਨਤਕ ਖੇਤਰ ਦੇ ਹਨ, ਇਸ ਸਾਲ ਦੇ ਸ਼ੁਰੂ 'ਚ ਕਿੰਗਫਿਸ਼ਰ ਨੂੰ ਦਿੱਤੇ ਗਏ ਆਪਣੇ ਕਰਜ਼ੇ ਵਿੱਚੋਂ ਕੁਝ ਹਿੱਸੇ ਨੂੰ ਰੀਸਟਰਕਚਰ ਕਰਕੇ ਉਸ ਨੂੰ ਸੰਕਟ ਤੋਂ ਉਭਾਰਿਆ ਸੀ। ਕਰਜਾ ਪੁਨਰ ਨਿਰਧਾਰਨ ਦੇ ਇਸ ਪੈਕੇਜ ਅਨੁਸਾਰ ਉਹਨਾਂ ਨੂੰ ਦਿੱਤੇ ਗਏ, ਆਪਣੇ ਕਰਜੇ ਦੇ ਕੁਝ ਹਿੱਸੇ ਨੂੰ 64-48 ਰੁਪਏ ਪ੍ਰਤੀ ਸ਼ੇਅਰ ਦੇ ਰੇਟ 'ਤੇ ਇਕਵਟੀ 'ਚ ਬਦਲ ਗਿਆ। ਮਾਰਚ 2011 'ਚ ਕਰਜੇ ਨੂੰ ਇਸ ਤਰ੍ਹਾਂ ਇਕਵਟੀ 'ਚ ਤਬਦੀਲ ਕਰਨ ਨਾਲ ਕਿੰਗਫਿਸ਼ਰ ਨੇ ਇਹਨਾਂ ਬੈਂਕਾਂ ਦੀ ਹਿੱਸੇਦਾਰੀ 5 ਫੀਸਦੀ ਤੋਂ ਵਧਾ ਕੇ 23.37 ਫੀਸਦੀ ਹੋ ਗਈ। ਇਸ ਤਬਦੀਲੀ ਨਾਲ ਕਿੰਗਫਿਸ਼ਰ ਨੂੰ ਵਿਆਜ ਦੀ ਵੱਡੀ ਰਕਮ ਦੇਣ ਦੇ ਝੰਜਟ ਤੋਂ ਛੁਟਕਾਰਾ ਮਿਲ ਗਿਆ। ਪਰ ਉਹਨਾਂ ਬੈਕਾਂ ਨੂੰ 500 ਕਰੋੜ ਰੁਪਏ ਦਾ ਰਗੜਾ ਲੱਗ ਗਿਆ। ਕਿੰਗਫਿਸ਼ਰ ਏਅਰ ਲਾਈਨਜ਼ ਦੇ ਸ਼ੇਅਰਾਂ ਦਾ ਭਾਅ ਡਿੱਗ ਕੇ 20 ਰੁਪਏ ਤੋਂ ਹੇਠਾਂ ਆ ਗਿਆ। 11 ਨਵੰਬਰ 2011 ਨੂੰ ਉਸ ਦਾ ਭਾਅ 17.55 ਰੁਪਏ ਫੀ ਸ਼ੇਅਰ ਸੀ। ਕਿੰਗਫਿਸ਼ਰ ਏਅਰ ਲਾਈਨਜ਼ ਹੀ ਨਹੀਂ ਹੋਰ ਦੂਜੀਆਂ ਨਿਜੀ ਏਅਰ ਲਾਈਨਜ਼ ਵੀ ਘਾਟੇ ਕਾਰਨ ਜਬਰਦਸਤ ਪ੍ਰੇਸ਼ਾਨੀ ਵਿੱਚ ਹਨ। ਸਭ ਏਅਰ ਲਾਈਨਜ਼ ਦੀ ਇਸ ਤਰ੍ਹਾਂ ਦੀ ਵਿਤੀ ਬਦਹਾਲੀ (ਤਿੰਨ ਸਾਲਾਂ 'ਚ 4700 ਕਰੋੜ ਦਾ ਘਾਟਾ ਅਤੇ 7057.08 ਕਰੋੜ ਰੁਪਏ ਦਾ ਕਰਜਾ) ਦੇ ਕਾਰਨ ਕਿੰਗਫਿਸ਼ਰ ਲਈ ਨੇੜ ਭਵਿੱਖ 'ਚ ਮੁਨਾਫਾ ਕਮਾਉਣ ਦੀ ਸੰਭਾਵਾ ਵੀ ਸਿਫਰ ਦੇ ਬਰਾਬਰ ਹੈ। ਇਹਨਾਂ ਹਾਲਤਾਂ 'ਚ ਕਿੰਗਫਿਸ਼ਰ ਨੂੰ ਇਸ ਸੰਕਟ ਤੋਂ ਛੁਟਕਾਰਾ ਦਿਵਾਉਣ ਲਈ ਸਰਕਾਰ ਵੱਲੋਂ ਜਨਤਕ ਖੇਤਰ ਦੇ ਬੈਂਕਾਂ ਰਾਹੀਂ ਕਿਸੇ ਸੰਭਾਵੀ ਦਖਲਅੰਦਾਜ਼ੀ 'ਚ ਇਹ ਖਤਰਾ ਅਟਲ ਹੈ ਕਿ ਗੈਰਯਕੀਨੀ ਭਰੇ ਮਾਹੌਲ ਅਤੇ ਵਿਸ਼ਵੀ ਵਿਤੀ ਸੰਕਟ ਦੇ ਅੱਜ ਦੇ ਵਕਤ 'ਚ ਇਹ ਬੈਂਕ ਵੀ ਨੁਕਸਾਨ ਤੇ ਘਾਟੇ 'ਚ ਜਾ ਸਕਦੇ ਹਨ।

ਅਜੇ ਤਕ ਸਾਡੀ ਬੈਂਕਿੰਗ ਪ੍ਰਣਾਲੀ ਵਿਸ਼ਵੀਕਰਨ ਸੰਕਟ ਤੋਂ ਬਚੀ ਹੋਈ ਹੈ ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਕ੍ਰੈਡਿਟ ਰੇਟਿੰਗ ਏਜੰਸੀ ਮੂਡੀਜ਼ ਨੇ ਪਿੱਛੇ ਜਿਹੇ ਹੀ 9 ਨਵੰਬਰ 2011 ਨੂੰ ਸਾਡੇ ਬੈਕਿੰਗ ਖੇਤਰ ਨੂੰ 'ਸਥਿਰ' ਤੋਂ "ਨਾਕਾਰਤਮਕ" ਵਜੋਂ ਡਾਊਨਗ੍ਰੇਡ ਕਰ ਦਿੱਤਾ ਗਿਆ ਹੈ। ਸਰਕਾਰੀ ਇਸ਼ਾਰੇ ਤੇ ਦਬਾਅ 'ਚੋਂ ਕੱਢਣ ਦੇ ਚੱਕਰ ਵਿੱਚ ਜੇ ਬੈਂਕਾਂ ਨੂੰ ਝਟਕਾ ਲੱਗ ਗਿਆ ਤਾਂ ਉਹ ਭਾਰਤ 'ਚ ਵਿਤੀ ਸੰਕਟ ਨੂੰ ਸ਼ੁਰੂ ਕਰਨ ਵਾਲਾ ਬਹਾਨਾ ਸਾਬਤ ਹੋ ਸਕਦਾ ਹੈ। ਵੈਸੇ ਵੀ ਸਰਕਾਰ ਨੂੰ ਕਿੰਗਫਿਸ਼ਰ ਨੂੰ ਸੰਕਟ 'ਚੋਂ ਕੱਢਣ ਦੀ ਏਨੀ ਚਿੰਤਾ ਕਿਉਂ ਹੈ? ਇਕ ਸਰਮਾਏਦਾਰ ਰਾਹੁਲ ਬਜਾਜ ਤਾਂ ਡੰਕੇ ਦੀ ਚੋਟ 'ਤੇ ਕਹਿ ਰਿਹਾ ਹੈ ਕਿ ਕਿੰਗਫਿਸ਼ਰ ਨੂੰ ਬਚਾਉਣ ਲਈ ਪ੍ਰੇਸ਼ਾਨ ਹੋਣ ਦੀ ਲੋੜ ਕੀ ਹੈ? ਉਸ ਦਾ ਦਿਵਾਲਾ ਨਿਕਲਦਾ ਹੈ ਤਾਂ ਨਿਕਲਣ ਦਿਉ। ਵਿਜੇ ਮਾਲਆ ਕੋਈ ਬੇਸਹਾਰਾ ਕੰਗਾਲ ਤਾਂ ਹੈ ਨਹੀਂ। ਉਹ ਕਾਰੋਬਾਰੀ ਸਾਮਰਾਜ ਦਾ ਮਾਲਕ ਹੈ ਤੇ ਉਸ ਕੋਲ ਆਪਣੀ ਲੋੜੀਂਦੀਆਂ ਵਿਤੀ ਸਮਰਥਾਵਾਂ ਹਨ। ਉਸ ਨੂੰ ਸੰਕਟ 'ਤੇ ਉਭਾਰਨ ਲਈ ਸਰਕਾਰ ਕਿਉਂ ਖ਼ੂਨ ਸੁਕਾ ਰਹੀ ਹੈ? ਜ਼ਿਕਰਯੋਗ ਹੈ ਕਿ ਆਰਥਕ ਸੁਧਾਰਾਂ ਦੇ ਹਮਾਇਤੀ ਆਪਣੇ ਇਕ ਹਰਮਨ ਪਿਆਰੇ ਏਜੰਡੇ ਨੂੰ ਅੱਗੇ ਵਧਾਉਣ ਲਈ ਕਿੰਗਫਿਸ਼ਰ ਦੀ ਵਿਤੀ ਬਦਹਾਲੀ ਦੀ ਵਰਤੋਂ ਕਰ ਰਹੀ ਹੈ। ਇਸ ਸਮੇਂ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੂੰ ਭਾਰਤ ਦੀ ਏਅਰਲਾਈਨਜ਼ 'ਚ 4.9 ਫੀਸਦੀ ਤਕ ਦੀ

ਹਿੱਸੇਦਾਰੀ ਲੈਣ ਦੀ ਇਜਾਜ਼ਤ ਹੈ ਪਰ ਵਿਦੇਸ਼ੀ ਏਅਰਲਾਈਨਜ਼ ਨੂੰ ਭਾਰਤ ਦੀ ਏਅਰਲਾਈਨਜ਼ 'ਚ ਸਿੱਧੀ ਜਾਂ ਅਸਿੱਧੀ ਨਿਵੇਸ਼ ਕਰਨ ਤੇ ਪਾਬੰਦੀ ਹੈ। ਹੁਣ ਉਹ ਨੀਤੀਆਂ 'ਚ ਇਹ ਤਬਦੀਲੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਵਿਦੇਸ਼ੀ ਏਅਰਲਾਈਨਜ਼ 'ਚ ਹਿੱਸੇਦਾਰੀ (ਇਕਵਟੀ) ਲੈ ਸਕਦੀ ਹੈ। ਸਰਕਾਰ ਇਸ ਦਿਸ਼ਾ 'ਚ ਕੰਮ ਕਰਦੀ ਨਜ਼ਰ ਆਉਂਦੀ ਹੈ। ਸਨਅਤੀ ਨੀਤੀ ਵਿਭਾਗ ਪਹਿਲਾਂ ਹੀ ਇਸ ਦੀ ਸਿਫਾਰਸ਼ ਕਰ ਚੁੱਕਿਆ ਹੈ ਕਿ ਵਿਦੇਸ਼ੀ ਹਵਾਈ ਕੰਪਨੀਆਂ ਨੂੰ ਭਾਰਤ ਦੀਆਂ ਹਵਾਈ ਕੰਪਨੀਆਂ 'ਚ ਹਿੱਸੇਦਾਰੀ ਦੇਣ ਦੀ ਇਜਾਜ਼ਤ ਹੋਵੇ। ਇਹ ਮੁਹਿੰਮ ਸ਼ੁਰੂ ਕਰਨ ਵਾਲੇ ਕਹਿ ਰਹੇ ਹਨ ਕਿ ਹੁਣ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਦੇ ਨਾਗਰਿਕ ਹਵਾਬਾਜੀ ਖੇਤਰ 'ਚ ਦਾਖਲ ਹੋਣ ਦਾ ਸਮਾਂ ਆ ਗਿਆ ਹੈ। ਵਿਦੇਸ਼ੀ ਕੰਪਨੀਆਂ ਕਿੰਗਫਿਸ਼ਰ ਵਰਗੀਆਂ ਕੰਪਨੀਆਂ ਨੂੰ ਖਰੀਦਣ ਲਈ ਮੋਟੀ ਰਕਮ ਦੇ ਸਕਦੀਆਂ ਹਨ। ਵਿਦੇਸ਼ੀ ਸਿਧੇ ਨਿਵੇਸ਼ (ਐਫ. ਡੀ. ਆਈ.) ਦਾ ਇਕ ਜਬਰਦਸਤ ਹਮਾਇਤੀ ਸਾਡਾ ਪ੍ਰਧਾਨ ਮੰਤਰੀ ਹੈ। ਇਸ ਲਈ ਮਾਲਏ ਨੂੰ ਆਪਣੀ ਦਲੀਲ ਦੇਣ 'ਚ ਕੋਈ ਝਿਜਕ ਵੀ ਨਹੀਂ।

# ਧਾਰਮਿਕਤਾ ਬਨਾਮ ਤਰਕਸ਼ੀਲਤਾ

ਕੁਝ ਦਿਨ ਪਹਿਲਾਂ ਦੀ ਗੱਲ ਹੈ। ਯੂਨੀਵਰਸਿਟੀ ਦੀ ਇਕ ਜਮਾਤ 'ਚ ਵੈਸੇ ਹੀ ਗੱਲਬਾਤ ਦੌਰਾਨ ਅਧਿਆਪਕਾਂ ਨੇ ਇਕ ਕਿਤਾਬ ਬਾਰੇ ਦੱਸਿਆ ਜਿਸ ਦਾ ਨਾਂ 'ਸੋਲ ਆਫਟਰ ਡੈੱਥ' ਹੈ। ਉਹਨਾਂ ਦਾ ਕਹਿਣਾ ਸੀ ਕਿ ਇਸ ਨੂੰ ਇਕ ਮਨੋਰੋਗਾਂ ਦੇ ਮਾਹਿਰ ਵੱਲੋਂ ਲਿਖਿਆ ਗਿਆ ਹੈ ਅਤੇ ਭੂਤ-ਵਿਦਿਆ 'ਚ ਉਹ ਵਿਸਵਾਸ਼ ਰੱਖਦੀ ਹੈ! ਮੌਤ ਤੋਂ ਪਿੱਛੋਂ ਆਤਮਾ ਸਰੀਰ ਤੋਂ ਵੱਖ ਹੋ ਕੇ ਭੂਤਾਂ ਆਦਿ ਵਜੋਂ ਅਜ਼ਾਦ ਘੁੰਮਦੀ ਹੈ। ਜਦ ਤਕ ਉਸ ਨੂੰ ਫੇਰ ਦੁਬਾਰਾ ਸਰੀਰ ਨਹੀਂ ਮਿਲ ਜਾਂਦਾ। ਤੁਰੰਤ ਇਕ ਜਮਾਤੀ ਦਾ ਕਹਿਣਾ ਸੀ ਕਿ ਸ੍ਰੀ ਰਾਮ ਸ਼ਰਮਾ ਅਚਾਰੀਆ ਨੇ ਵੀ ਭੂ-ਵਿਦਿਆ, ਆਤਮਾ, ਪ੍ਰਮਾਤਮਾ 'ਤੇ ਬਹੁਤ ਕੁਝ ਅੱਛਾ ਲਿਖਿਆ ਹੈ। ਮੇਰੇ ਇਕ ਮਿੱਤਰ ਨੇ ਵੀ ਕਿਹਾ ਕਿ ਆਤਮਾ ਤੇ ਭੂਤਵਾਦ ਦੀਆਂ ਬੇਹੂਦਾ ਗੱਲਾਂ ਦੀ ਬਜਾਏ ਜੀਵਨ ਵਿਗਿਆਨ ਤਾਂ ਵੱਖਰੀ ਹੀ ਜਨਮ, ਤੇ ਮੌਤ ਦੀ ਕਹਾਣੀ ਬਿਆਨ ਕਰਦਾ ਹੈ ਕਿ ਬੱਚਾ ਪੈਦਾ ਹੋਣ ਤੋਂ ਪਹਿਲਾਂ ਗਰਭ ਵਿੱਚ ਵੀ ਇਹ ਜਿਉਂਦੀ ਹਾਲਤ 'ਚ ਹੁੰਦਾ ਹੈ ਅਤੇ ਮਰਦ ਦੇ ਸ਼ੁਕਰਾਣੂ ਤੇ ਮਾਦਾ ਦੇ ਅੰਡੇ ਖੁਦ ਪਦਾਰਥ ਦਾ ਇਕ ਜੀਵਨ ਰੂਪ ਹਨ। ਜੀਵਨ ਤੇ ਮੌਤ ਦੇ ਅਮਲ ਨੂੰ ਵੀ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਕਈਆਂ ਨੇ ਬਹਿਸ ਕੀਤੀ ਪਰ ਗੱਲ ਕਿਸੇ ਸਿਰੇ ਨਹੀਂ ਲੱਗੀ।

ਕੁਝ ਸਮੇਂ ਪਿੱਛੋਂ ਇਕ ਦੁਖਦਾਈ ਘਟਨਾ ਸਾਹਮਣੇ ਆਈ ਜੋ ਉਸੇ ਸ੍ਰੀਰਾਮ ਸ਼ਰਮਾ ਅਚਾਰੀਆ ਦੇ ਸ਼ਾਂਤੀ ਕੁੰਜ ਗਾਇਤਰੀ ਪੀਠ ਦੀ ਸੀ ਜਿਸ ਦਾ ਜ਼ਿਕਰ ਮੇਰੇ ਜਮਾਤੀ ਨੇ ਕੀਤਾ ਸੀ। ਉਥੇ ਇੱਕ ਭਗਦੜ ਦੌਰਾਨ ਲਗਭਗ 20 ਲੋਕ (ਜਿਸ 'ਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ) ਕੁਚਲਕੇ ਮਾਰੇ ਗਏ। ਘਟਨਾ 7 ਦਸੰਬਰ ਨੂੰ ਉਸ ਸਮੇਂ ਵਾਪਰੀ ਜਦ ਸ਼ਾਂਤੀਕੁੰਜ ਆਸ਼ਰਮ ਦੇ ਬਾਨੀ ਸ੍ਰੀਰਾਮ ਸ਼ਰਮਾ ਅਚਾਰੀਆ ਦੇ ਜਨਮ ਸ਼ਤਾਬਦੀ ਸਮਾਰੋਹ 'ਤੇ ਪੰਜ ਦਿਨਾਂ ਗਾਇਤਰੀ ਮਹਾਂਕੁੰਭ ਦਾ ਆਯੋਜਨ ਹੋ ਰਿਹਾ ਸੀ। ਯਗਸ਼ਾਲਾ ਅੰਦਰ ਹਵਨ ਦੌਰਾਨ ਉਠੇ ਧੂੰਏ ਨਾਲ ਦਮ ਘੁਟਣ ਤੇ ਗੇਟ 'ਤੇ ਪਹਿਲਾਂ ਤੋਂ ਹੀ ਭਾਰੀ ਭੀੜ ਹੋਣੀ ਅਫਰਾ-ਤਫਰੀ ਦਾ ਫੌਰੀ ਕਾਰਨ ਸੀ। ਖਾਸ ਗੱਲ ਇਹ ਵੀ ਸੀ ਕਿ ਹਾਦਸੇ ਸਮੇਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂੰਮਲ ਯਗਕਰ ਰਹੇ ਸਨ। ਭਾਜਪਾ ਪ੍ਰਧਾਨ ਨਿਤਨ ਗਡਕਰੀ, ਉਤਰਾਖੰਡ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਸਮੇਤ ਕਈ ਉਹ ਅਧਿਕਾਰੀ, ਸਮਾਗਮ 'ਚ ਪਹੁੰਚਣ ਵਾਲੇ ਸਨ। ਸ਼ਾਂਤੀਕੁੰਜ ਦੇ ਸੰਚਾਲਕ ਡਾ. ਪ੍ਰਣਵ ਪਾਂਡੇ ਨੇ ਹਾਦਸੇ ਦੀ ਨੈਤਿਕ ਜਿੰਮੇਵਾਰੀ ਤਾਂ ਲਈ ਪਰ ਨਾਲ ਹੀ ਬਹੁਤ ਬੇਸ਼ਰਮੀ ਦੇ ਨਾਲ ਇਸ ਨੂੰ ਇਕ ਦੈਵੀ ਸ਼ਕਤੀ ਨਾਲ ਵਾਪਰਿਆ ਹਾਦਸਾ ਵੀ ਦੱਸਿਆ। ਇਹ ਪਹਿਲੀ ਘਟਨਾ ਨਹੀਂ ਸੀ ਜਦ ਧਾਰਮਿਕ ਅੰਧਵਿਸਵਾਸ਼ ਤੇ ਇਹਨਾਂ ਅਧਿਆਤਮਕ ਪ੍ਰਚਾਰਕਾਂ ਦੇ ਪਖੰਡ ਕਾਰਨ ਲੋਕ ਮੌਤ ਦਾ ਸ਼ਿਕਾਰ ਹੋਏ ਹੋਣ। ਜਨਵਰੀ 2005 'ਚ ਹਿਮਾਚਲ 'ਚ ਨੈਨੀ ਦੇਵੀ ਮੰਦਰ 'ਚ ਭਗਦੜ ਦੌਰਾਨ 340 ਲੋਕ ਮਾਰੇ ਗਏ। 2008 'ਚ ਰਾਜਸਥਾਨ ਦੇ ਚਾਮੁੰਡਾ ਦੇਵੀ ਮੰਦਰ 'ਚ ਭਗਦੜ ਦੌਰਾਨ 216 ਮੌਤਾਂ ਹੋਈਆਂ। ਜਨਵਰੀ 2010 ਨੂੰ ਕੇਰਲਾ ਦੇ ਸਬਰੀਵਾਲਾ 'ਚ 104 ਲੋਕ ਮਾਰੇ ਗਏ। ਇਹਨਾਂ ਸਾਰਿਆਂ ਤੋਂ ਭਗਦੜਾਂ 'ਚ ਲੋਕ ਮੌਤ ਦਾ ਸ਼ਿਕਾਰ

ਹੁੰਦੇ ਹਨ। ਰੋਜਾਨਾ ਪੀਰਾਂ ਫਕੀਰਾਂ ’ਤੇ ਟੂਣੇ ਕਰਨ ਦੇ ਚੱਕਰ ’ਚ ਹੋਣ ਵਾਲੀਆਂ ਮੌਤਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਜੋ ਸਾਹਮਣੇ ਨਹੀਂ ਦਿਸਦੀਆਂ। ਇਸ ਤਰ੍ਹਾਂ ਦੀਆਂ ਸਾਰੀਆਂ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਅੰਧਵਿਸਵਾਸ਼ਾਂ ਨਾਲ ਹੋਣ ਵਾਲੀਆਂ ਮੌਤਾਂ ਕਿਸੇ ਵੀ ਤਰ੍ਹਾਂ ਨਾਲ ਧਾਰਮਕ ਕੱਟੜਤਾ ਕਾਰਨ ਹੋਣ ਵਾਲੀਆਂ ਮੌਤਾਂ ਕਿਸੇ ਤੋਂ ਘੱਟ ਨਹੀਂ ਸੀ।

ਮਨੁੱਖੀ ਜੀਵਨ ਦਾ ਇਸ ਤਰ੍ਹਾਂ ਨਾਲ ਖਤਮ ਹੋਣਾ ਕਈ ਸੁਆਲਾਂ ਨੂੰ ਖੜਾ ਕਰ ਦਿੱਤਾ ਹੈ। ਪਹਿਲਾ ਸੁਆਲ ਤਾਂ ਇਹ ਪੈਦਾ ਹੁੰਦਾ ਹੈ ਕਿ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ’ਤੇ ਇੱਥੇ ਸਮੱਸਿਆ ਦੇ ਮੂਲ ਕਾਰਨਾਂ ਦੀ ਬਜਾਏ ਇੱਥੇ ਤੱਥਾਂ ਨੂੰ ਸਿਨਸਨੀਖੇਜ ਢੰਗ ਨਾਲ ਵਿਖਾਇਆ ਜਾਂਦਾ ਹੈ। ਜਦ ਵਿਗਿਆਨ ਬ੍ਰਹਿਮੰਡ ਦੇ ਮੂਲ ਦੀ ਤਲਾਸ ਕਰ ਰਿਹਾ ਹੈ। ਕਵਾਇੰਟਮ ਜਗਤ, ਨੈਨੋਟੈਕਨੋਲੋਜੀ ਤੇ ਬਣਾਉਟੀ ਜੀਨ ਤਕ ਪਹੁੰਚ ਚੁੱਕਿਆ ਹੈ। ਭੂਗੋਲਿਕ ਵਿਗਿਆਨ, ਡਾਰਵਿਨ ਵੱਲੋਂ ਵਿਕਾਸਵਾਦ ਦੇ ਸਿਧਾਂਤ ਦੀ ਖੋਜ ਤੇ ਸੈਲ ਵਿਕਾਸ ਸਿਧਾਂਤ ਵੱਲੋਂ ਪਹਿਲਾਂ ਹੀ ਕਿਸੇ ਦੈਵੀ ਸਤਾ ਦੀ ਮੌਜੂਦਗੀ ਨੂੰ ਰੱਦ ਕੀਤਾ ਜਾ ਚੁੱਕਿਆ ਹੈ, ਜਦ ਵੀ ਅਖਬਾਰਾਂ ਦੇ ਸਫਿਆਂ ਦੇ ਸਫੇ ਕਰਮਕਾਡਾਂ ਤੇ ਦੇਵੀ ਦੇਵਤਿਆਂ ਦੇ ਕਿਰਦਾਰ ਨਾਲ ਰੰਗੇ ਜਾਂਦੇ ਹਨ। ਟੀ. ਵੀ. ਦੇ ਕਈ ਚੈਨਲ ਤਾਂ ਸਪੈਸ਼ਲ ਧਾਰਮਿਕ ਕਰਮਕਾਂਡਾਂ ਦੇ ਪ੍ਰਚਾਰ ਤੇ ਕੱਟੜਤਾ ਫੈਲਾਉਣ ਦਾ ਕੰਮ ਕਰਦੇ ਹਨ! ਕਈ ਵਾਰੀ ਤਾਂ ਸਮਾਚਾਰ ਚੈਨਲਾਂ ਤੱਕ ’ਤੇ ਸਨਸਨੀਖੇਜ ਢੰਗ ਨਾਲ ਹੱਦ ਦਰਜੇ ਦੀ ਤਰਕਹੀਣਤਾ ਤੇ ਘਟੀਆ ਪ੍ਰੋਗ੍ਰਾਮ ਪ੍ਰੋਸੇ ਜਾਂਦੇ ਹਨ। ਦੂਜਾ ਸੁਆਲ ਦੇਸ਼ ਦੇ ਬੌਧਿਕ ਤਬਕੇ ਤੇ ਉੱਠਦਾ ਹੈ ਜੋ ਲੋਕਾਂ ਦੇ ਪੈਦਾਵਾਰ ਦੇ ਵਸੀਲਿਆਂ ਤੇ ਐਸ਼ ਕਰਦਾ ਹੈ ਅਤੇ ਸਿੱਖਿਆ ਅਦਾਰਿਆਂ ਤੱਕ ਪਹੁੰਚ ਜਾਂਦਾ ਹੈ। ਬਹੁਤ ਛੋਟੇ ਹਿੱਸੇ ਨੂੰ ਛੱਡ ਕੇ ਵੱਡਾ ਹਿੱਸਾ ਖਾਓ-ਪੀਓ ਐਸ਼ ਕਰੋ ਦੇ ਖਪਤਕਾਰੀ ਸਭਿਆਚਾਰ ਦਾ ਪੈਰੋਕਾਰ ਹੈ ਤੇ ਐਮਫਿਲ, ਪੀ. ਐਚ. ਡੀ. ਕਰਨ ਦੇ ਬਾਵਜੂਦ ਬਾਂਦਰਾਂ ਤੇ ਢੌਂਗੀਆਂ ਮੂਹਰੇ ਨੱਕ ਰਗੜਦਾ ਫਿਰਦਾ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਵਿਗਿਆਨ ਅਤੇ ਤਰਕ ਨੂੰ ਵੱਧ ਤੇ ਵੱਧ ਲੋਕਾਂ ਤਕ ਲਿਜਾਇਆ ਜਾਵੇ। ਪਰ ਇੱਥੇ ‘ਪੜ੍ਹੇ-ਲਿਖੇ’ ਦੇ ਗਿਆਨ ਤੇ ਸੰਵੇਦਨਸ਼ੀਲਤਾ ਨੂੰ ਦੇਖਕੇ ਹੀ ਹੈਰਾਨੀ ਹੁੰਦੀ ਹੈ। ਤੀਜਾ ਸੁਆਲ ਜੋ ਮੁੱਖ ਸੁਆਲ ਹੈ -ਪੂੰਜੀਵਾਦੀ ਹਕੂਮਤੀ ਤਾਣੇ-ਬਾਣੇ ’ਤੇ ਉਠਦਾ ਹੈ ਜਿੱਥੇ ਧਾਰਮਿਕ ਮਾਨਤਾਵਾਂ ਤੇ ਮਿੱਥਾਂ ਦੀ ਚੁੱਪ ਤੇ ਖੁਲ੍ਹੀ ਹਮਾਇਤ ਕੀਤੀ ਜਾਂਦੀ ਹੈ। ਸੰਵਿਧਾਨ ਅਨੁਸਾਰ ਸਾਡੇ ਦੇਸ਼ ਦੀ ਹਕੂਮਤ ਧਰਮ ਨਿਰਪੱਖ ਹੈ। ਪਰ ਇੱਥੇ ਕਈ ਐਮ. ਪੀ. ਧਾਰਮਿਕ ਕਾਰਡ ਖੋਹਲ ਕੇ ਵੋਟ ਬੈਂਕ ਦੀ ਰਾਜਨੀਤੀ ’ਚ ਆਪਣਾ ਹੱਥ ਨਾ ਸਿਰਫ ਅਜਮਾਉਂਦੇ ਹਨ ਬਲਕਿ ਰਾਜਨੀਤੀ ਦੇ ਫਾਸ਼ੀ ਕਰਣ ’ਚ ਵੀ ਪਿੱਛੇ ਨਹੀਂ ਹਨ। ਸਰਮਾਏਦਾਰਾਂ, ਐਮ. ਪੀ, ਐਮ. ਐਲ. ਏ, ਤੇ ਨੌਕਰਸ਼ਾਹਾਂ ਨੂੰ ਇਕ ਹੀ ਮੰਚ ’ਤੇ ਬਿਠਾ ਕੇ ਨਿਜੀ ਤੇ ਸਰਕਾਰੀ ਖਜਾਨਿਆਂ ’ਚੋਂ ਪੌਂਗਾਪੰਥੀਆਂ ਨੂੰ ਚੰਦਾ ਦਿੰਦੇ ਹੋਏ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਵੋਟ ਬੈਂਕ ਦੀ ਰਾਜਨੀਤੀ ਲਈ ਤਰਕਹੀਣਤਾ ਦੇ ਪ੍ਰਚਾਰ ’ਚ ਸਹਿਯੋਗ ਦਿੱਤਾ ਜਾਂਦਾ ਹੈ। ਰਾਜਾਂ ਦੇ ਮੁੱਖ ਮੰਤਰੀ ਧਾਰਮਿਕ ਕਰਮਕਾਂਡਾਂ ’ਚ ਅਹੂਤੀ ਦਿੰਦੇ ਨਜ਼ਰ ਆਉਂਦੇ ਹਨ। ਸਰਮਾਏਦਾਰੀ ਹਾਕਮ ਜਮਾਤ ਇਹ ਕਦੀ ਨਹੀਂ ਚਾਹੇਗੀ ਕਿ ਲੋਕ ਆਪਣੀਆਂ ਸਮੱਸਿਆਵਾਂ ਨੂੰ ਆਪ ਸਿੱਧਾ ਦੇਖਣ ਸਮਝਣ ਤੇ ਆਪਣੀ ਹੋਣੀ ਦੇ ਮਾਲਕ ਆਪ ਬਣਨ। ਇਹ ਲੋਕਾਂ ਦੇ ਹਰ ਕਿਸਮ ਦੇ ਢੌਂਗ

ਪਖੰਡ, ਜਨੂੰਨ ਤੇ ਅਗਿਆਨ ਨੂੰ ਫੈਲਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ।

ਸਾਂਸਦ ਤੇ ਵਿਧਾਇਕ ਇਕ ਵੱਖ ਕਿਸਮ ਦੀ ਬੇਯਕੀਨੀ ਦਾ ਸ਼ਿਕਾਰ ਹੋਣ ਕਰਕੇ ਖੁਦ ਵੀ ਪਾਖੰਡੀ ਤੇ ਜਨੂੰਨੀ ਹੁੰਦੇ ਹਨ। ਵਿਉਂਤਬੱਧ ਢੰਗ ਨਾਲ ਪੁਨਰਜਨਮ, ਕਰਮਫਲ, ਆਤਮਾ-ਪ੍ਰਮਾਤਮਾ ਆਦਿ ਦੀ ਗੈਰ ਵਿਗਿਆਨਕ, ਤਰਕਹੀਣ ਤੇ ਗਲੀਆਂ ਸੜੀਆਂ ਮਾਨਤਾਵਾਂ ਨੂੰ ਲੋਕਾਂ 'ਚ ਪ੍ਰਚਾਰਿਆ ਜਾਂਦਾ ਹੈ। ਦੂਜੇ ਪਾਸੇ ਬਹੁਗਿਣਤੀ ਆਮ ਆਦਮੀ ਆਪਣੀ ਅਗਿਆਨਤਾ ਤੇ ਪੂੰਜੀਵਾਦੀ ਪ੍ਰਣਾਲੀਆਂ ਮੂਹਰੇ ਆਪਣੀ ਬੇਵਸੀ ਕਾਰਨ ਆਪਣੇ ਦੁੱਖ ਤੋਂ ਛੁਟਕਾਰੇ ਲਈ ਅਧਿਆਤਮਵਾਦ ਤੇ ਧਾਰਮਿਕ ਕਰਮ ਕਾਡਾਂ ਦੀ ਘੁੰਮਣਘੇਰੀ 'ਚ ਫਸ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਸ਼ਿਕਾਰ ਜ਼ਿਆਦਾਤਰ ਗਰੀਬ ਤੇ ਮੇਹਨਤਕਸ਼ ਤਬਕਾ ਹੀ ਹੁੰਦਾ ਹੈ। ਅੱਜ ਹਾਕਮ ਜਮਾਤ ਤੇ ਉਸ ਦੇ ਮੀਡੀਆ ਤੋਂ ਉਮੀਦ ਨਹੀਂ ਕੀਤੀ ਜਾਂਦੀ ਕਿ ਉਹ ਤਰਕ ਤੇ ਵਿਗਿਆਨ ਦਾ ਪ੍ਰਚਾਰ ਕਰੇ। ਆਮ ਲੋਕਾਂ 'ਚੋਂ ਹੀ ਕੁਝ ਅਗਵਾਈ ਦੇ ਚੁੱਕੇ ਲੋਕਾਂ ਦੇ ਮੂਹਰੇ ਸਮੱਸਿਆਵਾਂ ਦੇ ਅਸਲੀ ਕਾਰਨ ਤੇ ਹੱਲ ਨੂੰ ਰੱਖੇ। ਲੋਕਾਂ ਦਾ ਆਪਣਾ ਮੀਡੀਆ ਖੜ੍ਹਾ ਕੀਤਾ ਜਾਵੇ ਜੋ ਮੇਹਨਤਕਸ਼ ਆਮ ਲੋਕਾਂ ਲਈ ਨਿਰਸੁਆਰਥ ਕੰਮ ਕਰੇ। ਆਮ ਲੋਕਾਂ ਨੂੰ ਅੰਧਵਿਸਵਾਸ਼ ਤੇ ਕੱਟੜਤਾ ਤੋਂ ਮੁਕਤ ਕੀਤਾ ਜਾਵੇ। ਪਖੰਡੀਆਂ ਨੂੰ ਸਮਾਜ ਸਾਹਮਣੇ ਨੰਗਾ ਕੀਤਾ ਜਾ ਸਕਦਾ ਹੈ ਅਤੇ ਇਕ ਬੇਹਤਰ ਲੁਟ, ਘਸੁੱਟ ਤੋਂ ਰਹਿਤ, ਜਮਾਤ ਰਹਿਤ ਸਮਾਜ ਦੀ ਉਸਾਰੀ ਵੱਲ ਅੱਗੇ ਵਧਿਆ ਜਾ ਸਕਦਾ ਹੈ।

# ਅਦਾਲਤ ਕੋਲ ਬਹੁਗਿਣਤੀ ਦੇ ਆਗੂਆਂ ਲਈ ਹੋਰ ਦਲੀਲਾਂ ਤੇ ਘੱਟ-ਗਿਣਤੀਆਂ ਲਈ ਹੋਰ

ਬੀਤੀਆਂ ਲੋਕ ਸਭਾ ਚੋਣਾਂ ਦੌਰਾਨ ਉਤਰ ਪ੍ਰਦੇਸ਼ ਹਾਈ ਕੋਰਟ ਦੀ ਲਖਨਊ ਖੰਡਪੀਠ ਦੇ ਸਲਾਹਕਾਰ ਬੋਰਡ ਨੇ ਪੀਲੀਭੀਤ ਤੋਂ ਲੋਕ ਸਭਾ ਚੋਣਾਂ ਲੜ ਰਹੇ ਭਾਜਪਾ ਉਮੀਦਵਾਰ ਵਰੁਣ ਗਾਂਧੀ ਤੋਂ ਕੌਮੀ ਸੁਰੱਖਿਆ ਕਾਨੂੰਨ ਹਟਾ ਦਿੱਤਾ ਅਤੇ ਬੋਰਡ ਨੇ ਵਰੁਣ ਗਾਂਧੀ 'ਤੇ ਰਸੂਕਾ ਲਾਏ ਜਾਣ ਦੇ ਕਾਨੂੰਨੀ ਆਧਾਰ ਨੂੰ ਪੁਖਤਾ ਨਹੀਂ ਮੰਨਿਆ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਵਰੁਣ ਗਾਂਧੀ 'ਤੇ ਕੌਮੀ ਸੁਰੱਖਿਆ ਕਾਨੂੰਨ ਲਾਏ ਜਾਣ ਵਿਰੁੱਧ ਉਨ੍ਹਾਂ ਵੱਲੋਂ ਤਿਆਰ ਕੀਤੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕਿਹਾ ਕਿ ਜੋ ਵਰੁਣ ਗਾਂਧੀ ਵਾਅਦਾ ਕਰਦੇ ਹਨ ਕਿ ਭਵਿੱਖ ਵਿੱਚ ਉਹ ਇਸ ਤਰ੍ਹਾਂ ਦੇ ਭੜਕਾਊ ਭਾਸ਼ਣ ਨਹੀਂ ਦੇਣਗੇ ਤਾਂ ਉਸ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਆਖ਼ਰ ਉਹ ਕੋਈ ਅਪਰਾਧੀ ਨਹੀਂ ਹਨ ਅਤੇ ਉਨ੍ਹਾਂ ਵਿਰੁੱਧ ਇੰਨੇ ਸਖ਼ਤ ਕਦਮ ਦੀ ਲੋੜ ਨਹੀਂ ਸੀ। ਸੁਪਰੀਮ ਕੋਰਟ ਕੈਂਪਸ ਵਿੱਚ ਵਾਅਦਿਆਂ ਦੇ ਲੈਣ-ਦੇਣ ਦਾ ਇਹ ਕੋਈ ਪਹਿਲਾ ਕੇਸ ਨਹੀਂ ਹੈ। ਅੱਜ ਤੋਂ 17 ਸਾਲ ਪਹਿਲਾਂ ਇਸੇ ਕੋਰਟ 'ਚ ਉੱਤਰ ਪ੍ਰਦੇਸ਼ ਦੇ ਉਸ ਵੇਲੇ ਦਾ ਮੁੱਖ ਮੰਤਰੀ ਕਲਿਆਣ ਸਿੰਘ ਨੇ ਵਚਨ ਦਿੱਤਾ ਸੀ। ਪੂਰਾ ਦੇਸ਼ ਜਾਣਦਾ ਹੈ ਕਿ ਸੁਪਰੀਮ ਕੋਰਟ ਨੇ ਵਚਨ ਭੰਗ ਕਰਨ ਵਾਲੇ ਮੁੱਖ ਮੰਤਰੀ ਨੂੰ ਕੋਈ ਅਜਿਹਾ ਦੰਡ ਨਹੀਂ ਦਿੱਤਾ, ਜਿਸ ਦੇ ਮੱਦੇਨਜ਼ਰ ਅੱਗੇ ਤੋਂ ਕੋਈ ਅਦਾਲਤ 'ਚ ਦਿੱਤੇ ਵਚਨ ਨੂੰ ਭੰਗ ਕਰਨ ਦੀ ਹਿੰਮਤ ਨਾ ਕਰ ਸਕੇ।

ਸੁਪਰੀਮ ਕੋਰਟ ਦੀਆਂ ਇਨ੍ਹਾਂ ਟਿੱਪਣੀਆਂ ਨਾਲ ਦੇਸ਼ ਦੇ ਲੋਕਾਂ ਦੇ ਸਾਹਮਣੇ ਨਿਆਂ ਅਮਲ 'ਤੇ ਸਵਾਲ ਉਠ ਖੜੇ ਹੋਏ ਹਨ। ਅਦਾਲਤ ਨੇ ਉਸ ਸਮੇਂ ਤਕ ਇਹ ਸਿੱਧ ਨਹੀਂ ਕੀਤਾ ਸੀ ਕਿ ਉਹ ਅਪਰਾਧੀ ਹਨ ਜਾਂ ਨਹੀਂ। ਫਿਰ ਸੁਪਰੀਮ ਕੋਰਟ ਨੇ ਕਿਵੇਂ ਇਹ ਕਹਿ ਦਿੱਤਾ ਕਿ "ਆਖ਼ਰ ਉਹ ਅਪਰਾਧੀ ਨਹੀਂ ਹਨ।" ਜਿਵੇਂ ਘ੍ਰਿਣਤ ਪ੍ਰਚਾਰ ਵਰੁਣ ਦੇ ਇਸ ਭਾਸ਼ਣ ਨਾਲ ਕੀਤਾ ਗਿਆ ਉਹ ਕੌਮੀ ਏਕਤਾ ਦੇ ਰਾਹ 'ਚ ਅੜਿਕਾ ਹੈ ਜਾਂ ਨਹੀਂ? ਨਫ਼ਰਤ ਦੀ ਉਸ ਲਾਮਬੰਦੀ ਨੇ ਭਾਰਤੀ ਲੋਕਾਂ 'ਚ ਜੋ ਨਫ਼ਰਤ ਪੈਦਾ ਕੀਤੀ ਕੀ ਉਸ 'ਤੇ ਕਦੇ ਮਾਨਯੋਗ ਜੱਜ ਵਿਚਾਰ ਕਰਨਗੇ? ਕੀ ਉਹ ਕਦੇ ਇਸ ਸਬੰਧੀ ਆਤਮ ਚਿੰਤਨ ਕਰਨਗੇ? ਬਾਬਰੀ ਮਸਜਿਦ ਦੇ ਢਹਿ-ਢੇਰੀ ਹੋਣ ਅਤੇ ਉਸ ਪਿੱਛੋਂ ਹੋਏ ਖ਼ੂਨ-ਖ਼ਰਾਬੇ ਨੂੰ ਰੋਕ ਦੇਣ 'ਚ ਉਨ੍ਹਾਂ ਦੀ ਕੁਝ ਭੂਮਿਕਾ ਹੋ ਸਕਦੀ ਸੀ, ਜੋ ਨਹੀਂ ਨਿਭਾਈ ਗਈ (ਜਨਸੱਤਾ ਅਪ੍ਰੈਲ 15,2009)। ਕਹਿੰਦੇ ਹਨ ਪੂੰਜੀਵਾਦੀ ਤੰਤਰ 'ਚ ਕਾਨੂੰਨ ਦੀਆਂ ਨਜ਼ਰਾਂ 'ਚ ਸਭ ਬਰਾਬਰ ਹਨ, ਪਰ ਸੁਪਰੀਮ ਕੋਰਟ ਦੀ ਉਪਰੋਕਤ ਉਧਾਰਣਾ ਕੀ ਸਭ ਦੇ ਭਾਗ ਵਿਚ ਹੈ? ਦਸੰਬਰ 2007 ਵਿੱਚ ਜਦ ਡਾ. ਵਿਨਾਇਕ ਸੇਨ ਦੀ ਜ਼ਮਾਨਤ ਪਟੀਸ਼ਨ ਪੇਸ਼ ਕੀਤੀ ਗਈ ਸੀ ਤਾਂ ਇਸ ਮਾਨਵੀ ਅਦਾਲਤ ਨੇ ਉਸ ਨੂੰ ਠੀਕ ਤਰ੍ਹਾਂ ਸੁਣਨ ਲਾਇਕ ਵੀ ਨਹੀਂ ਸੀ ਮੰਨਿਆ। ਇਹ ਸਵਾਲ ਵਾਰ-ਵਾਰ ਪੁਛਿਆ ਗਿਆ ਕਿ ਉਹ 33 ਵਾਰ ਇਕ ਮਾਓਵਾਦੀ ਨੇਤਾ ਨੂੰ ਜੇਲ੍ਹ ਵਿੱਚ ਮਿਲਣ ਕਿਉਂ ਗਏ? ਮਾਨਵੀ ਅਦਾਲਤ ਨੇ ਕਿਵੇਂ ਮੰਨ ਲਿਆ ਕਿ ਇਹ

ਉਨ੍ਹਾਂ ਦੇ ਖਤਰਨਾਕ ਅਪਰਾਧੀ ਹੋਣ ਦਾ ਲੋੜੀਂਦਾ ਸਬੂਤ ਹੈ ਅਤੇ ਇਸ ਆਧਾਰ 'ਤੇ ਜ਼ਮਾਨਤ ਨਾ ਮਨਜ਼ੂਰ ਕਰ ਦਿੱਤੀ ਗਈ। ਤੱਥ ਇਹ ਵੀ ਹਨ ਕਿ ਇਹ ਜਾਣਕਾਰੀ ਮਿਲਣ 'ਤੇ ਪੁਲਿਸ ਇਨ੍ਹਾਂ ਨੂੰ ਖੋਜ ਰਹੀ ਹੈ, ਉਹ ਖ਼ੁਦ ਪੁਲਿਸ ਕੋਲ ਗਏ, ਰੂਪੋਸ਼ ਨਹੀਂ ਹੋਏ। ਉਨ੍ਹਾਂ ਦਾ ਜੀਵਨ ਇਕ ਖੁੱਲ੍ਹੀ ਕਿਤਾਬ ਹੈ ਤੇ ਪੂਰੀ ਦੁਨੀਆਂ ਦੇ ਸਭਿਅਕ ਸਮਾਜ ਦੇ ਲੋਕ ਉਨ੍ਹਾਂ ਦੇ ਪੱਖ ਵਿੱਚ ਬੋਲ ਰਹੇ ਸਨ। ਇਸ ਨਿਆਂ ਪ੍ਰਬੰਧ ਵਿੱਚੋਂ ਕੱਢੇ ਹੋਏ ਲੋਕਾਂ ਨਾਲ ਬਣੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਜਾਂਚ ਟੀਮ ਨੇ ਜਿਸ ਤਰ੍ਹਾਂ ਸਲਵਾ ਜੂਡਮ ਦੀ ਆਲੋਚਨਾ ਕਰਨ ਤੋਂ ਇਨਕਾਰ ਕਰ ਦਿੱਤਾ, ਉਸ ਤੋਂ ਵੀ ਇਹੀ ਸੁਨੇਹਾ ਮਿਲਦਾ ਹੈ ਕਿ ਮਾਨਵੀ ਅਦਾਲਤਾਂ ਜਾਂ ਕਮਿਸ਼ਨਾਂ ਦੀ ਕ੍ਰਿਪਾ ਦ੍ਰਿਸ਼ਟੀ ਸਭ ਨੂੰ ਨਸੀਬ ਨਹੀਂ ਹੁੰਦੀ।

ਲੇਖਕ ਅਪੂਰਵਾਨੰਦ 15 ਅਪ੍ਰੈਲ, 2009 ਦੀ 'ਜਨਸੱਤਾ' ਵਿੱਚ ਲਿਖਦੇ ਹਨ, "ਕੁਝ ਦਿਨ ਪਹਿਲਾਂ ਇਕ ਹੋਰ ਜੱਜ ਨੇ ਕ੍ਰੋਧ ਭਰੀ ਟਿੱਪਣੀ 'ਚ ਮੁਸਲਮਾਨਾਂ ਦੇ ਦਾੜ੍ਹੀ ਰੱਖਣ 'ਤੇ ਤਾਲਿਬੀਕਰਣ ਵਿਚਕਾਰ ਜੋ ਸਿੱਧਾ ਰਾਹ ਲੱਭ ਲਿਆ, ਉਸ ਨੇ ਵੀ ਇਹ ਚਿੰਤਾ ਪੈਦਾ ਕੀਤੀ ਕਿ ਕਿਧਰੇ ਸਾਡੀ ਨਿਆਂ ਪ੍ਰਣਾਲੀ ਉਨ੍ਹਾਂ ਪੂਰਵ ਧਾਰਣਾਵਾਂ ਦਾ ਸ਼ਿਕਾਰ ਤਾਂ ਨਹੀਂ, ਜਿਨ੍ਹਾਂ ਦਾ ਫ਼ਾਇਦਾ ਰਾਸ਼ਟਰੀ ਸੋਇੰਮ ਸੇਵਕ ਸੰਘ ਨੇ ਉਠਾਇਆ ਹੈ। ਵਰੁਣ ਅੱਗੇ ਤੋਂ ਅਜਿਹੇ ਭਾਸ਼ਣ ਨਾ ਦੇਣ ਦਾ ਵਾਅਦਾ ਦੇ ਦੇਣ ਅਤੇ ਇਸ ਆਧਾਰ 'ਤੇ ਉਨ੍ਹਾਂ ਨੂੰ ਕੌਮੀ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਜਾਵੇ। ਇਹ ਉਸੇ ਪੂਰਵ ਧਾਰਣਾ ਦਾ ਦੂਜਾ ਪਹਿਲੂ ਹੈ, ਜਿਸ ਵਿੱਚ ਕੋਈ ਹਿੰਦੂ ਕਦੇ ਵੀ ਭਾਰਤੀ ਕੌਮ ਲਈ ਖ਼ਤਰਨਾਕ ਹੋ ਹੀ ਨਹੀਂ ਸਕਦਾ। ਇਸ ਲਈ ਖੁਲ੍ਹੇਆਮ ਮੁਸਲਿਮ ਵਿਰੋਧੀ ਘ੍ਰਿਣਾ ਦੀ ਲਾਮਬੰਦੀ ਕਰਨ ਵਾਲੇ ਅਡਵਾਨੀ ਨਾਲ ਬੈਠਣ 'ਚ ਨਿਤੀਸ਼ ਕੁਮਾਰ ਨੂੰ ਗੁਰੇਜ਼ ਨਹੀਂ। ਖੁਲ੍ਹੇਆਮ ਮੁਸਲਮਾਨਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਵਾਲੇ ਨਰਿੰਦਰ ਮੋਦੀ ਨੂੰ ਭਾਵੀ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨ 'ਚ ਭਾਰਤੀ ਪੂੰਜੀ ਦੇ ਮੋਹਰੀਆਂ ਨੂੰ ਕੋਈ ਹਿਚਕ ਨਹੀਂ ਅਤੇ ਸੁਪਰੀਮ ਕੋਰਟ ਨੂੰ ਵਰੁਣ ਦੇ ਪੀਲੀਭੀਤ ਦੇ ਭਾਸ਼ਣ ਤੇ ਉਸ ਤੋਂ ਪਿੱਛੇ ਦੀਆਂ ਘਟਨਾਵਾਂ ਬਾਅਦ ਵੀ ਉਸ ਤੋਂ ਚੰਗੇ ਵਰਤਾਅ ਦਾ ਵਾਅਦਾ ਲੈਣ ਦਾ ਸੁਝਾਅ ਇਹ ਸਭ ਧਰਮ ਨਿਰਪੱਖ ਭਾਰਤੀ ਲੋਕ ਰਾਜ ਦੇ ਭਵਿੱਖ ਲਈ ਕੋਈ ਸ਼ੁਭ ਸੰਕੇਤ ਨਹੀਂ।"

ਇਕ ਹੋਰ ਉਦਾਹਰਣ ਵੀ ਵੇਖੋ- ਅੱਜ ਤੋਂ 21-22 ਸਾਲ ਪਹਿਲਾਂ ਕੇਂਦਰ ਤੇ ਰਾਜ (ਉਤਰ ਪ੍ਰਦੇਸ਼) 'ਚ ਕੇਂਦਰ ਦੀ ਹਕੂਮਤ ਸੀ। ਉਸ ਸਮੇਂ ਮੇਰਠ 'ਚ ਦੰਗੇ ਹੋਏ ਸਨ। ਇਨ੍ਹਾਂ ਲੋਕਾਂ 'ਚ ਧਰਮ ਨਿਰਪੱਖ ਭਾਰਤੀ ਲੋਕ ਰਾਜ ਦੀ ਪੁਲਿਸ ਅਤੇ ਪੀ. ਏ. ਸੀ. ਨੇ ਖੁਲ੍ਹੇਆਮ ਮੁਸਲਮਾਨਾਂ ਨਾਲ ਜਾਲਮਾਨਾ ਵਰਤਾਅ ਕੀਤਾ ਸੀ। ਅਜਿਹੀ ਆਮ ਚਰਚਾ ਸੀ ਕਿ ਉਨ੍ਹਾਂ ਨੇ ਹਿੰਡਨ ਨਹਿਰ 'ਚ 40 ਮੁਸਲਮਾਨਾਂ ਨੂੰ ਮਾਰ ਕੇ ਰੋੜ੍ਹ ਦਿੱਤਾ ਸੀ। ਉਕਤ ਕਾਂਡ ਤੋਂ ਬਾਅਦ ਦੇ 22 ਸਾਲਾਂ ਵਿੱਚ ਮੁੱਖ ਧਾਰਾ ਦੀਆਂ ਸਾਰੀਆਂ ਪਾਰਟੀਆਂ ਸੱਤਾ ਵਿੱਚ ਰਹਿ ਚੁੱਕੀਆਂ ਹਨ, ਪਰ ਆਪਣੇ ਪੱਧਰ 'ਤੇ ਸਭ ਦੀ ਇਹੀ ਕੋਸ਼ਿਸ਼ ਰਹੀ ਹੈ ਕਿ ਕਿਸੇ ਨਾ ਕਿਸੇ ਬਹਾਨੇ ਦੋਸ਼ੀਆਂ ਨੂੰ ਬਚਾਇਆ ਜਾਵੇ। ਦੋਸ਼ੀਆਂ ਵਿਰੁੱਧ ਜਨਵਰੀ 1997 ਤੋਂ ਅਪ੍ਰੈਲ 2001 ਦੇ ਮੱਧ ਵਿੱਚ ਛੇ ਵਾਰੀ ਜ਼ਮਾਨਤੀ ਵਰੰਟ ਅਤੇ 17 ਵਾਰੀ ਗ਼ੈਰ ਜ਼ਮਾਨਤੀ ਵਰੰਟ ਤਾਮੀਲ ਹੋਏ ਪਰ ਇਸ ਦੌਰਾਨ ਸਭ ਵਾਪਸ ਕਰ ਦਿੱਤੇ ਗਏ। ਇਹ ਕਿਹਾ ਗਿਆ ਕਿ ਇਹ ਸਭ "ਭਗੌੜੇ" ਹਨ। ਜਦਕਿ

ਇਹ ਸਭ ਉਸ ਦੌਰਾਨ ਵੱਖ-ਵੱਖ ਥਾਵਾਂ ’ਤੇ ਸਰਕਾਰੀ ਅਮਲੇ ਵਿੱਚ ਤਾਇਨਾਤ ਸਨ। ਅੱਜ ਵੀ ਨਹੀਂ ਕਿਹਾ ਜਾ ਸਕਦਾ ਕਿ ਦੋਸ਼ੀ ਨੂੰ ਸਜ਼ਾ ਮਿਲੇਗੀ।

1969 ’ਚ ਤਜਾਵਰ ਦੇ ਕਿਲੇਵਨਭਵੀ ’ਚ 33 ਦਲਿਤ ਔਰਤਾਂ ’ਤੇ ਬੱਚਿਆਂ ਨੂੰ ਜਿਉਂਦਿਆਂ ਸਾੜ ਦਿੱਤਾ ਗਿਆ ਸੀ। ਸਾਡੀ ਮਾਨਵੀ ਅਦਾਲਤ ਨੇ ਦੋਸ਼ੀਆਂ ਨੂੰ ਬਾਇੱਜ਼ਤ ਬਰੀ ਕਰਦਿਆਂ ਆਖਿਆ ਸੀ ਕਿ “ਇਹ ਉਚੀ ਜਾਤ ਦੇ ਲੋਕ ਹਨ ਅਤੇ ਇਨ੍ਹਾਂ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਦਲਿਤ ਦੀ ਬਸਤੀ ਤਕ ਪੈਦਲ ਗਏ ਹੋਣਗੇ।”

ਇਕ ਹੋਰ ਕਹਾਣੀ ਅਨੁਸਾਰ ਮਣੀਪੁਰ ਦੇ ਇੰਫਾਲ ਦੀ ਸ਼ਰਮੀਲਾ ਦੀ। ਪਿਛਲੇ ਨੌਂ ਸਾਲਾਂ ਤੋਂ ਉਨ੍ਹਾਂ ਨੂੰ ਜੇਲ ’ਚ ਸੁੱਟ ਕੇ ਰੱਖਿਆ ਜਾ ਰਿਹਾ ਹੈ ਜਦਕਿ ਅਪਰਾਧ ਦਾ ਜਾਂ ਅਪਰਾਧੀਆਂ ਨਾਲ ਮਿਲੀਭੁਗਤ ਦਾ ਕੋਈ ਦੋਸ਼ ਹੀ ਨਹੀਂ ਹੈ। ‘ਆਤਮ ਹੱਤਿਆ’ ਯਾਨੀ ਭੁੱਖ ਹੜਤਾਲ ’ਤੇ ਬੈਠਣ ਤੋਂ ਰੋਕਣ ਲਈ ਪਿਛਲੇ ਨੌਂ ਸਾਲਾਂ ਤੋਂ ਜੇਲ੍ਹ ’ਚ ਇਨ੍ਹਾਂ ਦੀ ਹੌਲੀ-ਹੌਲੀ ਹੱਤਿਆ ਕੀਤੀ ਜਾ ਰਹੀ ਹੈ ਅਤੇ ਪੂਰਾ ਦੇਸ਼ ਖ਼ਾਮੋਸ਼ ਹੈ। ਨੌ ਸਾਲ ਪਹਿਲਾਂ ਇੰਫ਼ਾਲ ’ਚ ਆਪਣੇ ਪਿੰਡ ਵਿੱਚ ਸ਼ਰਮੀਲਾ ਨੇ ਵੇਖਿਆ ਕਿ ਬੱਸ ਅੱਡੇ ’ਤੇ ਖੜ੍ਹੇ ਲੋਕਾਂ ’ਤੇ ਭਾਰਤੀ ਫ਼ੌਜ ਦੇ ਜਵਾਨਾਂ ਨੇ ਅਚਾਨਕ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਲਾਸ਼ਾਂ ਵਿੱਚ ਤਬਦੀਲ ਕਰ ਦਿੱਤਾ। ਉਸ ਨੇ ਜਦ ਇਸ ਦਾ ਕਾਰਨ ਜਾਣਨਾ ਚਾਹਿਆ ਤਾਂ ਜਵਾਬ ਮਿਲਿਆ ਕਿ ਅਸੀਂ ਕਿਸੇ ਨੂੰ ਜਵਾਬ ਦੇਣ ਦੇ ਪਾਬੰਦ ਨਹੀਂ ਹਾਂ। ਫਿਰ ਦੱਸਿਆ ਗਿਆ ਕਿ ਫੌਜ ਨੂੰ ਸ਼ੱਕ ਹੋ ਗਿਆ ਸੀ। ਇਨ੍ਹਾਂ ’ਚ ਕੋਈ ਦਹਿਸ਼ਤਗਰਦ ਛੁਪਿਆ ਹੈ। ਇਹ ਵੀ ਦੱਸਿਆ ਗਿਆ ਕਿ ਸੁਰੱਖਿਆ ਫੋਰਸ ਵਿਸੇਸ਼ ਅਧਿਕਾਰ ਕਾਨੂੰਨ ਵਿਚ ਫ਼ੌਜ਼ ਨੂੰ ਅਧਿਕਾਰ ਹੈ ਕਿ ਉਹ ਸ਼ੱਕ ਦੇ ਆਧਾਰ ’ਤੇ ਕੋਈ ਵੀ ਕਾਰਵਾਈ ਕਰ ਸਕਦੀ ਹੈ। ਇਸ ਪ੍ਰਤੀ ਫ਼ੌਜ ਕਿਸੇ ਨੂੰ ਜਵਾਬਦੇਹ ਨਹੀਂ ਹੈ। ਮਣੀਪੁਰ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਆਮ ਹਨ। ਸ਼ਰਮੀਲਾ ਨੇ ਇਸ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਰੱਖੀ ਅਤੇ ਕਿਹਾ ਕਿ ਜਦ ਤਕ ਇਹ ਮੰਗ ਮੰਨੀ ਨਹੀਂ ਜਾਂਦੀ, ਉਹ ਭੁੱਖ ਹੜਤਾਲ ’ਤੇ ਰਹੇਗੀ। ਇਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਸਰਕਾਰ ਪੁਲਿਸ ਫੌਜ ਨੂੰ ਇਹ ਅਧਿਕਾਰ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਹੀ ਨਾਗਰਿਕਾਂ ਦਾ ਕਤਲ ਕਰ ਦੇਵੇ ਅਤੇ ਉਸ ਦੀ ਕਿਧਰੇ ਵੀ ਸੁਣਵਾਈ ਨਾ ਹੋਵੇ। ਗਲਤੀ ਇਧਰੋਂ ਵੀ ਹੋ ਸਕਦੀ ਹੈ ਤੇ ਉਧਰੋਂ ਵੀ। ਇਸ ਲਈ ਜਵਾਬਦੇਹੀ ਤਹਿ ਹੋਣੀ ਚਾਹੀਦੀ ਹੈ ਅਤੇ ਉਹ ਤਾਂ ਹੀ ਤਹਿ ਹੋ ਸਕਦੀ ਹੈ ਜਦ ਸਾਰੇ ਕਿਸੇ ਸੰਵਿਧਾਨਕ ਪ੍ਰਬੰਧ ਨਾਲ ਬੱਝੇ ਹੋਣ। ਇਸ ਤੋਂ ਵੱਧ ਲੋਕ ਰਾਜੀ ਮੰਗ ਹੋਰ ਕੀ ਹੋ ਸਕਦੀ ਹੈ? ਇਸ ਲਈ ਇੱਕ ਲੜਕੀ ਨੌਂ ਸਾਲਾਂ ਤੋਂ ਭੁੱਖ ਹੜਤਾਲ ਕਰੀ ਬੈਠੀ ਹੈ ਤੇ ਸਾਰੀ ਸਰਕਾਰੀ ਤਾਕਤ ਉਸ ਨੂੰ ਜਬਰੀ ਨੱਕ ਰਸਤੇ ਖ਼ੁਰਾਕ ਦੇਣ ਵਿੱਚ ਜੁਟੇ ਰਹੇ ਤਾਂ ਇਸ ਨੂੰ ਸਾਰੀ ਮਨੁੱਖਤਾ ਦੀ ਬੇਇੱਜ਼ਤੀ ਤੋਂ ਘੱਟ ਕੀ ਸਮਝਿਆ ਜਾਵੇ?

ਨੌ ਸਾਲਾਂ ਦੀ ਲੰਮੀ ਹਿਰਾਸਤ ’ਚ ਬਿਖਰੀ ਹੋਈ ਮਾਨਸਿਕ ਹਾਲਤ ਤੇ ਅੰਨ ਨਾ ਖਾਣ ਕਰਕੇ ਇਕਦਮ ਖੋਖਲਾ ਹੋ ਗਿਆ ਸਰੀਰ ਅੱਜ ਸ਼ਰਮੀਲਾ ਦੀ ਪਹਿਚਾਣ ਬਣ ਗਿਆ ਹੈ। ਸਰਕਾਰ ਨੇ ਅੱਜ ਤਕ ਨਹੀਂ ਦੱਸਿਆ ਕਿ ਕਿਸ ਕਾਰਨ, ਕਿਸ ਅਪਰਾਧ ’ਚ ਸ਼ਰਮੀਲਾ ਨੂੰ 364 ਦਿਨ ਹਿਰਾਸਤ ਵਿੱਚ ਰੱਖਦੀ ਹੈ ਅਤੇ ਇਕ ਦਿਨ ਦੀ ਰਿਹਾਈ ਦੇ ਕੇ ਫਿਰ ਗ੍ਰਿਫ਼ਤਾਰ ਕਰ ਲੈਂਦੀ ਹੈ। ਸਰਕਾਰ ਨੂੰ ਦੱਸਣਾ ਹੋਵੇਗਾ ਕਿ

ਉਹ ਕਦੋਂ ਤਕ ਅਜਿਹਾ ਕਰਦੀ ਰਹੇਗੀ ਤੇ ਹਿਰਾਸਤ ’ਚ ਉਸ ਦੀ ਮੌਤ ਹੋਣ ਤਕ ਕਿਸ ਦੀ ਜ਼ੁੰਮੇਵਾਰੀ ਹੋਵੇਗੀ? ਕੀ ਦੇਸ਼ ਦੀਆਂ ਜਮਹੂਰੀ ਤੇ ਦੇਸ਼ ਭਗਤ ਸ਼ਕਤੀਆਂ ਦੀ ਇਹ ਜ਼ੁੰਮੇਵਾਰੀ ਨਹੀਂ ਬਣਦੀ ਕਿ ਸੁਰੱਖਿਆ ਫ਼ੋਰਸ ਵਿਸੇਸ਼ ਅਧਿਕਾਰ ਵਰਗੇ ਤਾਨਾਸ਼ਾਹੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਸੰਘਰਸ਼ ਕਰਕੇ ਅਤੇ ਦੇਸ਼ ਲਏ ਸੂਬਿਆਂ ਦੇ ਲੋਕਾਂ ਨੂੰ ਆਤੰਕ ਤੋਂ ਮੁਕਤੀ ਦਿਵਾਏ।

ਆਉ ਹੁਣ ਨਿਆਂ ਦੀ ਪ੍ਰਾਪਤੀ ਲਈ ਨਿਯੁਕਤ ਵੱਖ-ਵੱਖ ਕਮਿਸ਼ਨਾਂ ਦੀ ਹਕੀਕਤ ਦਾ ਜਾਇਜ਼ਾ ਲਈਏ। ਦੇਸ਼ ਵਿੱਚ ਅਖੌਤੀ ਲੋਕ ਰਾਜ ਦੀ ਸਥਾਪਨਾ ਦੇ ਸਮੇਂ ਤੋਂ ਹੀ ਨੌਕਰਸ਼ਾਹੀ ਦਲਾਲ ਸਰਮਾਏਦਾਰੀ ਤੇ ਅਰਧ ਜਾਗੀਰੂ ਤੱਤਾਂ ਨੇ ਇਹ ਸਮਝ ਲਿਆ ਸੀ ਕਿ ਰਾਤ ਦਿਨ ਪੂੰਜੀ ਨੂੰ ਨਾਜਾਇਜ਼ ਇਕੱਠਾ ਕਰਨ ਲਈ, ਲੋਕਾਂ ਦੀ ਲੁੱਟ-ਘਸੁੱਟ ਵਿੱਚ ਉਨ੍ਹਾਂ ਵੱਲੋਂ ਗ਼ੈਰ-ਕਾਨੂੰਨੀ ਕਰਤੂਤਾਂ ਦਾ ਹੋਣਾ ਲਾਜ਼ਮੀ ਹੈ। ਇਨ੍ਹਾਂ ਕਾਲੇ ਕਾਰਨਾਮਿਆਂ ਕਰ ਕੇ ਆਪਣੇ-ਆਪ ਨੂੰ ਸਦਾ ਤੋਂ ਬਚਾਉਣ ਲਈ ਉਨ੍ਹਾਂ ਨੇ ਜਾਂਚ ਕਮਿਸ਼ਨ ਦੀ ਢਾਲ ਦੀ ਖੋਜ ਕਰ ਲਈ। ਉਨ੍ਹਾਂ 1952 ’ਚ ਜਾਂਚ ਕਮਿਸ਼ਨ ਕਾਨੂੰਨ ਨੂੰ ਲੋਕ ਸਭਾ ਤੋਂ ਪਾਸ ਕਰਵਾ ਲਿਆ। ਅੱਜ ਸਥਿਤੀ ਇਹ ਹੋ ਗਈ ਹੈ ਕਿ ਨੈਤਿਕਤਾ, ਸੇਵਾ, ਤਿਆਗ, ਦੇਸ਼ ਭਗਤੀ ਤੇ ਜਮਹੂਰੀਅਤ ਦੀ ਕਾਮਨਾ, ਭਾਰਤੀ ਸੰਸਦੀ ਰਾਜਨੀਤੀ ਵਿੱਚੋਂ ਗ਼ਾਇਬ ਹੈ। ਅਜਿਹੇ ਵਿੱਚ ਜਾਂਚ ਕਮਿਸ਼ਨ ਲੋਕਾਂ ਦੀਆਂ ਅੱਖਾਂ ’ਤੇ ਭਰਮ ਦਾ ਪਰਦਾ ਪਾਉਣ ਦਾ ਬੇਹਤਰੀਨ ਸਾਧਨ ਬਣ ਚੁੱਕੇ ਹਨ। ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਇਕ ਕਾਤਲ ਨੂੰ ਫਾਂਸੀ ਹੋਈ ਪਰ ਹੱਤਿਆ ਦੀ ਸਾਜ਼ਿਸ਼ ਨੂੰ ਉਜਾਗਰ ਕਰਨ ਲਈ ਗਠਤ ਕਮਿਸ਼ਨ ਦੀ ਰੀਪੋਰਟ ਭੇਦ ਪੂਰਨ ਢੰਗ ਨਾਲ ਦਬਾ ਦਿੱਤੀ ਗਈ। ਜਾਂਚ ਕਮਿਸ਼ਨ ਦੇ ਕਾਂਗਰਸੀ ਨੇਤਾ ਧਵਨ, ਇਕ ਸਾਬਕਾ ਪ੍ਰਧਾਨ ਮੰਤਰੀ ਤੇ ਸੀ. ਆਈ. ਏ ’ਤੇ ਸ਼ੱਕ ਦੀ ਸੂਈ ਘੁਮਾਈ, ਪਰ ਥੋੜੇ ਜਿਹੇ ਹੰਗਾਮੇ ਪਿੱਛੋਂ ਦਾਗ਼ੀ ਲੋਕ ਫਿਰ ਸ਼ਾਨ ਨਾਲ ਮੁੱਛਾਂ ਨੂੰ ਤਾਅ ਦਿੰਦੇ ਰਹੇ। ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ’ਚ ਅਦਾਲਤ ਫ਼ੈਸਲਾ ਦੇ ਚੁੱਕੀ ਹੈ। ਪਰ ਜੈਨ ਕਮਿਸ਼ਨ ਦੀ ਜਾਂਚ ਕਦੋਂ ਤਕ ਜਾਰੀ ਰਹੇਗੀ, ਪਤਾ ਨਹੀਂ। ਗੁਜਰਾਤ ਕਤਲੇਆਮ ਦੀ ਜਾਂਚ ਨਾਨਾਵਤੀ ਤੇ ਸ਼ਾਹ ਕਮਿਸ਼ਨ ਕਰ ਰਹੇ ਹਨ ਤਾਂ ਨਾਲ ਦੀ ਨਾਲ ਫ਼ਾਸਟ ਟ੍ਰੈਕ ਅਦਾਲਤਾਂ ਵਿੱਚੋਂ ਮੁਜਰਮਾਂ ਦੇ ਬਰੀ ਹੋ ਜਾਣ ਦਾ ਸਿਲਸਿਲਾ ਜਾਰੀ ਹੈ। ਸੁਪਰੀਮ ਕੋਰਟ ਇਸ ਵਿਸ਼ੇ ’ਚ ਕੁਝ ਵੱਡੇ ਰਾਜਸੀ ਨੇਤਾਵਾਂ ’ਤੇ ਫਿਰ ਤੋਂ ਕਾਰਵਾਈ ਕਰਨ ਦਾ ਅਮਲ ਅਪਣਾ ਚੁੱਕੀ ਹੈ। ਤਹਿਲਕਾ ਦੇ ਕੈਮਰੇ ਰਾਹੀਂ ਰੱਖਿਆ ਖ਼ਰੀਦ ਸੌਦੇ ’ਚ ਜਿਸ ਕਮਿਸ਼ਨ ਦਾ ਗਠਨ ਕੀਤਾ ਸੀ, ਉਸ ਦੇ ਕਿਸੇ ਸਿੱਟੇ ’ਤੇ ਪਹੁੰਚਣ ਤੋਂ ਪਹਿਲਾਂ ਹੀ ਕਈ ਫ਼ੈਸਲੇ ਕਰਾ ਦਿੱਤੇ ਗਏ। ਤਹਿਲਕਾ ਦੇ ਤਰੁਣ ਤੇਜਪਾਲ ’ਤੇ ਸਰਕਾਰ ਵਲੋਂ ਚੌਤਰਫ਼ਾ ਹਮਲੇ ਹੋਏ ਅਤੇ ਉਨ੍ਹਾਂ ਨੂੰ ਮਾਨਸਿਕ ਤੇ ਆਰਥਕ ਤੌਰ ’ਤੇ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਬੰਗਾਰੂ ਲਕਸ਼ਮਣ ਨੂੰ ਘਰ ਬਿਠਾ ਦਿੱਤਾ ਗਿਆ, ਰੱਖਿਆ ਮੰਤਰੀ ਦੀ ਰਿਹਾਇਸ਼ ’ਤੇ ਨਕਦ ਨਾਰਾਇਣ ਪ੍ਰਾਪਤੀ ਕਰਦੀ ਦਿੱਸੀ, ਜਯਾ ਜੇਤਲੀ ਤੇ ਉਸ ਦੇ ਨੇਤਾ ਜਾਰਜ ਫ਼ਰਨਾਂਡੇਜ਼ ਨੂੰ ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ ਲੋਕ ਸਭਾ ਵਿੱਚ ਹੀ ਕਲੀਨ ਚਿੱਟ ਦੇ ਦਿੱਤੀ। ਜਾਂਚ ਕਮਿਸ਼ਨ ਦਾ ਖ਼ਰਚ ਕਰੋੜਾਂ ਵਿੱਚ ਪੁੱਜ ਚੁੱਕਾ ਹੈ ਤੇ ਨਾਟਕ ਅਜੇ ਜਾਰੀ ਹੈ।

ਇਸ ਤਰ੍ਹਾਂ ਰਾਜਸਥਾਨ ਵਿੱਚ 2004-05 ’ਚ 34 ਮਹੀਨਿਆਂ ਵਿੱਚ 9

ਪੁਲਿਸ ਗੋਲੀਕਾਂਡ ਹੋਏ ਸਨ। ਇਨ੍ਹਾਂ ਦੀ ਜਾਂਚ ਲਈ ਕਮਿਸ਼ਨ, ਸੱਤ ਜਾਂਚ ਏਜੰਸੀਆਂ ਬਣਾਈਆਂ ਗਈਆਂ। ਫਿਰ ਵੀ ਸਿੱਟਾ ਜ਼ੀਰੋ ਰਿਹਾ। ਇਨ੍ਹਾਂ ਗੋਲੀ ਕਾਂਡਾਂ 'ਚ 14 ਲੋਕਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ। ਇਨ੍ਹਾਂ ਜਾਂਚ ਕਮਿਸ਼ਨਾਂ 'ਤੇ ਕਰੋੜਾਂ ਦਾ ਖਰਚ ਹੋ ਚੁੱਕਾ ਹੈ। ਦੇਸ਼ ਦੀਆਂ ਜਮਹੂਰੀ ਦੇਸ਼ ਭਗਤ ਤੇ ਇਨਕਲਾਬੀ ਸ਼ਕਤੀਆਂ ਨੂੰ ਇਨ੍ਹਾਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੇ ਕਮਿਸ਼ਨਾਂ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ ਤੇ ਇਕ ਅਸਲੀ, ਲੋਕਪੱਖੀ ਨਿਆਂ ਪ੍ਰਬੰਧ ਲਈ ਵੀ ਸੰਘਰਸ਼ ਕਰਨ ਚਾਹੀਦਾ ਹੈ।

# ਕਾਂਗਰਸੀ ਧਰਮਨਿਰਪੱਖਤਾ ਦੀ ਕੀ ਹੈ ਅਸਲ ਕਹਾਣੀ?

1947 ਦੀ ਸੱਤਾ ਬਦਲੀ ਪਿੱਛੋਂ 64 ਸਾਲਾਂ ਦੌਰਾਨ ਭਾਰਤੀ ਰਾਜ ਦਾ 'ਧਰਮ ਨਿਰਪੱਖ' ਕਿਰਦਾਰ ਕਦੀ ਕਸ਼ਮੀਰ 'ਚ, ਕਦੀ ਗੁਜਰਾਤ ਤੇ ਮੱਧਪ੍ਰਦੇਸ਼ 'ਚ ਤਾਂ ਕਦੀ ਰਾਜਸਥਾਨ ਵਿੱਚ, ਆਪਣੇ ਸੱਚੇ ਰੂਪ 'ਚ ਦੇਸ਼ ਦੇ ਲੋਕਾਂ ਸਾਹਮਣੇ ਉਜਾਗਰ ਹੁੰਦਾ ਰਹਿੰਦਾ ਹੈ ਤੇ ਹੋਰ ਵੀ ਹੋ ਰਿਹਾ ਹੈ। ਜਿੱਥੇ ਗੁਜਰਾਤ ਤੇ ਮੱਧ ਪ੍ਰਦੇਸ਼ ਵਰਗੀਆਂ ਥਾਵਾਂ ਤੇ ਸੰਘ ਤੇ ਉਹਨਾਂ ਦਾ ਚੁਣਾਵੀ ਮਖੌਟਾ ਭਾਜਪਾ ਹਕੂਮਤ ਵਿੱਚ ਹੈ, ਉਥੇ ਧਾਰਮਿਕ ਘੱਟ ਗਿਣਤੀਆਂ ਖਿਲਾਫ ਬਹੁਤ ਹੀ ਸਚੇਤਨਾ ਰੂਪ 'ਚ ਹਿੰਸਕ ਕਾਰਵਾਈਆਂ ਨੂੰ ਅੰਜਾਮ ਦਿੱਤਾ ਜਾਂਦਾ ਹੈ ਉਥੇ ਰਾਜਸਥਾਨ, ਮਹਾਂਰਾਸ਼ਟਰ ਆਦਿ ਵਰਗੀਆਂ ਥਾਵਾਂ 'ਤੇ ਜਿੱਥੇ ਵੀ ਧਾਰਮਿਕ ਫਾਸ਼ੀਵਾਦੀ ਸਤਾ 'ਚ ਨਹੀਂ ਹੁੰਦੇ ਉਥੇ ਇਹ ਅਮਲ ਘਟ ਤਿਖੇ ਰੂਪ 'ਚ ਸਾਹਮਣੇ ਆਉਂਦਾ ਹੈ। ਇਹ ਧਾਰਮਿਕ ਬਹੁ-ਸੰਖਿਆਵਾਦੀ ਰਾਜਨੀਤੀ ਦੇ ਕੇਂਦਰ ਵਿੱਚ ਵੀ ਜਮਾਤੀ ਰਾਜਨੀਤੀ ਹੀ ਹੁੰਦੀ ਹੈ ਕਿਉਂਕਿ ਹਾਕਮ ਜਮਾਤ ਇਹਨਾਂ ਦੇ ਰਾਹੀਂ ਉਹਨਾਂ ਅੰਤਰ ਵਿਰੋਧਤਾਈਆਂ ਨੂੰ ਧੁੰਦਲਾ ਕਰ ਦਿੰਦੀ ਹੈ ਜੋ ਵਿਵਸਥਾ ਲਈ ਸੰਕਟ ਪੈਦਾ ਕਰ ਸਕਦੀਆਂ ਹਨ।

ਪਿਛਲੀ 14 ਸਤੰਬਰ ਦੀ ਰਾਜਸਥਾਨ-ਉਤਰਪ੍ਰਦੇਸ਼ ਸੀਮਾ 'ਤੇ ਸਥਿਤ ਭਰਤਪੁਰ ਜਿਲ੍ਹੇ ਦੇ ਗੋਪਾਲ ਗੰਜ ਕਸਬੇ 'ਚ ਜਮੀਨ ਦੇ ਝਮੇਲੇ ਸਬੰਧੀ ਮੇਵ ਮੁਸਲਮਾਨ ਫਿਰਕੇ ਤੇ ਗੁੱਜਰ ਫਿਰਕੇ ਵਿਚਕਾਰ ਫਿਰਕੂ ਹਿੰਸਾ ਭੜਕ ਉਠੀ, ਜਿਸ 'ਚ ਦਸ ਲੋਕ ਮਾਰੇ ਗਏ ਅਤੇ ਕਰੀਬ ਦੋ ਦਰਜਨ ਲੋਕ ਜ਼ਖ਼ਮੀ ਹੋ ਗਏ। ਮਾਰੇ ਗਏ ਸਭ ਦਸ ਲੋਕ ਅਤੇ ਜਖ਼ਮੀਆਂ ਵਿੱਚੋਂ ਵੀ ਬਥੇਰੇ ਮੇਵ ਮੁਸਲਿਮ ਸੁਮਦਾਇ ਦੇ ਹਨ। ਕੁਝ ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਇਹ ਅੰਕੜਾ ਹੋਰ ਵੀ ਵੱਧ ਹੋ ਸਕਦਾ ਹੈ। ਕਿਉਂਕਿ ਮੁਸਲਿਮ ਫਿਰਕੇ ਦੇ ਕੁਝ ਲੋਕ ਅਜੇ ਵੀ ਲਾਪਤਾ ਹਨ। ਪੀ. ਯੂ. ਸੀ. ਐਲ. ਕੌਮੀ ਘਟ ਗਿਣਤੀ ਕਮਿਸ਼ਨ ਰਾਜਸਥਾਨ ਮੁਸਲਿਮ ਫੋਰਮ ਤੇ ਇੱਥੋਂ ਤੱਕ ਕਿ ਕਾਂਗਰਸ ਪਾਰਟੀ ਵੱਲੋਂ ਇਲਾਕੇ ਦਾ ਦੌਰਾ ਕਰਨ ਭੇਜੇ ਗਏ ਜਾਂਚ ਦਲ ਅਨੁਸਾਰ ਇਸ ਹਿੰਸਾ ਮਾਰੇ ਗਏ ਲੋਕ ਦੰਗਿਆਂ ਦਾ ਸ਼ਿਕਾਰ ਨਹੀਂ ਬਲਕਿ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਹਨ। ਦਸ ਮ੍ਰਿਤਕਾਂ ਵਿੱਚੋਂ ਜਿਨ੍ਹਾਂ ਤਿੰਨ ਲੋਕਾਂ ਦੀ ਪੋਸਟ ਮਾਰਟਮ ਰੀਪੋਟ ਬਾਰੇ ਗਿਆਨ ਹੋਇਆ ਹੈ ਉਸ ਅਨੁਸਾਰ ਤਿੰਨ ਹੀ ਲੋਕ ਪੁਲਸ ਫੋਰਸ ਦੀਆਂ ਗੋਲੀਆਂ ਨਾਲ ਮਾਰੇ ਹਨ। ਏਨਾ ਹੀ ਨਹੀਂ ਬਲਕਿ ਜਿਸ ਥਾਂ 'ਤੇ ਘਟਨਾ ਘਟੀ ਉਥੇ ਪੁਲਸ ਵੱਲੋਂ ਕਰੀਬ 219 ਗੋਲੀਆਂ ਦਾਗੀਆਂ ਗਈਆਂ। ਹੁਣ ਜਾਹਿਰ ਤੌਰ 'ਤੇ ਜਿਵੇਂ ਕਿ ਰਾਜ ਸਰਕਾਰ ਦਾਅਵਾ ਕਰ ਰਹੀ ਸੀ (ਕਿਉਂਕਿ ਸਬੂਤਾਂ ਤੇ ਗਵਾਹਾਂ ਦੇ ਆਉਣ ਪਿੱਛੋਂ ਬੰਦ ਕਰਨਾ ਅਸੰਭਵ ਹੋ ਗਿਆ) ਇੰਨੀ ਭਾਰੀ ਗਿਣਤੀ 'ਚ ਗੋਲੀਆਂ ਹਵਾ 'ਚ ਤਾਂ ਨਹੀਂ ਚਲਾਈਆਂ ਗਈਆਂ ਹੋਣਗੀਆਂ ਤਾਂ ਕਿ ਭੀੜ ਨੂੰ ਤਿੱਤਰਬਿਤਰ ਕੀਤਾ ਜਾ ਸਕੇ। ਦਰਅਸਲ ਜੇ ਪੂਰੇ ਘਟਨਾਕ੍ਰਮ 'ਤੇ ਨਜ਼ਰ ਮਾਰੀ ਜਾਵੇ ਤਾਂ ਚੀਜਾਂ ਆਪਣੇ ਆਪ ਸਾਫ ਹੋ ਜਾਂਦੀਆਂ ਹਨ। ਗੋਪਾਲ ਗੰਜ ਕਸਬੇ 'ਚ ਸਥਿਤ ਜਾਮਾ ਮਸਜਿਦ

ਪਾਸ ਸਥਿਤ ਇੱਕ ਖਾਲੀ ਜ਼ਮੀਨ ਸਬੰਧੀ ਦੋਨੋ ਫਿਰਕਿਆ ’ਚ ਲੰਮੇ ਸਮੇਂ ਤੋਂ ਝਗੜਾ ਚਲ ਰਿਹਾ ਸੀ। ਮੇਵ ਮੁਸਲਮਾਨ ਫਿਰਕੇ ਦਾ ਦਾਅਵਾ ਸੀ ਕਿ ਉਹ ਕਬਰਿਸਤਾਨ ਦੀ ਜਮੀਨ ਹੈ ਅਤੇ ਗੁੰਜਰਾਂ ਦਾ ਦਾਅਵਾ ਸੀ ਕਿ ਇਹ ਪਸ਼ੂਆਂ ਦੀ ਚਰਗਾਹ ਹੈ। ਇਸ ਝਗੜੇ ਦੇ ਬਾਵਜੂਦ ਸਥਿਤੀ ਕੋਈ ਗੰਭੀਰ ਨਹੀਂ ਸੀ ਅਤੇ ਉਮੀਦ ਸੀ ਕਿ ਸਥਾਨਕ ਪ੍ਰਸਾਸ਼ਨ ਨਾਲ ਗੱਲਬਾਤ ਕਰਕੇ ਮਸਲਾ ਹੱਲ ਕਰ ਲਿਆ ਜਾਵੇਗਾ। 13 ਸਤੰਬਰ ਨੂੰ ਯਾਨੀ ਘਟਨਾ ਤੋਂ ਇੱਕ ਦਿਨ ਪਹਿਲਾਂ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਨੂੰ ਦਿਨ ਦਿਹਾੜੇ ਕਿਸੇ ਨੇ ਕੁੱਟ ਦਿੱਤਾ। ਉਸ ਪਿੱਛੋਂ 14 ਸਤੰਬਰ ਨੂੰ ਸਵੇਰੇ ਹੀ ਪੁਲਸ ਦੀ ਮੌਜੂਦਗੀ ਵਿੱਚ ਮੇਵ ਮੁਸਲਮਾਨਾਂ ਤੇ ਗੁੱਜਰਾਂ ਵਿਚਕਾਰ ਕੁਝ ਬੋਲਚਾਲ ਹੋ ਗਈ ਜਿਸ ’ਤੇ ਪੁਲਸ ਫੋਰਸ ਗੁੱਜਰਾਂ ਦਾ ਸਾਥ ਦਿੰਦੇ ਨਜ਼ਰ ਆਏ। ਇਸ ਪਿੱਛੋਂ ਇਰਦ ਗਿਰਦ ਦੇ ਕਰੀਬ ਚਾਲੀ ਪਿੰਡਾਂ ਦੇ ਮੁਸਲਮਾਨ 14 ਸਤੰਬਰ ਨੂੰ ਦਿਨ ਸਮੇਂ ਜਾਮਾ ਮਸਜਿਦ ‘ਅਸਰ ਦੀ ਨਮਾਜ’ ਅਦਾ ਕਰਨ ਲਈ ਇਕੱਠੇ ਹੋਏ। ਉਹਨਾਂ ਦਾ ਮਕਸਦ ਸੀ ਕਿ ਨਮਾਜ਼ ਅਦਾ ਕਰਨ ਪਿੱਛੋਂ ਇਕੱਠੇ ਹੋਏ। ਉਹਨਾਂ ਦਾ ਮਕਸਦ ਸੀ ਕਿ ਨਮਾਜ਼ ਅਦਾ ਕਰਨ ਪਿੱਛੋਂ ਇਕੱਠੇ ਹੋ ਕੇ ਇਹਨਾਂ ਮਸਲਿਆਂ ’ਤੇ ਗੱਲਬਾਤ ਕਰਨਗੇ। ਇਕੱਠੇ ਹੋਣ ਪਿੱਛੋਂ ਅਸੁਰੱਖਿਅਤਾ ਦੀ ਭਾਵਨਾ ਵੀ ਇੱਕ ਕਾਰਨ ਰਿਹਾ ਹੋਵੇਗਾ। ਕਿਉਂਕਿ ਘੱਟ ਗਿਣਤੀਆਂ ਦੇ ਨਾਲ ਸਮੇਂ-ਸਮੇਂ ’ਤੇ ਜਿਹੋ ਜਿਹਾ ਵਰਤਾਅ ਕੀਤਾ ਜਾਂਦਾ ਹੈ। ਉਸ ਦੀ ਇਹ ਪ੍ਰਿਣਤੀ ਹੋ ਸਕਦੀ ਹੈ। ਖੈਰ ਉਹਨਾਂ ਦੇ ਇਕੱਠੇ ਹੋਣ ਦੀ ਖਬਰ ਸੁਣ ਕੇ ਤੇ ਸਵੇਰੇ ਦੀਆਂ ਘਟਨਾਵਾਂ ਨਾਲ ਬੁਖਲਾਏ ਹੋਏ ਪੁਲਸੀਆਂ ਨੇ ਗੁੱਜਰ ਫਿਰਕੇ ਦੇ ਲੋਕਾਂ ਨਾ ਮਿਲ ਕੇ ਜਾਮਾ ਮਸਜਿਦ ’ਤੇ ਧਾਵਾ ਬੋਲ ਦਿੱਤਾ। ਚਸ਼ਮਦੀਦ ਗਵਾਹਾਂ ਅਨੁਸਾਰ ਬਕਾਇਦਾ ਇਹ ਕਹਿੰਦਿਆਂ ਕਿ ‘ਅੱਜ ਇੱਥੇ ਹੀ ਇਹਨਾਂ ਦਾ ਅੰਤਮ ਸੰਸਾਕਰ ਕਰ ਦਿੱਤਾ ਜਾਵੇ’ ਪੁਲਸ ਵੱਲੋਂ ਮੁਸਲਿਮ ਫਿਰਕੇ ਦੇ ਲੋਕਾਂ ’ਤੇ ਗੋਲੀਆਂ ਵਰ੍ਹਾਈਆਂ ਗਈਆਂ। ਲੋਹੇ ਦੇ ਹਥਿਆਰਾਂ ਨਾਲ ਵਾਰ ਕੀਤਾ ਗਿਆ। ਏਨਾ ਹੀ ਨਹੀਂ ਬਲਕਿ ਪਾਸ ਹੀ ਕੰਡੇ ਸੁੱਕੀਆਂ ਲੱਕੜਾਂ ਆਦਿ ਇਕੱਠੀਆਂ ਕਰਕੇ ਅੱਗ ਬਾਲ ਕੇ ਉਸ ਵਿੱਚ ਲੋਕਾਂ ਨੂੰ ਝੋਕ ਦਿੱਤਾ ਗਿਆ। ਇਹੀ ਕਾਰਨ ਹੈ ਕਿ ਮ੍ਰਿਤਕ ’ਚ ਸਾਰੇ ਲੋਕ ਸਿਰਫ ਇਕ ਹੀ ਫਿਰਕੇ ਦੇ ਸਨ ਅਤੇ ਜ਼ਖ਼ਮੀਆਂ ਦੀ ਵੀ ਕੁਲ ਮਿਲਾ ਕੇ ਇਹੀ ਸਥਿਤੀ ਸੀ। ਰਾਜਸਥਾਨ ’ਚ ਅਸ਼ੋਕ ਗਲੋਹਤ ਸਰਕਾਰ ਦੇ ਰਾਜ ਵਿਚ ਕੋਈ ਪਹਿਲੀ ਵਾਰੀ ਅਜਿਹਾ ਨਹੀਂ ਹੋਇਆ ਹੈ। ਪਿਛਲੇ ਦੋ ਸਾਲਾਂ ਦੌਰਾਨ ਉਦੈਪੁਰ, ਝਲਾਵਰ, ਜੋਧਪੁਰ, ਦੌਸਾਂ ਵਿੱਚ ਵੀ ਘੱਟ ਗਿਣਤੀ ਆਬਾਦੀ ਫਿਰਕੂ ਹਿੰਸਾ ਦਾ ਸ਼ਿਕਾਰ ਹੋਈ ਹੈ। ਇਸ ਘਟਨਾਕ੍ਰਮ ਪਿੱਛੋਂ ਜਿਵੇਂ ਕਿ ਅਕਸਰ ਹੁੰਦਾ ਹੈ। ਮ੍ਰਿਤਕਾਂ ਤੇ ਜਖ਼ਮੀਆਂ ਲਈ ਮੁਆਵਜਾ ਰਾਸ਼ੀ ਜਾਰੀ ਕਰ ਦਿੱਤੀ ਗਈ। ਰਾਹੁਲ ਗਾਂਧੀ, ਸਚਿਨ ਪਾਈਲਟ ਵਰਗੇ ਫਾਇਰ ਬ੍ਰਾਂਡ ਨੌਜਵਾਨ ਆਗੂਆਂ ਦੇ ਨਾਲ ਭਾਜਪਾ ਦੇ ਸ਼ਾਹ ਨਵਾਜ ਹੁਸੈਨ ਦੀ ਅਗਵਾਈ ਇੱਕ ਚਾਰ ਮੈਂਬਰੀ ਕਮੇਟੀ ਨੇ ਇਲਾਕੇ ਦਾ ਦੌਰਾ ਕਤਾ ਅਤੇ ਦੰਗਿਆਂ ਤੋਂ ਪੈਦਾ ਹੋਇਆ ਚੁਣਾਵੀ ਨੁਕਸਾਨ ਤੇ ਫਾਇਦੇ ਅਨੁਸਾਰ ਆਪਣੀ-ਆਪਣੀ ਭੂਮਿਕਾ ਨਿਭਾਈ। ਇਹ ਜ਼ਿਕਰਯੋਗ ਹੈ ਕਿ ਪੀ. ਯੂ. ਸੀ. ਐਲ. ਤੇ ਕੁਝ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਰੀਪੋਟ ਜਾਰੀ ਕਰਨ ਅਤੇ ਸਥਾਨਕ ਪੱਧਰ ’ਤੇ ਲੋਕਾਂ ਨੂੰ ਇਕੱਠੇ ਕਰਕੇ ਕੁਝ ਵਿਰੋਧ ਰੈਲੀਆਂ ਕਰਨ ਦੇ ਕਾਰਨ ਰਾਜ ਸਰਕਾਰ ਕੁਝ ਮੁੱਦਿਆਂ ’ਤੇ ਪਿੱਛੇ ਹਟਣ ਲਈ ਮਜ਼ਬੂਰ ਹੋਈ। ਜਿੱਥੇ ਪਹਿਲਾਂ ਸਰਕਾਰ ਨੇ ਸਿਰਫ ਜਿਲਾ

ਮੈਜਿਸਟ੍ਰੇਟ ਤੇ ਪੁਲਸ ਮਹਾਂ ਨਿਰੀਖਕ ਦੇ ਤਬਾਦਲੇ ਨਾਲ ਕੰਮ ਚਲਾਇਆ ਸੀ, ਉਥੇ ਪਿਛੋਂ ਉਹਨਾਂ ਨੂੰ ਮੁਅੱਤਲ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਇਸ ਦੇ ਨਾਲ ਜਿੱਥੇ ਪਹਿਲਾਂ ਪ੍ਰਸਾਸ਼ਨਿਕ ਜਾਂਚ ਤੋਂ ਹੁਕਮ ਜਾਰੀ ਕਰ ਦਿੱਤੇ। ਜ਼ਾਹਿਰਾ ਤੌਰ 'ਤੇ ਇਹ ਕਦਮ ਕਾਂਗਰਸ ਦੀ ਉਦਾਰਤਾ ਦੇ ਸਿੱਟੇ ਵਜੋਂ ਨਹੀਂ ਬਲਕਿ ਲੋਕ-ਦਬਾਅ ਤੇ ਭਵਿੱਖ ਦੇ ਚੁਣਾਵੀ ਸਮੀਕਰਣਾਂ ਦੇ ਮੱਦੇ ਨਜ਼ਰ ਹੀ ਉਠਾਏ ਗਏ। ਦੂਸਰੇ ਇਹਨਾਂ ਕਦਮਾਂ ਨਾਲ ਭਵਿੱਖ ਵਿੱਚ ਐਸੀਆਂ ਘਟਨਾਵਾਂ ਘੱਟ ਹੋ ਜਾਣਗੀਆਂ, ਅਜਿਹਾ ਵੀ ਕੁਝ ਨਹੀਂ ਹੋਣ ਵਾਲਾ ਹੈ। ਜੋ ਗੱਲ ਇੱਥੇ ਗੌਰ ਕਰਨ ਵਾਲੀ ਹੈ ਉਹ ਇਹ ਹੈ ਕਿ ਕਿਸ ਤਰ੍ਹਾਂ ਪੁਲਸ ਤੋਂ ਲੈ ਕੇ ਭਾਰਤੀ ਸਮਾਜ ਦੇ ਪੂਰੇ ਪ੍ਰਸਾਸ਼ਨਿਕ ਤਾਣੇ-ਬਾਣੇ ਵਿੱਚ ਫਿਰਕੇ ਵਿਸ਼ੇਸ਼ ਪ੍ਰਤੀ ਦਵੇਸ਼ ਭਾਵ ਮੌਜੂਦ ਹੈ। ਸਿਰਫ ਭਾਰਤ 'ਚ ਹੀ ਨਹੀਂ ਦੁਨੀਆਂ ਦੇ ਉਨਤ ਪੂੰਜੀਵਾਦੀ ਦੇਸ਼ਾਂ ਦੀਆਂ ਪ੍ਰਸਾਸ਼ਨਿਕ ਕਾਰਵਾਈਆਂ ਵਿੱਚ ਵੀ ਇਸ ਦੀਆਂ ਮਿਸਾਲਾਂ ਮਿਲਦੀਆਂ ਹਨ ਤੇ ਪਿਛਲੇ ਦਿਨੀਂ (ਪੂੰਜੀਵਾਦੀ ਵਿਸ਼ਵ ਵਿਆਪੀ ਸੰਕਟ ਦੇ ਦੌਰ ਵਿੱਚ) ਹਾਕਮ ਜਮਾਤਾਂ ਨੇ ਇਹਨਾਂ ਅੰਤਰ ਵਿਰੋਧਾਂ ਨੂੰ ਹੋਰ ਹੱਲਾਸ਼ੇਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਪੱਛਮੀ ਯੂਰਪ ਦੇ ਦੇਸ਼ਾਂ ਵਿੱਚ ਪਿਛਲੇ ਦਿਨੀਂ ਪ੍ਰਵਾਸੀਆਂ ਖਿਲਾਫ ਹੋਈ ਹਿੰਸਾ ਤੇ ਚੁਣਾਵੀ ਪਾਰਟੀਆਂ ਵੱਲੋਂ ਜਾਰੀ ਪ੍ਰਵਾਸੀ ਵਿਰੋਧੀ ਪ੍ਰਚਾਰ ਦੀ ਬੁਨਿਆਦ 'ਚ ਇਹੀ ਕਾਰਣ ਹੈ। ਸਾਡੇ ਦੇਸ਼ 'ਚ ਇਹ ਅਮਲ ਵੱਧ ਖੁੱਲੇ ਰੂਪ 'ਚ ਸਾਹਮਣੇ ਆਉਂਦਾ ਹੈ। ਕਿਉਂਕਿ ਆਪਣੇ ਸਭ ਤੋਂ ਅੱਛੇ ਦੌਰ ਵਿੱਚ ਵੀ ਸਾਡੇ ਹਾਕਮਾਂ ਪਾਸ ਇਹਨਾਂ ਜਾਗੀਰੂ ਚਿੰਨ੍ਹਾਂ ਵਿਰੁੱਧ ਲੜਣ ਦੀ ਤਾਕਤ ਨਹੀਂ ਸੀ। ਇਸਦੇ ਉਲਟ ਇਨ੍ਹਾਂ ਦੀ ਵਰਤੋਂ ਸਮੇਂ-ਸਮੇਂ ਸਿਰ ਲੋਕਾਂ 'ਚ ਫੁੱਟ ਪਾਉਣ ਲਈ ਉਸੇ ਰੂਪ 'ਚ ਵਰਤੀ ਗਈ ਜਿਵੇਂ ਅੰਗ੍ਰੇਜਾਂ ਨੇ ਕੀਤਾ ਸੀ। ਭਾਜਪਾ ਤੇ ਸੰਘ ਇੱਥੇ ਇਸ ਰਾਜਨੀਤੀ ਦੇ ਅਧਾਰ 'ਤੇ ਹੋਂਦ 'ਚ ਹੀ ਰਹਿੰਦੇ ਹਨ ਅਤੇ ਸ਼ਰੇਆਮ ਧਾਰਮਿਕ ਘੱਟ ਗਿਣਤੀਆਂ ਖਿਲਾਫ ਜ਼ਹਿਰ ਉਗਲਦੇ ਹਨ, ਉਥੇ ਕਾਂਗਰਸ ਵਧ ਸ਼ਾਤਰ ਢੰਗ ਨਾਲ 'ਨਰਮ ਹਿੰਦੂ ਕਾਂਡ' ਖੋਹਲਦੀ ਹੈ ਅਤੇ ਚੁਣਾਵੀ ਸਮੀਕਰਣ ਦੇ ਮੱਦੇ ਨਜ਼ਰ ਆਪਣਾ ਬਟਖਰਾ ਇਧਰ ਤੋਂ ਉਧਰ ਕਰਦੀ ਹੈ। ਅਯੋਧਿਆ, ਪੰਜਾਬ, ਦਿੱਲੀ, '84 ਨੂੰ ਭਲਾ ਕੌਣ ਭੁਲ ਸਕਦਾ ਹੈ। ਇਸ ਦਾ ਦੂਜਾ ਪਹਿਲੂ ਇਹ ਹੈ ਕਿ ਲਗਾਤਾਰ ਜਾਰੀ ਇਹਨਾਂ ਘਟਨਾਵਾਂ ਵਿਚਕਾਰ ਧਾਰਮਿਕ ਘਟ ਗਿਣਤੀਆਂ ਇੱਕ ਅਸੁਰੱਖਿਆ ਦੀ ਭਾਵਨਾ ਤੇ ਉਸ ਤੋਂ ਪੈਦਾ ਇੱਕ 'ਪ੍ਰਤੀਕ੍ਰਿਆ' ਦੀ ਮਾਨਸਿਕਤਾ 'ਚ ਜਿਉਣ ਲਈ ਮਜ਼ਬੂਰ ਰਹਿੰਦੇ ਹਨ। ਜਿਸ ਦੀ ਵਰਤੋਂ ਪਾਰਲੀਮਾਨੀ ਪਾਰਟੀਆਂ ਤੋਂ ਲੈ ਕੇ ਧਾਰਮਿਕ ਦਹਿਸ਼ਤ ਗਰਦ ਕਰਦੇ ਹਨ।

ਅਜਿਹੇ 'ਚ ਸਾਰੇ ਲੋਕ ਹਿਤੈਸ਼ੀ ਤੇ ਸੁਚੇਤ ਨੌਜਵਾਨਾਂ ਵਿਦਿਆਰਥੀਆਂ ਸਾਹਮਣੇ ਸਭ ਤੋਂ ਪਹਿਲਾਂ ਆਪਣੀਆਂ ਧਾਰਮਿਕ ਮਿੱਥਾਂ ਨੂੰ ਤੋੜ ਕੇ, ਹਾਕਮ ਜਮਾਤਾਂ ਦੀ ਉਹਨਾਂ ਦੂਰਗਾਮੀ ਚਾਲਾਂ ਨੂੰ ਸਮਝਣਾ ਪਵੇਗਾ ਜੋ ਇਹਨਾਂ ਦੀ ਵਰਤੋਂ ਸਿਰਫ ਤੇ ਸਿਰਫ ਆਪਣੇ ਹਿੱਤ ਪੂਰੇ ਕਰਨ ਲਈ ਕਰਦੇ ਹਨ। ਦੂਸਰੇ ਭਾਜਪਾ ਤੇ ਸੰਘ ਦੇ ਤਿਖੇ ਹਮਲਿਆਂ ਵਿਰੁੱਧ ਕਾਂਗਰਸੀ ਤੇ ਪਾਰਲੀਮਾਨੀ ਖੱਬੀਆਂ ਧਿਰਾਂ ਦੀ ਧਰਨਿਰਪੱਖਤਾ ਦੀ ਬਜਾਏ ਮੇਹਨਤਕਸ਼ ਜਨਤਾ ਦੀ ਫ਼ੌਲਾਦੀ ਏਕਤਾ 'ਤੇ ਹੀ ਭਰੋਸਾ ਕਰਨਾ ਪਵੇਗਾ।

# ਕੀ ਦਲਿਤ ਲੇਖਕਾਂ ਨੂੰ ਆਤਮ-ਨਿਰਖਣ ਦੀ ਲੋੜ ਹੈ?

ਡਾ. ਭੀਮ ਰਾਓ ਅੰਬੇਦਕਰ ਨੇ ਕਿਹਾ 'ਗੁਲਾਮ ਨੂੰ ਅਹਿਸਾਸ ਕਰਵਾ ਦਿਉ ਕਿ ਉਹ ਗੁਲਾਮ ਹੈ, ਉਹ ਮੁਕਤ ਹੋ ਜਾਵੇਗਾ' ਸਦੀਆਂ ਤੋਂ ਗੁਲਾਮ ਰਹੇ ਦਲਿਤਾਂ ਨੂੰ ਇਹ ਅਹਿਸਾਸ ਕਰਵਾਇਆ ਗਿਆ। ਉਹਨਾਂ 'ਚ ਚੇਤਨਾ ਜਾਗੀ ਤੇ ਉਹ ਉਠ ਖੜ੍ਹੇ ਹੋਏ, ਰਾਜਨੀਤੀ ਵਿਚ ਵੀ ਅਤੇ ਸਾਹਿਤ 'ਚ ਵੀ। ਦੋਨੋਂ ਦੁਨੀਆਂ 'ਚ ਨਾਲੋਂ ਨਾਲ, ਦੁਨੀਆਂ ਭਰ 'ਚ ਇਹਨਾਂ ਦੀ ਚਰਚਾ ਛਾ ਗਈ। 'ਸਬਾਲਰਟਨ ਲਿਟਰੇਚਰ' ਜਾਂ ਕਹੋ 'ਲਿਟਰੇਚਰ ਆਫ਼ ਦਾ ਆਪ੍ਰੇਸਿਡ' ਭਾਵ 'ਸਤਾਏ ਹੋਇਆ ਦੇ ਸਾਹਿਤ' ਦੀ ਚਰਚਾ ਹੋਣ ਲੱਗੀ। ਸਾਹਿਤ 'ਚ ਦਲਿਤ ਵਿਚਾਰ ਵਟਾਂਦਰੇ ਦੀ ਪਿਛਲੇ ਦੋ ਤਿੰਨ ਦਹਾਕਿਆਂ 'ਚ ਡੂੰਘੀ ਪਹਿਚਾਣ ਵੀ ਬਣੀ ਹੈ। ਹਿੰਦੀ ਸਾਹਿਤ 'ਚ ਰਜੇਂਦਰ ਯਾਦਵ ਇਸ ਦੇ ਸਭ ਤੋਂ ਵੱਡੇ ਬੁਲਾਰੇ ਹਨ। ਇਸ ਨੂੰ ਹਾਸ਼ੀਏ ਤੋਂ ਬਹਿਸ ਦੇ ਕੇਂਦਰ 'ਚ ਲਿਆਉਣ ਦਾ ਪੂਰਾ ਸਿਹਰਾ ਉਹਨਾਂ ਨੂੰ ਜਾਂਦਾ ਹੈ। ਜਦ ਉਹਨਾਂ ਨੇ ਸ਼ੁਰੂ ਕੀਤਾ ਤਦ ਉਹਨਾਂ ਦਾ ਤਰਕ ਸੀ। ਭਾਰਤੀ ਸਮਾਜ 'ਚ ਸ਼ੂਦਰਾਂ ਤੇ ਔਰਤਾਂ ਦੀ ਸਥਿਤੀ ਕੁਲ ਮਿਲਾ ਕੇ ਇਕੋ ਜਿਹੀ ਰਹੀ ਹੈ। ਵੱਖ-ਵੱਖ ਆਰਥਕ, ਧਾਰਮਿਕ, ਸਭਿਆਚਾਰਕ ਤੇ ਸਮਾਜਕ ਅਧਿਕਾਰਾਂ ਤੋਂ ਦੋਨੋਂ ਹੀ ਇਕੋ ਜਿੰਨੇ ਵਾਂਝੇ ਰਹੇ ਹਨ, ਦੋਨੋਂ ਹੀ ਵਾਂਝੇ, ਲੁਟ-ਘਸੁੱਟ ਦੇ ਸ਼ਿਕਾਰ, ਪੀੜਤ ਤੇ ਸਮਾਜ ਦੇ ਅਤਿਆਚਾਰ ਦੇ ਸ਼ਿਕਾਰ ਰਹੇ ਹਨ। ਇਸ 'ਚ ਦਲਿਤ ਸਮਾਜ ਨੇ ਵਰਣ-ਵਿਵਸਥਾ ਦਾ ਖੁਲ੍ਹਾ ਵਿਰੋਧ ਕੀਤਾ ਤੇ ਦਮਨਕਾਰੀ ਅਤੀਤ ਤੋਂ ਉਪਜੇ ਰਵਾਇਤੀ ਗੁੱਸੇ ਦੀ ਰਚਨਾਤਮਿਕ ਵਰਤੋਂ ਕਰਕੇ ਆਪਣੀ ਠੋਸ ਥਾਂ ਬਣਾਈ ਅਤੇ ਬਹਿਸ ਦੇ ਕੇਂਦਰ 'ਚ ਆ ਗਏ।

ਹੁਣ ਇਕ ਵਾਰੀ ਫਿਰ ਤੋਂ ਹਿੰਦੀ 'ਚ ਦਲਿਤ ਵਿਚਾਰ ਵਟਾਂਦਰਾ ਆਪਣੀ ਹੀ ਪਹਿਚਾਣ ਨਾਲ ਜੂਝ ਰਿਹਾ ਹੈ। ਸ਼ਾਇਦ ਇਸ ਲਈ ਉਹਨਾਂ ਦੇ ਬੁਲਾਰੇ ਰਾਜੇਂਦਰ ਯਾਦਵ ਨੇ ਉਹਨਾਂ ਨੂੰ ਆਤਮ ਨਿਰੀਖਣ ਦੀ ਸਲਾਹ ਦਿਤੀ ਹੈ। ਇਕ ਇੰਟਰਵਿਊ 'ਚ ਉਹਨਾਂ ਕਿਹਾ ਹੈ ਕਿ ਦਲਿਤ ਲੇਖਕਾਂ ਨੂੰ ਹੁਣ ਆਤਮ-ਨਿਰੀਖਣ (ਆਪਾ-ਪੜਚੋਲ) ਦਾ ਸਾਹਿਤ ਲਿਖਣਾ ਚਾਹੀਦਾ ਹੈ। ਅੱਜ ਤਕ ਤਾਂ ਉਹਨਾਂ ਦਾ ਸਾਹਿਤ ਵਿਰੋਧ, ਬਗਾਵਤ ਦਾ ਸਾਹਿਤ ਸੀ, ਸਵਰਣਾ ਨਾਲ ਲੜਨ ਦਾ ਸੀ। ਹੁਣ ਉਹ ਪੜਾਅ ਆ ਗਿਆ ਹੈ ਕਿ ਉਹਨਾਂ ਨੂੰ ਆਪਾ ਪੜਚੋਲ ਕਰਨੀ ਚਾਹੀਦੀ ਹੈ ਅਤੇ ਇਸ ਆਪ ਪੜਚੋਲ ਨਾਲ ਸ਼ਾਇਦ ਕੋਈ ਨਵੀਂ ਦਿਸ਼ਾ ਮਿਲੇਗੀ। ਉਹਨਾਂ ਦੇ ਇਸ ਬਿਆਨ ਨੂੰ ਅਸੀਂ ਇਕ ਸਰਵੇ ਦੇ ਪ੍ਰਸੰਗ 'ਚ ਦੇਖਾਂਗੇ ਤਾਂ ਕੁੱਝ ਚੀਜਾਂ ਸਾਫ਼ ਹੋ ਜਾਂਦੀਆਂ ਹਨ। ਹੁਣ ਵੱਖ-ਵੱਖ ਕਿਸਮ ਦੇ ਸਾਹਿਤ ਸਰਵੇ ਕਰਾ ਲੈਣ ਪਿਛੋਂ ਜਦੋਂ ਦਲਿਤ ਵਿਚਾਰ ਵਟਾਂਦਰਾ ਵੱਲ ਰੁਖ ਕੀਤਾ ਗਿਆ ਤਾਂ ਉਮੀਦ ਸੀ ਕਿ ਸਭ ਵਰਗਾਂ ਦੇ ਪਾਠਕਾਂ ਦੀ ਹਮਾਇਤ ਮਿਲੇਗੀ, ਉਹਨਾਂ ਦੀ ਪਸੰਦ ਆਵੇਗੀ। ਦੋ ਮਹੀਨੇ ਲਗਾਤਾਰ ਵੱਖ-ਵੱਖ ਮਾਧਿਅਮ ਰਾਹੀਂ ਪ੍ਰਚਾਰ-ਪ੍ਰਸਾਰ ਪਿਛੋਂ ਸਭ ਹੈਰਾਨ ਹੋ ਗਏ। ਪਾਠਕਾਂ ਦੀ ਈਮੇਲ, ਚਿੱਠੀਆਂ ਕਾਫੀ ਆਈਆਂ ਪਰ 90 ਫ਼ੀ ਸਦੀ ਪਾਠਕ ਦਲਿਤ ਸਮਾਜ ਦੇ ਹੀ ਸਨ।

ਉਹਨਾਂ ਨੇ ਆਪਣੀ ਪਸੰਦ ਬਾਰੇ ਵਿਸਥਾਰ ਨਾਲ ਤਰਕ ਦਿੰਦੇ ਹੋਏ ਖੁਦ ਨੂੰ ਉਸੇ ਸਮਾਜ ਦਾ ਹਿੱਸਾ ਦਸਿਆ। ਕੁਝ ਪਾਠਕਾਂ ਨੇ ਆਪਣੇ ਨਾਂ ਦੇ ਨਾਲ ਆਪਣੇ ਸਰਨੇਮ ਜੋੜ ਕੇ ਖਾਸ਼ ਕਰਕੇ ਭੇਜਿਆ ਤਾਂ ਕੁਝ ਪਾਠਕਾਂ ਨੇ ਆਪਣੀਆਂ-ਆਪਣੀਆਂ ਸੰਸਥਾਵਾਂ ਵਲੋਂ ਪੱਤਰ ਭੇਜੇ।

ਸਰਵੇਂ ਦੇ ਸਿੱਟੇ ਨਾਲ ਕੁਝ ਵਿਚਰਨ ਯੋਗ ਸੁਆਲ ਵੀ ਖੜ੍ਹੇ ਹੋਏ। ਕੀ ਹਿੰਦੀ ਦੇ ਦਲਿਤ ਲੇਖਕਾਂ ਨਾਲ ਉਚ ਜਾਤੀਆਂ ਦੀ ਲੜਾਈ ਤੇ ਹਮਲੇ ਏਨੇ ਵੱਧ ਹੋ ਗਏ ਹਨ ਕਿ ਉਹਨਾਂ ਨੇ ਦਲਿਤ ਲੇਖਕਾਂ ਦੀ ਆਬਰੂ ਨੂੰ ਮੰਨਿਆ ਹੀ ਨਹੀਂ? ਹਿੰਦੀ ਦਲਿਤ ਬੌਧਿਕਤਾ ਦਾ ਵਿਕਾਸ ਸਮੇਂ ਤੋਂ ਪਹਿਲਾਂ ਹੀ ਰੁਕ ਗਿਆ ਹੈ ਅਤੇ ਸਾਹਿਤ ’ਤੇ ਇਸ ਦਾ ਅਸਰ ਪੈ ਰਿਹਾ ਹੈ? ਜਾਂ ਦਲਿਤ ਨੇਤਾਵਾਂ ਨੇ ਜਿਸ ਤਰ੍ਹਾਂ ਦਲਿਤ ਹੀ ਨਹੀਂ ਹੋਰ ਬੁੱਧੀ ਜੀਵੀਆਂ ਨਾਲ ਵਿਸ਼ਵਾਸਘਾਤ ਕੀਤਾ ਹੈ, ਉਸ ਸਬੰਧੀ ਦਲਿਤ ਚੁੱਪ ਹਨ ਜਾਂ ਖੁਦ ਦਲਿਤ ਆਪਣੇ ਸਮਾਜ ਦੇ ਨਾਲ ਹੋਈਆਂ ਜਾਂ ਹੋ ਰਹੀਆਂ ਬੇ-ਇਨਸਾਫ਼ੀਆਂ ਸਬੰਧੀ ਚੋਖਾ ਸਾਹਿਤ ਪੈਦਾ ਨਹੀਂ ਕਰ ਸਕੇ? ਕੁਝ ਤਾਂ ਹੈ ਜੋ ਇਕ ਖਾਸ਼ ਵਰਗ ਦੇ ਪਾਠਕਾਂ ਨੂੰ ਛੂਹ ਨਹੀਂ ਸਕਿਆ। ਕੁਝ ਕੀ ਸਚਮੁੱਚ ਦਲਿਤ ਲੇਖਕਾਂ ਨੂੰ ਆਪਾ ਪੜਚੋਲ ਕਰਨੀ ਚਾਹੀਦੀ ਹੈ? ਸ਼ਾਇਦ ਰਾਜੇਂਦਰ ਪ੍ਰਸ਼ਾਦ ਆਪਣੀ ਥਾਂ ਸਹੀ ਹਨ ਕਿ ਹੁਣ ਵਕਤ ਆ ਗਿਆ ਹੈ ਕਿ ਆਪਾ ਪੜਚੋਲ ਰਾਹੀਂ ਲੜਾਈ ਦਾ ਰੁਖ ਮੋੜ ਦਿੱਤਾ ਜਾਵੇ। ਸ਼ਾਇਦ ਤਾਂ ਹੀ ਨਵੀਂ ਦਿਸ਼ਾ ਮਿਲੇ। ਸਵਰਣ ਪਾਠਕਾਂ ਦੀ ਉਦਾਸੀਨਤਾ ਦੇ ਕਈ ਮਤਲਬ ਸਪੱਸ਼ਟ ਹਨ। ਜਾਹਿਰ ਹੈ ਕਿ ਦਲਿਤ ਸਾਹਿਤ ਨੂੰ ਮੰਨਣ ਦੀ ਉਦਾਰਤਾ ਅਜੇ ਤਕ ਉਚ ਜਾਤੀ ਪਾਠਕਾਂ ’ਚ ਨਹੀਂ ਆਈ ਹੈ ਜਾਂ ਦਲਿਤ ਲੇਖਕਾਂ ਦੀ ਲੜਾਈ ਦੀ ਧਾਰ ਬੇ-ਮਤਲਬ ਹੋ ਗਈ ਹੈ। ਇਸ ਦੌਰ ਵਿਚ, ਜਿਥੇ ਚੀਜਾਂ ਬੇਹੱਦ ਤੇਜੀ ਨਾਲ ਬਦਲ ਰਹੀਆਂ ਹਨ। ਉਮੀਦ ਹੈ ਕਿ ਪਾਠਕ ਇਹਨਾਂ ਸੁਆਲਾਂ ਬਾਰੇ ਬਹਿਸ ਹੋਰ ਅੱਗੇ ਵਧਾਉਣਗੇ।

ਓਮ ਪ੍ਰਕਾਸ਼ ਬਾਲਮੀਕ ਤੇ ਸੂਰਜਪਾਲ ਚੌਹਾਨ ਦੋਨਾਂ ਨੇ ਦੋਨਾਂ ਜਮਾਤਾਂ ’ਚ ਆਪਣੀ ਥਾਂ ਬਣਾਈ ਹੈ। ਕਵੀ ਦੇ ਰੂਪ ’ਚ ਜਿਥੇ ਬਾਲਮਿਕ, ਦੂਜੇ ਨੰਬਰ ’ਤੇ ਰਹੇ, ਉਥੇ ਕਹਾਣੀਕਾਰ ਵਜੋਂ ਪਹਿਲੇ ਨੰਬਰ ’ਤੇ। ਸੂਰਜਪਾਲ ਕਵੀ ਦੇ ਤੌਰ ’ਤੇ ਪਾਠਕਾਂ ਦੀ ਚੌਥੀ ਪਸੰਦ ਬਣੇ ਪਰ ਕਹਾਣੀ ’ਚ ਤੀਜੀ ਥਾਂ ’ਤੇ ਆਏ। ਮਲਖਾਨ ਸਿੰਘ ਦਾ ਸਿਰਨਾਵਾਂ ਨਾ ਮਿਲ ਸਕਿਆ। ਸੂਰਜਪਾਲ ਚੌਹਾਨ ਦੀ ਕੋਸ਼ਿਸ਼ ਕਰਕੇ ਉਹਨਾਂ ਦੀ ਚਰਚਿਤ ਕਵਿਤਾ ‘ਸੁਣੋ ਬ੍ਰਾਹਮਣ’ ਤੇ ਸਵੇਤ ਸ਼ਾਮ ਤਸਵੀਰ ਹੱਥ ਲੱਗੀ।

# ਕਾਲੇ ਧਨ ਦੀ ਵਿਦੇਸ਼ਾਂ 'ਚ ਮਾਤਰਾ ਕਿੰਨੀ?

ਸੀ.ਬੀ.ਆਈ ਅਨੁਸਾਰ ਭਾਰਤ ਦਾ 500 ਬਿਲੀਅਨ ਡਾਲਰ ਕਾਲਾ ਧਨ ਸਿਵਸ ਬੈਂਕਾਂ 'ਚ ਜਮ੍ਹਾਂ ਹੈ। 500 ਬਿਲੀਅਨ ਡਾਲਰ ਦਾ ਰੁਪਏ ਵਜੋਂ ਹਿਸਾਬ ਲਾਉਣਾ ਆਮ ਆਦਮੀ ਲਈ ਸੌਖਾ ਨਹੀਂ। ਅਖ਼ਬਾਰਾਂ ਨੇ ਇਸ ਨੂੰ 2.5 ਲੱਖ ਕਰੋੜ ਦਸਿਆ ਹੈ। ਸਿਵਸ ਬੈਂਕ ਤੋਂ ਇਲਾਵਾ ਹੋਰ ਵੀ ਕੋਈ ਇਕ ਦਰਜ਼ਨ ਟੈਕਸ ਹੈਵਨ ਦੇਸ਼ ਹਨ ਜਿਥੇ ਸਾਡਾ ਕੁਲ ਧਨ ਜਮ੍ਹਾਂ ਹੈ। ਭਾਰਤ ਦਾ ਕੁੱਲ ਕਾਲਾ ਧਨ ਇਕ ਅੰਦਾਜੇ ਮੁਤਾਬਕ 125 ਲੱਖ ਕਰੋੜ ਵਿਦੇਸ਼ਾਂ 'ਚ ਜਮ੍ਹਾਂ ਹੈ। ਇਹ ਰਕਮ ਭਾਰਤ 'ਤੇ ਲੱਦੇ ਕੁਲ ਵਿਦੇਸ਼ੀ ਕਰਜ਼ੇ ਤੋਂ ਅੱਠ ਗੁਣਾ ਵੱਧ ਹੈ ਤੇ ਭਾਰਤ ਸਰਕਾਰ ਦੇ ਤਿੰਨ ਸਾਲਾਂ ਦੇ ਬਜ਼ਟ ਦੇ ਬਰਾਬਰ ਹੈ।

ਇਸ ਰਕਮ ਨਾਲ ਮਨਰੇਗਾ ਵਰਗੀਆਂ ਸਕੀਮਾਂ ਨੂੰ 90 ਸਾਲਾਂ ਤਕ ਚਲਾਇਆ ਜਾ ਸਕਦਾ ਹੈ ਅਤੇ ਕਿਸਾਨਾਂ ਦਾ ਕਰਜਾ 50 ਵਾਰੀ ਮੁਆਫ਼ ਕੀਤਾ ਜਾ ਸਕਦਾ ਹੈ। ਦੇਸ਼ ਭਰ ਦੇ ਬੱਚਿਆਂ ਨੂੰ ਮੁਫ਼ਤ ਸਿਖਿਆ ਤੇ ਕੁਲ ਅਬਾਦੀ ਨੂੰ ਮੁਫ਼ਤ ਸਿਹਤ ਸਹੂਲਤਾਂ ਦਿਤੀਆਂ ਜਾ ਸਕਦੀਆਂ ਹਨ। ਭਾਰਤ ਦੇ ਸੀ.ਬੀਆਈ ਦੇ ਡਾਇਰੈਕਟਰ ਏ.ਪੀ ਸਿੰਘ ਨੇ 12 ਫਰਵਰੀ 2012 ਨੂੰ ਦਿੱਲੀ 'ਚ ਆਯੋਜਿਤ ਭ੍ਰਿਸ਼ਟਾਚਾਰ ਵਿਰੋਧੀ ਤੇ ਜਾਇਦਾਦ ਵਸੂਲੀ 'ਤੇ ਪਹਿਲੀ ਇੰਟਰਪੋਲ ਵਿਸ਼ਵੀ ਗੋਸ਼ਠੀ ਦੇ ਉਦਘਾਟਨੀ ਸਮਾਰੋਹ 'ਚ ਕਿਹਾ ਕਿ ਭਾਰਤੀਆਂ ਦਾ ਕਰੀਬ 500 ਅਰਬ ਡਾਲਰ ਗੈਰ ਕਾਨੂੰਨੀ ਧਨ ਵਿਦੇਸ਼ਾਂ 'ਚ ਜਮ੍ਹਾਂ ਹੈ, ਜੋ ਟੈਕਸ ਚੋਰਾਂ ਦੇ ਪਨਾਹਗਾਰਾਂ ਵਜੋਂ ਜਾਣੇ ਜਾਂਦੇ ਹਨ। ਸਿਵਸ ਬੈਂਕਾਂ 'ਚ ਸਭ ਤੋਂ ਵੱਧ 500 ਅਰਬ ਡਾਲਰ ਹਨ। ਸੀ.ਬੀ.ਆਈ ਡਾਇਰੈਕਟਰ ਮੁਤਾਬਕ ਜਿਨਾਂ ਦੇਸ਼ਾਂ 'ਚ ਨਜਾਇਜ਼ ਪੈਸਾ ਪਹੁੰਚਦਾ ਹੈ, ਉਹਨਾਂ 'ਚ ਸੂਚਨਾ ਦੇਣ ਬਾਰੇ ਰਾਜਸੀ ਇਛਾ ਸ਼ਕਤੀ ਦੀ ਘਾਟ ਹੈ। ਉਹਨਾਂ ਦਾ ਅਰਥਚਾਰਾ ਗਰੀਬ ਦੇਸ਼ਾਂ ਤੋਂ ਆਉਣ ਵਾਲੇ ਇਸ ਨਜਾਇਜ਼ ਪੈਸੇ 'ਤੇ ਨਿਰਭਰ ਹੈ। ਚੋਰੀ ਕੀਤੀ ਜਾਇਦਾਦ ਦਾ ਪਤਾ ਲਾਉਣਾ, ਉਸ 'ਤੇ ਰੋਕ ਲਾਉਣੀ, ਜਬਤ ਕਰਨਾ ਤੇ ਵਾਪਸ ਲਿਆਉਣਾ, ਇਕ ਕਾਨੂੰਨੀ ਚਣੌਤੀ ਤੇ ਗੁੰਝਲਦਾਰ ਅਮਲ ਹੈ ਅਤੇ ਇਹ ਨਾ ਸਿਰਫ ਇਕ ਵਿਸ਼ੇਸ਼ ਕਨੂੰਨ ਅਮਲ ਹੈ ਜੋ ਦੇਰੀ ਤੇ ਬੇਯਕੀਨੀ ਨਾਲ ਜੁੜਿਆ ਹੈ ਬਲਕਿ ਇਸ 'ਚ ਭਾਸ਼ਾ ਦੇ ਵੀ ਅੜਿਕੇ ਹਨ ਅਤੇ ਹੋਰ ਦੇਸ਼ਾਂ ਨਾਲ ਕੰਮ ਕਰਦੇ ਸਮੇਂ ਵਿਸਵਾਸ਼ ਦੀ ਘਾਟ ਵੀ ਸ਼ਾਮਲ ਹੈ।

ਵਿਸ਼ਵੀ ਮੁਕਤ ਬਾਜ਼ਾਰ ਪੈਸੇ ਨੂੰ ਤੇਜੀ ਨਾਲ ਸਰਕੂਲੇਟ ਕਰਦਾ ਹੈ। ਉਹਨਾਂ ਕਿਹਾ ਕਿ 2 ਜੀ.ਸੀ.ਡਬਲਯੂ.ਜੀ ਤੇ ਮਧੂ ਕੌੜਾ ਵਰਗੇ ਕੇਸਾਂ ਦੀ ਜਾਂਚ ਤੋਂ ਲਭਿਆ ਕਿ ਪੈਸਾ ਦੁਬਈ, ਸਿੰਗਾਪੁਰ ਤੇ ਮਾਰਸਿਸ਼ ਗਿਆ ਅਤੇ ਫਿਰ ਉਥੋਂ ਇਹ ਸਵਿਟਜ਼ਰਲੈਂਡ ਤੇ ਟੈਕਸ ਚੋਰ ਦੀ ਪਨਾਹ ਮੰਨੇ ਜਾਣ ਵਾਲੇ ਦੇਸ਼ਾਂ 'ਚ ਪਹੁੰਚਿਆ। ਉਹਨਾਂ ਨੇ ਕਿਹਾ ਕਿ ਅਪਰਾਧੀ ਕੁਝ ਕੰਪਨੀਆਂ ਖੋਹਲਦੇ ਹਨ ਅਤੇ ਫੌਰਨ ਇਕ ਤੋਂ ਬਾਅਦ ਇਕ ਖਾਤਿਆਂ 'ਚ ਪੈਸਾ ਤਬਦੀਲ ਕਰ ਦਿੱਤਾ ਜਾਂਦਾ ਹੈ। ਸੀ.ਬੀ.ਆਈ ਦੀ ਇਸ ਗੋਸਠੀ 'ਚ ਅਫ਼ਗਾਨਿਸਤਾਨ, ਸ੍ਰੀ ਲੰਕਾ, ਬ੍ਰਿਟੇਨ, ਚੀਨ, ਮਲੇਸ਼ੀਆ, ਫਿਲੀਪੀਸ ਤੇ ਇਡੋਨੇਸ਼ੀਆ ਵਰਗੇ ਦੇਸ਼ਾਂ ਦੇ 30 ਇੰਟਰਪੋਲ ਅਧਿਕਾਰੀ ਹਿਸਾ ਲੈ ਰਹੇ ਹਨ। ਮਾਰਿਸਸ਼,

ਸਵਿਟਜਰਲੈਂਡ, ਲਿਜੇਸ ਟਾਈਨ, ਬ੍ਰਿਟਿਸ ਵਰਜਨ, ਆਈਲੈਂਡ, ਸਿੰਗਾਪੁਰ, ਕੇਮੇਨ, ਆਈਲੈਂਡ ਸਮੇਤ ਅਨੇਕਾਂ ਦੇਸ਼ ਹਨ ਜਿੰਨਾਂ ਨੂੰ 'ਟੈਕਸ ਹੈਵਨ' ਦੇਸ਼ ਕਿਹਾ ਜਾਂਦਾ ਹੈ। ਇਹਨਾਂ ਦੇਸ਼ਾਂ 'ਚ ਕਾਨੂੰਨ ਲਚਕਦਾਰ (ਟੈਕਸ ਫ੍ਰੀ) ਹੋਣ ਕਰਕੇ ਉਥੇ ਲੋਕ ਪੈਸਾ ਜਮ੍ਹਾ ਕਰਾਉਂਦੇ ਹਨ। ਸੀ.ਬੀ.ਆਈ ਡਾਇਰੈਕਟਰ ਨੇ ਹਕੂਮਤ ਲਈ ਭ੍ਰਿਸ਼ਟਾਚਾਰ ਨੂੰ ਸਭ ਤੋਂ ਵੱਡਾ ਮੁੱਦਾ ਦਸਿਆ। ਸੀ.ਬੀ.ਆਈ ਨਿਰਦੇਸ਼ਕ ਨੇ ਕਿਹਾ ਕਿ ਟਰਾਂਸਪੇਰੈਂਸੀ ਇੰਟਰਨੈਸ਼ਨਲ ਇੰਡੈਕਸ ਮੁਤਾਬਕ ਦੁਨੀਆਂ ਦੇ 53 ਫੀ ਸਦੀ ਦੇਸ਼ ਘੱਟ ਭ੍ਰਿਸ਼ਟ ਹਨ। ਉਹਨਾਂ ਘੱਟ ਭ੍ਰਿਸ਼ਟ ਦੇਸ਼ਾਂ ਵਿਚ ਨਿਊਜ਼ੀਲੈਂਡ, ਸਿੰਗਾਪੁਰ ਤੇ ਸਵਿਟਜ਼ਰਲੈਂਡ ਨੂੰ ਮੰਨਿਆ ਗਿਆ ਹੈ।

ਜਿਥੇ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਧ ਕਾਲਾ ਧਨ ਜਮ੍ਹਾਂ ਹੈ। ਕਾਲਾ ਧਨ ਭਾਰਤ ਵਾਪਸ ਲਿਆਉਣ 'ਚ ਸਬੰਧਤ ਦੇਸ਼ਾਂ ਨਾਲ ਪਹਿਲਾਂ ਕੀਤੇ ਦੁਵੱਲੇ ਸਮਝੌਤਿਆਂ ਦੀਆਂ ਵਿਵਸਥਾਵਾਂ ਵੱਡੀਆਂ ਅੜਿਕਾ ਹਨ। ਜੇ ਗੱਲ ਏਨੀ ਹੀ ਹੈ ਤਾਂ ਉਹਨਾਂ ਦੁਵੱਲੇ ਸਮਝੌਤਿਆਂ ਨੂੰ ਮੁੜ ਵਿਚਾਰਿਆ ਜਾ ਸਕਦਾ ਹੈ। ਉਹਨਾਂ ਨੂੰ ਖਤਮ ਵੀ ਕੀਤਾ ਜਾ ਸਕਦਾ ਹੈ ਜੋ ਦੇਸ਼ ਦੇ ਆਮ ਲੋਕਾਂ ਦੇ ਹਿੱਤ 'ਚ ਹੋਵੇਗਾ। ਸੂਤਰਾਂ ਮੁਤਾਬਕ ਵਿਦੇਸ਼ਾਂ 'ਚ ਕਾਲਾ ਧਨ ਜਮ੍ਹਾਂ ਕਰਵਾਉਣ ਵਾਲਿਆਂ 'ਚ ਨੌਕਰਸ਼ਾਹ, ਸਨਅਤਕਾਰ ਤੇ ਵੱਡੇ ਰਾਜਸੀ ਨੇਤਾ ਸ਼ਾਮਲ ਹਨ। ਸਰਕਾਰ 'ਚ ਬੈਠੇ ਲੋਕਾਂ 'ਚ ਇਸ ਪ੍ਰਤੀ ਇੱਛਾ ਸ਼ਕਤੀ ਦੀ ਭਾਰੀ ਘਾਟ ਹੈ। ਐਨ.ਡੀ.ਏ ਸਰਕਾਰ ਵੇਲੇ ਇਸੇ ਕਾਰਨ ਇਸ ਨੁਕਤੇ 'ਤੇ ਬਿਆਨ ਵੀ ਆਉਂਦੇ ਰਹੇ ਪਰ ਕੋਸ਼ਿਸ਼ ਗੰਭੀਰ ਰੂਪ 'ਚ ਕਿਸੇ ਨੇ ਨਹੀਂ ਕੀਤੀ। ਯੂ.ਪੀ.ਏ ਦੀ ਮੌਜੂਦਾ ਸਰਕਾਰ ਤਾਂ ਆਪ ਵੀ ਭ੍ਰਿਸ਼ਟਾਚਾਰ 'ਚ ਡੁਬੀ ਹੋਈ ਹੈ। ਇਹ ਸਰਕਾਰੀ ਕਬੂਲ ਨਾਮਾ ਤਾਂ ਸਿਰਫ ਸਿਵਸ ਬੈਂਕ 'ਚ ਜਮ੍ਹਾਂ ਰਕਮ ਦਾ ਹੈ। ਸਿਵਸ ਬੈਂਕ ਨੇ 782 ਬੰਦਿਆਂ ਦਾ ਨਾਂ ਭਾਰਤ ਸਰਕਾਰ ਨੂੰ ਭੇਜਿਆ ਵੀ ਹੈ। ਜਿਹਨਾਂ ਦਾ ਕਾਲਾ ਧਨ ਉਥੇ ਜਮ੍ਹਾਂ ਹੈ। ਸਿਵਸ ਬੈਂਕ ਨੇ ਭਾਰਤ ਸਰਕਾਰ ਨੂੰ ਪੇਸਕਸ਼ ਵੀ ਕੀਤੀ ਹੈ ਕਿ ਜੇ ਉਹ ਕਾਲਾ ਧਨ ਜਮ੍ਹਾ ਕਰਾਉਣ ਵਾਲਿਆਂ ਨੂੰ ਆਮ ਮੁਆਫੀ ਦੇਣ ਦਾ ਐਲਾਨ ਕਰਦੀ ਹੈ ਤਾਂ ਉਹ ਕਿਸ ਦਾ, ਕਿਨਾ ਪੈਸਾ ਸਿਵਸ ਬੈਂਕ 'ਚ ਜਮ੍ਹਾ ਹੈ, ਇਸ ਦੀ ਸੂਚੀ ਜਨਤਕ ਕਰ ਦੇਵੇਗੀ। ਇਸ 'ਤੇ ਸਨਅਤਕਾਰਾਂ ਦੀ ਸੰਸਥਾ ਚੈਂਬਰਜ਼ ਆਫ ਕਾਮਰਸ (ਏਸੋਚੈਂਮ) ਨੇ ਪ੍ਰਸਤਾਅ ਰਖਿਆ ਕਿ ਜਨਤਕ ਮੁਆਫੀ ਪਿਛੋਂ ਕਾਲੇ ਧਨ ਵਾਲੇ ਲੋਕਾਂ ਤੋਂ 40 ਫੀ ਸਦੀ ਟੈਕਸ ਆਵੇਗਾ।

ਸੀ.ਬੀ.ਆਈ ਦੇ ਸਾਬਕਾ ਨਿਰਦੇਸ਼ਕ ਜਗਦੀਸ਼ ਸਿੰਘ ਦਾ ਮੰਨਣਾ ਹੈ ਕਿ ਸਨਅਤਕਾਰ ਕਾਲਾ ਧਨ ਇਸ ਲਈ ਮਨਾਉਂਦੇ ਹਨ ਕਿਉਂਕਿ ਉਹਨਾਂ ਨੇ ਆਪਣੇ ਕੰਮ ਕਰਾਉਣ ਲਈ ਅਫ਼ਸਰਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ ਤੇ ਰਾਜਸੀ ਆਗੂਆਂ ਨੂੰ ਚੰਦੇ ਦੀ ਭਾਰੀ ਰਕਮ ਦੇਣੀ ਪੈਂਦੀ ਹੈ। ਇਕਨਾਮਿਕ ਟਾਈਮਸ ਨੇ ਕਾਂਗਰਸ ਤੇ ਭਾਜਪਾ ਨੂੰ ਕਾਰਪੋਰੇਟ ਘਰਾਣਿਆਂ ਵਲੋਂ ਦਿਤੇ ਗਏ ਚੰਦਿਆਂ ਦੀ ਰਕਮ ਦਾ ਵੇਰਵਾ ਛੁਪਾਇਆ ਹੈ। ਉਹਨਾਂ ਦੀ ਰਾਇ 'ਚ ਭ੍ਰਿਸ਼ਟਾਚਾਰ ਕਾਲਾ ਧਨ ਪੈਦਾ ਕਰਨ ਦਾ ਮੂਲ ਕਾਰਨ ਹੈ। ਉਥੇ ਅਰਥਸਾਸ਼ਤਰੀ ਕਮਨ ਨਇਨ ਕਾਬਰਾ ਦੀ ਰਾਇ 'ਚ ਵਿਦੇਸ਼ੀ ਵਪਾਰ 'ਚ ਉਵਰ-ਇਨਵਾਇਸਿੰਗ ਤੇ ਅੰਡਰ ਇਨਵਾਇਸਿੰਗ ਵਿਦੇਸ਼ਾਂ 'ਚ ਕਾਲਾ ਧਨ ਜਮ੍ਹਾ ਹੋਣ ਦਾ ਮੁੱਖ ਕਾਰਨ ਹੈ। ਸਾਬਕਾ ਆਮਦਨ ਟੈਕਸ ਕਮਿਸ਼ਨਰ ਵਿਸ਼ਵ ਬੰਧੂ ਗੁਪਤ ਦਾ ਕਥਨ ਹੈ ਕਿ ਭਾਰਤ 'ਚ ਟੈਕਸ ਉਚਾ ਹੈ। ਟੈਕਸ ਰੇਟ ਘਟਾਉਣ

ਨਾਲ ਬਾਹਰਲੇ ਦੇਸ਼ਾਂ ਵਿਚਲਾ ਪੇਸ਼ਾ ਭਾਰਤ ਦੇਸ਼ ਅੰਦਰ ਆ ਸਕਦਾ ਹੈ। ਸਰਕਾਰ ਨੂੰ ਸਲਾਹ ਦੇਣ ਵਾਲਿਆਂ ਦੀ ਘਾਟ ਨਹੀਂ ਪਰ ਭਾਰਤ ਦੀ ਦਲਾਲ, ਨੌਕਰਸ਼ਾਹ, ਸ਼ਰਮਾਏਦਾਰੀ ਆਵਦੇ ਸਲਾਹਕਾਰਾਂ ਦੀ ਮੰਨਦੀ ਨਹੀਂ ਜਦਕਿ ਅਮਰੀਕੀ ਸਾਮਰਾਜੀ ਧੌਂਸ ਮੂਹਰੇ ਲਿਫ ਜਾਂਦੀ ਹੈ। ਹੁਣ ਪਾਪਾਂ ਦਾ ਘੜਾ ਭਰ ਗਿਆ ਹੈ, ਸਰਕਾਰਾਂ ਬਦਲਣ ਨਾਲ ਨਹੀਂ, ਨਿਜ਼ਾਮ ਬਦਲਣ ਨਾਲ ਹੀ ਲੋਕ ਆਪਣੀ ਹੋਣੀ ਦੇ ਮਾਲਕ ਆਪ ਬਣਨਗੇ।

# ਗਾਂਧੀ ਬਨਾਮ ਭਗਤ ਸਿੰਘ

ਗਾਂਧੀ ਅਤੇ ਭਗਤ ਸਿੰਘ ਵਿਚੋਂ ਕਿਸੇ ਨੂੰ ਵੀ ਆਪਣੇ ਜੀਵਨ ਕਾਲ 'ਚ ਇਕ ਦੂਜੇ ਨਾਲ ਮਿਲਣ ਦਾ ਮੌਕਾ ਨਹੀਂ ਮਿਲਿਆ। ਦਸੰਬਰ 1928 'ਚ ਲਹੌਰ 'ਚ ਬ੍ਰਿਟਿਸ ਪੁਲਸ ਅਧਿਕਾਰ ਸਾਂਡਰਸ ਦੇ ਕਤਲ ਪਿਛੋਂ ਨੌਜਵਾਨ ਭਗਤ ਸਿੰਘ ਰੂ-ਪੋਸ਼ ਹੋ ਗਏ। ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ 'ਚ ਜਿਹਨੀਂ ਦਿਨੀ ਕਾਂਗਰਸ ਦਾ ਕਲਕੱਤੇ 'ਚ ਸਲਾਨਾ ਸਮਾਗਮ ਹੋ ਰਿਹਾ ਸੀ ਤਾਂ ਭਗਤ ਸਿੰਘ ਕਲਕੱਤਾ ਆਏ ਸਨ। ਇਸ ਸੈਸ਼ਨ 'ਚ ਬੇਸ਼ਕ ਗਾਂਧੀ ਵੀ ਮੌਜੂਦ ਸੀ। ਭਗਤ ਸਿੰਘ ਨੇ ਆਪਣੀ ਪਹਿਚਾਣ ਛੁਪਾਉਂਦੇ ਹੋਇਆ ਸੈਸ਼ਨ 'ਚ ਹਿੱਸਾ ਲਿਆ ਸੀ ਤੇ ਫਿਰ ਭੀੜ 'ਚ ਕਿਧਰੇ ਗੁੰਮ ਹੋ ਗਏ ਸਨ। ਨਿਸ਼ਚੈ ਹੀ ਉਹਨਾਂ ਨੇ ਗਾਂਧੀ ਨੂੰ ਕੁਝ ਦੂਰੀ ਤੋਂ ਵੇਖਿਆ ਹੋਵੇਗਾ ਤੇ ਗਾਂਧੀ ਬਾਰੇ ਆਪਣੀ ਕੋਈ ਰਾਇ ਬਣਾਈ ਹੋਵੇਗੀ ਜਿਸ ਨੂੰ ਪਹਿਲਾਂ ਦਿੱਲੀ ਬੰਬ ਕਾਂਡ 'ਚ ਇਕ ਵਿਚਾਰਧੀਨ ਕੈਦੀ ਵਜੋਂ ਇਨਕਲਾਬੀ ਜੋਸ਼ ਦੇ ਨਾਲ ਜ਼ਾਹਰ ਕੀਤਾ ਸੀ। ਉਹਨਾਂ ਦੀਆਂ ਨਜ਼ਰਾਂ 'ਚ ਗਾਂਧੀ ਇਕ ਆਦਰਸ਼ਵਾਦੀ ਸਨ ਜੋ ਝੂਠੀ ਆਸ ਪਾਲ ਕੇ ਰਖ ਰਹੇ ਸਨ ਕਿ ਅਹਿੰਸਾ ਦੇ ਨੈਤਿਕ ਦਬਾਅ ਨਾਲ ਤਾਕਤਵਰ ਅੰਗਰੇਜ ਭਾਰਤ ਛੱਡ ਦੇਣਗੇ। ਜੇ ਗਾਂਧੀ ਨੇ ਅਹਿੰਸਾ ਦੀ ਵਿਚਾਰ ਧਾਰਾ ਤਿਆਰ ਕੀਤੀ ਤਾਂ ਭਗਤ ਸਿੰਘ ਵੀ ਬੰਬਈ ਵਿਚਾਰਧਾਰਾ ਦੇ ਇਕ ਅਸਲੀ ਪ੍ਰਤੀਕ ਸਨ। ਇਹਨਾਂ ਦੋਹਾਂ ਨੇ ਵਿਦੇਸ਼ੀ ਗੁਲਾਮੀ 'ਚ ਜਕੜੀ ਮਾਤਭੂਮੀ ਦੀ ਸੇਵਾ ਲਈ ਇਕ ਦੂਜੇ ਤੋਂ ਬਿਲਕੁਲ ਹੀ ਉਲਟ ਰਾਹ ਚੁਣਿਆ ਸੀ। ਹਲਾਂਕਿ ਉਹਨਾਂ ਦੀ ਇਕ ਦੂਜੇ ਦੇ ਵਿਰੁਧ ਵਿਚਾਰਧਾਰਾ ਸੀ ਪਰ ਜਦ ਭਗਤ ਸਿੰਘ ਨੂੰ ਉਹਨਾਂ ਦੇ ਦੋ ਸਾਥੀਆਂ ਸੁਖਦੇਵ ਸਿੰਘ ਤੇ ਰਾਜਗੁਰੂ ਦੇ ਨਾਲ ਫ਼ਾਂਸੀ ਦੀ ਸਜ਼ਾ ਮਿਲੀ ਤਾਂ ਭਗਤ ਸਿੰਘ ਦੇ ਨਾਲ ਗਾਂਧੀ ਦਾ ਨਾਂ ਕਈ ਰੂਪਾਂ 'ਚ ਜੁਟ ਗਿਆ। ਲਹੌਰ ਸਾਜਿਸ਼ ਕੇਸ ਦਾ ਮੁਕੱਦਮਾ ਵੇਖਣ ਵਾਲੇ ਵਿਸ਼ੇਸ਼ ਟ੍ਰਿਬਿਊਨਲ ਨੇ ਅਕਤੂਬਰ 1930 'ਚ ਆਪਣਾ ਫੈਸਲਾ ਸੁਣਾ ਦਿੱਤਾ। ਇਹ ਇਕ ਅਜੇਹਾ ਦੌਰ ਸੀ ਜਿੰਨੀ ਦਿਨੀ ਗਾਂਧੀ ਦੀ ਨਾ-ਮਿਲਵਰਤਣ ਲਹਿਰ ਪੂਰੇ ਜ਼ੋਰਾਂ 'ਤੇ ਸੀ। ਗਾਂਧੀ ਤੇ ਭਾਰਤ ਦੇ ਤਤਕਲੀਨ ਵਾਇਸਰਾਇ ਲਾਰਡ ਇਰਵਿਨ ਵਿਚਕਾਰ ਪ੍ਰਸਿੱਧ ਦਿਲੀ ਸਮਝੌਤਾ ਮਾਰਚ 1930 'ਚ ਨੇਪਰੇ ਚੜ੍ਹਿਆ ਸੀ। ਇਸ ਦੌਰਾਨ ਗਾਂਧੀ ਨੂੰ ਕਈ ਵਾਰ ਭਗਤ ਸਿੰਘ ਨੂੰ ਯਾਦ ਕਰਨਾ ਪਿਆ। ਲੋਕਾਂ ਦੇ ਦਿਮਾਗ 'ਚ ਵੀ ਲਾਹੌਰ ਸਾਜਿਸ਼ ਕੇਸ ਦੇ ਮੌਤ ਦੀ ਸਜ਼ਾ ਯਾਫ਼ਤਾ ਕੈਦੀਆਂ ਦੀ ਰਿਹਾਈ ਜਾਂ ਘਟੋ-ਘੱਟ ਮੌਤ ਦੀ ਸਜ਼ਾ ਤੋਂ ਮੁਕਤੀ ਦਾ ਮੁੱਦਾ ਇਕ ਭਖਦੇ ਮਸਲੇ ਵਜੋਂ ਪੇਸ਼ ਸੀ।

**ਕਰਾਚੀ ਕਾਂਗਰਸ:-** ਭਗਤ ਸਿੰਘ ਤੇ ਉਹਨਾਂ ਦੇ ਕਾਮਰੇਡਾਂ ਨੂੰ ਕਰਾਚੀ 'ਚ ਕਾਂਗਰਸ ਸੈਸ਼ਨ ਦੇ ਉਦਘਾਟਨ ਤੋਂ ਇਕ ਦਿਨ ਪਹਿਲਾਂ 23 ਮਾਰਚ 1931 ਨੂੰ ਫ਼ਾਂਸੀ 'ਤੇ ਲਟਕਾ ਦਿੱਤਾ ਗਿਆ। ਇਸ ਦੇ ਵਿਰੋਧ 'ਚ ਦੇਸ਼ ਭਰ 'ਚ ਮੁਜਾਹਰੇ ਹੋਏ ਜੋ ਨਾ ਸਿਰਫ ਸਰਕਾਰ ਦੇ ਬਲਕਿ ਗਾਂਧੀ ਦੇ ਵੀ ਵਿਰੁੱਧ ਹੋਏ। ਲੋਕਾਂ ਨੇ ਗਾਂਧੀ 'ਤੇ ਦੋਸ਼ ਲਾਇਆ ਕਿ ਇਹਨਾਂ ਕੈਦੀਆਂ ਦਾ ਜੀਵਨ ਬਚਾਉਣ ਲਈ ਗਾਂਧੀ ਜੀ ਨੇ ਕੁਝ ਨਹੀਂ ਕੀਤਾ। ਫਾਂਸੀ ਲਾਉਣ ਤੋਂ ਦੋ ਦਿਨ ਪਿਛੋਂ ਕਰਾਚੀ 'ਚ ਕਾਂਗਰਸੀ ਨੁਮਾਇੰਦਿਆਂ ਨੂੰ ਸੰਬੋਧਿਤ

ਹੁੰਦਿਆਂ ਗਾਂਧੀ ਨੇ ਕਿਹਾ ਕਿ ਇਹਨਾਂ ਕੈਦੀਆਂ ਦੀ ਮੌਤ ਦੀ ਸਜ਼ਾ ਮੁਆਫ਼ ਕਰਨ ਲਈ ਮੈਂ ਲਾਰਡ ਇਰਵਨ ਕੋਲ ਅਪੀਲ ਕੀਤੀ। ਗਾਂਧੀ ਅਨੁਸਾਰ 'ਮੈਂ ਵਾਇਸਰਾਏ ਨੂੰ ਜਿੰਨਾ ਜ਼ੋਰ ਦੇ ਕੇ ਕਹਿ ਸਕਦਾ ਸੀ ਕਿਹਾ, ਮੈਂ ਆਪਣੀ ਸਾਰੀ ਤਾਕਤ ਲਾ ਦਿੱਤੀ' (ਡੀ.ਜੀ ਤੰਦੂਲਕਰ, ਮਹਾਤਮਾ ਗਾਂਧੀ ਖੰਡ ਤਿੰਨ ਪਬਲੀਕੇਸ਼ਨ ਡਵੀਜ਼ਨ ਪੰਨਾ-72) ਇਸ ਗੱਲ ਦੀ ਪੁਸ਼ਟੀ ਲਾਰਡ ਇਰਵਨ ਨੇ ਵੀ 26 ਮਾਰਚ ਨੂੰ ਦਿੱਲੀ ਦੇ ਚੇਮਸ ਫੋਰਡ 'ਚ ਆਪਣੇ ਵਿਦਾਇਗੀ ਭਾਸ਼ਣ 'ਚ ਕੀਤੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤੱਥਾਂ ਤੋਂ ਅਣਜਾਣ ਲੋਕਾਂ ਦੀ ਗਾਂਧੀ ਦੀ ਅਲੋਚਨਾ ਜਾਇਜ਼ ਸੀ ਪਰ ਗੱਲ ਏਨੀ ਹੀ ਨਹੀਂ ਸੀ ਇਰਵਨ ਦਾ ਪੱਖ ਕੀ ਸੀ? ਨਾ ਤਾਂ ਗਾਂਧੀ ਤੇ ਨਾ ਹੀ ਇਰਵਨ ਨੇ ਪੂਰਾ ਸੱਚ ਬੋਲਿਆ। ਇਸ ਘਟਨਾ ਦੇ ਇਹਨਾਂ ਦੋ ਮੁੱਖ ਸਰੋਤਾਂ ਦੇ ਜਨਤਕ ਬਿਆਨਾਂ 'ਚ ਤੇ ਪੂਰਨ ਸੱਚ 'ਚ ਕਾਫੀ ਅੰਤਰ ਸੀ। ਲਗਭਗ ਦੋ ਦਹਾਕੇ ਤੋਂ ਵੀ ਵੱਧ ਸਮਾਂ ਬੀਤ ਜਾਣ ਪਿਛੋਂ ਉਸ ਸਮੁੱਚੇ ਘਟਨਾਕ੍ਰਮ ਨੂੰ ਯਾਦ ਕਰਦਿਆ ਇਰਵਨ ਨੇ (ਜੋ ਹੁਣ ਵਿਸਕਾਉਂਦੇ ਹੈਲੀਫੈਕਸ ਹੋ ਗਏ ਸਨ) ਨਿਮਨ ਲਿਖਤ ਗੱਲਾਂ ਆਪਣੀ ਆਤਮ ਕਥਾ 'ਚ ਲਿਖੀਆਂ।

"ਮੈਂ ਗਾਂਧੀ ਨੂੰ ਕਿਹਾ ਕਿ ਉਹਨਾਂ ਨੂੰ ਇਸ ਗੱਲ ਦਾ ਬਹੁਤ ਡਰ ਹੈ ਕਿ ਜੇ ਮੈਂ ਕੁੱਝ ਨਹੀਂ ਕਰੂੰਗਾ ਤਾਂ ਇਸ ਦਾ ਅਸਰ ਸਾਡੇ ਸਮਝੌਤੇ ਦੇ ਖਤਮ ਹੋਣ 'ਤੇ ਪੈ ਸਕਦਾ ਹੈ। ਮੈਂ ਉਹਨਾਂ ਨੂੰ ਕਿਹਾ ਕਿ ਇਸ ਦੀ ਤਕਲੀਫ਼ ਮੈਨੂੰ ਘੱਟ ਨਹੀਂ ਹੋਵੇਗੀ ਪਰ ਮੈਂ ਸਾਫ ਤੌਰ 'ਤੇ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਸਿਲਸਿਲੇ 'ਚ ਸਿਰਫ ਤਿੰਨ ਹੀ ਰਾਹ ਸੰਭਵ ਹੋ ਸਕਦੇ ਹਨ। ਪਹਿਲਾਂ ਤਾਂ ਇਹ ਕਿ ਕੁਝ ਨਾ ਕੀਤਾ ਜਾਵੇ ਤੇ ਫਾਂਸੀ ਦੀ ਸਜ਼ਾ ਤੇ ਭਗਤ ਸਿੰਘ ਨੂੰ ਰਾਹਤ ਦੇ ਦਿੱਤੀ ਜਾਵੇ। ਤੀਜਾ ਇਹ ਕਿ ਜਦ ਤਕ ਕਰਾਚੀ 'ਚ ਕਾਂਗਰਸ ਦਾ ਸੈਸ਼ਨ ਖਤਮ ਨਹੀਂ ਹੋ ਜਾਂਦਾ ਤਦ ਤਕ ਕਿਸੇ ਵੀ ਤਰ੍ਹਾਂ ਦਾ ਫੈਸਲਾ ਨਾ ਕੀਤਾ ਜਾਵੇ। ਮੈਂ ਗਾਂਧੀ ਨੂੰ ਕਿਹਾ ਸੀ ਕਿ ਉਹ ਵੀ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਮੇਰੇ ਨਜ਼ਰੀਏ ਨਾਲ ਭਗਤ ਸਿੰਘ ਨੂੰ ਰਾਹਤ ਦੇਣੀ ਅਸੰਭਵ ਹੈ ਤੈ ਇਸ ਫੈਸਲੇ ਨੂੰ ਜੇ ਸਿਰਫ ਸਥਾਪਤ ਕਰ ਦਿੱਤਾ ਜਾਂਦਾ ਹੈ ਜਿਸ ਨਾਲ ਲੋਕ ਇਹ ਸੋਚਣ ਲਈ ਉਤਸ਼ਾਹਿਤ ਹੋਵੇ ਕਿ ਸ਼ਜਾ 'ਚ ਛੋਟ ਦੀ ਸੰਭਾਵਨਾ ਬਚੀ ਹੋਈ ਹੈ ਤਾਂ ਅਜੇਹਾ ਕਰਨਾ ਇਮਾਨਦਾਰੀ ਨਹੀਂ ਹੋਣੀ। ਇਸ ਲਈ ਸਾਰੀਆਂ ਬੁਰਾਈਆਂ ਦੇ ਬਾਵਜੂਦ ਪਹਿਲਾ ਰਾਹ ਹੀ ਸੰਭਵ ਹੈ।"

ਹੈਲੀਫੈਕਸ ਨੇ ਲਿਖਿਆ ਹੈ ਕਿ ਇਸ ਮੁੱਦੇ 'ਤੇ ਗਾਂਧੀ ਨਾਲ ਕੀ ਗੱਲਬਾਤ ਹੋਈ ਤੇ ਦਸਿਆ ਹੈ ਕਿ ਬਾਤ ਚੀਤ ਦੌਰਾਨ ਇਕ ਮੋੜ 'ਤੇ ਆਉਂਦਿਆਂ ਗਾਂਧੀ ਨੇ ਕਿਹਾ 'ਸ੍ਰੀ ਗਾਂਧੀ ਨੇ ਕਿਹਾ ਕਿ ਜੇ ਇਸ ਨੌਜਵਾਨ ਨੂੰ ਫਾਂਸੀ 'ਤੇ ਲਟਕਾਇਆ ਗਿਆ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਹ ਕੌਮੀ ਸ਼ਹੀਦ ਬਣ ਜਾਵੇਗਾ ਤੇ ਸਾਰਾ ਮਹੌਲ ਬਿਲਕੁਲ ਉਲਟ ਹੋ ਜਾਵੇਗਾ' ਇਸ ਪਿਛੋਂ ਹੈਲੀਫੈਕਸ ਨੇ ਇਸ ਅਮਲ 'ਤੇ ਆਪਣੇ ਵਿਚਾਰਾਂ ਨੂੰ ਹੋਰ ਵਿਸਥਾਰ ਨਾਲ ਜ਼ਾਹਰ ਕੀਤਾ ਉਹਨਾਂ ਦਸਿਆ ਕਿ ਗੱਲਬਾਤ ਦੇ ਅੰਤ ਦੌਰਾਨ ਗਾਂਧੀ ਨੇ ਉਹਨਾਂ ਤੋਂ ਪੁਛਿਆ "ਜੇ ਮੈਂ ਇਹ ਕਹਾਂ ਕਿ ਇਸ ਨੌਜਵਾਨ ਦੀ ਜ਼ਿੰਦਗੀ ਬਚਾਉਣ ਲਈ ਮੈਂ ਭਰਪੂਰ ਕੋਸ਼ਿਸ਼ ਕੀਤੀ ਤਾਂ ਕੀ ਮਹਾਂ ਮਹਿਮ ਨੂੰ ਮੇਰੇ ਇਸ ਕਥਨ ਨਾਲ ਕੋਈ ਇਤਰਾਜ ਹੋਵੇਗਾ? ਮੈ ਕਿਹਾ ਜੇ ਉਹ ਆਪਣੇ ਬਿਆਨ 'ਚ ਮੇਰਾ ਨਜ਼ਰੀਆ ਵੀ ਜੋੜ ਦੇਣ ਕਿ ਉਹਨਾਂ ਨੂੰ ਇਹ ਨਹੀਂ ਪਤਾ ਸੀ

ਕਿ ਮੈਂ ਕੀ ਕਰਨ ਜਾ ਰਿਹਾ ਹਾਂ ਤਾਂ ਵੀ ਮੈਨੂੰ ਕੋਈ ਇਤਰਾਜ ਨਹੀਂ ਹੋਵੇਗਾ। ਗਾਂਧੀ ਕੁਝ ਦੇਰ ਤਕ ਸੋਚਦੇ ਰਹੇ ਅਤੇ ਫਿਰ ਤਿਆਰ ਹੋ ਗਏ ਅਤੇ ਇਸ ਨੂੰ ਅਧਾਰ ਮੰਨ ਕੇ ਕਰਾਚੀ ਗਏ ਅਤੇ ਮੈਨੂੰ ਪਿਛੋਂ ਦਸਿਆ ਗਿਆ ਕਿ ਉਹਨਾਂ ਦਾ ਬਹੁਤ ਬੁਰੇ ਤਰੀਕੇ ਨਾਲ ਸੁਆਗਤ ਹੋਇਆ ਪਰ ਜਦ ਉਸ ਨੂੰ ਮੌਕਾ ਮਿਲਿਆ ਤਾਂ ਉਹਨਾਂ ਉਹੀ ਗੱਲ ਆਖੀ ਜੋ ਸਾਡੇ ਦਰਮਿਆਨ ਸਹਿਮਤੀ ਬਣੀ ਸੀ। (ਇਹ ਅੰਸ 'ਫੁਲਨੇਸ ਆਫ ਡੇਜ਼' ਪੁਸਤਕ ਦੇ ਪੰਨਾ 140-150 ਤੋਂ ਲਿਆ ਗਿਆ ਹੈ) ਕੀ ਇਸ ਸਾਬਕਾ ਵਾਇਸਰਾਇ ਦੇ ਕਥਨ ਨੂੰ ਜੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਘਟਨਾ ਦੇ ਲਗਭਗ ਤੀਹ ਸਾਲਾਂ ਪਿਛੋਂ ਯਾਦ ਕਰ ਰਿਹਾ ਹੋਵੇ, ਉਸ ਪ੍ਰਤੀ ਬੇਇਜ਼ਤੀ ਪ੍ਰਗਟ ਕੀਤੇ ਬਿਨ੍ਹਾਂ ਪੂਰੀ ਤਰ੍ਹਾਂ ਉਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ। ਇਥੇ ਕੈਂਪਬੇਲ ਜਾਨਸਨ ਦਾ ਪ੍ਰਸੰਗ ਵੀ ਆਉਂਦਾ ਹੈ। ਸਾਡੇ ਸਾਹਮਣੇ ਇਕ ਹੋਰ ਪਾਸੇ ਸਮਰਥ ਪ੍ਰੇਖਕ ਟਲੇਨ ਕੈਂਪਬੇਲ ਜਾਨਸਨ ਦਾ ਵੇਰਵਾ ਵੀ ਆਉਂਦਾ ਹੈ ਜੋ ਉਹਨਾਂ ਨੂੰ ਆਪਣੀ ਪੁਸਤਕ 'ਲਾਰਡ ਹੈਲੀਫੈਕਸ' 'ਚ ਪੇਸ਼ ਕੀਤਾ ਹੈ। ਇਹ ਪੁਸਤਕ 1943 'ਚ ਲੰਦਨ ਤੋਂ ਪ੍ਰਕਾਸ਼ਿਤ ਹੋਈ ਅਤੇ ਇਸ ਪੁਸਤਕ 'ਚ ਗਾਂਧੀ ਤੇ ਇਰਵਨ 'ਚ ਸਭ ਇਸ ਸਹਿਮਤੀ ਦਾ ਜ਼ਿਕਰ ਹੈ ਕਿ ਭਗਤ ਸਿੰਘ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਨਾ ਦਿੱਤੀ ਜਾਵੇ। ਨਿਸਚੈ ਹੀ ਇਹ ਇਕ ਗੰਭੀਰ ਦੋਸ਼ ਹੈ ਜਿਸ ਦਾ ਪਿਛੋਂ ਗਾਂਧੀ 'ਤੇ ਭਾਰਤ 'ਚ ਪ੍ਰਕਾਸ਼ਿਤ ਪੁਸਤਕਾਂ ਵਿਚੋਂ ਕਿਸੇ 'ਚ ਪ੍ਰਤੀਵਾਦ ਨਹੀਂ ਕੀਤਾ ਗਿਆ ਹੈ। ਜਾਨਸਨ ਨੇ ਇਸ ਪੁਸਤਕ 'ਚ ਲਿਖਿਆ 'ਹੋਮ ਮੈਂਬਰ ਸਰ ਹਰਬਰਟ ਏਮਰਸਨ ਨੂੰ ਦਿਲੀ ਸਮਝੌਤੇ 'ਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਬੁਲਾਇਆ ਗਿਆ ਜਿਹਨਾਂ ਨੇ ਇਰਵਨ ਤੇ ਗਾਂਧੀ ਦੀ ਗੱਲਬਾਤ ਨੂੰ ਬਹੁਤ ਹੈਰਾਨੀ ਨਾਲ ਦਰਜ ਕੀਤਾ ਹੈ ਅਤੇ ਦਸਿਆ ਹੈ ਕਿ ਜਦ ਦੋਹਾਂ 'ਚ ਸਹਿਮਤੀ ਬਣ ਗਈ ਕਿ ਭਗਤ ਸਿੰਘ ਨੂੰ ਫਾਂਸੀ ਲਗਣੀ ਚਾਹੀਦੀ ਹੈ। ਇਸ ਪਿਛੋਂ ਇਹ ਲੋਕ ਅੱਤਵਾਦ ਦੇ ਰਾਜਸੀ ਮਨੋਰਥ ਬਾਰੇ ਗੱਲਬਾਤ 'ਚ ਕਿਸੇ ਰਾਜਨੇਤਾ ਵਾਗੂੰ ਨਹੀਂ ਬਲਕਿ ਮਨੁਖੀ ਜੀਵਨ ਦੀ ਪਵਿਤਰਤਾ 'ਤੇ ਵਿਚਾਰ ਕਰਨ ਵਾਲੇ ਦੋ ਸੰਤਾਂ ਵਾਂਗ ਗੱਲਬਾਤ ਕਰ ਰਹੇ ਸਨ (ਲਾਰਡ ਹੈਲੀਪੈਕਸ ਸਫਾ 313) ਜਾਨਸਾਨ ਦਾ ਇਹ ਬਿਆਨ ਹੀ ਬਹੁਤ ਅਜੀਬ ਹੈ। ਇਸ ਤੋਂ ਇਲਾਵਾ ਇਹ ਕਿਸੇ ਹੋਰ ਦਾ ਸੰਸਮਰਣ ਹੈ ਜਿਸ ਨੇ ਜੁਬਾਨੀ ਘਟਨਾ ਦੇ ਕਈ ਸਾਲਾਂ ਪਿਛੋਂ ਹੈਲੀਫੈਕਸ ਦੀ ਜੀਵਨੀ ਲਿਖਣ ਵਾਲੇ ਨੂੰ ਦਸਿਆ ਹੋਵੇ। ਹੈਰਾਨੀ ਦੀ ਗੱਲ ਹੈ ਕਿ ਇਸ ਵੇਰਵੇ ਨੂੰ ਵੀ ਕਿਸੇ ਗਲਤ ਨਹੀਂ ਕਿਹਾ। ਹੁਣ ਤਕ ਜਿਨਾਂ ਵੀ ਲੋਕਾਂ ਨੇ ਗਾਂਧੀ ਦੀ ਜੀਵਨੀ ਲਿਖੀ ਹੈ, ਉਸ ਵਿਚੋਂ ਸਭ ਨੇ ਭਗਤ ਸਿੰਘ ਬਾਰੇ ਗਾਂਧੀ ਤੇ ਇਰਵਨ ਦੀ ਹੋਈ ਗੱਲਬਾਤ ਨੂੰ ਗਾਂਧੀ ਤੇ ਇਰਵਨ ਦੇ ਜਨਤਕ ਬਿਆਨਾਂ ਤੇ ਉਸ ਸਮੇਂ ਅਖ਼ਬਾਰਾਂ 'ਚ ਛਪੀਆਂ ਰੀਪੋਟਾਂ ਨੂੰ ਹੀ ਅਧਾਰ ਬਣਾਇਆ ਹੈ। ਇਸ ਵਿਚ ਚਾਰ ਮਹੱਤਵਪੂਰਨ ਪੁਸਤਕਾਂ ਹਨ। ਡਾਕਟਰ ਸੀਤਾ ਰਮਾਇਆ ਦੀ 'ਹਿਸਟਰੀ ਆਫ ਕਾਂਗਰਸ' ਨਹਿਰੂ ਦੀ 'ਆਤਮਕਥਾ' ਤੇ ਦੂਲਕਰ ਦੀ 'ਗਾਂਧੀ ਦੀ ਜੀਵਨ' ਅਤੇ ਮੀਰਾਬੇਨ ਦੀ 'ਆਤਮਕਥਾ'। ਇਹਨਾਂ ਸਾਰੀਆਂ ਪੁਸਤਕਾਂ 'ਚੋਂ ਕਿਸੇ ਨੇ ਜਾਨਸਾਨ ਦੀ ਗੱਲ ਦਾ ਵਿਰੋਧ ਨਹੀਂ ਕੀਤਾ ਹੈ। ਦਰਅਸਲ ਅੰਗਰੇਜੀ ਪ੍ਰਤਕਾਰ ਦੀ ਇਸ 'ਗਾਸਿਪ' ਦੀ ਜਾਣਬੁਝ ਕੇ ਅਣਦੇਖੀ ਕੀਤੀ ਗਈ ਹੈ। ਸ਼ਾਇਦ ਇਹ ਸੋਚ ਕੇ ਇਸ 'ਚ ਕੋਈ ਦਮ ਨਹੀਂ। ਪਰ ਅਸੀਂ ਜਾਨਸਨ ਦੀ ਇਸ ਗਵਾਹੀ ਨੂੰ ਇਸ ਅਧਾਰ 'ਤੇ ਖਾਰਜ਼ ਕਰ ਦੇਈਏ ਕਿ ਇਹ ਸਿਰਫ ਸੁਣੀ ਸੁਣਾਈ ਗੱਲ ਸੀ

ਤਾਂ ਭਾਰਤੀ ਲੇਖਕਾਂ ਦੇ ਦਾਅਵਿਆਂ ਨੂੰ ਅਸੀਂ ਕਿਵੇਂ ਮੰਜੂਰ ਕਰ ਸਕਦੇ ਹਾਂ? ਭਾਰਤੀ ਲੇਖਕ ਵੀ ਤਾਂ ਗਾਂਧੀ ਤੇ ਇਰਵਨ ਦੇ ਜਨਤਕ ਬਿਆਨਾਂ ਨੂੰ ਹੀ ਆਪਣਾ ਅਧਾਰ ਬਣਾਉਣਗੇ ਜਾਂ ਉਹਨਾਂ ਦੋਸਤਾਂ ਦੇ ਉਸ ਗੱਪ ਤੇ ਧਿਆਨ ਦੇਣਗੇ ਜਿਹਨਾਂ ਨੇ ਗਾਂਧੀ ਦੇ ਨੇੜੇ ਰਿਸ਼ਤੇਦਾਰਾਂ ਤੋਂ ਇਹ ਸੁਣਿਆ ਹੈ ਕਿ ਉਹਨਾਂ ਨੇ ਗਾਂਧੀ ਦੀ ਜ਼ਿੰਦਗੀ ਬਚਾਉਣ ਲਈ ਕੁਝ ਕੀਤਾ ਸੀ। ਜ਼ਾਹਿਰ ਹੈ ਕਿ ਇਕ ਗੱਪ ਨਾਲ ਦੂਜੇ ਗੱਪ ਨੂੰ ਗਲਤ ਨਹੀਂ ਠਹਿਰਾਇਆ ਜਾ ਸਕਦਾ। ਹੁਣ ਸਾਡੇ ਕੋਲ ਅਜਿਹਾ ਕਿਹੜਾ ਸਬੂਤ ਹੈ ਜਿਸ ਨਾਲ ਅਸੀ ਅੱਗੇ ਛਾਣਬੀਣ ਕਰੀਏ। ਗਾਂਧੀ ਤੇ ਇਰਵਨ ਵਿਚਾਲੇ ਫਰਵਰੀ 1931 ’ਚ ਗੱਲਬਾਤ ਸ਼ੁਰੂ ਹੋਈ ਜਿਸ ਦੀ ਪ੍ਰਨਿਤੀ ਦਿੱਲੀ ਸਮਝੌਤੇ ਵਜੋਂ ਹੋਈ। ਛੇ ਮਾਰਚ ਦੇ ਭਾਰਤੀ ਗਜ਼ਟ ’ਚ ਸਮਝੌਤੇ ਦੀਆਂ ਸ਼ਰਤਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ। ਦਿਲੀ ਵਿਚ ਵਾਇਸਰੀਗਲ ਹਾਊਸ ’ਚ ਜਿਸ ਸਮੇਂ ਇਹਨਾਂ ਦੋਹਾਂ ’ਚ ਗਲ ਬਾਤ ਹੋ ਰਹੀ ਸੀ ਉਥੇ ਕੋਈ ਹਾਜ਼ਰ ਨਹੀਂ ਸੀ, ਕਦੀ-ਕਦੀ ਹਬਰਟ ਐਮਰਜਨ ਜੋ ਉਸ ਵੇਲੇ ਹੋਮ ਸੈਕਟਰੀ ਸਨ (ਨਾ ਕਿ ਹੋਮ ਮੈਂਬਰ ਜਿਵੇਂ ਕਿ ਜਾਨਸਾਨ ਨੇ ਲਿਖਿਆ ਹੈ, ਸਮਝੌਤੇ ਦੇ ਅਨੁਬੰਧਾਂ ਨੂੰ ਤਿਆਰ ਕਰਨ ਲਈ ਬੁਲਾਇਆ ਗਿਆ ਸੀ ਇਸੇ ਐਮਰਸਨ ਨੇ ਜਾਨਸਾਨ ਨੂੰ ਕੁਝ ਗੱਲਾਂ ਕਹੀਆਂ ਸਨ) ਲਾਰਡ ਇਰਵਨ ਨੇ ਰੋਜ਼ਾਨਾ ਦੀ ਗਾਂਧੀ ਨਾਲ ਹੋਈ ਗੱਲਬਾਤ ਨੂੰ ਦਰਜ ਕੀਤਾ ਹੈ। ਇਸ ਮਿਨਟ ਬੁੱਕ ਨੂੰ ਭਾਰਤ ਦੇ ਇਹਨਾਂ ਇਤਿਹਾਸਕਾਰਾਂ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਸਕਦਾ ਹੈ। ਜੋ ਸਾਡੇ ਇਸ ਕੌਮੀ ਮੁਕਤੀ ਅੰਦੋਲਨ ਦੇ ਇਸ ਪਹਿਲੂ ’ਤੇ ਕੁਝ ਰੌਸ਼ਨੀ ਪਾਉਣਾ ਚਾਹੁੰਦੇ ਹਨ। ਗਾਂਧੀ ਨੇ ਭਗਤ ਸਿੰਘ ਦਾ ਮਾਮਲਾ ਇਰਵਨ ਦੇ ਸਾਹਮਣੇ 18 ਫਰਵਰੀ ਨੂੰ ਰਖਿਆ। ਉਸ ਦਿਨ ਦੇ ਰੋਜ਼ਨਾਮਚੇ ’ਚ ਇਰਵਨ ਨੇ ਲਿਖਿਆ ਕਿ ਸਿੱਟੇ ਵਜੋਂ ਉਪਰੋਕਿਤ ਗੱਲਬਾਤ (ਅਰਥਾਤ ਦਿਲੀ ਸਮਝੌਤੇ ਨਾਲ ਗੱਲਬਾਤ) ਤੋਂ ਵੱਖ ਹਟ ਕੇ ਉਹਨਾਂ ਨੇ ਭਗਤ ਸਿੰਘ ਦੇ ਮਾਮਲੇ ਦਾ ਜ਼ਿਕਰ ਕੀਤਾ। ਉਹਨਾਂ ਨੇ ਫਾਂਸੀ ਦੀ ਸਜ਼ਾ ਮੁਆਫ਼ ਕਰਨ ਲਈ ਗੱਲ ਕਹੀ ਨਹੀਂ ਬਲਕਿ ਇਹ ਕਿਹਾ ਕਿ ਮੌਜੂਦਾ ਹਾਲਾਤ ਨੂੰ ਵੇਖਦਿਆਂ ਇਸ ਨੂੰ ਕੁਝ ਸਮੇਂ ਲਈ ਮੁਲਤਵੀ ਕਰ ਦਿੱਤਾ ਜਾਵੇ। (ਫਾਈਲ ਨੰ: 5-45/1931 ਦੇ ਡਬਲਯੂ 2 ਹੋਮ ਡਿਪਾਰਟਮੈਂਟ, ਪੋਲੀਟੀ ਕਲਬਰਾਂ ’ਚ ਨੇਸ਼ਕਲ ਆਕਾਈਵਸ ਆਫ ਇੰਡੀਆ) 19 ਮਾਰਚ ਨੂੰ ਗਾਂਧੀ ਦੀ ਇਰਵਨ ਦੇ ਨਾਲ ਕੁਝ ਹੋਰ ਗੱਲਬਾਤ ਹੋਈ ਤੇ ਇਸ ਗੱਲਬਾਤ ’ਚ ਭਗਤ ਸਿੰਘ ਸਿੰਘ ਦਾ ਜ਼ਿਕਰ ਆਇਆ। ਇਰਵਨ ਦੇ ਰੋਜ਼ਨਾਮਚੇ ਦਾ ਇਕ ਹੋਰ ਪੰਨਾ:

“ਜਿਉਂ ਹੀ ਉਹ (ਗਾਂਧੀ) ਜਾਣ ਲੱਗੇ ਉਹਨਾਂ ਨੇ ਮੈਨੂੰ ਕਿਹਾ ਕਿ ਕੀ ਭਗਤ ਸਿੰਘ ਦਾ ਜ਼ਿਕਰ ਉਹ ਕਰ ਸਕਦੇ ਹਨ ਕਿਉਂਕਿ ਉਹਨਾਂ ਨੇ ਅਖਬਾਰਾਂ ’ਚ ਦੇਖਿਆ ਕਿ 24 ਮਾਰਚ ਨੂੰ ਫਾਂਸੀ ਦਿਤੀ ਜਾਣੀ ਹੈ। ਇਹ ਇਕ ਮੰਦਭਾਗਾ ਦਿਨ ਹੋਵੇਗਾ ਕਿਉਂਕਿ ਉਸ ਦਿਨ ਕ੍ਰਾਂਚੀ ’ਚ ਕਾਂਗਰਸ ਦੇ ਨਵੇਂ ਪ੍ਰਧਾਨ ਦੀ ਚੋਣ ਹੋਣੀ ਹੈ ਅਤੇ ਲੋਕਾਂ ਅੰਦਰ ਜ਼ਬਰਦਸਤ ਰੋਸ ਫੈਲੇਗਾ, ਮੈਂ ਗਾਂਧੀ ਨੂੰ ਕਿਹਾ ਕਿ ਮੈਂ ਪੂਰੀ ਸ਼ਿਦਤ ਨਾਲ ਮਾਮਲੇ ’ਤੇ ਵਿਚਾਰ ਕੀਤਾ ਪਰ ਮੈਨੂੰ ਕੋਈ ਐਸਾ ਅਧਾਰ ਨਹੀਂ ਮਿਲਿਆ ਜਿਸ ਨਾਲ ਮੈਂ ਆਪਣੀ ਆਤਮਾ ਨੂੰ ਸਮਝਾ ਸਕੂੰ ਕਿ ਇਸ ਮੌਤ ਦੀ ਸਜ਼ਾ ਨੂੰ ਖਤਮ ਕਰ ਦਿੱਤਾ ਜਾਵੇ। ਐਸਾ ਲੱਗਿਆ ਕਿ ਗਾਂਧੀ ਨੇ ਮੇਰੀ ਇਸ ਦਲੀਲ ਨੂੰ ਅੱਛੀ ਤਰ੍ਹਾਂ ਸਮਝ ਲਿਆ ਤੇ ਫੇਰ ਉਹ ਕੁਝ ਨਹੀਂ ਬੋਲੇ (ਉਹ ਰੋਜਨਾਮਚੇ ਦੀ ਮਿਤੀ 19 ਮਾਰਚ) 20

ਮਾਰਚ ਨੂੰ ਗਾਂਧੀ ਦੀ ਭੇਂਟ ਹਰਬਰਟ ਏਮਰਸਨ ਨਾਲ ਹੋਈ ਜਿਹਨਾਂ ਨੇ ਵਾਇਸਰਾਏ ਦੇ ਨਾਂ ਆਪਣੀ ਚਿੱਠੀ ਵਿਚ ਲਿਖਿਆ ਕਿ ਭਗਤ ਸਿੰਘ ਦੇ ਮਾਮਲੇ 'ਚ ਗਾਂਧੀ ਦੀਆਂ ਕੀ ਭਾਵਨਾਵਾਂ ਸਨ। ਉਹਨਾਂ ਲਿਖਿਆ 'ਮੈਨੂੰ ਅਜੇਹਾ ਨਹੀਂ ਲਗਿਆ ਕਿ ਗਾਂਧੀ ਇਸ ਮਾਮਲੇ 'ਚ ਖਾਸ ਤੌਰ 'ਤੇ ਚਿੰਤਤ ਸਨ। ਮੈਂ ਉਹਨਾਂ ਨੂੰ ਕਿਹਾ ਕਿ ਜੇ ਫਾਂਸੀ ਪਿਛੋਂ ਕੋਈ ਗੜਬੜ ਪੈਦਾ ਨਹੀਂ ਹੁੰਦੀ ਤਾਂ ਉਹ ਇਸ ਗੌਰਵ ਸ਼ਾਲੀ ਹੋਣਗੇ। ਮੈਂ ਉਸ ਨੂੰ ਕਿਹਾ ਕਿ ਅਗਲੇ ਕੁਝ ਦਿਨਾਂ ਤਕ ਉਹ ਦਿੱਲੀ 'ਚ ਕੋਈ ਐਸਾ ਸਭਾ ਕਰਨ ਅਤੇ ਖਾੜਕੂ ਭਾਸ਼ਣ ਦੇਣ ਤੋਂ ਪ੍ਰਹੇਜ਼ ਕਰਨ। ਉਹਨਾਂ ਵਾਅਦਾ ਕੀਤਾ ਕਿ ਉਹਨਾਂ ਤੋਂ ਜੋ ਵੀ ਸੰਭਵ ਹੋਊ ਉਹ ਕਰਨਗੇ (ਫਾਇਲ ਨੰ: 33-1/1931 ਹੋਮ ਡਿਪਾਰਟਮੈਂਟ ਪੋਲੀਟੀਕਲ ਬ੍ਰਾਂਚ ਨੈਸ਼ਨਲ ਅਕਾਈਵਸ)

**ਮੁਲਅੰਕਣ ਦੀ ਸਮੱਸਿਆ**:- ਅਭਿਲੇਖਾਗਾਰਾਂ 'ਚ ਅੱਜ ਵਿਦਵਾਨਾਂ 'ਚ ਜੋ ਦਸਤਾਵੇਜ ਮੁਹੱਈਆ ਹਨ ਉਹਨਾਂ ਦੇ ਅਧਾਰ 'ਤੇ ਕਿਸ ਤਰ੍ਹਾਂ ਮੁਲਾਅੰਕਣ ਕੀਤਾ ਜਾਵੇ। ਉਹਨੀਂ ਦਿਨੀਂ ਹੋਮ ਡਿਪਾਰਟਮੈਂਟ ਦੀਆਂ ਫਾਇਲਾਂ 'ਚ ਜੋ ਤੱਥ ਦਬੇ ਪਏ ਹਨ ਉਹਨਾਂ 'ਚ ਗਾਂਧੀ ਤੇ ਇਰਵਨ ਦੇ ਜਨਤਕ ਬਿਆਨ ਵੱਖਰੇ ਹਨ। ਇਰਵਨ ਨੇ ਲਿਖਿਆ ਹੈ ਕਿ ਗਾਂਧੀ ਨੇ ਕਦੀ ਵੀ ਮੌਤ ਦੀ ਸਜ਼ਾ ਖਤਮ ਕਰਨ ਲਈ ਨਹੀਂ ਕਿਹਾ। ਬਸ ਏਨਾ ਹੀ ਕਿਹਾ ਕਿ ਇਸ ਨੂੰ ਕੁਝ ਸਮੇਂ ਲਈ ਮੁਲਤਵੀ ਕੀਤਾ ਜਾਵੇ। ਅਜੇਹਾ ਕਿਵੇਂ ਹੋ ਗਿਆ ਕਿ ਪ੍ਰਾਈਵੇਟ ਤੌਰ 'ਤੇ ਉਹ ਕਿਸੇ ਮੁੱਦੇ 'ਤੇ ਖਾਸ ਢੰਗ ਨਾਲ ਗੱਲ ਕਰ ਰਹੇ ਹੋਣ ਪਰ ਲੋਕਾਂ 'ਚ ਉਸ ਦੇ ਤੇਵਰ ਦੂਜੇ ਹੀ ਹੋਣ? ਕੀ ਇਸ ਨਾਲ ਦੋਹਾਂ 'ਚ ਗਲਤ ਫਹਿਮੀ ਪੈਦਾ ਹੋਣ ਦਾ ਅਧਾਰ ਨਹੀਂ ਸੀ? ਇਸ ਤੋਂ ਇਲਾਵਾ ਐਮਰਸਨ ਨੇ ਜੋ ਸਬੂਤ ਪੇਸ਼ ਕੀਤਾ ਹੈ ਉਸ ਨੂੰ ਆਤਮਗਤ ਢੰਗ ਨਾਲ ਮੁਲਅੰਕਣ ਦਾ ਖਤਰਾ ਹੈ। ਇਹ ਸੁਆਲ ਬੜੇ ਭਾਵੁਕ ਤੇ ਤਰਕ ਸੰਗਤ ਹਨ। ਗਾਂਧੀ ਨੇ ਐਮਰਸਨ ਨੂੰ ਵਿਸਵਾਸ਼ ਦਿੱਤਾ ਕਿ ਉਹ ਆਪਣੇ ਵਲੋਂ ਹਰ ਉਹ ਕੋਸ਼ਿਸ਼ ਕਰਨਗੇ ਜਿਸ ਨਾਲ ਭਗਤ ਸਿੰਘ ਬਾਰੇ ਸਰਕਾਰ ਦੇ ਅੜੀਅਲ ਰੁਖ ਦੀ ਅਲੋਚਨਾ ਕਰਦਿਆ ਕਾਂਗਰਸੀਆਂ ਨੂੰ 'ਖਾੜਕੂ ਭਾਸ਼ਣ' ਦੇਣ ਤੋਂ ਰੋਕ ਸਕਣ। ਉਹਨਾਂ ਲੋਕਾਂ ਦੀ ਇਹ ਗੱਲਬਾਤ 20 ਮਾਰਚਨੂੰ ਹੋਈ ਸੀ। ਉਸ ਦਿਨ ਐਮਰਸਨ ਨੇ ਇਕ ਚਿੱਠੀ ਲਿਖ ਕੇ ਗਾਂਧੀ ਨੂੰ ਬੇਨਤੀ ਕੀਤੀ ਕਿ ਉਸ ਦਿਨ ਸ਼ਾਮ ਨੂੰ ਸੁਭਾਸ਼ ਚੰਦਰ ਬੌਸ ਜੋ ਆਮ ਸਭਾ ਕਰਨ ਵਾਲੇ ਹਨ, ਉਸ ਨੂੰ ਉਹ ਰੋਕਣ ਲਈ ਕਹਿਣ। ਇਸ ਦੇ ਜੁਆਬ 'ਚ ਗਾਂਧੀ ਨੇ ਕਿਹਾ ਕਿ ".. .. .. ਤੁਸੀਂ ਜਿਸ ਸਭਾ ਦੀ ਚਰਚਾ ਕਰ ਰਹੇ ਹੋ ਉਸ ਦਾ ਪਤਾ ਮੈਨੂੰ ਹੈ। ਮੈਂ ਹਰ ਸੰਭਵ ਸਾਵਧਾਨੀ ਵਰਤੀ ਹੈ ਤੇ ਉਮੀਦ ਹੈ ਕੋਈ ਅਣਸੁਖਾਵੀਂ ਘਟਨਾ ਨਹੀਂ ਹੋਵੇਗੀ। ਮੈਂ ਸੁਝਾਅ ਦੇਉਂਗਾ ਕਿ ਉਥੇ ਪੁਲਸ ਫੋਰਸ ਨਜ਼ਰ ਨਹੀਂ ਆਉਣੀ ਚਾਹੀਦੀ ਅਤੇ ਸਭਾ 'ਚ ਕੋਈ ਦਖਲ ਅੰਦਾਜੀ ਨਾ ਕੀਤੀ ਜਾਵੇ, ਗੁਸਾ ਤਾਂ ਲੋਕਾਂ 'ਚ ਹੋਵੇਗਾ ਹੀ। ਬੇਹਤਰ ਹੈ ਇਸ ਗੁੱਸੇ ਨੂੰ ਸਭਾਵਾਂ ਆਦਿ ਰਾਹੀਂ ਖਾਰਜ ਹੋਣ ਦਾ ਮੌਕਾ ਦਿੱਤਾ ਜਾਵੇ"
ਹੁਣ ਗਾਂਧੀ ਦੀ ਇਸ ਚਿੱਠੀ ਦੀ ਕਿਸ ਤਰ੍ਹਾਂ ਵਿਆਖਿਆ ਕੀਤੀ ਜਾਵੇ? ਉਹ ਐਮਰਸਨ ਨੂੰ ਭੇਜਿਆ ਇਕ ਸੁਨੇਹਾ ਸੀ ਜਿਸ 'ਚ ਉਸ ਨੂੰ ਸੁਝਾਅ ਦਿੱਤਾ ਗਿਆ ਸੀ ਕਿ ਉਹਨਾਂ ਕਰਕੇ ਜੋ ਕਠਿਨ ਸਥਿਤੀ ਪੈਦਾ ਹੋਈ ਹੈ, ਉਸ 'ਤੇ ਅੱਛੇ ਤੋਂ ਅੱਛੇ ਢੰਗ ਨਾਲ ਸਰਕਾਰ ਕਿਵੇਂ ਕਾਬੂ ਪਾ ਸਕਦੀ ਹੈ। ਇਸ ਤੋਂ ਇਲਾਵਾ ਭਗਤ ਸਿੰਘ ਦੀ

ਹੋਣੀ ਬਾਰੇ ਸਰਕਾਰ ਦੇ ਇਰਾਦੇ ਨੂੰ ਅੱਛੀ ਤਰ੍ਹਾਂ ਸਮਝਦਿਆਂ ਇਹ ਚਿਠੀ ਲਿਖੀ ਸੀ। ਦਰਅਸਲ ਉਹਨਾਂ ਨੇ ਇਹ ਸਲਾਹ ਦਿਤੀ ਸੀ ਕਿ ਅੰਦੋਲਨ ਪ੍ਰਤੀ ਸਰਕਾਰ ਕਿਸ ਤਰ੍ਹਾਂ ਸ਼ਾਂਤ ਰਹੇ। ਹੁਣ ਅਸੀਂ ਹੈਲੀਫੈਕਸ ਤੇ ਜਾਨਸਨ ਦੇ ਇਹਨਾਂ ਪ੍ਰਸੰਗਾਂ ਨੂੰ ਦੇਖੀਏ ਜਿਸ ਦਾ ਜ਼ਿਕਰ ਉਹਨਾਂ ਨੇ ਆਪਣੀ ਪੁਸਤਕ 'ਚ ਕੀਤਾ ਹੈ ਤੇ ਜਿਹਨਾਂ ਨੂੰ ਉਂਜ ਹੀ ਖਾਰਜ ਨਹੀਂ ਕੀਤਾ ਜਾ ਸਕਦਾ। ਵਾਇਸਰਾਏ ਦੇ ਸੰਸ ਕਰਣਾਂ ਨੂੰ ਹੋਮ ਵਿਭਾਗ ਦੇ ਦਸਤਾਵੇਜਾਂ 'ਚ ਦਰਜ ਬਹਿਸ ਦੇ ਮੁੱਖ ਰੁਝਾਣ ਨਾਲ ਮਿਲਾ ਕੇ ਵੇਖਿਆ ਜਾ ਸਕਦਾ ਹੈ।

**ਦੋਹਰੀ ਭੂਮਿਕਾ**:- ਗਾਂਧੀ ਬਾਰੇ ਫਟਾਫਟ ਕਿਸੇ ਸਿਟੇ ਤੇ ਪੁੱਜਣਾ ਹੜਬੜੀ ਵਾਲਾ ਕੰਮ ਹੋਵੇਗਾ। ਫਰਵਰੀ ਮਾਰਚ 1931 ਦੇ ਉਹਨਾਂ ਅਹਿਮ ਦਿਨਾਂ 'ਚ ਉਹਨਾਂ ਨੇ ਜੋ ਦੋਗਲੀ ਭੂਮਿਕਾ ਨਿਭਾਈ ਉਸ ਪਿਛੇ ਉਹਨਾਂ ਦਾ ਇਰਾਦਾ ਕੀ ਸੀ? 1930 'ਚ ਸ਼ੁਰੂ ਕੀਤਾ ਗਿਆ ਨਾ-ਮਿਲਵਰਤਨ ਅੰਦੋਲਨ ਕਾਫੀ ਉਚਾਈ ਤਕ ਪਹੁੰਚ ਗਿਆ ਸੀ ਤੇ ਉਸ ਨੇ ਅੰਗ੍ਰੇਜੀ ਹਕੂਮਤ ਨੂੰ ਪ੍ਰੇਸ਼ਾਨ ਕਰ ਦਿਤਾ ਸੀ। ਹਕੂਮਤ ਨੇ ਗਾਂਧੀ ਨਾਲ ਗੱਲਬਾਤ ਦੀ ਪੇਸ਼ਕਸ਼ ਕੀਤੀ ਜਿਸ ਨੂੰ ਗਾਂਧੀ ਨੇ ਮੰਨ ਲਿਆ। ਸਿੱਟੇ ਵਜੋਂ 'ਦਿਲੀ ਸਮਝੌਤਾ' ਹੋਇਆ ਜਿਸ ਨੂੰ ਗਾਂਧੀ ਹਰ ਹੀਲੇ ਬਚਾਉਣਾ ਚਾਹੁੰਦੇ ਸਨ। ਇਹ ਉਹ ਸਮਾਂ ਸੀ ਜਦ ਬ੍ਰਿਟੇਨ 'ਚ ਟੋਰੀ ਪਾਰਟੀ ਦੇ ਲੋਕਾਂ ਨੇ ਗਾਂਧੀ ਖਿਲਾਫ ਮੁਹਿੰਮ ਚਲਾ ਰਖੀ ਸੀ। (ਗਾਂਧੀ ਨੂੰ ਚਰਚਲ ਨੇ ਉਸ ਸਮੇਂ ਨੰਗਾ ਫਕੀਰ ਕਿਹਾ ਸੀ) ਤੇ ਨਾਲ ਹੀ ਇਰਵਨ ਖਿਲਾਫ ਵੀ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਉਸ ਨੇ ਕਾਂਗਰਸ ਪਾਰਟੀ ਮੂਹਰੇ ਗੋਡੇ ਟੇਕ ਦਿਤੇ ਹਨ। ਇਸ ਤਰ੍ਹਾਂ ਗਾਂਧੀ ਅੰਦਰ ਕੁਝ ਤੱਤਾਂ ਦਾ ਦਬਾਅ ਪੈ ਰਿਹਾ ਸੀ ਕਿ ਉਹ ਇਸ ਸਮਝੌਤੇ ਨੂੰ ਨਾ ਮੰਨਣ। ਗਾਂਧੀ ਇਹ ਸਮਝੌਤਾ ਬਚਾਉਣਾ ਚਾਹੁੰਦੇ ਸਨ। ਉਹ ਦਿਲੋਂ ਇਹ ਮੰਨਦੇ ਸਨ ਕਿ ਦੋ ਇਨਕਲਾਬੀਆਂ ਦੀ ਜਿੰਦਗੀ ਤੋਂ ਕਿਤੇ ਵੱਧ ਮਹੱਤਵਪੂਰਨ ਇਹ ਦਿੱਲੀ ਸਮਝੌਤਾ ਹੈ। ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦਾ ਇਹ ਦੁਖਦਾਈ ਮਾਮਲਾ ਉਸ ਸਮੇਂ ਪੈਦਾ ਹੋ ਗਿਆ ਜੋ ਦੇਖਿਆ ਜਾਵੇ ਤਾਂ ਇਸ ਸਮਝੌਤੇ ਦੇ ਰਾਹ 'ਚ ਆ ਗਿਆ ਸੀ ਜੋ ਗਾਂਧੀ ਨੇ ਇਰਵਨ ਨਾਲ ਕੀਤਾ ਸੀ। ਗਾਂਧੀ ਨੂੰ ਆਪਣਾ ਬਦਲ ਚੁਨਣ 'ਚ ਕੋਈ ਦਿੱਕਤ ਨਹੀਂ ਹੋਈ ਆਪਣੀ ਸਮਝ ਅਨੁਸਾਰ ਉਹਨਾਂ ਨੇ ਜੋ ਰਾਹ ਚੁਣਿਆ ਉਹ ਉਹਨਾਂ ਹਾਲਤਾਂ 'ਚ ਉਸ ਲਈ ਇਕੋ-ਇਕ ਰਾਹ ਸੀ। ਇਹ ਸਹੀ ਹੈ ਕਿ ਜਿਸ ਕੰਮ ਨੂੰ ਉਹ ਆਦਰਸ਼ ਤੇ ਦੇਸ਼ ਭਗਤੀ ਮੰਨਦੇ ਸਨ ਉਸ ਨੂੰ ਪੂਰਾ ਕਰਨ 'ਚ ਥੋੜੀ ਧੋਖਾਧੜੀ ਦਾ ਸਹਾਰਾ ਲੈਣਾ ਪਿਆ। ਇਸ ਤੋਂ ਇਲਾਵਾ ਲਾਹੌਰ ਕੇਸ ਬਾਰੇ ਖਾਸ ਕਰਕੇ ਚਿੰਤਤ ਹੋਣ ਦਾ ਉਸ ਪਾਸ ਕੋਈ ਗੰਭੀਰ ਕਾਰਨ ਨਹੀਂ ਸੀ ਕਿਉਂਕਿ ਉਹ ਹਿੰਸਾ ਦੀ ਵਿਚਾਰਧਾਰਾ ਨੂੰ ਹੱਲਾਸ਼ੇਰੀ ਦਿੰਦਾ ਸੀ ਜੋ ਉਸ ਦੀ ਖੁਦ ਦੀ ਵਿਚਾਰਧਾਰਾ ਦੇ ਬਿਲਕੁਲ ਉਲਟ ਸੀ। ਭਾਰਤ ਦੇ ਇਤਿਹਾਸ 'ਚ ਅਤੇ ਸਾਡੇ ਧਰਮ 'ਚ ਆਦਰਸ਼ ਟੀਚਿਆਂ ਦੇ ਲਈ ਝੂਠਾ ਜਾਂ ਧੋਖਾਧੜੀ ਦਾ ਸਹਾਰਾ ਲੈਣ ਦੀਆਂ ਕਈ ਮਿਸਾਲਾਂ ਹਨ। ਉਹਨਾਂ ਸਾਹਮਣੇ ਮਹਾਂ ਭਾਰਤ ਕਾਲ 'ਚ ਯੁਧਿਸ਼ਟਰ ਦਾ ਮਾਮਲਾ ਸੀ ਕੁਰੂ ਪੱਖ ਦੇ ਕਮਾਂਡਰ ਦੇਣਾਚਾਰੀਆਂ ਨੂੰ ਧੋਖਾ ਦੇਣ ਲਈ ਯੁਧਿਸ਼ਟਰ ਨੇ ਸ਼ਬਦਾਂ ਦੇ ਨਾਲ ਥੋੜੀ ਹੇਰਾਫੇਰੀ ਕਰ ਦਿਤੀ ਸੀ ਜੋ ਕਿਸੇ ਵੀ ਝੂਠ ਤੋਂ ਕਿਤੇ ਵੱਧ ਖਤਰਨਾਕ ਸੀ ਪਰ ਪ੍ਰਾਚੀਨ ਕਾਲ ਦੇ ਹਿੰਦੂਆਂ ਦੇ ਅਧੁਨਿਕ

ਸ਼ੁਧਤਾਵਾਦੀਆਂ ਵਲੋਂ ਇਸ ਨੂੰ ਮੁਆਫ ਕੀਤਾ ਜਾ ਸਕਦਾ ਸੀ ਤਾਂ ਭਗਤ ਸਿੰਘ ਦੇ ਮਾਮਲੇ 'ਚ ਗਾਂਧੀ ਦੇ ਜਨਤਕ ਬਿਆਨਾਂ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ। ਰਮਾਇਣ ਕਾਲ 'ਚ ਰਾਮ ਵਲੋਂ ਬਲੀ ਦੇ ਕਤਲ ਦੇ ਮਾਮਲੇ ਨੂੰ ਲੈ ਲਵੋ। ਰਾਜ ਦੇ ਸੰਚਾਲਨ ਦੀ ਨੀਤੀ ਤੇ ਅਧਾਰ 'ਤੇ ਹੱਤਿਆ ਤਕ ਨੂੰ ਵਾਜਿਬ ਕਰਾਰ ਦੇ ਦਿੱਤਾ ਗਿਆ।

ਇਸ ਲਈ ਗਾਂਧੀ ਦੀ ਧੋਖਾਧੜੀ ਸਬੰਧੀ ਨਿੰਦਾ ਦੀ ਲੋੜ ਕਿੰਨੀ ਕੁ ਹੈ? ਭਗਤ ਸਿੰਘ ਦੀ ਘਟਨਾ ਗਾਂਧੀ 'ਤੇ ਕਾਲਾ ਧੱਬਾ ਹੈ ਜਿਸ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ ਬਲਕਿ ਧੋਤਾ ਵੀ ਨਹੀਂ ਜਾ ਸਕਦਾ। ਯੁਧਿਸ਼ਟਰ ਤੇ ਰਾਮ ਨੂੰ ਭਾਵੇਂ ਮੁਆਫ ਕੀਤਾ ਹੋਵੇ ਪਰ ਗਾਂਧੀ ਨੂੰ ਮੁਆਫ ਕਰਨਾ ਦੇਸ਼ ਨਾਲ ਗਦਾਰੀ ਹੈ। ਇਨਕਲਾਬੀਆਂ ਨਾਲ ਬੇਵਫਾਈ ਹੋਵੇਗੀ। 24 ਮਾਰਚ ਦੀ ਥਾਂ 23 ਮਾਰਚ ਦੀ ਰਾਤ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਫਾਂਸੀ ਲੱਗੀ ਇਸ ਦਾ ਕਾਰਨ ਵੀ ਗਾਂਧੀ ਇਰਵਨ ਸਮਝੌਤੇ ਅੰਦਰ ਹੀ ਪਿਆ ਹੈ ਜਦੋਂ ਗਾਂਧੀ ਨੇ ਸਮਝੌਤੇ ਨੂੰ ਪਵਿੱਤਰ ਮੰਨ ਕੇ ਇਸ ਦੀ ਅਹਿਮੀਅਤ ਇਨਕਲਾਬੀਆਂ ਦੀ ਜਿੰਦਗੀ ਤੋਂ ਵੱਧ ਉਪਰ ਰਖੀ ਤੇ ਲੋਕਾਂ ਦੇ ਗੁੱਸੇ ਨੂੰ ਸਭਾਵਾਂ ਆਦਿ ਰਾਹੀਂ ਖਾਰਜ ਕਰਨ ਦੀ ਸਲਾਹ ਦਿੱਤੀ। ਕਾਂਗਰਸ ਸੈਸ਼ਨ ਤੋਂ ਪਹਿਲਾਂ ਫਾਂਸੀ ਲੱਗਣ ਨਾਲ ਗਾਂਧੀ 'ਤੇ ਪਿਆ ਮਾਨਸਿਕ ਬੋਝ ਲਹਿ ਗਿਆ ਸੀ ਤੇ ਇਰਵਨ ਭਗਤੀ ਸਿਰੇ ਲਗ ਗਈ ਸੀ। ਜੇ ਚਾਹੁੰਦਾ ਤਾਂ ਗਾਂਧੀ ਸਮਝੌਤਾ ਰੱਦ ਕਰਕੇ ਅੰਗਰੇਜਾਂ 'ਤੇ ਭਗਤ ਤੇ ਸਾਥੀਆਂ ਦੀ ਮੌਤ ਦੀ ਸਜ਼ਾ ਰੱਦ ਕਰਨ ਲਈ ਜ਼ੋਰ ਪਾ ਸਕਦਾ ਸੀ।

# ਕੀ ਸਰਹੱਦ ’ਤੇ ਵੀ ਜਿੰਦਾ ਹੈ ਭਗਤ ਸਿੰਘ?

ਪਾਕਿਸਤਾਨ ਦੀ ਧਰਤੀ ’ਤੇ ਵੀ ਹੁਣ ਸ਼ਹੀਦੇ-ਆਜ਼ਮ-ਭਗਤ ਸਿੰਘ ਨੂੰ ਯਾਦ ਕੀਤਾ ਜਾਣ ਲੱਗਿਆ ਹੈ। ਭਗਤ ਸਿੰਘ ਦਾ ਜਨਮ ਵੀ ਪੰਜਾਬ ਸੂਬੇ ’ਚ ਲਾਇਲਪੁਰ ਦੇ ਬੰਗਾ ਪਿੰਡ ’ਚ ਹੋਇਆ ਸੀ। ਦੇਸ਼ ਦੀ ਵੰਡ ਪਿਛੋਂ ਇਹ ਹਿੱਸਾ ਪਾਕਿਸਤਾਨ ’ਚ ਰਹਿ ਗਿਆ ਤੇ ਲਾਇਲਪੁਰ ਦਾ ਨਾਂ ਬਦਲ ਕੇ ਫੈਸਲਾਬਾਦ ਹੋ ਗਿਆ। ਭਗਤ ਸਿੰਘ ਦਾ ਪੈਤ੍ਰਿਕ ਘਰ ਭਾਰਤ ਦੇ ਪੰਜਾਬ ਸੂਬੇ ਦੇ ਨਵਾਂ ਸ਼ਹਿਰ ਦਾ ਖਟਕੜ ਕਲਾਂ ਹੈ ਜਿਥੇ ਹਰ ਸਾਲ ਇਸ ਸ਼ਹੀਦੀ ਦੀ ਯਾਦ ’ਚ ਮੇਲਾ ਲਗਦਾ ਹੈ। ਲਾਹੌਰ ਜੇਲ੍ਹ ’ਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਜਿਸ ਥਾਂ ਫਾਂਸੀ ਦਿਤੀ ਗਈ ਸੀ ਉਹ ਅੱਜ ਜਰਜਰ ਤੇ ਅਣਗੌਹਲਿਆਂ ਸਥਾਨ ਹੈ। ਇਸ ਦੇ ਦਰਵਾਜੇ ਤੇ ਛੱਤਾਂ ਟੁੱਟ ਗਈਆਂ ਹਨ। ਪਾਕਿਸਤਾਨ ਸਰਕਾਰ ਨੇ ਉਥੇ ਸ਼ਹੀਦੀ ਦੀ ਯਾਦਗਾਰ ਬਣਾਉਣ ਦਾ ਕੁਝ ਸਮਾਂ ਪਹਿਲਾਂ ਵਾਅਦਾ ਕੀਤਾ ਸੀ। ਦੋ ਢਾਈ ਸਾਲ ਪਹਿਲਾਂ ਪਾਕਿਸਤਾਨ ਦੇ ਅਧਿਕਾਰੀਆਂ ਨੇ ਲਾਹੌਰ ਦੇ ਸ਼ਾਦਮਾਨ ਚੌਂਕ ਦਾ ਨਾਂ ਭਗਤ ਸਿੰਘ ਦੇ ਨਾਂ ’ਤੇ ਰਖਣ ਦੀ ਇਕ ਭਾਰਤੀ ਐਨ.ਜੀ.ਓ ਦੀ ਮੰਗ ਠੁਕਰਾ ਦਿਤੀ ਸੀ। ‘ਪੀਸ ਸਟਡੀਜ਼’ ਦੇ ਨਿਰਦੇਸ਼ਕ ਨੇ ਪਾਕਿਸਤਾਨ ਦੇ ਉਸ ਵੇਲੇ ਦੇ ਰਾਸ਼ਟਰਪਤੀ ਪਰਵੇਜ ਮੁਸ਼ਰਫ ਤੋਂ 2007 ’ਚ ਭਗਤ ਸਿੰਘ ਦੀ 100ਵੀਂ ਸ਼ਤਾਬਦੀ ਸਮੇਂ ਇਹ ਸੁਝਾਅ ਦਿੱਤਾ ਸੀ ਜੋ ਪੂਰਾ ਨਹੀਂ ਹੋਇਆ।

ਪਾਕਿਸਤਾਨ ਦੇ ਪੰਜਾਬ ਸੂਬੇ ਦੇ ਗਵਰਨਰ ਰਿਟਾਇਰਡ ਲੈਫਟੀਨੈਂਟ ਜਨਰਲ ਖਾਲਿਦ ਮਕਬੂਲ ਨੇ ਕਿਹਾ ਸੀ ਕਿ ਭਗਤ ਸਿੰਘ ਨੇ ਅਜ਼ਾਦੀ ਲਈ ਲੜਾਈ ਇਨਕਲਾਬੀ ਤਰੀਕੇ ਨਾਲ ਸ਼ੁਰੂ ਕੀਤੀ ਸੀ ਤੇ ਉਹਨਾਂ ਦੀ ਵਿਚਾਰ ਧਾਰਾ ਨੇ ਨੌਜਵਾਨਾਂ ਨੂੰ ਕਾਫੀ ਪ੍ਰਭਾਵਿਤ ਕੀਤਾ ਸੀ। ਇਹ ਖ਼ਬਰ ਜਨਰਲ ਮਕਬੂਲ ਦੇ ਹਵਾਲੇ ਨਾਲ ‘ਦ ਡੇਲੀ ਟਾਈਮਸ’ ਨੇ ਦਿਤੀ ਸੀ। ‘ਦਿਆਲ ਸਿੰਘ ਰਿਸਰਚ ਅਤੇ ਸਭਿਆਚਾਰਕ ਫੋਰਮ (ਡੀ.ਐਸ.ਆਰ ਸੀ.ਐਫ) ਦੇ ਨਿਰਦੇਸ਼ਕ ਡਾ. ਚੀਮਾਂ ਨੇ ਕਿਹਾ ਸੀ ਕਿ ਦੇਸ਼ ਲਈ ਕੁਰਬਾਨ ਹੋਣ ਵਾਲੇ ਭਗਤ ਸਿੰਘ ਨੂੰ ਮੌਲਾਨਾ ਜਾਫ਼ਰ ਅਲੀ ਖਾਂ ਨੇ ਸ਼ਹੀਦ ਦਾ ਖਿਤਾਬ ਦਿਤਾ ਸੀ। ਇਸ ਸਮੇਂ ਸ਼ਹੀਦ ਭਗਤ ਸਿੰਘ ਦੇ ਪ੍ਰੀਵਾਰ ਨਾਲ ਤੁਅੱਲਕ ਰਖਣ ਦਾ ਦਾਅਵਾ ਕਰਨ ਵਾਲੇ ਮੁਹੰਮਦ ਇਕਬਾਲ ਵਿਰਕ ਨੇ ਕਿਹਾ ਸੀ ਕਿ ਉਹ ਲਾਹੌਰ ਦੇ ਮਿਊਜ਼ੀਅਮ ’ਚ ਭਗਤ ਸਿੰਘ ਨਾਲ ਜੁੜੀਆਂ ਚੀਜ਼ਾਂ ਦੀ ਪ੍ਰਦਰਸ਼ਨੀ ਲਾਉਣਗੇ। ਜਨਰਲ ਮਕਬੂਲ ਦਾ ਕਹਿਣਾ ਸੀ ਕਿ ਜਾਂਚ ਪੜਤਾਲ ਪਿਛੋਂ ਜੇ ਵਿਰਕ ਦੇ ਦਾਅਵੇ ਨੂੰ ਸਹੀ ਪਾਇਆ ਗਿਆ ਤਾਂ ਭਗਤ ਸਿੰਘ ਨਾਲ ਜੁੜੀਆਂ ਚੀਜ਼ਾਂ ਨੂੰ ਮਿਊਜ਼ੀਅਮ ’ਚ ਪੇਸ਼ ਕੀਤਾ ਜਾਵੇਗਾ। ਲਾਹੌਰ ਦੀ ਇਕ ਮੋਹਰੀ ਸਿਖਿਆ ਸੰਸਥਾ ਉਥੋਂ ਦੇ ਬੈਡਲਾ ਹਾਲ ਨੂੰ ਜੋ ਹੁਣ ਖੰਡਰ ’ਚ ਤਬਦੀਲ ਹੋ ਗਿਆ ਹੈ, ਉਸ ਨੂੰ ਉਸ ਦਾ ਪੁਰਾਣਾ ਗੌਰਵ ਵਾਪਸ ਕਰਨ ਲਈ ਯਤਨਸ਼ੀਲ ਹਨ। ਭਗਤ ਸਿੰਘ ਤੇ ਦੂਜੇ ਅਨੇਕਾਂ ਇਨਕਲਾਬੀਆਂ ਦੀ ਸਮਰਿਤੀ ਨਾਲ ਜੁੜੀ ਇਸ ਥਾਂ ਨੂੰ ਲਹੌਰ ਦੇ ‘ਇਸਟੀਚੂਟ ਫਾਰ ਸੈਕੂਲਰ ਸਟੱਡੀਜ਼’ ਦੀ ਅਗਵਾਈ ’ਚ ਸੰਵਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੀ ਪ੍ਰਮੁੱਖ ਸਈਦਾ ਦੀਪ ਹੈ। ਸਾਈਦਾ ਦਾ ਉਦੇਸ਼ ਇਸ ਹਾਲ ਨੂੰ 1947 ਦਾ

ਰੂਪ ਦੇਣਾ ਹੈ। ਜਦ ਇਹ ਇਕ ਮਹੱਤਵ ਪੂਰਨ ਸਿਖਿਆ ਕੇਂਦਰ ਵਜੋਂ ਜਾਣਿਆ ਜਾਂਦਾ ਸੀ। ਸੁਣਿਆ ਤਾਂ ਇਹ ਵੀ ਸੀ ਕਿ ਇਸ ਨੂੰ ਇਕ ਅਜੇਹੇ ਮਿਊਜ਼ੀਅਮ ਦਾ ਨਾਂ ਦਿਤਾ ਜਾਣਾ ਹੈ ਜੋ ਭਗਤ ਸਿੰਘ ਤੇ ਅਜ਼ਾਦੀ ਸੰਘਰਸ਼ ਨੂੰ ਸਮਰਪਿਤ ਹੋਵੇਗਾ। ਇਸ ਇੰਸਟੀਚੂਟ ਦਾ ਨਾਂ ਬਦਲਣ ਦੇ ਨਾਲ ਹੀ ਸਾਈਦਾ ਸ਼ਾਦਮਾਨ ਚੌਰਾਹੇ ਦਾ ਨਾਂ ਵੀ ਭਗਤ ਸਿੰਘ ਦੇ ਨਾਂ 'ਤੇ ਰਖਵਾਉਣਾ ਚਾਹੁੰਦੀ ਹੈ ਜਿਥੇ ਭਗਤ ਸਿੰਘ ਤੇ ਉਹਨਾਂ ਦੇ ਦੋ ਸਾਥੀਆਂ ਨੂੰ ਫਾਂਸੀ 'ਤੇ ਲਟਕਾਇਆ ਗਿਆ ਸੀ। ਉਹਨਾਂ ਇਸ ਬਾਰੇ ਇਕ ਪਟੀਸ਼ਨ ਵੀ ਦਾਇਰ ਕੀਤੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਸਈਦਾ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਸ਼ਹੀਦੇ ਆਜ਼ਮ ਦੀ ਪ੍ਰਸੰਸਕ ਰਹੀ ਹੈ। ਉਹਨਾਂ ਨੇ 'ਡੇਲੀ ਟਾਈਮਜ਼' 'ਚ ਕਿਹਾ ਸੀ ਕਿ ਸਾਲ-ਦਰ-ਸਾਲ ਇਥੇ ਭਗਤ ਸਿੰਘ ਦੀ ਅਹਿਮੀਅਤ 'ਚ ਕਮੀ ਆਈ ਹੈ, ਜਿਸ 'ਚ ਖਾਸ ਭੂਮਿਕਾ ਜਨਰਲ ਜਿਆਉਲ ਹੱਕ ਵਰਗੇ ਹੁਕਮਰਾਨਾ ਦੇ ਹਕੂਮਤ ਅਰਸੇ ਦੀ ਹੈ।

ਜਾਨਣਯੋਗ ਇਹ ਵੀ ਹੈ ਕਿ ਸੁਪਰੀਮ ਕੋਰਟ ਦੇ ਬੁਲਾਰੇ ਵੀ ਆਬਿਦ ਹਸਨ ਮਿੰਟੋ ਵੀ ਭਗਤ ਸਿੰਘ ਨਾਲ ਜੁੜੇ ਇਸ ਥਾਂ ਨੂੰ ਪੁਰਾਣਾ ਮਾਨ-ਸਨਮਾਨ ਵਾਪਸ ਕਰਨ ਲਈ ਯਤਨਸ਼ੀਲ ਹਨ। ਦੇਸ਼ ਦੀ ਵੰਡ ਤੋਂ 52 ਸਾਲ ਪਿਛੋਂ ਪਾਕਿ 'ਚ ਪਹਿਲੀ ਵਾਰੀ ਭਗਤ ਸਿੰਘ ਦੀ ਸ਼ਹਾਦਤ ਦੀ ਬਰਸੀ ਮਨਾਈ ਗਈ ਸੀ। 23 ਮਾਰਚ ਨੂੰ ਲਾਹੌਰ 'ਚ ਨੇਪਰੇ ਚੜ੍ਹੇ ਇਸ ਸਮਾਗਮ 'ਚ ਰਾਜਸੀ ਵਰਕਰਾਂ, ਲੇਖਕਾਂ, ਪ੍ਰਤਕਾਰਾਂ, ਸਭਿਆਚਾਰਕ ਕਾਮਿਆਂ ਤੇ ਵਿਦਿਆਰਥੀਆਂ ਦੇ ਬੇਹੱਦ ਆਪਣੇ ਪਣ ਨਾਲ ਹਿਸੇਦਾਰੀ ਕਰਦਿਆ ਇਸ ਇਨਕਲਾਬੀ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਭੇਂਟ ਕੀਤੀ। ਪ੍ਰਸਿੱਧ ਇਤਿਹਾਸਕਾਰ ਡਾ. ਲਾਲ ਬਹਾਦਰ ਵਰਮਾ ਵੀ ਉਸ 'ਚ ਹਾਜ਼ਰ ਸਨ। ਉਸ ਨੇ ਦਸਿਆ ਕਿ ਪ੍ਰੋਗਰਾਮ 'ਚ ਮੌਜੂਦ ਲੋਕਾਂ ਨੇ ਦਸਿਆ ਕਿ ਦੋਹਾਂ ਦੇਸ਼ ਦੇ ਲੋਕਾਂ ਨੂੰ ਹੋਰ ਨੇੜੇ ਲਿਆਉਣ 'ਚ ਭਗਤ ਸਿੰਘ ਦੀ ਸਖਸ਼ੀਅਤ ਤੇ ਉਹਨਾਂ ਦੇ ਵਿਚਾਰ ਇਕ ਪ੍ਰੇਰਨਾ ਸਰੋਤ ਬਣ ਸਕਦੇ ਹਨ। ਉਹਨਾਂ ਨੇ ਇਹ ਵੀ ਦਸਿਆ ਕਿ ਹੋਰ ਇਕ ਸਾਲ ਪਹਿਲਾਂ 23 ਮਾਰਚ ਨੂੰ ਲਾਹੌਰ 'ਚ ਏਲਨ ਵੁਡਸ ਦੀ ਪ੍ਰਸਿੱਧ ਪੁਸਤਕ 'ਰੀਜ਼ਨ ਇਨ ਰੀਵੋਲਟ' ਦੇ ਉਰਦੂ ਐਡੀਸ਼ਨ ਦੀ ਘੁੰਡ ਚੁਕਾਈ ਦਾ ਵੱਡਾ ਭਾਗ ਭਗਤ ਸਿੰਘ ਦੀ ਯਾਦ ਨੂੰ ਸਮਰਪਿਤ ਸੀ। ਜਿਸ ਦੀ ਪ੍ਰਧਾਨਗੀ ਪ੍ਰਸਿੱਧ ਉਰਦੂ ਦੈਨਿਕ ਜੰਗ ਦੇ ਉਚ ਕਾਲਮ ਨਵੀਸ ਮਨੂੰ ਭਾਈ ਨੇ ਕੀਤੀ ਸੀ। ਪਾਕਿਸਤਾਨ ਦੇ 'ਜਦੋ-ਜਹਿਦ' ਦੇ ਸੰਪਾਦਕ ਮੰਜੂਰ ਅਹਿਮਦ ਅਨੁਸਾਰ ਉਹਨਾਂ ਨੂੰ ਅੱਜ ਇਸ ਗੱਲ 'ਤੇ ਸ਼ਰਮ ਆ ਰਹੀ ਹੈ ਕਿ ਉਹ ਇਸੇ ਸ਼ਹਿਰ ਕਸੂਰ ਦੇ ਰਹਿਣ ਵਾਲੇ ਹਨ ਜਿਸ ਦੇ ਵਾਸੀ ਗੁਲਾਮ ਮੁਹੰਮਦ ਖ਼ਾਨ ਨੇ ਭਗਤ ਸਿੰਘ ਤੇ ਉਹਨਾਂ ਦੇ ਦੋ ਸਾਥੀਆਂ ਦੀ ਫਾਂਸੀ ਦੀ ਸਜ਼ਾ 'ਤੇ ਦਸਖਤ ਕੀਤੇ ਸਨ।

ਜਦ ਕਿਸੇ ਹੋਰ ਭਾਰਤੀ ਨੇ ਅਜੇਹਾ ਕਰਨ ਤੋਂ ਨਾਂਹ ਕਰ ਦਿਤੀ ਸੀ। ਅੱਜ ਪਾਕਿਸਤਾਨ 'ਚ ਗੁਲਾਮ ਮੁਹੰਮਦ ਨੂੰ ਕੋਈ ਯਾਦ ਕਰਨ ਵਾਲਾ ਨਹੀਂ ਹੈ। ਜਦਕਿ ਭਗਤ ਸਿੰਘ ਨੂੰ ਬਜ਼ੁਰਗ ਪੀੜੀ ਬਹੁਤ ਪਿਆਰ ਤੇ ਇੱਜ਼ਤ ਨਾਲ ਯਾਦ ਕਰਦੀ ਹੈ। ਇਹ ਵੀ ਜਾਨਣਯੋਗ ਹੈ ਕਿ 23 ਮਾਰਚ 1931 ਦੀ ਸ਼ਾਮ ਨੂੰ ਇਹਨਾਂ ਇਨਕਲਾਬੀਆਂ ਦੀ ਫਾਂਸੀ ਪਿਛੋਂ ਉਹਨਾਂ ਦੇ ਸਰੀਰ ਦੇ ਟੁਕੜੇ ਕਰੇ ਸਤਲੁਜ ਕੰਢੇ ਸਾੜਦੇ ਸਮੇਂ ਅੰਗਰੇਜੀ ਫੌਜੀ ਅਫਸਰ ਜਿਸ ਹਿੰਦੂ ਪੰਡਿਤ ਤੇ ਸਿੱਖ ਗ੍ਰੰਥੀ ਨੂੰ ਲੈ ਗਏ ਸਨ, ਉਹ ਵੀ ਕਸੂਰ

ਦੇ ਹੀ ਰਹਿਣ ਵਾਲੇ ਸਨ। ਪਾਕਿਸਤਾਨ ’ਚ ਭਗਤ ਸਿੰਘ ਤੇ ਉਹਨਾਂ ਦੇ ਸ਼ਹੀਦ ਸਾਥੀਆਂ ਨੂੰ ਜਾਨਣ ਵਾਲੇ ਬਹੁਤ ਘੱਟ ਹਨ। ਇਹ ਵੀ ਦਸਿਆ ਗਿਆ ਕਿ ਪ੍ਰੋਗਰਾਮ ’ਚ ਭਗਤ ਸਿੰਘ ਦੀ ਫੋਟੋ ਨਹੀਂ ਸੀ ਪਰ ਭਾਰਤੋਂ ਪਹੁੰਚੇ ਇਕ ਨੁਮਾਇੰਦੇ ਕੋਲ ਭਗਤ ਸਿੰਘ ਦਾ ਇਕ ਛੋਟਾ ਚਿਤਰ ਜਰੂਰ ਸੀ। ਜਿਸ ਨੂੰ ਵੱਡਾ ਕਰਕੇ ਉਥੇ ਲਾਇਆ ਗਿਆ ਸੀ। ਇਹ ਘੱਟ ਸੰਤੋਸ਼ ਜਨਕ ਨਹੀਂ ਹੈ ਕਿ ਪਾਕਿਸਤਾਨ ’ਚ ਸਿੰਧੀ ਸ਼ਾਇਰ ਸ਼ੇਖ ਅਜਾਜ ਨੇ ‘ਇੰਸਟੀਚੂਟ ਆਫ ਸਿੰਧੀ ਆਲਾਜੀ’ ਨਾਂ ਨਾਲ ਪ੍ਰਕਾਸ਼ਿਤ ਆਪਣੀ ਪੁਸਤਕ ’ਚ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਫਾਂਸੀ ਤੇ ਲਟਕਾਉਣ ਤੋਂ ਪਹਿਲਾਂ ਦੇ ਵਿਚਾਰਾਂ ’ਤੇ ਇਕ ਕਾਰਵਾਈ ਨਾਟਕ ਦੀ ਰਚਨਾ ਕੀਤੀ। ਇਤਿਹਾਸ ਤੇ ਸਭਿਆਚਾਰ ਦਾ ਇਹ ਸੁਆਲ ਹੁਣ ਬੇਮਾਨੀ ਨਹੀਂ ਹੈ ਕਿ ਸਰਹੱਦ ਪਾਰ ਸ਼ਹੀਦੇ ਆਜ਼ਮ ਦੀ ਇਨਕਲਾਬੀ ਚੇਤਨਾ ਤੇ ਸ਼ਹਾਦਤ ਦੀ ਯਾਦ ਦੋਹਾਂ ਦੇਸ਼ਾਂ ਦੇ ਵਿਚਕਾਰ ਬਹੁਤ ਸਾਰੇ ਮਸਲਿਆਂ ਨੂੰ ਸੁਲਝਾਉਣ ਦੀ ਦਿਸ਼ਾਂ ’ਚ ਸਾਨੂੰ ਰਾਹ ਵਿਖਾਉਣ ਦਾ ਕੰਮ ਕਰ ਸਕਦੀ ਹੈ। ਭਗਤ ਸਿੰਘ ਜੇ ਸਾਡਾ ਹੈ ਤਾਂ ਤੁਹਾਡਾ ਵੀ ਹੈ ਲਾਹੌਰੀਆਂ ਦਾ।

# ਭਗਤ ਸਿੰਘ ਸਬੰਧੀ ਚੀਜ਼ਾਂ ਨੂੰ ਗੋਲਮੋਲ ਕਰਨ ਦੇ ਯਤਨ ਕਿਉਂ?

ਭਗਤ ਸਿੰਘ ਅਕਾਦਮਿਕ ਚਿੰਤਨ ਜਾਂ ਬੌਧਿਕ ਵਿਚਾਰ ਚਰਚਾ ਦੀ ਵਸਤੂ ਨਾ ਬਣਾਇਆ ਜਾਵੇ। ਇਹ ਯਾਦ ਰਖਣਾ ਚਾਹੀਦਾ ਹੈ ਕਿ ਪ੍ਰਗਤੀਸ਼ੀਲ ਤੇ ਬੁਧੀਜੀਵੀਆਂ ਵਿਚਕਾਰ ਚਰਚਾ ਦਾ ਬਿੰਦੂ ਬਣਨ ਤੋਂ ਬਹੁਤ ਪਹਿਲਾਂ ਭਗਤ ਸਿੰਘ ਲੋਕ ਵਿਚਾਲੇ ਨਾਇਕ ਬਣ ਚੁੱਕੇ ਸਨ। ਉਹਨਾਂ ਬਾਰੇ ਬਹੁਤ ਅਹਿਮ ਲੋਕ ਗੀਤ ਰਚੇ ਤੇ ਗਾਏ ਗਏ। ਪਿੰਡਾਂ 'ਚ ਮੇਲਿਆਂ ਤੇ ਪਾਨ ਦੀਆਂ ਦੁਕਾਨਾਂ ਤੇ ਸੀਸ਼ੇ ਦੇ ਦੋਨੋਂ ਪਾਸੇ ਅਤੇ ਟਰੱਕਾਂ ਦੇ ਦਰਵਾਜਿਆਂ 'ਤੇ ਭਗਤ ਸਿੰਘ ਦੀਆਂ ਹੈਟ ਵਾਲੀਆਂ ਤੇ ਚੰਦਰ ਸ਼ੇਖਰ ਦੀਆਂ ਮੁੱਛਾਂ 'ਤੇ ਹੱਥਾਂ ਰਖਣ ਵਾਲੀਆਂ ਤਸਵੀਰ ਕੁਝ ਸਾਲ ਪਹਿਲਾਂ ਹੋਇਆ ਕਰਦੀਆਂ ਸਨ। ਸ਼ੁਰੂਆਤ 'ਚ ਜਨਸੰਘ ਦੇ ਲੋਕਾਂ ਨੇ ਵੀ ਉਹਨਾਂ ਨੂੰ ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਲਾਉਂਦਿਆ ਬੰਬ ਸੁਟਣ ਵਾਲੇ ਇਕ ਬਹਾਦਰ ਨੌਜਵਾਨਾ, ਜੋ ਹਸਦਿਆਂ-ਹਸਦਿਆਂ ਫਾਂਸੀ ਦਾ ਰੱਸਾ ਚੁੰਮਦਾ ਹੈ, ਦੇ ਰੂਪ 'ਚ ਜਿਉਂਦਿਆਂ ਬਣਾਈ ਰਖਿਆ।

ਪ੍ਰਗਤੀ ਸ਼ੀਲਾਂ ਦੀ ਵਿਚਾਰ ਚਰਚਾ 'ਚ ਤਾਂ ਉਹ ਬਹੁਤ ਦੇਰ ਨਾਲ ਆਏ। ਜਨਣਾ ਹੋਵੇਗਾ ਕਿ ਭਗਤ ਸਿੰਘ ਜਾਂ ਆਜ਼ਾਦ ਦੀ ਥਾਂ ਲੋਕਾਂ ਵਿਚਕਾਰ ਹੈ। ਉਥੋਂ ਹੀ ਦੂਜਾ ਭਗਤ ਸਿੰਘ ਪੈਦਾ ਹੋਵੇਗਾ, ਬੁਧੀਜੀਵੀਆਂ ਵਿਚੋਂ ਨਹੀਂ ਹੋਣਾ। ਇਸ ਸਮੇਂ ਨੂੰ ਪਹਿਚਾਣੀਏ ਕਿ ਜਿਥੇ ਬਿਗ ਬੀ ਨਾਲ ਭੋਜਨ ਕਰਨ ਦੀ ਨਿਲਾਮੀ ਦਸ ਲੱਖ ਰੁਪਏ ਤਕ ਪਹੁੰਚ ਰਹੀ ਹੋਵੇ, ਜਿਸ ਸਮਾਜ 'ਚ ਮੁੰਨੀ ਬਦਨਾਮ ਹੁੰਦੀ ਹੈ ਤਾਂ ਫਿਲਮ ਹਿੱਟ ਹੋ ਜਾਂਦੀ ਹੈ ਯਾਨੀ ਬਦਨਾਮ ਹੋਣ 'ਚ ਹੁਣ ਫਾਇਦਾ ਹੈ, ਇਸ ਲਈ ਅਸੀਂ ਇਸ ਨੂੰ ਬਦਨਾਮ ਯੁੱਗ ਕਹਿ ਸਕਦੇ ਹਾਂ, ਕਾਮਨਵੈਲਥ ਖੇਡਾਂ ਵਿਚ ਜਿਥੇ ਪੈਰ-ਪੈਰ 'ਤੇ ਸਾਨੂੰ ਗੁਲਾਮ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੋਵੇ ਤੇ ਅਸੀਂ ਗੁਲਾਮ ਰਹਿ ਕੇ ਖੁਸ਼ੀ ਦਾ ਅਨੁਭਵ ਵੀ ਕਰ ਰਹੇ ਹੋਈਏ। ਇਸ ਕਾਮਨਵੈਲਥ ਦਾ ਤਾਂ ਕਵੀ ਸ਼ੰਕਰ ਸੈਲੇਂਦਰ ਨੇ ਆਪਣੇ ਮਸ਼ਹੂਰ ਗੀਤ 'ਭਗਤ ਸਿੰਘ ਨੂੰ' 'ਚ ਵਿਰੋਧ ਕੀਤਾ ਸੀ-ਮੱਤ ਸਮਝੋ ਪੂਜੇ ਜਾਓਗੇ ਕਿਉਂਕਿ ਲੜੇ ਸਨ ਦੁਸ਼ਮਣ ਨਾਲ। ਰੁੱਤ ਐਸੀ ਹੈ ਅੱਖ ਲੜੀ ਹੈ ਹੁਣ ਦਿੱਲੀ ਦੀ ਲੰਦਨ ਨਾਲ।

ਕਾਮਨਵੈਲਥ ਕੁਟੰਬ ਦੇਸ਼ ਦੀ ਖਿਚ ਰਿਹਾ ਹੈ ਨਾਲ (ਪ੍ਰੇਮ ਵਿਭੋਰ ਹੋਣ ਨੇਤਾਗਣ ਰਸ ਬਰਸਾ ਰਿਹਾ ਹੈ ਅੰਬਰ ਤੋਂ) ਤੇ ਅਜੇਹੇ ਸਭਿਆਚਾਰ ਵਿਰੋਧੀ ਤੇ ਇਤਿਹਾਸ ਵਿਰੋਧੀ ਸਮੇਂ 'ਚ ਸਾਨੂੰ ਬਹੁਤ ਚੌਕਸ ਰਹਿਣ ਦੀ ਲੋੜ ਹੈ ਕਿ ਭਗਤ ਸਿੰਘ ਨੂੰ ਯਾਦ ਕਰਨ ਦਾ ਅਰਥ ਸਿਰਫ ਇਕ ਸਮਾਗਮ ਜਾਂ ਮੁਜਾਹਰਾਕਾਰੀ ਸਭਿਆਚਾਰ 'ਚ ਤਬਦੀਲ ਹੋ ਕੇ ਹੀ ਨਾ ਰਹਿ ਜਾਵੇ। ਭਗਤ ਸਿੰਘ ਨੂੰ ਸੈਮੀਨਾਰਾਂ ਤੇ ਜੇ.ਐਨ.ਯੂ ਮਾਰਕਾ ਯੂਨੀਵਰਸਿਟੀਆਂ ਦੀ ਚਰਚਾ ਤੋਂ ਬਾਹਰ ਕੱਢ ਕੇ ਉਹਨਾਂ ਨੂੰ ਲੋਕਾਂ ਵਿਚਕਾਰ ਲੈ ਜਾਣ ਦੀ ਪਹਿਲ ਕਰਨ ਦਾ ਸਹੀ ਸਮਾਂ ਵੀ ਇਹੀ ਹੈ। ਭਗਤ ਸਿੰਘ ਨੂੰ ਕੋਈ ਦੇਵਤਾ ਨਾ ਬਣਾਇਆ ਜਾਵੇ ਤੇ ਨਾ ਹੀ ਇਨਕਲਾਬ ਦਾ ਆਦਿ ਪੁਰਸ਼। ਭਗਤ ਸਿੰਘ ਕੋਈ

ਵਿਅਕਤੀ ਨਹੀਂ ਸਨ ਬਲਕਿ ਉਹਨਾਂ ਦੀ ਸਖਸ਼ੀਅਤ ’ਚ ਸੰਪੂਰਨ ਭਾਰਤੀ, ਇਨਕਲਾਬੀ ਅੰਦੋਲਨ ਦਾ ਵਿਚਾਰਕ ਵਿਕਾਸ ਬੋਲ ਰਿਹਾ ਹੈ। ਸੱਤਰ ਸਾਲ ਲੰਬੇ ਇਨਕਲਾਬੀ ਸੰਘਰਸ਼ ਨੇ ਭਗਤ ਸਿੰਘ ਪੈਦਾ ਕੀਤਾ। ਭਗਤ ਸਿੰਘ ਉਸ ਸੰਘਰਸ਼ ਨੂੰ ਬੌਧਿਕ ਅਗਵਾਈ ਦੇਣ ਵਾਲੇ ਇਕ ਵਿਅਕਤੀ ਹੀ ਸਨ। ਉਹ ਖੁਦ ਵਿਕਾਸ ਦੇ ਅਮਲ ਵਿਚ ਸਨ। ਕਲਪਨਾ ਕਰੋ ਕਿ ਜੇ ਭਗਤ ਸਿੰਘ ਦੀਆਂ ਜੇਲ੍ਹ ’ਚ ਲਿਖੀਆਂ ਚਾਰ ਕਿਤਾਬਾਂ ਗਾਇਬ ਨਾ ਹੋ ਗਈਆਂ ਹੁੰਦੀਆਂ ਤਕ ਉਹਨਾਂ ਦੇ ਚਿੰਤਨ ਤੇ ਬੌਧਿਕ ਸਮਰਥਾਵਾਂ ਦਾ ਕਿੰਨਾ ਵੱਡਾ ਆਯਾਮ ਸਾਡੇ ਸਾਹਮਣੇ ਪੇਸ਼ ਹੋਇਆ ਹੁੰਦਾ। ਦੂਜਾ ਇਹ ਕਿ ਅੱਗੇ ਚਲ ਕੇ ਭਾਰਤੀ ਇਨਕਲਾਬ ਦੀ ਰਾਹ ’ਤੇ ਉਹਨਾਂ ਨੇ ਵੀ ਹੋਰ ਬੌਧਿਕ ਉਚਾਈ ਹਾਸਲ ਕਰਨੀ ਸੀ ਪਰ ਇਹ ਸਾਰੇ ਬਾਰੇ ਉਹਨਾਂ ਦੇ ਮਨ ’ਚ ਕੋਈ ਗੌਰਵ ਨਹੀਂ ਸੀ ਬਲਕਿ ਇਕ ਨਰਮ ਭਾਵ ਨਾਲ ਉਹਨਾਂ ਨੇ ਖੁਦ ਸੁਖਦੇਵ ਨੂੰ ਸੰਬੋਧਿਤ ਹੁੰਦਿਆ ਕਿਹਾ ਸੀ ਕਿ ਕੀ ਤੁਸੀਂ ਇਹ ਸਮਝਦੇ ਹੋ ਕਿ ਇਨਕਲਾਬ ਦਾ ਉਦਮ ਮੈਂ ਤੇ ਤੁਸੀਂ ਕੀਤਾ ਹੈ। ਇਹ ਤਾਂ ਹੋਣਾ ਹੀ ਸੀ।

ਅਸੀਂ ਤੇ ਤੁਸੀਂ ਤਾਂ ਸਿਰ ਸਮੇਂ ਹਾਲਤਾਂ ਦੀ ਉਪਜ ਹਾਂ ਅਸੀਂ ਨਾ ਹੁੰਦੇ ਤਾਂ ਕੋਈ ਹੋਰ ਕਰਦਾ ਤੇ ਕਿ ਅਸੰਤੋਸ਼ ਸੀ ਉਸ ਆਦਮੀ ਅੰਦਰ ਜਿਸ ਨੇ ਬਲੀਦਾਨ ਤੋਂ ਪਹਿਲਾਂ ਇਹ ਵੀ ਕਿਹਾ ਕਿ ਅੱਜ ਮੈਂ ਜੇਲ੍ਹ ਦੀ ਚਾਰਦੀਵਾਰੀ ਅੰਦਰ ਬੈਠਕੇ ਖੇਤਾਂ ਤੇ ਸੜਕਾਂ ਤੋਂ ਇਨਕਲਾਬ ਜਿੰਦਾਬਾਦ ਦਾ ਨਾਹਰਾ ਸੁਣਦਾ ਹਾਂ ਤਾਂ ਲਗਦਾ ਹੈ ਕਿ ਮੈਨੂੰ ਆਪਣੀ ਜਿੰਦਗੀ ਦੀ ਕੀਮਤ ਮਿਲ ਗਈ ਤੇ ਫੇਰ ਸਾਢੇ ਤੇਈ ਸਾਲ ਦੀ ਛੋਟੀ ਜਿਹੀ ਜਿੰਦਗੀ ਦੀ ਇਸ ਤੋਂ ਵੱਡੀ ਕੀਮਤ ਹੋ ਵੀ ਕਿਹੜੀ ਸਕਦੀ ਸੀ। ਲਾਜ਼ਮੀ ਹੀ ਇਹ ਵੀ ਵੇਖਿਆ ਜਾਣਾ ਚਾਹੀਦਾ ਹੈ ਕਿ ਭਗਤ ਸਿੰਘ ਨਾਲ ਪੂਰੀ ਇਨਕਲਾਬੀ ਪਾਰਟੀ ਸੀ। ਅਸੀ ਪਾਰਟੀ ਤੇ ਸਮੁੱਚੇ ਅੰਦੋਲਨ ਨੂੰ ਕਿਉਂ ਵਿਸਾਰ ਜਾਂਦੇ ਹਾਂ। ਅਸੀਂ ਉਹ ਕਿਉਂ ਨਹੀਂ ਯਾਦ ਰਖਦੇ ਕਿ ਭਗਤ ਸਿੰਘ ਨਾਲ ਚੰਦਰ ਸ਼ੇਖਰ ਅਜ਼ਾਦ ਦਾ ਉਚ ਸਮਰਥਾਵਾਨ ਤੇ ਉਚੇਰੀ ਅਗਵਾਈ ਸੀ। ਕੀ ਭਾਰਤੀ ਕਮਿਊਨਿਸਟ ਇਨਕਲਾਬੀ ਅੰਦੋਲਨ ਦਾ ਦਿਮਾਗ ਕਹੇ ਜਾਣ ਵਾਲੇ ਕਾਮਰੇਡ ਭਗਵਤੀ ਚਰਨ ਵੋਹਰਾ ਪਾਰਟੀ ਦੇ ਘੱਟ ਮਹੱਤਵਪੂਰਨ ਵਿਅਕਤੀ ਨਹੀਂ ਸਨ ਜਿਹਨਾਂ ਨੇ ਬੰਬ ਦਾ ਫਲਸਫਾ ਵਰਗਾ ਤਰਕਪੂਰਨ ਤੇ ਬੌਧਿਕ ਪਰਚਾ ਹੀ ਨਹੀਂ ਲਿਖਿਆ ਬਲਕਿ ਨੌਜਵਾਨ ਭਾਰਤ ਸਭਾ ਤੇ ਹਿੰਦੁਸਤਾਨ ਸੋਸਲਿਸਟ ਰਿਪਬਲੀਕਨ ਐਸੋਸੀਏਸ਼ਨ ਦਾ ਐਲਾਨ ਨਾਮਾ ਆਦਿ ਉਹਨਾਂ ਲਿਖੇ। ਅਸੀਂ ਵਿਜੇ ਕੁਮਾਰ ਸਿਨਹਾ ਜਿਹਨਾਂ ਨੂੰ ਪਾਰਟੀ ’ਚ ਕੌਮਾਂਤਰੀ ਸੰਪਰਕਾਂ ’ਤੇ ਪ੍ਰਚਾਰ ਪਸਾਰ ਦੀ ਜਿੰਮੇਵਾਰੀ ਸੌਂਪੀ ਗਈ ਸੀ ਨੂੰ ਵੀ ਅਸੀਂ ਭੁਲਾਉਣਯੋਗ ਮੰਨ ਲਿਆ।

ਇਹ ਸੱਚ ਹੈ ਕਿ ਅਸੀਂ ਜਿੱਤ ਦਾਸਾ ਤੋਂ ਭਗਤ ਸਿੰਘ ਦੀ ਲੰਬੀ ਜੀਵਨੀ ਦੀ ਆਸ ਉਮੀਦ ਕਰ ਰਹੇ ਸੀ ਜੋ ਉਹਨਾਂ ਦੇ ਜਿਉਂਦੇ ਰਹਿੰਦਿਆਂ ਪੂਰੀ ਨਹੀਂ ਹੋ ਸਕੀ। ਅਸੀਂ ਬਟੁਕੇਸ਼ਵਰ ਦੱਤ ਤੋਂ ਲੈ ਕੇ ਸੁਸ਼ੀਲਾ ਦੀਦੀ, ਧਨਵੰਤਰੀ, ਸੁਰੇਸ਼ ਚੰਦਰ ਭੱਟਾ ਚਾਰੀਆਂ ਮਾਸਟਰ ਰੁਦਰ ਨਰਾਇਣ ਸਿੰਘ ਆਦਿ ਸਭ ਨੂੰ ਭੁਲਾ ਦੇਣ ’ਚ ਬੇਸ਼ਰਮੀ ਦਿਖਾਈ। ਅਸੀਂ ਇਹਨਾਂ ’ਚੋਂ ਕਦੇ ਕਿਸੇ ਦੀ ਸ਼ਤਾਬਦੀ ਨਹੀਂ ਮਨਾਈ। ਇਹ ਸਭ 1947 ਤੋਂ ਪਿਛੋਂ ਦੇ ਭਾਰਤ ’ਚ ਵੀ ਜਿਉਂਦੇ ਰਹੇ ਪਰ ਅਸੀਂ ਇਹਨਾਂ ਇਨਕਲਾਬੀਆਂ ’ਚੋਂ ਕਿਸੇ ਦੀ ਖਬਰ ਨਹੀਂ ਲਈ। ਕੀ ਪੂਰੀ ਪਾਰਟੀ ਤੇ ਉਸ ਦੇ ਮੈਂਬਰਾਂ ਦੇ ਯੋਗਦਾਨ

ਤੇ ਮੁਹਿੰਮਾਂ ਨੂੰ ਮਾਨਤਾ ਦੇ ਦੇ ਆਪਣੇ ਸਮਾਰੋਹ ਪਿਆਰਾਂ ਨਾਲ ਭਗਤ ਸਿੰਘ ਨੂੰ ਅਸੀਂ ਉਸ ਤਰਾਂ ਦਾ ਤਾਂ ਨਹੀਂ ਬਣਾ ਰਹੇ। ਉਨ੍ਹਾਂ ਉਚਾ ਤੇ ਵਿਸ਼ਾਲ, ਜਿਸ ਦੀ ਤਸਵੀਰ ਨੂੰ ਫਿਰ ਆਪਣੇ ਹੱਥਾਂ ਨਾਲ ਛੂਹਣਾ ਮੁਸ਼ਕਲ ਹੋ ਜਾਵੇ ਸਾਡੇ ਲਈ। ਕੀ ਐਸਾ ਤਾਂ ਨਹੀਂ ਕਿ ਅਸੀਂ ਆਪਣੇ ਆਪ 'ਚ ਮਗਨ ਰਹਿੰਦੇ ਹੋਇਆ ਇਸ ਸਭ ਦੇਖ ਹੀ ਨਾ ਸਕਦੇ ਹੋਈਏ। ਇਸ ਨਾਲ ਭਵਿੱਖ ਦੇ ਇਨਕਲਾਬੀ ਸੰਘਰਸ਼ ਨੂੰ ਬਹੁਤ ਨੁਕਸਾਨ ਹੋਵੇਗਾ ਕਿਉਂਕਿ ਇਤਿਹਾਸ ਦੇ ਪ੍ਰਸੰਗ 'ਚ ਸੰਘਰਸ਼ ਨੂੰ ਪੂਰੀ ਤੇ ਸਹੀ ਤਸਵੀਰ ਨੂੰ ਦੇਖ ਸਕਣ 'ਚ ਅਸੀਂ ਅਸਮਰਥ ਹੋਵਾਂਗੇ।

ਭਗਤ ਸਿੰਘ ਨੂੰ ਯਾਦ ਕਰਦਿਆ ਇਕ ਖਤਰਾ ਇਹ ਵੀ ਹੈ ਕਿ ਪਿਛਲੇ ਕੁਝ ਕੁ ਸਾਲਾਂ 'ਚ ਅਸੀਂ ਦੇਖ ਰਹੇ ਹਾਂ ਕਿ ਉਹਨਾਂ ਨੂੰ ਪਗੜੀ ਬੰਨਣ ਦੀ ਸਾਜਿਸ਼ ਵੱਡੇ ਪੈਮਾਨੇ 'ਤੇ ਕੀਤੀ ਜਾਣ ਲੱਗੀ ਹੈ ਪਰ ਪੰਜਾਬ ਦੇ ਉਸ ਇਨਕਲਾਬੀ ਨੌਜਵਾਨ ਦਾ ਸਿਰ ਏਨਾ ਵੱਡਾ ਹੋ ਗਿਆ ਕਿ ਹੁਣ ਉਸ 'ਤੇ ਕੋਈ ਪਗੜੀ ਨਹੀਂ ਸਜਾਈ ਜਾ ਸਕਦੀ। ਅਸੀਂ ਅਜੇਹਾ ਭਰਮ ਭਾਵੇਂ ਹੀ ਥੋੜੀ ਦੇਰ ਲਈ ਦਿਲਾਂ 'ਚ ਪਾਲ ਲਈਏ। ਭਾਵੇਂ ਸ਼ਤਾਬਦੀ ਸਾਲਾਂ 'ਤੇ ਤਾਂ ਇਹ ਖੁਲ੍ਹੇਆਮ ਬਹੁਤ ਬੇਸ਼ਰਮੀ ਨਾਲ ਸਿਰੇ ਚੜ੍ਹਿਆ। ਦੇਖਿਆ ਜਾਏ ਤਾਂ ਇਹ ਹੋਇਆ ਪਹਿਲਾਂ ਵੀ ਸੀ। 1982 'ਚ ਚੰਡੀਗੜ੍ਹ ਦੇ ਮੁੱਖ ਮੰਤਰੀ ਦਫਤਰ (ਦਰਬਾਰਾ ਸਿੰਘ ਮੁੱਖ ਮੰਤਰੀ) 'ਚ ਦੇਖਿਆ ਗਿਆ ਕਿ ਭਗਤ ਸਿੰਘ ਦੀ ਜੋ ਤਸੀਵਰ ਲੱਗੀ ਸੀ ਉਸ ਨੂੰ ਪੱਗੜੀ ਪਹਿਨਾਈ ਹੋਈ ਸੀ। ਹੁਣ ਵਿਡੰਬਨਾ ਦੇਖੋ ਕਿ ਕੋਈ ਅੱਜ ਇਸ ਪਗੜੀ ਨੂੰ ਕੇਸਰੀ ਰੰਗ ਨਾਲ ਰੰਗ ਰਿਹਾ ਹੈ ਤਾਂ ਕੋਈ ਲਾਲ ਇਸ 'ਚੋਂ ਆਰ.ਐਸ.ਐਸ ਤੋਂ ਲੈ ਕੇ ਸਾਡੀ ਪ੍ਰਗਤੀਸ਼ੀਲ ਮਿਤਰ ਤਕ ਵੀ ਕਿਸੇ ਤਰ੍ਹਾਂ ਪਿਛੇ ਨਹੀਂ ਹਨ। ਇਕ ਧਰਮ ਨਿਰਪੱਖ ਇਨਕਲਾਬੀ ਸ਼ਹੀਦ ਨੂੰ ਧਰਮ ਦਾ ਖਾਂਚੇ 'ਚ ਫਿਟ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਇਥੇ ਆਪਣੀ ਗੱਲ ਕਹਿਣ ਦਾ ਸਾਰਾ ਅਰਥ ਇਹ ਹੋਣਾ ਚਾਹੀਦਾ ਹੈ ਕਿ ਸਭ ਭਗਤ ਸਿੰਘ ਨੂੰ ਆਭਦੇ ਰੰਗ 'ਚ ਰੰਗਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਕੋਈ ਕਹਿੰਦਾ ਹੈ ਕਿ ਜੇ ਉਹ ਜਿਉਂਦੇ ਰਹਿੰਦੇ ਤਾਂ ਨਕਸਲੀ ਹੁੰਦੇ। ਉਹਨਾਂ ਦੇ ਪ੍ਰੀਵਾਰ ਦੇ ਹੀ ਇਕ ਮੈਂਬਰ ਪਿਛਲੇ ਦਿਨੀਂ ਉਹਨਾਂ ਨੂੰ ਆਸਤਕ ਸਫਲ ਕਰਦੇ ਦੇਖੇ ਗਏ। ਭਗਤ ਸਿੰਘ ਦੀ ਜੇਲ੍ਹ ਬੁਕ 'ਚ ਕਿਸੇ ਦੇ ਦੋ ਸ਼ੇਅਰ ਲਿਖੇ ਹੋਏ ਹਨ ਜਿਸ 'ਚ ਪਰਵਰ ਦਿ ਗਾਰ ਵਰਗੇ ਸ਼ਬਦ ਵਰਤੇ ਗਏ ਹਨ ਜੋ ਉਹਨਾਂ ਦੀ ਆਸਤਿਕਤਾ ਨੂੰ ਪ੍ਰਵਾਨ ਕਰਦੇ ਹਨ। ਅਜੇਹੇ ਤਰਕਹੀਣ ਬਿਆਨਾਂ ਨੂੰ ਰੱਦ ਕਰਦਿਆ ਇਸ ਦੀ ਨਿੰਦਾ ਹੀ ਨਹੀਂ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ। ਭਗਤ ਸਿੰਘ ਦਾ ਲਿਖਿਆ ਲੇਖ ਅੱਖਾਂ ਖੋਲ੍ਹ ਕੇ ਪੜ੍ਹ ਲੈਣਾ ਚਾਹੀਦਾ ਹੈ। 'ਮੈਂ ਨਾਸਤਿਕ ਕਿਉਂ ਹਾਂ?' ਭਗਤ ਸਿੰਘ ਨੂੰ ਦੂਜੀਆਂ ਪਾਰਟੀਆਂ ਦੇ ਲੋਕ ਵੀ ਬਹੁਤ ਬੇਸ਼ਰਮੀ ਨਾਲ ਇਸ ਸ਼ਹੀਦ ਦੇ ਹੱਥਾਂ 'ਚ ਆਪਣੀ ਪਾਰਟੀ ਦਾ ਝੰਡਾ ਫੜਾਉਣ ਦਾ ਕੰਮ ਕਰਦੇ ਰਹੇ ਜੋ ਕਾਮਯਾਬ ਨਹੀਂ ਹੋਇਆ। ਧਾਰਮਿਕ ਕਟੜਤਾ ਤੇ ਪੁਰਨ ਸਥਾਪਨ ਵਾਦ ਦੇ ਇਸ ਯੁੱਗ 'ਚ ਭਗਤ ਸਿੰਘ ਨੂੰ ਅਸਲੀ ਧਰਮ ਨਿਰਪੱਖਤਾ ਦੀ ਵੱਡੀ ਪੈਰੋਕਾਰੀ ਦੀ ਅਸੀਂ ਸਭ ਤੋਂ ਵੱਧ ਲੋੜ ਮਹਿਸੂਸ ਕਰਦੇ ਹਾਂ। ਪਰ ਅਜੇਹੇ 'ਚ ਗਾਂਧੀ ਤੇ ਜਿਨਹਾ ਨੂੰ ਵੀ ਧਰਮ ਨਿਰਪੱਖ ਦਰਸਾਇਆ ਜਾ ਰਿਹਾ ਹੋਵੇ ਅਤੇ ਭਾਜਪਾ ਦੇ ਅਲੰਬਰਦਾਰ ਖੁਦ ਨੂੰ ਖਾਲਸ ਤੇ ਦੂਸਰਿਆਂ ਨੂੰ ਦੋਮ ਦਰਜੇ ਦੇ ਧਰਮ ਨਿਰਪੇਖ ਦਸਦੇ ਹੋਣ ਤਕ ਅਸਲੀ ਧਰਮ ਨਿਰਪੱਖਤਾ ਜੋ ਨਾਸਤਿਕਤਾ ਬਿਨ੍ਹਾਂ ਸੰਭਵ

ਨਹੀਂ ਉਸ ਦਾ ਝੰਡਾ ਕੌਣ ਚੁੱਕੇ? ਇਹ ਸਾਫ-ਸਾਫ ਮੰਨ ਲੈਣਾ ਚਾਹੀਦਾ ਹੈ ਕਿ ਧਰਮ ਨਿਰਪੱਖਤਾ ਜਾਂ ਅਰਧ ਧਰਮ ਸਮਭਾਵ ਕਤਈ ਨਹੀਂ ਹੈ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਵਾਰ ਪ੍ਰਚਾਰ ਕਰਦੇ ਤੇ ਕਹਿੰਦੇ ਹਨ। ਇਹ ਸਾਡਾ ਬੇਈਮਾਨੀ ਭਰਿਆ ਚਿੰਤਨ ਹੈ ਜਿਸ ਦਾ ਪਰਦਾਫਾਸ ਕੀਤਾ ਜਾਣਾ ਚਾਹੀਦਾ ਹੈ। ਵਿਚਾਰ ਇਹ ਵੀ ਕੀਤਾ ਜਾਣਾ ਚਾਹੀਦਾ ਹੈ ਕਿ ਧਰਮ ਨਿਰਪੱਖਤਾ ਆਖਰ ਕਿੰਨੇ ਤਰ੍ਹਾਂ ਦੀ ਹੈ? ਰਘੂਪਤੀ ਰਾਘਵ ਰਾਜਾ ਰਾਮ ਜਪਣ ਵਾਲੇ ਗਾਂਧੀ ਵੀ ਧਰਮ ਨਿਰਪੱਖ ਸਨ, ਮਜਹੱਬਦੇ ਨਾਂ ਹੇਠ ਮੁਸਲਿਮ ਹੋਮ ਲੈਂਡ ਲੈ ਲੈਣ ਵਾਲੇ ਜਿਨਹਾ ਵੀ ਧਰਮ ਨਿਰਪੱਖ ਸਨ ਅਤੇ ਭਗਤ ਸਿੰਘ ਵੀ। ਤਦ ਇਹਨਾਂ 'ਚੋਂ ਕਿਹੜਾ ਸਹੀ ਧਰਮ ਨਿਰਪੱਖ ਹੈ ਅਤੇ ਨਿਰਪੱਖਤਾ ਆਖਰ ਹੈ ਕਿ ਬਲਾ?

ਏਧਰ ਭਗਤ ਸਿੰਘ ਨੂੰ ਪਾਰਲੀਮੈਂਟ ਦਾ ਵੀ ਹਾਮੀ ਸਾਬਤ ਕਰਨ ਦੇ ਵੀ ਯਤਨ ਹੋਏ ਤੇ ਹੁਣ ਵੀ ਹੋ ਰਹੇ ਹਨ। ਸੰਸਦ 'ਚ ਭਗਤ ਸਿੰਘ ਦੀ ਤਸਵੀਰ ਜਾਂ ਮੂਰਤੀ ਲਗਵਾਉਣ ਦੀ ਕੀ ਅਰਥ ਹੈ। ਜਿਸ ਸੰਸਦੀ ਕਿਰਦਾਰ ਤੇ ਉਹਨਾਂ ਦੀ ਕਾਰਵਾਈਆਂ ਦੇ ਵਿਰੋਧ 'ਚ ਉਹਨਾਂ ਨੇ ਪਾਰਟੀ ਦੇ ਫੈਸਲੇ ਅਨੁਸਾਰ ਪਰਚਾ ਤੇ ਬੰਬ ਸੁਟਿਆ, ਕੀ ਅੱਜ ਉਸ ਸੰਸਦ ਤੇ ਉਸ ਦੇ ਨੁਮਾਇੰਦਿਆਂ ਨੂੰ ਚਾਲ ਢਾਲ ਤੇ ਕਿਰਦਾਰ ਬਦਲ ਕੇ ਲੋਕ ਮੁਖੀ ਤੇ ਲੋਕ ਪੱਖੀ ਹੋ ਗਿਆ ਹੈ। ਜੇ ਨਹੀਂ ਤਾਂ ਕਿਉਂ ਭਗਤ ਸਿੰਘ ਤੇ ਕੰਮ ਕਰਨ ਵਾਲੇ ਉਹਨਾਂ 'ਤੇ ਪੁਸਤਕਾਂ ਜਾਰੀ ਕਰਵਾਉਣ ਲਈ ਕਿਸੇ ਸੰਸਦ ਜਾਂ ਮੰਤਰੀ ਦੀ ਪੂਛ-ਪੂਛ ਕਰਦੇ ਦਿਖਾਈ ਦਿੰਦੇ ਹਨ। ਇਕ ਇਸ ਮੌਜੂਦਾ ਸੰਸਦੀ ਵਿਵਸਥਾ ਦੇ ਪੈਰੋਕਾਰ ਜਾਂ ਪੱਖੀ ਹੋ ਕੇ ਭਗਤ ਸਿੰਘ ਨੂੰ ਯਾਦ ਕਰ ਸਕਦੇ ਹਨ। ਆਖਰ ਕਿਉਂ ਭਗਤ ਸਿੰਘ ਦੀ ਸ਼ਹਾਦਤ ਦੇ 52 ਸਾਲਾਂ ਪਿਛੋਂ ਉਹਨਾਂ ਦੀ ਭੈਣ ਅਮਰ ਕੌਰ ਨੂੰ ਭਾਰਤ ਦੀ ਮੌਜੂਦਾ ਪਾਰਲੀਮੈਂਟ ਦੇ ਕਿਰਦਾਰ ਤੇ ਉਸ ਦੀ ਕਾਰਜ ਪ੍ਰਣਾਲੀ 'ਤੇ ਉਂਗਲ ਉਟਾਉਂਦਿਆਂ ਉਥੇ ਘੁਸ ਕੇ ਪਰਚੇ ਸੁਟਣੇ ਪਏ। ਕਿਸ ਚ ਉਠਾਏ ਸੁਆਲਾਂ 'ਤੇ ਸਾਨੂੰ ਗੌਰ ਕਰਨਾ ਚਾਹੀਦਾ ਹੈ ਪਰ ਇਸ ਦੇਸ਼ 'ਚ ਪਸਰਿਆ ਠੰਢਾ ਪਣ ਦੇਖੀਏ ਕਿ ਕਿਸੇ ਨੇ ਵੀ 8 ਅਪ੍ਰੈਲ 1983 ਨੂੰ ਅਸਰ ਦੀ ਅਵਾਜ 'ਚ ਅਵਾਜ਼ ਨਹੀਂ ਮਿਲਾਈ ਤੇ ਇਕ ਵਾਰ ਵੀ ਇਨਕਲਾਬ ਜਿੰਦਾਬਾਦ ਬੁਲੰਦ ਨਹੀਂ ਕੀਤਾ। ਜਦਕਿ ਇਹ ਦਰਜ ਰਹੇਗਾ ਕਿ ਇਸ ਗੁਲਾਮ ਦੇਸ਼ ਨੇ ਉਦੋਂ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਦੀ ਅਵਾਜ਼ 'ਚ ਆਪਣੀ ਆਵਾਜ਼ ਬਾਖੂਬੀ ਮਿਲਾਈ। ਜਾਨਣ ਲਾਇਕ ਇਹ ਵੀ ਹੈ ਕਿ ਪਿਛਲੇ ਦਿਨੀਂ ਸੰਸਦ 'ਚ ਭਗਤ ਸਿੰਘ ਦੀ ਜੋ ਬੁਤ ਲੱਗਿਆ ਉਸ 'ਚ ਉਹ ਪੱਗੜੀ ਪਹਿਨੇ ਹੋਏ ਹਨ ਅਤੇ ਉਥੇ ਦੇਸ਼ ਦੇ ਉਸ ਨਾਲ ਬੰਬ ਸੁਟਣ ਵਾਲੇ ਉਹਨਾਂ ਦੇ ਸਾਥੀ ਬਟੁਕੇਸ਼ਵਰ ਨਹੀਂ ਹਨ। ਜਰੂਰੀ ਹੈ ਕਿ ਭਗਤ ਸਿੰਘ ਨੂੰ ਯਾਦ ਕਰਨ ਅਤੇ ਉਹਨਾਂ ਦੀ ਪੂਜਾ ਜਾਂ ਪੂਜਾ ਦੇ ਨਾਟਕ 'ਚ ਅਸੀਂ ਫਰਕ ਕਰੀਏ। ਅੱਜ ਸਾਡੀਆਂ ਰਾਜਸੀ ਜਮਹੂਰੀ ਤੇ ਅਗਾਂਹਵਧੂ ਸਭਿਆਚਾਰਕ ਜਥੇਬੰਦੀਆਂ ਭਗਤ ਸਿੰਘ ਨੂੰ ਯਾਦ ਕਰ ਰਹੀਆਂ ਹਨ। ਸੱਜੇ ਪੱਖੀ ਤੇ ਮੱਧ ਵਰਗੀ ਵੀ। ਇਹ ਚੀਜਾਂ ਨੂੰ ਰਲ ਗੱਡ ਕਰਨ ਦੀਆਂ ਕੋਸ਼ਿਸ਼ਾਂ ਹਨ ਤਾਂ ਕਿ ਅਸੀਂ ਭਗਤ ਸਿੰਘ ਆਪਣੀ ਕਿਰਦਾਰ ਪਹਿਚਾਣ ਦੇ ਨਾਲ ਹੀ ਆਪਣਾ ਇਨਕਲਾਬੀ ਵਿਅਕਤਿਤਵ ਵੀ ਗੁਆ ਬੈਠੇ।

ਆਖਰ ਕੀ ਕਾਰਨ ਹੈ ਕਿ ਭਗਤ ਸਿੰਘ ਅੱਜ ਤਕ ਕਿਸੇ ਰਾਜਸੀ ਪਾਰਟੀ ਦੇ ਨਾਇਕ ਨਹੀਂ ਬਣ ਸਕੇ। ਇਹ ਸੁਆਲ ਵੱਡਾ ਹੈ ਕਿ ਅਜ਼ਾਦ ਦੀ ਸ਼ਹਾਦਤ ਪਿਛੋਂ

ਹਿੰਦੁਸਤਾਨ ਸਮਾਜਵਾਦੀ ਪ੍ਰਜਾ ਤੰਤਰ ਨੂੰ ਪੁਨਰਜੀਵਤ ਕਰਨ ਨਾ ਕਰਨ ਦੇ ਕਿੰਨੇ ਤੇ ਕਿਹੜੇ ਯਤਨ ਹੋਏ ਅਤੇ ਕਾਮਯਾਬ ਨਹੀਂ ਹੋਏ ਤਾਂ ਕਿਉਂ? ਅਤੇ ਕੀ ਆਜ਼ਾਦੀ ਤੋਂ ਪਿਛੋਂ ਕੋਈ ਰਾਜਸੀ ਪਾਰਟੀ ਇਨਕਲਾਬ ਦਾ ਝੰਡਾ ਫੜਨ ਦੀ ਹਿੰਮਤ ਨਹੀਂ ਕਰ ਸਕੀ? ਵਿਚਾਰ ਇਹ ਕਰੀਏ ਕਿ ਹੁਣ ਭਾਵੀ ਇਨਕਲਾਬ ਦਾ ਰਾਹ ਕੀ ਹੋਵੇਗਾ? ਆਜ਼ਾਦ ਦੀ ਅਗਵਾਈ 'ਚ ਭਗਤ ਸਿੰਘ ਤੇ ਦੂਜੇ ਸਾਰੇ ਨੌਜਵਾਨ ਇਨਕਲਾਬੀ ਮੱਧਵਰਗ ਤੋਂ ਆਏ ਸਨ ਅੱਜ ਸਾਮਰਾਜੀ ਪ੍ਰਬੰਧ ਤੇ ਬਾਜ਼ਾਰ ਦੇ ਬੇਲਗਾਮ ਵਿਸਥਾਰ ਨੇ ਮੱਧ ਵਰਗ ਨੂੰ ਸ਼ਹਿਰ ਤੋਂ ਗਾਹਕ 'ਚ ਤਬਦੀਲ ਕਰ ਦਿੱਤਾ ਹੈ। ਨਵੀਂ ਪੀੜੀ ਪੂਰੀ ਤਰ੍ਹਾਂ ਕੈਰੀਅਰ 'ਚ ਡੁਬੀ ਹੈ। ਉਹਨਾਂ ਦੇ ਸੁਪਨਿਆਂ 'ਚ ਦੇਸ਼ ਤੇ ਸਮਾਜ ਨਹੀਂ ਹੈ। ਉਥੇ ਵਿਅਕਤੀਗਤ ਸੁਪਨਿਆਂ ਦੀਆਂ ਕੰਡਿਆਲੀਆਂ ਝਾੜੀਆਂ ਉਗ ਆਈਆਂ ਹਨ। ਸਮਾਜ ਟੁੱਟ ਰਿਹਾ ਹੈ ਤਾਂ ਸਮਾਜਕ ਚਿੰਤਾਵਾਂ ਕਿਥੇ ਜੰਮਣਗੀਆਂ। ਨਿਮਨ ਮੱਧ ਵਰਗ ਜਿੰਦਗੀ ਜਿਉਣ ਦੀ ਕਸ਼ਮਕਸ਼ 'ਚ ਡੁੱਬਕੇ ਦੋ ਡੰਗ ਦੀ ਰੋਟੀ ਨਹੀਂ ਕਮਾ ਰਿਹਾ ਹੈ ਤੇ ਦੂਜੇ ਪਾਸੇ ਉਚ ਜਮਾਤ ਇਨਕਲਾਬ ਕਿਉਂ ਚਾਹੇਗੀ? ਕੀ ਆਪਣੇ ਵਿਰੁਧ? ਅਜੇਹਾ ਤਾਂ ਸੰਭਵ ਹੀ ਨਹੀਂ ਹੈ। ਤਾਂ ਫਿਰ ਇਨਕਲਾਬ ਦਾ ਪੌਦਾ ਕਿਥੇ ਵਧੇ ਫੁਲੇਗਾ ਅਤੇ ਉਸ ਨੂੰ ਕੌਣ ਖਾਦ ਪਾਣੀ ਦੇਵੇਗਾ। ਇਹ ਵੱਡਾ ਸੁਆਲ ਸਾਡੇ ਮੂਹਰੇ ਮੂੰਹ ਅੱਡੀ ਖੜ੍ਹਾ ਹੈ ਅਤੇ ਅਸੀਂ ਹਵਾ 'ਚ ਸਟੇਜ਼ਾਂ ਤੇ ਇਨਕਲਾਬ ਦੀਆਂ ਤਲਵਾਰਾਂ ਚਲਾ ਰਹੇ ਹਾਂ। ਅਸੀਂ ਜੋ ਥੋੜਾ ਬਹੁਤ ਇਨਕਲਾਬ ਦੇ ਨਾਂ 'ਤੇ ਕੁਝ ਕਰਨ ਦੀਆਂ ਗਲਤ ਫਹਿਮੀਆਂ ਪਾਲ ਰਹੇ ਹਾਂ, ਕੀ ਇਹ ਸਾਡਾ ਅਸੀਂ ਇਨਕਲਾਬੀ ਉਦਮ ਹੈ? ਕੌਣ ਜਾਣਦਾ ਹੈ ਸਾਨੂੰ? ਜਿਸ ਲਈ ਇਨਕਲਾਬ ਕਰਨ ਦਾ ਦਾਅਵਾ ਅਸੀਂ ਕਰ ਰਹੇ ਹਾਂ, ਉਹ ਵੀ ਸਾਥੋਂ ਅਣਜਾਣ ਹੈ। ਤੁਸੀਂ ਯੂਨੀਵਰਸਿਟੀ ਦੇ ਕਿਸੇ ਵਾਤਾਨਕੂਲ ਕਮਰੇ 'ਚ ਤੀਜੀ ਮੰਜ਼ਿਲ 'ਤੇ ਬੈਠ ਕੇ ਤੇਰਾਂ ਬੰਦੇ ਲੋਕ ਇਨਕਲਾਬੀ ਦੀ ਲਫ਼ਾਜੀ ਕਰੋਗੇ ਤਾਂ ਦੇਸ਼ ਦੇ ਲੋਕ ਤੁਹਾਨੂੰ ਕਿਉਂ ਪਹਿਚਾਨਣਗੇ? ਯਾਦ ਰਹੇ ਕੋਈ ਯੂਨੀਵਰਸਿਟੀ ਦੇਸ਼ ਨਹੀਂ ਹੈ। ਪੁਛੋ ਇਸ ਮੁਲਕ ਦੇ ਲੋਕਾਂ ਤੋਂ ਛੋਟੇ ਸ਼ਹਿਰਾਂ, ਕਸਬਿਆਂ, ਪਿੰਡਾਂ 'ਚ ਜਾ ਕੇ ਜਾਂ ਸੜਕ ਤੇ ਚਲਦੇ ਕਿਸੇ ਆਮ ਆਦਮੀ ਨੂੰ ਥੋੜਾ ਰੋਕ ਕੇ ਇਹਨਾਂ ਬੌਧਿਕ ਮਸ਼ਵਰਾ ਕਰਨ ਵਾਲੇ ਲੋਕਾਂ ਬਾਰੇ ਪੁਛੀਏ ਤਾਂ ਇਹ ਮੂੰਹ ਚਿੜਾਉਣਗੇ ਉਹ ਤਾਂ ਇਹਨਾਂ 'ਚੋਂ ਕਿਸੇ ਨੂੰ ਜਾਣਦੇ ਬੁਝਦੇ ਵੀ ਨਹੀਂ ਹਨ। ਤਾਂ ਆਪ ਕਰ ਲਓ ਇਨਕਲਾਬ। ਇਸ ਦੇਸ਼ ਦੇ ਸਾਧਾਰਨ ਲੋਕ ਤੁਹਾਡੇ ਕੋਲੋਂ ਵਾਕਿਫ ਨਹੀਂ ਹਨ। ਨਾ ਤੁਸੀਂ ਉਸ ਦੇ ਨਾਲ ਖੜ੍ਹੇ ਹੋ, ਨਾ ਹੀ ਉਹ ਆਪਦੇ ਨਾਲ। ਅਜੇਹੇ 'ਚ ਕੀ ਤੁਸੀਂ ਲੋਕਾਂ ਬਿਨਾਂ ਇਨਕਲਾਬ ਕਰੋਗੇ? ਲਗਦਾ ਹੈ ਇਸ ਦੇਸ਼ 'ਚ ਹੁਣ ਥੋੜੇ ਜਿਹੇ ਹਵਾ ਹਵਾਈ ਲੋਕ ਹੀ ਕ੍ਰਾਂਤੀ ਦੀ ਕਾਰਵਾਈ ਨੂੰ ਨੇਪਰੇ ਚਾੜਨ ਦਾ ਇਤਿਹਾਸਕ ਫਰਜ਼ ਪੂਰਾ ਕਰ ਲੈਣਗੇ। ਜਨਤਾ ਹੁਣ ਉਹਨਾਂ ਲਈ ਫਾਲਤੂ ਚੀਜ ਬਣ ਗਈ ਹੈ। ਅੱਜ ਭਾਸ਼ਾ ਦਾ ਮੁੱਦਾ ਸਭ ਤੋਂ ਵੱਡਾ ਮੁੱਦਾ ਹੈ। ਇਹ ਅਜ਼ਾਦੀ ਦੀ ਸੁਆਲ ਨਾਲ ਗਹਿਰਾਈ ਤਕ ਜੁੜਿਆ ਹੋਇਆ ਹੈ ਆਪਣੀ ਭਾਸ਼ਾ ਬਿਨ੍ਹਾਂ ਆਪ ਆਜ਼ਾਦੀ ਦੀ ਕਲਪਨਾ ਵੀ ਨਹੀਂ ਕਰ ਸਕਦੇ। ਪਰ ਅੱਜ ਸਾਰੇ ਪਾਸੇ ਗੁਲਾਮੀ ਦੀ ਭਾਸ਼ਾ ਸਿਰ ਮੱਥੇ 'ਤੇ ਉਸ ਦੀ ਬੁਲੰਦੀ ਜੈ-ਜੈ ਕਾਰ। ਭਾਸ਼ਾ ਦਾ ਮਸਲਾ ਸਿਰਫ ਭਾਸ਼ਾ ਦਾ ਨਹੀਂ ਹੁੰਦਾ ਇਹ ਸੱਭਿਆਚਾਰ ਦਾ ਵੀ ਹੁੰਦਾ ਹੈ। ਭਗਤ ਸਿੰਘ ਨੇ ਐਵੇ ਹੀ ਲਿਪੀ ਦੀ ਸਮਸਿਆ ਨਾਲ ਰੂ-ਬ-ਰੂ ਹੁੰਦੇ ਹੋਏ ਆਪਣੀਆਂ ਭਾਸ਼ਾਵਾਂ ਵੀ ਵਕਾਲਤ ਨਹੀਂ ਕੀਤੀ ਸੀ। ਕੀ ਅਸੀਂ ਅੰਗਰੇਜੀ ਤੋਂ ਬਿਨ੍ਹਾਂ ਇਕ ਕਦਮ

ਵੀ ਅੱਗੇ ਨਹੀਂ ਚਲ ਸਕਦੇ। ਭਾਸ਼ਾ ਅੱਜ ਸਭ ਤੋਂ ਅਹਿਮ ਮੁੱਦਾ ਹੈ। ਅਸੀਂ ਉਸ ਦੀ ਤਰਫ਼ੋਂ ਅੱਖਾਂ ਬੰਦ ਨਾ ਕਰੀਏ ਤੇ ਨਾ ਹੀ ਉਸ ਨੂੰ ਦੂਰ ਕਾਰੀਏ। ਭਾਸ਼ਾ ਬਿਨ੍ਹਾਂ ਦੇਸ਼ ਆਪਣੇ ਪੈਰਾਂ 'ਤੇ ਖੜ੍ਹਾ ਨਹੀਂ ਹੋ ਸਕਦਾ।

ਹੁਣ ਤਿੰਨ ਹੋਰ ਗੌਰ ਕਰਨ ਵਾਲੀਆਂ ਗੱਲਾਂ 'ਤੇ ਅਸੀਂ ਆਪਣਾ ਪੱਖ ਤੇ ਚਿੰਤਾਵਾਂ ਪ੍ਰਗਟ ਕਰਾਂਗੇ। ਇਹ ਕਿ ਅੱਜ ਵੀ ਇਮਾਨਦਾਰੀ ਨਾਲ ਭਗਤ ਸਿੰਘ ਨੂੰ ਯਾਦ ਕਰਨ ਵਾਲਿਆਂ ਨੂੰ ਮੌਜੂਦਾ ਸਤਾ ਤੇ ਵਿਵਸਥਾ ਉਸੇ ਤਰ੍ਹਾਂ ਤੰਗ ਕਰਦੇ ਤੇ ਲੁਟ ਘਸੁੱਟ ਦਾ ਸ਼ਿਕਾਰ ਬਣਾਉਦੀ ਹੈ। ਜਿਸ ਤਰ੍ਹਾਂ ਬ੍ਰਿਟਿਸ਼ ਸਾਮਰਾਜੀ, ਹਕੂਮਤ ਕਰਦੀ ਸੀ। ਸ਼ੰਕਰ ਸੈ ਲੰਦਰ ਦਾ 'ਭਗਤ ਸਿੰਘ ਨੂੰ' ਗੀਤ ਗਾਉਣ 'ਤੇ ਸਭਿਆਚਾਰਕ ਕਾਮਿਆਂ 'ਤੇ ਇਹ ਕਹਿ ਕੇ ਵਾਰ ਕੀਤਾ ਜਾਂਦਾ ਹੈ ਕਿ ਇਹ ਗੀਤ 1948 'ਚ ਸਰਕਾਰ ਨੇ ਇਹ ਕਹਿ ਕੇ ਜ਼ਬਤ ਕੀਤਾ ਸੀ ਕਿ ਇਹ ਲੋਕ ਪ੍ਰਿਆ ਚੁਣੀ ਹੋਈ ਸਰਕਾਰ ਖਿਲਾਫ ਲੋਕਾਂ ਦੇ ਮਨ 'ਚ ਘ੍ਰਿਣਾ ਪੈਦਾ ਕਰਨਾ ਹੈ ਮੈ ਖੁਦ ਜਾਨਣਾ ਚਾਹੁੰਦਾ ਹਾਂ ਕਿ ਕੀ ਸ਼ੰਕਰ ਸੈਲੇਂਦਰ ਦੇ ਇਸ ਗੀਤ ਨਾਲ 1948 ਦੇ ਬਾਅਦ ਤੋਂ ਅਜੇ ਤਕ ਸਰਕਾਰੀ ਪਾਬੰਦੀ ਹਟੀ ਹੈ ਜਾਂ ਨਹੀਂ, ਜੇ ਅਜੇਹਾ ਹੋਇਆ ਹੈ ਤਾਂ ਕਦੋਂ? ਦੂਜਾ ਇਹ ਕਿ ਕਈ ਸਾਲ ਪਹਿਲਾਂ ਪਾਕਿਸਤਾਨ ਦੀ ਫੌਜ ਹੁਸੈਨੀਵਾਲਾ ਤੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਸਮਾਧੀਆਂ ਨੂੰ ਤੋੜ ਕੇ ਲੈ ਗਈ। ਅਸੀਂ ਕਿਉਂ ਨਹੀਂ ਹੁਣ ਤਕ ਉਹਨਾਂ ਸਮਾਧੀਆਂ ਦੀ ਵਾਪਸੀ ਦੀ ਮੰਗ ਪਾਕਿਸਤਾਨ ਸਰਕਾਰ ਤੋਂ ਕੀਤੀ। ਕੀ ਇਹ ਸਾਡਾ ਰਾਸ਼ਟਰੀ ਸਮਾਰਕ ਨਹੀਂ ਸੀ ਅਤੇ ਤੀਜਾ ਨੁਕਤਾ ਇਹ ਹੈ ਕਿ ਕੁਝ ਸਾਲ ਪਹਿਲਾਂ ਉਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ 'ਚ ਇਕ ਮਹਾਂ ਉਤਸਵ ਹੋਇਆ ਸੀ। ਮੇਲਾ ਲਗਿਆ ਸੀ। ਇਹ ਉਦੋਂ ਦੀ ਗੱਲ ਹੈ। ਜਦ ਭਗਤ ਸਿੰਘ ਸਬੰਧੀ ਇਕੋ ਵੇਲੇ ਕਈ ਫਿਲਮਾਂ ਆਈਆਂ ਸਨ। ਯਾਨੀ ਸਾਡੇ ਬਾਲੀਵੁਡ ਨੂੰ ਵੀ ਇਨਕਲਾਬ ਕਰਨ ਦਾ ਸ਼ੌਕ ਜਾਗਿਆ ਸੀ। ਬਾਜ਼ਾਰ ਤੇ ਬਾਲੀਵੁੱਡ 'ਚ ਜੇ ਭਗਤ ਸਿੰਘ ਨੂੰ ਵੇਚਿਆ ਜਾ ਸਕਦਾ ਹੈ ਤਾਂ ਇਸ 'ਚ ਹਰਜ਼ ਕੀ ਹੈ। ਬਾਜ਼ਾਰ ਹਰ ਚੀਜ਼ ਤੋਂ ਮੁਨਾਫ਼ਾ ਕਮਾਉਣਾ ਚਾਹੁੰਦਾ ਹੈ ਪਰ ਮੈਂ ਇਥੇ ਫਿਲਮਾਂ 'ਚ ਭਗਤ ਸਿੰਘ ਨੂੰ ਵੇਚਣ ਦੀ ਗੱਲ ਨਹੀਂ ਕਰ ਰਿਹਾ, ਨਾ ਹੀ ਇਸ ਗੱਲ 'ਤੇ ਚਿੰਤਾ ਜਾਹਰ ਕਰ ਰਿਹਾ ਹਾਂ ਕਿ ਉਹਨਾਂ ਨੇ ਤੁੜਕ-ਤੁੜਕ ਤੇ ਬੱਲੇ-ਬੱਲੇ ਕਰਕੇ ਭਗਤ ਸਿੰਘ ਵਰਗੇ ਇਨਕਲਾਬੀ ਨਾਇਕ ਨੂੰ ਪਰਦੇ 'ਤੇ ਨਚਦਾ ਦਿਖਾ ਦਿਤਾ। ਮੈਂ ਇਥੇ ਗੱਲ ਦੂਜੀ ਕਹਿਣਾ ਚਾਹੁੰਦਾ ਹਾਂ ਲਖਨਊ ਦੇ ਉਸ ਮੇਲੇ 'ਚ ਇਕ ਰੈਸਟੋਰੈਂਟ ਬਣਾਇਆ ਗਿਆ ਸੀ ਜਿਸ ਦਾ ਦਰਵਾਜਾ ਲਾਹੌਰ ਜੇਲ੍ਹ ਵਾਂਗੂ ਬਣਾਇਆ ਗਿਆ ਸੀ। ਉਸ 'ਚ ਬਹਿਰਿਆਂ ਨੂੰ ਉਹ ਡ੍ਰੈਸ ਪਵਾਈ ਗਈ ਸੀ ਜਿਸ ਨੂੰ ਜੇਲ੍ਹ ਅੰਦਰ ਭਗਤ ਸਿਘ, ਰਾਜਗੁਰੂ ਤੇ ਸੁਖਦੇਵ ਨੇ ਪਹਿਨੀ ਸੀ। ਪਾਣੀ ਉਥੇ ਜੋ ਪਰੋਸਿਆ ਜਾ ਰਿਹਾ ਸੀ, ਉਸ ਨੂੰ ਕਾਲੇ ਪਾਣੀ ਦਾ ਨਾਂ ਦਿਤਾ ਗਿਆ ਸੀ ਅਤੇ ਮਾੜੀ ਗੱਲ ਇਹ ਕਿ ਖਾਣੇ ਦੇ ਨਾਂ ਹੇਠ ਸਵਦੇਸ਼ੀ ਚਿਕਨ ਤੇ ਕਾਕੋਰੀ ਕਬਾਬ। ਇਹ ਤਾਂ ਹੱਦ ਲੰਘ ਜਾਣਾ ਹੈ। ਲਖਨਊ ਇਕ ਸੂਬੇ ਦੀ ਰਾਜਧਾਨੀ ਹੈ। ਸਭਿਆਚਾਰਕ ਜਥੇਬੰਦੀਆਂ ਤੇ ਰਾਜਸੀ ਦਲਾਂ ਦੀ ਕੇਂਦਰੀ ਥਾਂ। ਪਰ ਸਭ ਕੁਝ ਉਸ ਥਾਂ 'ਤੇ ਠੀਕ ਠਾਕ ਚਲਦਾ ਰਿਹਾ, ਕੋਈ ਹਲਚਲ ਨਹੀਂ। ਕੋਈ ਵਿਰੋਧ ਨਹੀਂ। ਕੀ ਅਸੀਂ ਸੱਚੀ ਮਰ ਚੁਕੇ ਹਾਂ, ਕੀ ਸਾਡੇ ਅੰਦਰ ਕੋਈ ਕੌਮੀ ਚੇਤਨਾ ਬਚੀ ਹੈ? ਕੀ ਸਾਨੂੰ ਸਾਡੇ ਸ਼ਹੀਦਾਂ ਦਾ ਅਪਮਾਨ ਬੇਚੈਨ ਨਹੀਂ ਕਰਦਾ? ਕੀ ਇਤਿਹਾਸਕ ਸੁਆਲ ਏਨੇ ਹੀ ਬੇਮਤਲਬ

ਹੋ ਗਏ ਹਨ ਕਿ ਉਹ ਸਾਡੇ ਅੰਦਰ ਕੋਈ ਉਲਝਣ ਪੈਦਾ ਨਹੀਂ ਕਰਦੇ। ਕੁਝ ਲੋਕ ਥੋੜੇ ਸਾਲਾਂ ਤੋਂ ਤੀਜੀ ਅਜ਼ਾਦੀ ਨਾਂ ਹੇਠ ਜਥੇਬੰਦੀ ਚਲਾ ਰਹੇ ਹਨ। ਸ਼ਹੀਦ ਆਜ਼ਮ ਭਗਤ ਸਿੰਘ ਨਾਲ ਸਬੰਧਤ ਦਸਤਾਵੇਜਾਂ ਜਾਹਰ ਕਰਨ ਵਾਲੇ ਪ੍ਰੋ: ਜਗਮੋਹਨ ਸਿੰਘ ਵੀ ਇਸ ਦੇ ਨੇੜੇ ਹਨ। ਅੰਦੋਲਨ ਚਲਾਉਣ ਵਾਲਿਆਂ ਨੇ ਪਹਿਲਾਂ ਹੀ ਐਲਾਨ ਕਰ ਦਿਤਾ ਸੀ ਕਿ ਇੰਡੀਆ ਗੇਟ ਢਾਹ ਕੇ ਉਥੇ ਸ਼ਹੀਦਾਂ ਦੀ ਮੀਨਾਰ ਬਣਾਵਾਂਗੇ। ਕੀ ਤੀਜੀ ਆਜ਼ਾਦੀ ਦੀ ਲੜਾਈ ਹੋਵੇਗੀ? ਕਲ ਤਕ ਅਸੀਂ ਆਪਣੇ ਦਰਮਿਆਨ ਰਹੇ ਜਿੰਦਾ ਸ਼ਹੀਦਾਂ ਦਾ ਕੋਈ ਆਦਰ ਸਨਮਾਨ ਨਹੀਂ ਕਰ ਸਕੇ ਉਹਨਾਂ ਨੂੰ ਠੰਡੀ ਤੇ ਗੁਮਨਾਮ ਮੌਤ ਮਰਨ ਦੇ ਦਿਤਾ ਪਰ ਅੱਜ ਉਹਨਾਂ ਦੇ ਸੀਮਿੰਟ ਦੇ ਬੁੱਤ ਖੜ੍ਹੇ ਕਰਨ ਦੀ ਸਾਡੀ ਡੂੰਘੀ ਦਿਲਚਸਪੀ ਹੈ। ਭਗਤ ਸਿੰਘ ਨੂੰ ਯਾਦ ਕਰਨ ਵਾਲੇ ਸੰਗਠਨ ਕਿੰਨੀ ਗਲਤ ਫਹਿਮੀ 'ਚ ਜਿਉਂ ਰਹੇ ਹਨ ਇਹ ਦਸਣ ਦੀ ਲੋੜ ਨਹੀਂ। ਭਗਤ ਸਿੰਘ ਦਾ ਨਾਂ ਖੁਦ ਦਾ ਨਾਂ ਚਮਕਾਉਣ ਲਈ ਲੈਣਾ ਠੀਕ ਨਹੀਂ ਹੈ।

# ਕੀ ਹੈ ਹਿੰਦੀ ਪ੍ਰਿੰਟ ਮੀਡੀਆ 'ਚ ਔਰਤਾਂ ਦੀ ਦਸ਼ਾ?

ਸਮਾਜ ਦਾ ਚੌਥਾ ਥੰਮ ਮੰਨੇ ਜਾਣ ਵਾਲੇ ਮੀਡੀਆ 'ਚ ਵੀ ਔਰਤ ਮੁੱਦਿਆਂ ਤੇ ਇਸ ਕਾਰੋਬਾਰ 'ਚ ਕੰਮ ਕਰਨ ਵਾਲੀਆਂ ਔਰਤਾਂ ਦੇ ਨਾਲ ਭੇਦਭਾਵ ਭਾਰਤੀ ਸਮਾਜ ਦੀ ਮਰਦ ਪ੍ਰਧਾਨ ਮਾਨਸਿਕਤਾ ਨੂੰ ਦਰਸਾਉਂਦਾ ਹੈ। ਪਿੱਤਰਸਤਾਤਮਕ ਮਰਦ ਪ੍ਰਧਾਨ ਮਾਨਸਿਕਤਾ ਕਿੰਨੀ ਡੂੰਘਾਈ ਨਾਲ ਘਰ ਕਰੀ ਬੈਠੀ ਹੈ ਇਸ ਦਾ ਅੰਦਾਜਾ ਅਸੀਂ ਭਾਰਤੀ ਪ੍ਰਿੰਟ ਮੀਡੀਆ 'ਚ ਸਰਗਰਮ ਪ੍ਰੱਤਕਾਰਾਂ ਦੀ ਸਥਿਤੀ ਤੋਂ ਲਾ ਸਕਦੇ ਹਾਂ। ਇਸ ਖੇਤਰ 'ਚ ਕੰਮਕਾਜੀ ਔਰਤਾਂ ਦੇ ਨਾਲ ਨਾ ਸਿਰਫ ਉਹਨਾਂ ਦੇ ਮੇਹਨਤਾਨੇ 'ਚ ਮਰਦਾਂ ਦੇ ਮੁਕਾਬਲੇ ਭੇਦ-ਭਾਵ ਬਰਕਰਾਰ ਹੈ ਬਲਕਿ ਕੰਮ ਦੇ ਘੰਟਿਆਂ ਤੋਂ ਲੈ ਕੇ ਕੰਮ ਦੀ ਥਾਂ ਸੁਰੱਖਿਆ ਵਰਗੀਆਂ ਦਿੱਕਤਾਂ ਨੂੰ ਔਰਤ ਪੱਤਰਕਾਰਾਂ ਨੇ ਮੰਨਿਆ ਹੈ! ਅੱਮੂ ਜੋਸੇਫ ਜਿਹਨਾਂ ਨੇ ਕੰਮਕਾਜੀ ਔਰਤਾਂ ਦੇ ਪ੍ਰਿੰਟ ਮੀਡੀਆ ਰਾਹੀਂ ਡੀਲ ਕੀਤਾ ਨੇ ਆਪਣੇ ਬਿਆਨਾਂ 'ਚ ਦਰਸਾਇਆ ਹੈ ਕਿ ਭਾਰਤੀ ਪ੍ਰਿੰਟ ਮੀਡੀਆ 'ਚ ਔਰਤਾਂ ਨਾਲ ਸੰਬੰਧਤ ਮੁੱਦੇ ਜਿਵੇਂ ਉਹਨਾਂ ਦੀ ਸਿੱਖਿਆ, ਰੁਜ਼ਗਾਰ ਦੇ ਖੇਤਰ ਵਿੱਚ ਅੱਗੇ ਵਧਣ ਜਾਂ ਵਧਾਉਣ ਨੂੰ ਮੀਡੀਆ ਕੇਂਦਰਿਤ ਨਹੀਂ ਕਰਦਾ ਹੈ। ਉਸ ਦੇ ਲਈ ਇਹ ਮੁੱਦੇ ਬਹੁਤ ਘੱਟ ਅਹਿਮੀਅਤ ਰੱਖਦੇ ਹਨ। ਉਥੇ ਇਸ ਦੀ ਤੁਲਨਾ 'ਚ ਸੈਕਸ ਤੇ ਅਪਰਾਧ ਦੀਆਂ ਰੀਪੋਟਾਂ ਨੂੰ ਮੀਡੀਆ ਵੱਧ ਤੂਲ ਦਿੰਦਾ ਹੈ ਕਿਉਂਕਿ ਇਸ ਦਾ ਇੱਕ ਵੱਡਾ ਬਾਜ਼ਾਰ ਅੱਜ ਦੇ ਵਿਸ਼ਵੀਕਰਨ ਦੇ ਜ਼ਮਾਨੇ 'ਚ ਬਣਦਾ ਹੈ। ਉਥੇ ਰਮਾ ਝਾ (1992) ਜਿਹਨਾਂ ਨੇ ਇੱਕ ਦਹਾਕੇ ਤਕ ਔਰਤਾਂ ਦੇ ਸੰਘਰਸ਼ਾਂ ਨੂੰ ਕਵਰ ਕੀਤਾ, ਨੇ ਦੱਸਿਆ ਕਿ ਮੀਡੀਆ 'ਚ ਰੀਪੋਰਟਾਂ ਵੱਲੋਂ ਤਿਆਰ ਰਿਪੋਟਾਂ ਨੂੰ ਬਹੁਤ ਅਹਮਿਅਤ ਨਹੀਂ ਦਿੱਤੀ ਜਾਂਦੀ। ਉਹਨਾਂ ਦੀਆਂ ਖਬਰਾਂ ਨੂੰ ਪ੍ਰਮੁੱਖਪਤਾ ਨਾਲ ਮੂਹਰਲੇ ਸਫਿਆਂ 'ਚ ਥਾਂ ਨਹੀਂ ਦਿੱਤੀ ਜਾਂਦੀ। ਇੱਥੋਂ ਤਕ ਕਿ ਉਹਨਾਂ ਦੀਆਂ ਖੋਜਾਂ 'ਤੇ ਵੀ ਸ਼ੱਕ ਜਾਹਰ ਕੀਤਾ ਜਾਂਦਾ ਹੈ। ਜੋ ਔਰਤਾਂ ਦੀਆਂ ਸਮਰਥਾਵਾਂ 'ਤੇ ਸੁਆਲ ਉਠਾਉਂਦਾ ਹੈ। ਪ੍ਰਿੰਟ ਮੀਡੀਆ 'ਚ ਸਰਗਰਮ ਔਰਤਾਂ ਨੂੰ ਵੀ ਨਾ ਸਿਰਫ ਬਰਾਬਰ ਕੰਮ ਦੀ ਬਰਾਬਰ ਤਨਖਾਹ ਨਹੀਂ ਦਿੱਤੀ ਜਾਂਦੀ ਬਲਕਿ ਜਰਨਾਲਿਸਟ ਐਕਟ 1957 ਦੀ ਵੀ ਉਲੰਘਣਾ ਕੀਤੀ ਜਾਂਦੀ ਹੈ। ਉਹਨਾਂ ਦੇ ਤਹਿਤ ਤਨਖਾਹ ਬੋਰਡ, ਰੁਜ਼ਗਾਰ ਸੁਰਖਿਆ ਤੇ ਕੰਮ ਦੌਰਾਨ ਸੁਰਖਿਆ ਆਦਿ ਸਭ ਚੀਜਾਂ ਨੂੰ ਨਜ਼ਰ ਅੰਦਾਜ ਕੀਤਾ ਜਾਂਦਾ ਹੈ। ਇਸ ਖੇਤਰ 'ਚ ਕੰਮਕਾਰੀ ਔਰਤਾਂ ਨੂੰ ਮਾਤਰਿਤਵ ਕਾਲ 'ਚ ਨਾ ਸਿਰਫ ਆਪਣੀ ਨੌਕਰੀ ਤੋਂ ਹੱਥ ਧੋਣਾ ਪੈਂਦਾ ਹੈ ਬਲਕਿ ਔਲਾਦ ਪੈਦਾ ਹੋਣ ਤੋਂ ਪਿੱਛੋਂ ਵੀ ਕੰਮ ਕਰਨ ਦੀ ਇੱਛਾ ਹੋਣ 'ਤੇ ਵੀ ਕੰਮ ਨਹੀਂ ਮਿਲਦਾ। ਜਰਨਲਿਸਟ ਐਕਟ ਦੇ ਤਹਿਤ ਸਭ ਮਰਦ ਤੇ ਔਰਤ ਪ੍ਰੱਤਕਾਰਾਂ ਨੂੰ ਬਰਾਬਰ ਤਨਖਾਹ ਦੇਣਾ ਸ਼ਾਮਲ ਹੈ ਪਰ 'ਨਵਭਾਰਤ ਟਾਈਮਸ' ਵਿਚ ਕੰਮ ਕਰਦੀ ਪੂਨਮ ਪਾਂਡੇ ਦੱਸਦੀ ਹੈ ਕਿ ਹਿੰਦੀ ਦੈਨਿਕ ਅਖਬਾਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ ਦੀ ਤਨਖਾਹ ਮਰਦਾਂ ਦੇ ਮੁਕਾਬਲੇ ਘੱਟ ਹੁੰਦੀ ਹੈ, ਜਦ ਕਿ ਅੰਗ੍ਰੇਜ਼ੀ ਅਖਬਾਰਾਂ 'ਚ ਕੰਮ ਕਰਦੀਆਂ ਔਰਤਾਂ ਨੂੰ ਬਰਾਬਰ ਤਨਖਾਹ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਘਰੇਲੂ ਕੰਮਕਾਜ ਦਾ ਬੋਝ ਔਰਤਾਂ 'ਤੇ ਹੋਣ ਕਰਕੇ ਉਹਨਾਂ ਨੂੰ ਰਾਤ ਦੀ ਡਿਊਟੀ 'ਤੇ ਨਾ ਰੱਖਣ ਦੀ ਗੱਲ ਐਕਟ 'ਚ ਸ਼ਾਮਲ ਹੈ। ਫਿਰ ਵੀ ਉਹਨਾਂ ਤੋਂ ਦੇਰ ਰਾਤ ਤੱਕ ਕੰਮ

ਲਿਆ ਜਾਂਦਾ ਹੈ। ਕੰਮ ਵਾਲੀਆਂ ਥਾਵਾਂ ’ਤੇ ਸਭ ਮਰਦਾਂ ਤੇ ਅਧਿਕਾਰੀਆਂ ਵੱਲੋਂ ਔਰਤਾਂ ਦਾ ਯੌਨ ਸੋਸ਼ਣ ਹੋਣ ਦੀ ਗੱਲ ਔਰਤ ਪ੍ਰੱਤਕਾਰਾਂ ਨੇ ਦੱਸੀ ਹੈ। ਸਰਵੇਸ਼ ਜੋ ਕਿ ਹਿੰਦੁਸਤਾਨ ਦੈਨਿਕ ਦੀ ਇਕ ਸੀਨੀਅਰ ਫੋਟੋਗ੍ਰਾਫਿਕ ਪ੍ਰੱਤਕਾਰ ਹੈ, ਨੇ ਮੰਨਿਆ ਕਿ ਉਹਨਾਂ ਨੇ ਖੁਦ ਯੌਨ ਸੋਸ਼ਣ ਨੂੰ ਸਹਿਆ ਹੈ। ਇਹ ਗੱਲ ਉਹਨਾਂ ਨੇ ਆਪਣੀ ਇੱਕ ਸਹਿਕਰਮੀ ਨੂੰ ਦੱਸੀ। ਪਿੱਛੋਂ ਉਸ ਲੜਕੀ ਨੂੰ ਆਪਣੀ ਨੌਕਰੀ ਤੋਂ ਹੱਥ ਧੋਣਾ ਪਿਆ। “ਦੈਨਿਕ ਜਾਗਰਣ” ਦੀ ਮਾਲਾ ਦੀਕਸ਼ਤ ਜਿਹਨਾਂ ਨੇ 1996 ’ਚ ਇੱਕ ਲੀਗਲ ਰੀਪੋਟਰ ਵਜੋਂ ਹਿੰਦੀ ਪ੍ਰਿੰਟ ਮੀਡੀਆ ’ਚ ਕੰਮ ਕੀਤਾ, ਦੱਸਿਆ ਕਿ ਜ਼ਿਆਦਾਤਰ ਔਰਤਾਂ ਨੂੰ ਆਪਣੇ ਸਫਰ ਦਾ ਖਰਚ ਖੁਦ ਸਹਿਣ ਕਰਨ ਪੈਂਦਾ ਹੈ। ਸਭ ਤੋਂ ਵੱਧ ਦਿੱਕਤ ਉਹਨਾਂ ਨੂੰ ਰਾਤ ਦੀ ਸ਼ਿਫਟ ’ਚ ਕੰਮ ਕਰਨ ਕਰਕੇ ਘਰ ਵਾਪਸ ਜਾਣ ਵਿੱਚ ਹੁੰਦੀ ਹੈ। ਸਮਾਜ ’ਚ ਔਰਤਾਂ ਲਈ ਸੁਰਖਿਅਤ ਮਹੌਲ ਨਾ ਹੋਣ ਕਰਕੇ ਰਾਤ ਨੂੰ ਵਾਪਸ ਜਾਣ ਲਈ ਆਪਣੇ ਮਰਦ ਸਹਿਕਰਮੀਆਂ ਨੂੰ ਘਰ ਛੱਡਣ ਦੀ ਅਪੀਲ ਕਰਨੀ ਪੈਂਦੀ ਹੈ ਜੋ ਕਿ ਸ਼ਰਮਨਾਕ ਹੈ। ਇਸ ਤਰ੍ਹਾਂ ਨੀਲਮ ਜੀਨਾ ਜੋ ਕਿ ‘ਵਿਸ਼ਾਲ ਆਂਧਰ ਭਾਰਤ’ ’ਚ ਕੰਮ ਕਰਦੀ ਹੈ, ਨੇ ਦੱਸਿਆ ਕਿ ਆਪਣੇ ਕੰਮ ਦੇ ਸ਼ੁਰੂਆਤੀ ਦਿਨਾਂ ’ਚ ਉਹਨਾਂ ਨੂੰ ਜਨਤਕ (ਮਰਦਾਂ ਦੇ ਨਾਲ) ਗੁਸਖਾਨਿਆਂ ਤੇ ਪਖਾਨਿਆਂ ਦੀ ਵਰਤੋਂ ਕਰਨੀ ਪਈ। ਕੰਮ ਦੀ ਥਾਂ ’ਤੇ ਔਰਤਾਂ ਲਈ ਵੱਖਰੇ ਖਖਾਨਿਆਂ ਤਕ ਦੀ ਵਿਵਸਥਾ ਨਹੀਂ ਹੈ।

ਸਿਮਤਾ ਮਿਸ਼ਰਾ ਜੋ ਕਿ “ਦੈਨਿਕ ਭਾਸ਼ਕਰ” ਦੀ ਪੱਤਰਕਾਰ ਹੈ ਨੇ ਦੱਸਿਆ ਕਿ ਇੱਥੇ ਅਜਿਹੇ ਨਿਯਮ ਬਣਾਏ ਜਾਂਦੇ ਹਨ ਜਿਹਨਾਂ ਦਾ ਜ਼ਿਕਰ ਤਕ ਪਹਿਲਾਂ ਨਹੀਂ ਕੀਤਾ ਜਾਂਦਾ। ਔਰਤ ਪੱਤਰਕਾਰਾਂ ’ਤੇ ਠੋਸ ਦਿੱਤਾ ਜਾਂਦਾ ਹੈ। ਜਰਨਲਿਸਟ ਐਕਟ (1955) ਅਨੁਸਾਰ ਕੰਮਕਾਜੀ ਸਮਾਂ ਦਿਨ ’ਚ 6 ਘੰਟੇ ਤੇ ਰਾਤ ਨੂੰ ਸਾਢੇ ਪੰਜ ਘੰਟੇ ਦਾ ਹੈ। ਪਰ ਇੱਥੇ 10 ਤੋਂ 12 ਘੰਟੇ ਕੰਮ ਕਰਨਾ ਆਮ ਗੱਲ ਹੈ ਜੋ ਕਿ ਨਿਯਮਾਂ ਦੀ ਸ਼ਰੇਆਮ ਉਲੰਘਣਾ ਹੈ। ਇਸ ਤੋਂ ਇਲਾਵਾ ਨੌਕਰੀ ਪਾਉਣ, ਬਰਕਰਾਰ ਰੱਖਣ ਤੋਂ ਲੈ ਕੇ ਸਾਰੀਆਂ ਸੰਘਰਸਸ਼ੀਲ ਔਰਤਾਂ ਨੂੰ ਆਪਣੇ ਦਫਤਰਾਂ ’ਚ ਕਰਨੇ ਪੈਂਦੇ ਹਨ। ਸਰਵੇਸ਼ ‘ਹਿੰਦੁਸਤਾਨ’ ਦੱਸਦੀ ਹੈ ਕਿ ਉਹਨਾਂ ਨੂੰ ਕੰਮ ਕਰਦਿਆਂ ਵੀਹ ਸਾਲ ਹੋ ਗਏ ਹਨ। ਫੋਟੋਗ੍ਰਾਫੀ ਦੇ ਆਪਣੇ ਕੈਰੀਅਰ ’ਚ 3 ਸਾਲ ਉਹਨਾਂ ਨੇ ਕੰਟਰੈਕਟ-ਬੇਸ਼ ਸੰਘਰਸ਼ ਕੀਤਾ। ਅੱਜ ਉਹ ਆਪਣੇ ਸੰਘਰਸ਼ ਦੇ ਦਮ ’ਤੇ ਜਾਣੀ-ਪਹਿਚਾਣੀ ਫੋਟੋਗ੍ਰਾਫਰ ਹੈ। ਜਿਹਨਾਂ ਨੇ ਕਾਰਗਿੱਲ ਜੰਗ ਤੋਂ ਲੈ ਕੇ ਕਈ ਕਵਰੇਜ ਦਿੱਤੇ। ਬਹੁਤ ਹੀ ਘੱਟ ਔਰਤ ਪ੍ਰੱਤਕਾਰ ਰਿਪੋਰਟਰ ਹਿੰਦੀ ਪ੍ਰਿੰਟ ਮੀਡੀਆ ਦੇ ਉਚ ਅਧਿਕਾਰੀਆਂ ਦੇ ਅਹੁਦਿਆਂ ਤੱਕ ਪਹੁੰਚਦੀਆਂ ਹਨ। ਮੁਰਣਾਲ ਪਾਂਡੇ ਜੋ ਕਿ ਚੀਫ ਫਾਰਮਰ ਆਡੀਟਰ ਦੇ ਅਹੁਦੇ ਤਕ ਪਹੁੰਚ ਸਕੀਆਂ ਹਨ ਤੋਂ ਇਲਾਵਾ ਹੋਰ ਕਿਸੇ ਦੀ ਤਰੱਕੀ ਇੱਥੋਂ ਤਕ ਨਹੀਂ ਹੋਈ। ਇੱਕ ਸੋਚਣਯੋਗ ਸੁਆਲ ਬਣਦਾ ਹੈ। ਜਦ ਕਿ ਕਈ ਅੰਗ੍ਰੇਜੀ ਅਖਬਾਰਾਂ ਮਸਲਨ ‘ਇੰਡੀਅਨ ਐਕਸਪ੍ਰੈਸ’ ਤੋਂ ਲੈ ਕੇ ‘ਦਿ ਹਿੰਦੂ’ ਤਕ ਮੱਧ ਤੇ ਉਚ ਅਹੁਦੇ ’ਤੇ ਔਰਤਾਂ ਦੀ ਤਰੱਕੀ ਹੋਈ ਹੈ ਅਤੇ ਉਹਨਾਂ ਨੇ ਆਪਣੀ ਬੇਹਤਰ ਕੁਸ਼ਲਤਾ ਵਿਖਾਈ ਹੈ। ਮਸ਼ਹੂਰ ਪ੍ਰੱਤਕਾਰ ਤੇ ਆਰ ਅਖਿਲੇਸ਼ਵਰੀ ਕਹਿੰਦੀ ਹੈ ਕਿ ਔਰਤਾਂ ਨੂੰ ਪਹਾੜ ਬਰਾਬਰ ਕੰਮ ਤਾਂ ਦੇ ਦਿੱਤਾ ਜਾਂਦਾ ਹੈ ਪਰ ਉਹਨਾਂ ਦੀ ਤੇ ਉਹਨਾਂ ਦੇ ਕੰਮ ਦੀ ਕੋਈ ਪਹਿਚਾਣ ਨਹੀਂ ਬਣਦੀ ਤੇ ਨਾ ਹੀ ਸਲਾਹਇਆ ਜਾਂਦਾ ਹੈ। ਪਤੀ-ਪਤਨੀ ਦੋਨੋ ਇੱਕ ਪੇਸ਼ੇ ’ਚ ਹੋਣ ’ਤੇ ਵੀ

ਪਤੀ ਮੁਕਾਬਲੇ 'ਚ ਪਤਨੀ ਨੂੰ ਅੱਗੇ ਵਧਦਾ ਝੱਲ ਨਹੀਂ ਸਕਦਾ। ਉੱਥੇ ਹੋਰ ਸਾਥੀ ਸਹਿਕ੍ਰਮੀ ਵੀ ਔਰਤ ਸਹਿਕਰਮੀ ਨੂੰ ਅੱਗੇ ਨਾ ਵਧਣ ਦੇਣ ਲਈ ਨਿਰਉਤਸ਼ਾਹਿਤ ਕਰਨ ਦੇ ਨਾਲ-ਨਾਲ ਅੜਿਕੇ ਵੀ ਡਾਹੁੰਦੇ ਹਨ। ਉਥੇ ਪੂਰੀ ਮੀਡੀਆ ਜਗਤ 'ਚ ਔਰਤਾਂ ਲਈ ਉਮਰ ਵਧਣਾ ਵੀ ਇਕ ਪ੍ਰੇਸ਼ਾਨੀ ਬਣ ਜਾਂਦੀ ਹੈ। ਮੀਡੀਆ 'ਚ 20 ਤੋਂ 35 ਸਾਲਾਂ ਦੀਆਂ ਔਰਤਾਂ ਲੜਕੀਆਂ ਨੂੰ ਹੀ ਜ਼ਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ। 50 ਸਾਲ ਤੱਕ ਦੀ ਉਮਰ ਦੀਆਂ ਸਿਰਫ 17 ਫੀਸਦੀ ਤੇ ਰੀਪੋਰਟਰਾਂ ਦਾ ਸਿਰਫ 7 ਫੀਸਦੀ ਰਹਿੰਦਾ ਹੈ। ਜਦ ਕਿ ਮਰਦ ਰੀਪੋਰਟਾਂ ਦੀਆਂ ਨੌਕਰੀਆਂ ਉਮਰ ਦੇ 50 ਵੇਂ ਤੇ 60 ਵੇਂ ਸਾਲ ਤੱਕ ਜਾਰੀ ਰਹਿੰਦੀਆਂ ਹਨ। ਇਸ ਤਰ੍ਹਾਂ ਕੰਮ ਦੇ ਖੇਤਰ ਵੰਡਣ ਵਿੱਚ ਵੀ ਲਿੰਗ ਭੇਦ-ਭਾਵ ਬਰਕਰਾਰ ਰਹਿੰਦਾ ਹੈ ਜਿਵੇਂ ਸਥਾਨਕ ਖਬਰਾਂ ਕੌਮੀ ਤੇ ਕੌਮਾਂਤਰੀ ਖਬਰਾਂ ਦੀ ਤੁਲਨਾ 'ਚ ਘਟ ਅਹਿਮੀਅਤ ਰੱਖਦੀਆਂ ਹਨ ਜਦ ਕਿ ਔਰਤ ਪ੍ਰੱਤਕਾਰਾਂ ਨੂੰ ਸਥਾਨਕ ਖਬਰਾਂ ਇਕੱਠੀਆਂ ਕਰਨ ਲਈ ਭੇਜ ਦਿੱਤਾ ਜਾਂਦਾ ਹੈ। ਸੰਪੂਰਨ ਖਬਰਾਂ 'ਚ ਸਥਾਨਕ 44%, ਕੌਮੀ 34% ਤੇ ਕੌਮਾਂਤਰੀ 32% ਖਬਰਾਂ ਔਰਤਾਂ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਹਨ। ਮਹਿਲਾ ਰੀਪੋਰਟ ਨੂੰ ਖਾਸ ਕਰਕੇ ਸੇਲਿਬ੍ਰਟ ਜਾਂ ਸਮਾਜਕ ਤੇ ਕਨੂੰਨੀ ਖਬਰਾਂ ਲਈ ਜ਼ਿਆਦਾ ਨਿਯੁਕਤ ਕੀਤਾ ਜਾਂਦਾ ਹੈ। ਉਥੇ ਗਰੀਬ, ਵੈਲਫੇਅਰ ਜਾਂ ਖਪਤ ਮੁੱਦਿਆਂ ਦਾ 52 ਫੀਸਦੀ ਨਿਊਜ਼ ਮਰਦ ਰੀਪੋਰਟਾਂ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਹੈ। ਉਕਤ ਸਭ ਤੱਥ (ਪ੍ਰੈਸ ਐਕਟ ਇੰਡੀਆ 2004 ਦੀ ਰੀਪੋਟ) ਦਸਦੇ ਹਨ ਕਿ ਔਰਤ-ਮਰਦ ਗੈਰ ਬਰਾਬਰੀ ਸਮਾਜ ਦੇ ਇੱਕ ਅਹਿਮ ਖੇਤਰ ਮੀਡੀਆ 'ਚ ਕਿਸ ਹੱਦ ਤੱਕ ਹਾਵੀ। ਹਨ ਉਥੇ ਗਲੈਮਰ ਤੇ ਫਿਲਮੀ ਮੀਡੀਆ ਔਰਤਾਂ ਨੂੰ ਉਪਭੋਗ ਵਜੋਂ ਪੇਸ਼ ਕਰਕੇ ਔਰਤਾਂ ਨੂੰ ਚਕਾਚੌਂਦ ਭਰੀ ਰੌਸ਼ਨੀ ਵਜੋਂ ਪਰੋਸਦਾ ਹੈ। ਦੋਨਾਂ ਰੂਪਾਂ 'ਚ ਔਰਤਾਂ ਦੀ ਮਾਨ-ਇੱਜ਼ਤ ਨੂੰ ਹਰਜਾ ਪੁਜਦਾ ਹੈ। ਜਿੱਥੇ ਗਲੈਮਰ ਵਜੋਂ ਔਰਤ ਇੱਕ ਵਸਤੂ (ਪੀਸ) 'ਚ ਤਬਦੀਲ ਕਰ ਦਿੱਤੀ ਜਾਂਦੀ ਹੈ। ਤਾਂ ਦੂਜੀ ਥਾਂ ਉਸ ਦੀ ਮਿਹਨਤ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖ ਕੇ ਉਸ ਨਾਲ ਬੇਇਨਸਾਫੀ ਕੀਤੀ ਜਾਂਦੀ ਹੈ। ਸਭਿਅਕ ਸਮਾਜ ਲਈ ਇਹ ਇੱਕ ਸੋਚਣ ਵਾਲਾ ਸੁਆਲ ਹੈ ਕਿ ਇਸ ਨਾ ਬਰਾਬਰੀ ਨੂੰ ਕਿਸ ਹੱਦ ਤੱਕ ਤੋੜਿਆ ਦਾ ਸਕੇਗਾ? ਉਕਤ ਲੇਖ ਰਾਨੂੰ ਤੋਮਰ (ਐਮ ਫਿਲ ਡਿਵੈਲਪਮੈਂਟ ਸਟੱਡੀਜ਼) ਦੇ ਲੇਖ 'ਤੇ ਅਧਾਰਤ ਹੈ। ਰਾਨੂ ਤੋਮਰ ਨੇ ਮੀਡੀਆ 'ਚ ਲਿੰਗ ਭੇਦਭਾਵ ਨੂੰ ਆਪਣੀ ਖੋਜ 'ਚ ਸਪੱਸ਼ਟ ਕੀਤਾ ਹੈ। ਖਾਸ ਕਰਕੇ ਹਿੰਦੀ ਪ੍ਰਿੰਟ ਮੀਡੀਆ 'ਚ ਪ੍ਰੱਤਕਾਰ ਔਰਤ ਦੀ ਹਾਲਤ 'ਤੇ ਰੋਸ਼ਨੀ ਪਾਉਂਦਾ ਹੈ।

# ਕੀ ਹੈ ਵੰਸਵਾਦ ਤੇ ਲੋਕਤੰਤਰ?

ਪਿਛਲੇ ਕੁਝ ਸਾਲਾਂ ਦੌਰਾਨ ਮੀਡੀਆ ਨੇ ਲੱਖਾਂ ਸਫੇ ਇਸ ਵਿਸ਼ੇ 'ਤੇ ਕਾਲੇ ਕਰ ਦਿੱਤੇ ਕਿ ਕਿਵੇਂ ਇਕ ਮਾਂ ਆਪਣੇ ਰਾਜਕੁਮਾਰ ਨੂੰ ਰਾਜ ਗੱਦੀ ਸੰਭਾਲਣ ਲਈ ਸਿਖਲਾਈ ਦੇ ਰਹੀ ਹੈ। ਉਦੋਂ ਤਕ ਲਈ ਇਕ ਕੰਮ ਚਲਾਊ ਪ੍ਰਧਾਨ ਮੰਤਰੀ ਉਸ ਵੰਸ ਵਿਸ਼ੇਸ਼ ਦੀ ਪੰਜਵੀਂ ਪੀੜ੍ਹੀ ਦੇ ਰਾਜਕੁਮਾਰ ਦੀ ਕੁਰਸੀ ਦੀ ਗਰਮੀ ਬਣਾਈ ਹੋਈ ਹੈ ਇਹ 'ਰਾਜਘਰਾਣੇ' ਪ੍ਰਤੀ ਬੇਹੱਦ ਸਮਰਪਿਤ ਹਨ। ਸਵਾ ਸੌ ਸਾਲ ਪੁਰਾਨੀ ਇਸ ਪਾਰਟੀ ਦੇ ਕਈ ਵੱਡੇ ਕਹਿੰਦੇ ਕਹਾਉਂਦੇ ਨੇਤਾਵਾਂ ਨੇ ਵੀ ਸਮੇਂ ਸਮੇਂ ਸਿਰ 'ਉਤਰਧਿਕਾਰੀ' ਬਣਨ ਦੀ ਇਛਾ ਜਾਹਰ ਕੀਤੀ ਸੀ ਜਿਹਨਾਂ ਨੂੰ ਇਕ ਇਕ ਕਰਕੇ ਬਾਹਰ ਦਾ ਰਾਹ ਵਿਖਾ ਦਿਤਾ। ਉਨ੍ਹਾਂ 'ਚੋਂ ਇਕ ਉਚ ਨੇਤਾ ਹੁਣ ਮੁਆਫੀ ਮੰਗ ਕੇ ਵਾਪਸ ਆ ਗਏ ਹਨ ਅਤੇ ਪੂਰੇ ਵਫਾਦਾਰੀ ਨਾਲ ਮਹਾਂਰਾਨੀ ਦਾ ਹੁਕਮ ਬਜਾ ਰਹੇ ਹਨ। ਅਜੇ ਪਿਛੇ ਜਿਹੇ ਹੀ ਕਾਂਗਰਸ ਨੇਤਾ ਮਾਰਗ੍ਰੇਟ ਅਲਵਾਦੀ ਇਸ ਇਕਬਾਲੀਆ ਨੀਤੀ ਤੋਂ ਕਾਫੀ ਸ਼ੋਰ ਪਿਆ ਸੀ ਕਿ ਕਾਂਗਰਸ ਪਾਰਟੀ 'ਚ ਟਿਕਟਾਂ ਦੀ ਵਿਕਰੀ ਹੋ ਰਹੀ ਹੈ। ਨਿਊਕਲੀਅਰ ਸਮਝੌਤੇ ਦੇ ਬਾਵਜੂਦ (ਵਿਰੁੱਧ) ਖੱਬਿਆਂ ਵਲੋਂ ਹਮਾਇਤ ਵਾਪਸ ਲੈਣ ਨਾਲ ਪੈਦਾ ਹੋਏ ਸੰਕਟ ਨਾਲ ਨਿਬੜਨ ਲਈ 'ਵੋਟ ਬਦਲੇ ਨੋਟ' ਦੀ ਰਾਜਨੀਤੀ ਅਪਣਾਉਣ ਤੇ ਮੈਂਬਰ ਪਾਰਲੀ ਮੈਂਟਾਂ ਦੀ ਖਰੀਦੋ ਫਰੋਖਤ ਕਰਕੇ ਸਰਕਾਰ ਬਚਾਉਣ ਲਈ ਕਟਹਿਰੇ 'ਚ ਖੜੀ ਕਾਂਗਰਸ ਪਾਰਟੀ ਬਾਰੇ ਅਲਵਾ ਦਾ ਇਹ ਭੇਦ ਖੋਹਲਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹਾਲਾਂਕਿ ਅੱਜ ਹਕੂਮਤੀ ਤੇ ਵਿਰੋਧੀ ਧਿਰ ਦੀ ਕੋਈ ਵੀ ਪਾਰਟੀ ਐਸੀ ਨਹੀਂ ਹੈ ਜਿਸ ਦੇ ਦਾਮਨ 'ਤੇ ਦਾਗ ਨਾ ਹੋਵੇ। ਪਰ ਮਾਰਗੇਟ ਅਲਵਾ ਦੀ ਇਸ ਸੱਚੀ ਬਿਆਨਬਾਜੀ ਦੇ ਕੁਝ ਹੋਰ ਵੀ ਡੂੰਘੇ ਅਰਥ ਹਨ। ਰਾਹੁਲ ਗਾਂਧੀ ਵਾਗੂੰ ਮਾਰਗ੍ਰੇਟ ਨੂੰ ਵੀ ਉਹ ਉਹਨਾਂ ਦੇ ਜਮਾਂਦਰੂ ਕਿਸਮਤ ਤੇ ਵੰਸਵਾਦੀ ਰਾਜਨੀਤੀ ਨੇ ਹੀ ਸੱਤਾ ਦੇ ਸਿਖਰ 'ਤੇ ਪਹੁੰਚਾਇਆ ਸੀ। ਕਾਂਗਰਸ ਦੇ ਨੇਤਾ ਜੋਇਚਮ ਤੇ ਵਾਲਵੇਟ ਅਲਵਾ ਦੀ ਨੂੰਹ ਮਾਰਗ੍ਰੇਟ ਅਲਵਾ ਨੂੰ ਇੰਦਰਾ ਗਾਂਧੀ ਨੇ 1974 'ਚ ਰਾਜ ਸਭਾ ਮੈਂਬਰ ਬਣਾਇਆ ਸੀ ਕਈ ਵਾਰੀ ਰਾਜ ਸਭਾ ਲਈ ਚੁਣੀ ਜਾਣ ਵਾਲੀ ਅਲਵਾ ਮੰਤਰੀ ਵੀ ਰਹਿ ਚੁਕੀ ਹੈ। ਇਸ ਰਵਾਇਤ ਨੂੰ ਅੱਗੇ ਵਧਾਉਂਦਿਆਂ ਉਹ ਚਾਹੁੰਦੀ ਸੀ ਕਿ ਉਹਨਾਂ ਦੇ ਬੇਟੇ ਨਿਵੇਦਿਤ ਨੂੰ ਉਹਨਾਂ ਦਾ ਉਤਰ ਧਿਕਾਰੀ ਬਣਾਇਆ ਜਾਵੇ। ਪਰ ਕਾਂਗਰਸ ਪਾਰਟੀ 'ਚ ਬੇਟੇ-ਬੇਟੀ ਤੇ ਭਾਈ-ਭਤੀਜਿਆਂ ਦੀ ਗਿਣਤੀ ਵਧਣ ਕਰਕੇ ਉਥੇ ਮੁਕਾਬਲਾ ਏਨਾ ਵਧ ਗਿਆ ਹੈ ਕਿ ਕਿਸ ਨੂੰ ਉਤਰਾ ਧਿਕਾਰੀ ਬਣਾਇਆ ਜਾਵੇ, ਕਿਸ ਨੂੰ ਛੱਡਿਆ ਜਾਵੇ, ਇਹ ਇਕ ਸਮਸਿਆ ਹੈ। ਇਨਕਾਰ ਤੋਂ ਜਖਮੀ ਅਲਵਾ ਨੇ ਕਾਂਗਰਸ ਦੀ ਪੋਲ ਖੋਹਲ ਦਿੱਤੀ (ਇਹ ਪੋਲ ਪਹਿਲਾਂ ਗੁਝੀ ਵੀ ਕਿਥੇ ਸੀ?) ਹੁਣ ਸਭ ਪਾਰਟੀਆਂ 'ਚ ਕੁਨਬਾ ਪ੍ਰਸਤੀ ਦਾ ਬੋਲ ਬਾਲਾ ਹੈ। ਅਖਿਲੇਸ਼ ਯਾਦਵ, ਮੁਲਾਇਮ ਸਿੰਘ ਯਾਦਵ ਦੇ ਉਤਰਾ ਧਿਕਾਰੀ ਹਨ। ਸੁਖਬੀਰ ਬਾਦਲ ਪ੍ਰਕਾਸ਼ ਸਿੰਘ ਬਾਦਲ ਦੇ ਉਤਰਾ ਧਿਕਾਰੀ ਹਨ, ਜੈਅੰਤ ਚੌਧਰੀ ਅਜੀਤ ਸਿੰਘ ਦੇ ਪੁਤਰ ਹਨ। ਬਾਲ ਠਾਕਰੇ ਦੀ ਪਾਰਟੀ ਸ਼ਿਵ ਸੈਨੀ 'ਚ ਬੇਟੇ ਤੇ ਭਤੀਜੇ ਵਿਚਾਕਾਰ ਖਿਚੋ ਤਾਣ ਹੋਈ ਤਾਂ 'ਹਿੰਦੂ ਹਿਰਦੈ ਸਮਰਾਟ' ਨੇ ਧਰਿਤ ਰਾਸ਼ਟਰ ਵਾਗੂੰ ਆਪਣੇ ਪੁੱਤ ਦੇ ਪੱਖ 'ਚ ਸ਼ਿਵ ਸੈਨਾ

ਨੂੰ ਹੀ ਦੋਫਾੜ ਕਰ ਦਿਤਾ। ਸ਼ਰਦ ਪਵਾਰ ਦੀ ਪੁਤਰੀ ਮੁਰਲੀ ਦੇਵਗੋੜਾ ਦੇ ਪੁਤਰ ਕਰੁਣ ਕਰਣ ਰਾਮਦੋਸ, ਚਿਦਮਬਰਮ ਬਰਾਮ ਦੇਵੇ ਗੋੜਾ ਯਸ਼ਵੰਤ ਸਿੰਘ, ਨਟਵਰ ਸਿੰਘ ਵਸੁੰਦਰਾ ਰਾਜੇ ਸੰਜੇ-ਮੈਨਕਾ ਗਾਂਧੀ ਵਰੁਣ ਫਾਰੂਕ ਅਬਦੁਲਾ, ਛਗਨ ਭਜਬਲ' ਨਰਾਇਣ ਰਾਣੇ। ਸੁਨੀਲ ਦੱਤਾ ਚੌਟਾਲਾਂ ਹੁਡਾ ਭਜਨ ਲਾਲ ਮਾਧਵਰਾਓ ਸਿੰਧੀਆ ਰਾਜੇਸ਼ ਪਾਈਲਟ, ਕਲਿਆਣ ਸਿੰਘ ਵਰਗੇ ਸਾਰੇ ਛੋਟੇ ਛੋਟੇ ਨੇਤਾਵਾਂ ਦੇ ਪੁੱਤ ਧੀਆਂ ਚੋਣ ਮੈਦਾਨ 'ਚ ਹਨ। ਮੂੰਹ 'ਚ ਚਾਂਦੀ ਦਾ ਚਮਚਾ ਲੈ ਕੇ ਪੈਦਾ ਹੋਣ ਵਾਲੇ ਇਹਨਾਂ ਨੇਤਾਵਾਂ ਪੁੱਤ-ਧੀਆਂ ਦੀ ਸੂਚੀ ਬਹੁਤ ਲੰਬੀ ਹੈ। ਇਨ੍ਹਾਂ ਦਾ ਲਾਲਨ ਪਾਲਨ ਤੇ ਸਿੱਖਿਆਂ ਦੇਸ-ਵਿਦੇਸ਼ ਦੇ ਆਲੀਸ਼ਾਨ ਸੁਰਖਿਅਤ ਤੇ ਰਾਜਸੀ ਸਕੂਲਾ ਕਾਲਜਾਂ 'ਚ ਹੋਇਆ ਹੈ ਪੜਾਈ ਦੌਰਾਨ ਇਹ ਰਾਜਸੀ ਸਰਗਰਮੀਆ ਤੋਂ ਦੂਰ ਰਹਿੰਦੇ ਹਨ ਇਥੋਂ ਤਕ ਕਿ ਇਹ ਸਟੂਡੈਂਟ ਯੂਨੀਅਨ ਦੇ ਮੈਂਬਰ ਵੀ ਨਹੀਂ ਹੁੰਦਾ। ਸਭ ਅਰਥਾ 'ਚ ਇਹ ਨੇਤਾ ਪੁਤਰ-ਪੁਤਰੀਆਂ ਇਸ ਦੇਸ਼ ਦੀ ਧਰਤੀ 'ਤੇ ਪੈਰ ਰਖਣੇ ਤੇ ਪਾਰਟੀ 'ਚ ਘੁਸਣ ਪਿਛੋਂ ਹੀ ਆਪਣੀ 'ਪਿੱਤਾਪੁਰਖੀ ਪਾਰਟੀ' ਦੇ ਮੱਹਤਵਪੂਰਨ ਨੇਤਾ ਬਣ ਜਾਂਦੇ ਹਨ। ਇਸ ਲਈ ਇਨਾਦੀ ਇਕ ਹੀ ਯੋਗਤਾ ਸਭ 'ਤੇ ਭਾਰੀ ਪੈ ਜਾਂਦੀ ਹੈ ਕਿ ਉਹ ਆਪਣੇ ਆਪਣੇ ਮਾਂ-ਬਾਪੂਆਂ ਦੇ ਮੁੰਡੇ ਕੁੜੀਆਂ ਹਨ। ਪੁਤਰ ਧਿਕਾਰ ਦੇ ਰੂਪ 'ਚ ਮਿਲਣ ਵਾਲਾ ਇਹ ਉਤਰਾਧਿਕਾਰ ਇਨ੍ਹਾਂ ਦਾ ਪੈਦਾਇਸ਼ੀ ਹੱਕ ਮੰਨਿਆ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਕਬੀਲਿਆਂ ਦੇ ਸਰਦਾਰਾਂ ਦੀ ਰਸਮ ਪਗੜੀ ਹੁੰਦੀ ਸੀ। ਇਨ੍ਹਾਂ ਪਾਰਟੀਆਂ ਦੇ ਪੁਰਾਨੇ ਨੇਤਾ ਤੇ ਵਰਕਰ ਕਿਵੇਂ ਇਸ ਨੂੰ ਸਹਿਣ ਕਰ ਲੈਂਦੇ ਹਨ। ਇਸ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਇਹਨਾਂ 'ਚੋਂ ਬਹੁਤੇ ਲੋਕ ਰਾਜਾ-ਪ੍ਰਜਾ ਦੀ ਜਾਗੀਰੂ ਮਾਨਸਿਕਤਾ ਤੇ ਮੁਲਾਂ ਨਾਲ ਗ੍ਰਸਿਤ ਹੁੰਦੇ ਹਨ। ਸਮਰਥ ਨੇਤਾਵਾਂ ਨੂੰ ਖੁੱਡੇ ਲਾ ਕੇ ਉਚਾ ਰਸੂਖ ਰਖਣ ਵਾਲੇ ਤਿਕੜਮਬਾਜੇ ਤੇ ਚਾਪਲੂਸਾਂ ਨੂੰ ਇਨ੍ਹਾਂ ਪਾਰਟੀਆਂ 'ਚ ਤਰਜੀਹ ਦਿੱਤੀ ਜਾਂਦੀ ਹੈ। ਇਹਨਾਂ ਗੱਲਾਂ ਦੇ ਉਹ ਆਦੀ ਹੋ ਜਾਂਦੇ ਹਨ। ਪਾਰਟੀ ਦਾ ਪੱਲਾ ਫੜਕੇ ਲਖਪਤੀ-ਕਰੋੜ ਪਤੀ ਬਣਨ ਦਾ ਸੁਪਨਾ ਪਾਲਣ ਵਾਲੇ ਰਾਜਸੀ ਪਾਰਟੀਆਂ ਦੇ ਇਨ੍ਹਾਂ ਚਾਪਲੂਸਾਂ ਨੂੰ ਭਲਾਂ ਇਹ ਗੱਲ ਬੁਰੀ ਕਿਉਂ ਲੱਗੇਗੀ ਕਿ ਕਿਸੇ ਕੋਈ ਨੇਤਾ ਦਾ ਬੇਹੱਦ ਨਿਕੰਮਾਂ ਪੁੱਤ ਕਿਸੇ ਸਮਰਥ ਨੇਤਾਂ ਦੀ ਥਾਂ ਗੱਦੀ ਸੰਭਾਲ ਲਵੇ। ਖੱਬੇ ਪੱਖੀਆਂ ਨੂੰ ਛੱਡ ਕੇ ਬਾਕੀ ਸਭ ਪਾਰਟੀਆਂ ਦੀ ਕਾਰਜ ਪ੍ਰਣਾਲੀ ਗਲਭਗ ਇਕੋ ਜਿਹੀ ਹੈ। ਬਹੁਤੀਆਂ ਪਾਰਟੀਆਂ ਦੇ ਸਿਧਾਂਤਾਂ ਤੇ ਮੈਨੀਫੈਸਟੋ ਦਾ ਅਮਲ 'ਚ ਕੋਈ ਮਤਲਬ ਨਹੀਂ ਹੈ। ਅੱਜ ਇਹਨਾਂ ਕੋਲ ਜਨਤਾ ਲਈ ਕੋਈ ਸਕਾਰਤਮਕ ਪ੍ਰੋਗ੍ਰਾਮ ਨਹੀਂ ਹੈ। ਸਭ ਪਾਰਟੀਆ ਦੀ ਕਾਰਜ ਪ੍ਰਣਾਲੀ ਲਗਭਗ ਇਕੋ ਜਿਹੀ ਹੈ। ਬਹੁਤੀਆਂ ਪਾਰਟੀਆਂ ਦੇ ਸਿਧਾਂਤਾਂ ਤੇ ਮੈਨੀਫੈਸਟੋ ਦਾ ਅਮਲ 'ਚ ਕੋਈ ਮਤਲਬ ਨਹੀਂ ਹੈ। ਅੱਜ ਇਨ੍ਹਾਂ ਕੋਲ ਜਨਤਾ ਲਈ ਕੋਈ ਸਕਾਰਤਮਕ ਪ੍ਰੋਗ੍ਰਾਮ ਨਹੀਂ ਹੈ। ਸਭ ਪਾਰਟੀਆਂ ਦੇ ਨੇਤਾ ਤੇ ਕਾਰਕੁੰਨ ਲਫਾਜ ਹਨ ਤੇ ਇੱਕ ਦੂਜੇ ਉਪਰ ਚਿਕੜਉਛਾਲੀ ਕਰਕੇ ਹੀ ਆਪਣੀ ਉਚਤਾ ਸਾਬਤ ਕਰਦੇ ਰਹਿੰਦੇ ਹਨ। ਇਨ੍ਹਾਂ ਦੀ ਪਾਰਟੀ 'ਚ ਨਵੇਂ ਮੈਂਬਰਾਂ ਦੀ ਭਰਤੀ ਦਾ ਕੋਈ ਸਹੀ ਮਾਪਦੰਡ ਨਹੀਂ ਹੈ। ਕਿਸੇ ਗੱਲ ਦਾ ਵਿਰੋਧ ਕਰਨ 'ਤੇ ਕਾਰਕੁੰਨਾ ਨੂੰ ਸਿੱਧਾ ਬਾਹਰ ਦਾ ਰਾਹ ਵਿਖਾਇਆ ਜਾਂਦਾ ਹੈ। ਪਾਰਟੀ ਅੰਦਰ ਲੋਕਰਾਜੀ ਪ੍ਰਣਾਲੀ ਨਾਂ ਦੀ ਕੋਈ ਚੀਜ ਨਹੀਂ ਹੈ। ਪਾਰਟੀ ਹਾਈਕਮਾਂਡ ਪੂਰੀ ਤਰ੍ਹਾਂ ਮਨਮਰਜੀ ਕਰਦੀ ਹੈ। ਉਸ ਦੀ ਮਰਜੀ ਹੀ ਪਾਰਟੀ ਦੀ ਮਰਜੀ ਹੁੰਦੀ ਹੈ ਤੇ ਕਾਰਕੁੰਨਾ ਤੋਂ ਉਮੀਦ

ਕੀਤੀ ਜਾਂਦੀ ਹੈ ਕਿ ਰੋਬੋਟ ਵਾਗੂੰ ਆਗਿਆਕਾਰੀ ਰਹਿਣ। ਚੰਦ ਲੋਕਾਂ ਦੇ ਇਰਦ ਗਿਰਦ ਕੇਂਦਰਿਤ ਇਨ੍ਹਾਂ ਪਾਰਟੀਆਂ ਦੇ ਇਰਦ ਗਿਰਦ ਕੇਂਦਰਿਤ ਇਨ੍ਹਾਂ ਪਾਰਟੀਆਂ ਅੰਦਰ ਦਾਰਕੁੰਨਾ ਨੂੰ ਲੋਕਰਾਜੀ ਵਰਤਾਅ ਕਰਨਾ ਸਿਖਾਇਆ ਹੀ ਨਹੀਂ ਜਾਂਦਾ ਉਹਨਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੁੰਦਾ ਕਿ ਲੋਕਰਾਜ ਦੀ ਪਹਿਲੀ ਪੌੜੀ 'ਬੰਦੇ ਦੀ ਆਜ਼ਾਦੀ' ਹੁੰਦੀ ਹੈ। ਕੀ ਅਜੇਹੀ ਪਾਰਟੀ 'ਚ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਇਹ ਪੂਰੇ ਸਮਾਜ 'ਚ ਲੋਕਤੰਤਰ ਦੀ ਲੜਾਈ ਲੜਨਗੇ? ਇਹ ਤਾਂ ਲੋਕਤੰਤਰ ਦੇ ਨਾਂ ਹੇਠ ਜਨਤਾ ਨੂੰ ਸਿਰਫ ਬੇਵਕੂਫ ਹੀ ਬਣਾ ਸਕਦੀਆਂ ਹਨ। ਇਹੀ ਉਹ ਜ਼ਮੀਨ ਹੈ ਕਿ ਇਨ੍ਹਾਂ ਪਾਰਟੀਆਂ ਅੰਦਰ ਵੰਸ਼ਵਾਦ ਨੂੰ ਖਾਦ-ਪਾਣੀ ਦੇਣ ਦਾ ਕੰਮ ਕਰਦੀਆਂ ਹਨ। ਇਸ 'ਚ ਕੋਈ ਸ਼ੁੱਕ ਨਹੀਂ ਹੈ ਕਿ ਅੱਜ ਸਭ ਸੰਸਦੀ ਪਾਰਟੀਆਂ "ਫੈਮਲੀ ਇੰਟਰ ਪ੍ਰਾਈਜਜ਼" ਜਾਂ "ਪ੍ਰਈ ਵੇਟ ਲਿਮਟਿਡ ਐਂਡ ਸੰਜ ਕੰਪਨੀ" 'ਚ ਬਦਲ ਚੁਕੀਆਂ ਹਨ। ਇਸ ਕਾਰੋਬਾਰਾ 'ਚ ਬਹੁਤ ਹੀ ਘੱਟ ਨਿਵੇਸ਼ ਕਰਕੇ ਉਚੀ ਆਮਦਨੀ ਦੀ ਗਰੰਟੀ ਕੀਤੀ ਜਾ ਸਕਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ" ਸਿਆਸਤ 'ਚ ਜਹਾਲਤ ਤਾਂ ਹੈ ਪਰ ਇਹ ਇਕ ਅਜੇਹਾ ਧੰਦਾ ਹੈ ਜਿਸ 'ਚ ਕਦੀ ਵੀ ਘਾਟਾ ਨਹੀਂ ਪੈਂਦਾ" ਭਾਰਤ ਦੇ ਨੇਤਾ ਪੂੰਜੀਵਾਦੀ ਹਨ ਪਰ ਉਨ੍ਹਾਂ ਦੇ ਮੁੱਲ ਤੇ ਸੰਸਕਾਰ ਜਾਗੀਰੂ ਹਨ। ਉਹ ਪ੍ਰੀਵਾਰ ਦੀਆਂ ਹੱਦਾਂ ਤੋਂ ਅੱਗੇ ਨਹੀਂ ਸੋਚ ਸਕਦੇ, ਸਮਾਜ ਤੇ ਦੇਸ਼ ਤਾਂ ਵੱਡੀ ਗੱਲ ਹੈ। ਇਹ ਲੋਕ ਦੇਸ਼-ਉਸਾਰੀ ਲਈ ਤਿਆਗ ਭਾਵਨਾ ਨਾਲ ਲੈਸ ਹੋ ਕੇ ਰਾਜਨੀਤੀ 'ਚ ਨਹੀਂ ਆਉਂਦੇ, ਦੇਸ਼ ਲਈ ਖ਼ੂਨ ਤਾਂ ਕੀ ਆਪਣੇ ਇਕ ਨਹੁੰਦੀ ਮਿਟੀ ਦਾ ਕਤਰਾ ਵੀ ਨਹੀਂ ਦਿੰਦੇ। ਰਾਜਨੀਤੀ ਕਾਰਨ ਜੇ ਕੁਝ ਵੀ ਗੁਆਉਣ ਦੀ ਗੱਲ ਆਉਂਦੀ ਹੈ ਤਾਂ ਇਹ ਆਪਣੇ ਪ੍ਰੀਵਾਰ ਨੂੰ ਇਸ ਤੋਂ ਦੂਰ ਹੀ ਰਖਦੇ ਹਨ ਜਾਂ ਉਹ ਖੁਦ ਹੀ ਦੂਰ ਹੋ ਜਾਂਦੇ ਹਨ। ਅਜਾਦੀ ਤੋਂ ਪਹਿਲਾਂ ਕਾਂਗਰਸੀ ਤੇ ਪਿਛੋਂ ਇਹ ਸਮਾਜਕ-ਜਨਵਾਦੀ ਨੇਤਾਵਾਂ ਦੇ ਮਾਪੇ ਤੇ ਉਨ੍ਹਾਂ ਦੀਆਂ ਔਲਾਦਾਂ ਇਨ੍ਹਾਂ ਨੂੰ ਕੋਸਦੀਆਂ ਰਹਿੰਦੀਆਂ ਹਨ ਕਿ ਰਾਜਨੀਤੀ 'ਚ ਜਾਕੇ ਉਸ ਨੇ ਪ੍ਰੀਵਾਰ ਲਈ ਕੁਝ ਨਹੀਂ ਕੀਤਾ ਉਲਟਾ ਉਨ੍ਹਾਂ ਨੂੰ ਕੰਗਾਲ ਕਰ ਦਿੱਤਾ। ਉਹ ਬਹੁਤ ਚਾਹੁੰਦੇ ਸਨ ਕਿ ਆਪਣੀਆਂ ਔਲਾਦਾਂ ਨੂੰ ਉਤਰਾਧਕਾਰੀ ਬਣਾਉਣ ਪਰ ਸ਼ਾਇਦ ਹੀ ਬਣਾ ਸਕਦੇ ਸਨ। ਵੰਸ਼ਵਾਦ ਦੀ ਬੀਮਾਰੀ ਇਕ ਅਜੇਹਾ ਰੋਗ ਹੈ ਜੋ ਸਾਰੀਆਂ ਚੁਣਾਵੀ ਪਾਰਟੀਆਂ 'ਚ "ਮਹਾਂਮਾਰੀ" ਵਾਗੂੰ ਫੈਲਿਆ ਹੋਇਆ ਹੈ ਅਜੇ ਪਿਛੇ ਜਿਹੇ ਹੀ ਪੰਜਾਬ ਦੇ ਮੁਖ ਮੰਤਰੀ ਬਾਦਲ ਦੇ ਪੁਤ ਨੂੰ ਜਦ ਉਪ ਮੁਖ ਮੰਤਰੀ ਦੀ ਦੀ ਸਹੁੰ ਚੁਕਾਈ ਜਾ ਰਹੀ ਸੀ ਤਾਂ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਖੰਭ ਤੋਲ ਰਹੇ ਲਾਲ ਕ੍ਰਿਸਨ ਅਡਵਾਨੀ ਵੀ ਇਸੇ ਮੰਚ ਦੀ ਸ਼ੋਭਾ ਵਧਾ ਰਹੇ ਸਨ। ਇਹ ਉਹੀ ਲੋਕ ਹਨ ਜੋ ਵੰਸਵਾਦ ਲਈ ਕਾਂਗਰਸ ਨੂੰ ਪਾਣੀ ਪੀ ਕੋਸਦੇ ਹਨ। ਦੂਜੇ ਪਾਸੇ ਭਾਜਪਾ ਦੇ ਸਾਬਕਾ ਹੋ ਚੁਕੇ ਪ੍ਰਸਿੱਧ ਨੇਤਾ ਕਲਿਆਣ ਸਿੰਘ ਜਦ 2009 ਦੀ ਇਸ ਚੋਣ ਵਿਚ ਆਪਣੇ ਬੇਟੇ ਨੂੰ ਟਿਕਟ ਨਹੀਂ ਦਵਾ ਸਕੇ ਤਾਂ ਆਪਣੀ ਪਾਰਟੀ ਛੱਡਕੇ ਆਪਣੇ ਧੁਰ ਵਿਰੋਧੀ ਮੁਲਾਇਮ ਦੇ ਖੇਮੇ ਵਿਚ ਚਲੇ ਗਏ। ਮਜੇ ਦੀ ਗੱਲ ਇਹ ਹੈ ਕਿ ਸਮਾਜਵਾਦੀ ਮੁਲਾਇਮ ਸਿੰਘ ਨੇਤਾ ਕਲਿਆਣ ਸਿੰਘ ਨੂੰ ਘੋਰ ਫਿਰਕੂ ਤੇ ਬਾਬਰੀ ਮਸਜਿਦ ਢਾਹੁਣ ਦਾ ਸਭ ਤੋਂ ਵੱਡਾ ਗੁਨਾਹਗਾਰ ਮੰਨਦੇ ਸਨ, ਉਨ੍ਹਾਂ ਨੂੰ ਝੱਟ ਜੱਫੀ ਪਾ ਲਈ। ਇਸ ਤਰ੍ਹਾਂ ਪੁਤਰ ਮੋਹ 'ਚ ਅੰਨੇ ਦੋ ਯੁਧਿਸ਼ਟਰਾਂ ਦਾ ਰਲੇਵਾਂ ਸੰਭਵ ਹੋਇਆ। ਸਾਡੇ ਦੇਸ਼ ਦਾ ਮੀਡੀਆ

ਫਿਦੇਲ ਕਾਸ ਤਰੋ ਆਪਣੇ ਭਾਈ ਰਾਉਲ ਕਾਸਤੋਰ ਨੂੰ ਉਤਰ ਧਿਕਾਰੀ ਬਣਾਉਣ 'ਤੇ ਚੀਕਦਾ ਹੈ ਜਦ ਕਿ ਰਾਉਲ ਨੇ ਫਿਦੇਲ ਦੇ ਨਾਲ ਕਿਊਬਾ ਦੇ ਇਨਕਾਲਬ 'ਚ ਜਾਨ ਜੋਖਮ 'ਚ ਪਾ ਕੇ ਬਹਾਦਰੀ ਨਾਲ ਸੰਘਰਸ਼ ਕੀਤਾ ਸੀ। ਰਾਉਲਦੀ ਪਹਿਚਾਣ ਫਿਦੇਲ ਦੇ ਭਾਈ ਦੇ ਰੂਪ 'ਚ ਨਹੀਂ ਬਲਕਿ ਇਕ ਇਨਕਲਾਬੀ ਯੋਧਾ ਵਜੋਂ ਹੈ। ਉਹਨਾਂ ਦਾ ਆਪਣਾ ਆਜਾਦ ਵਿਅਕਤਿਵ ਹੈ। ਉਨ੍ਹਾਂ ਕੋਲ ਇਨਕਲਾਬ ਦੀ ਵਿਰਾਸਤ ਤੇ ਵਿਹਾਰਿਕ ਆਨੁਭਵ ਹੈ। ਉਹ ਇਸ ਦੇ ਲਈ ਯੋਗ ਹਨ। ਕਾਸਤਰੋਂ ਦੀ ਵਿਰਾਸਤ-ਸੰਭਾਵਨਾ ਕਿਊਬਾ ਦੇ ਇਨਕਲਾਬ ਨੂੰ ਅੱਗੇ ਵਧਾਉਣ ਦਾ ਮਾਮਲਾ ਹੈ। ਇਹ ਕੰਡਿਆਂ ਦਾ ਤਾਜ ਹੈ ਜਿਸ 'ਚ ਹਰ ਪਲ ਜਾਨ ਨੂੰ ਖਤਰਾ ਹੈ ਕਿਉਂਕਿ ਅਮਰੀਕੀ ਸਾਮਰਾਜਵਾਦੀ ਕਾਸਤਰਵੋਂ ਦੀ ਹੀ ਨਹੀਂ ਉਨ੍ਹਾਂ ਦੇ ਉਤਰਾ ਧਿਕਾਰੀ ਦੇ ਵੀ ਜਾਨ ਦਾ ਦੇ ਤਿਹਾਏ ਹਨ ਪਰ ਦੂਜੇ ਪਾਸੇ ਮੀਡੀਆ ਦਿਨ-ਰਾਤ ਦੇਸ਼ੀ ਨੇਤਾਂ -ਪੁਤਰਾਂ ਦਾ ਗੁਣਗਾਣ ਕਰਨ 'ਚ ਮਗਨ ਹੈ। ਰਾਜਿਆਂ, ਨਵਾਂਬਾਂ ਵਲੋਂ ਜਾਗੀਰੂ ਸਮਾਜ 'ਚ ਵੰਸਵਾਦ, ਭਰਿਸ਼ਟਾਚਾਰ ਤੇ ਲੋਕਾਂ ਦੀ ਦੌਲਤ ਤੋਂ ਖਜਾਨਾ ਭਰਨਾ ਬੁਰਾ ਨਹੀਂ ਮੰਨਿਆ ਜਾਂਦਾ ਸੀ। ਉਨ੍ਹਾਂ ਨੂੰ ਮਾਨ-ਸਨਮਾਨ ਨਾਲ ਵੇਖਿਆ ਜਾਂਦਾ ਸੀ। ਜਾਗੀਰੂ ਕਾਲ 'ਚ ਅਜੇਹਾ ਸੁਭਾਵਿਕ ਹੀ ਸੀ ਪਰ ਅੱਜ ਇਹੀ ਸੱਚ ਨਾ ਸਿਰਫ ਰਾਜਸੀ ਪਾਰਟੀਆਂ ਨੂੰ ਆਪਣੀ ਗਿਰਫਤ 'ਚ ਲੈਂਦੀ ਜਾ ਰਹੀ ਹੈ ਬਲਕਿ ਆਮ ਜਨਤਾ ਦੇ ਸੰਸਕਾਰਾਂ 'ਚ ਘੁਲ-ਮਿਲ ਕੇ ਅਜੇਹੀਆਂ ਪਾਰਟੀਆਂ ਦਾ ਬਣਿਆ ਰਹਿਣਾ ਸਮਾਜਕ ਮੰਜੂਰੀ ਮੁਹਈਆ ਕਰਦੀ ਹੈ। ਵੰਸਵਾਦ ਅਮੀਰ ਨੇਤਾਵਾਂ ਦੀਆਂ ਸੰਤਾਨਾ ਨੂੰ ਮਿਲਣ ਵਾਲਾ ਜਨਮਜਾਤ ਰਖਵਾਂਕਰਨ ਹੈ ਜਦੋਂ ਕਿ ਉਹ ਖੁਦ ਗਰੀਬਾਂ ਨੂੰ ਦਿਤੇ ਜਾਣ ਵਾਲੇ ਰਾਖਵੇਂਕਰਨ ਤੇ ਸਰਕਾਰੀ ਸਹਾਇਤਾ ਦੇ ਘੋਰ ਵਿਰੋਧੀ ਹਨ। ਗਰੀਬ ਆਦਮੀ ਵੰਸ਼ਵਾਦ ਦੇ ਨਾਂ ਹੇਠ ਵਿਰਾਸਤ 'ਚ ਆਪਣੇ ਬੇਟੇ ਨੂੰ ਪ੍ਰੇਮ ਚੰਦ ਦੀ ਕਹਾਣੀ 'ਸਵਾਸ਼ੇਰ ਕਣਕ' ਦੀ ਦਰਜ ਕਰਜੇ ਦਾ ਬੋਝ ਹੀ ਦੇ ਸਕਦਾ ਹੈ। ਸਾਨੂੰ ਇਹਨਾਂ ਗੱਲਾਂ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹ ਅਧੁਨਿਕ ਨਵਾਬ ਸਾਡੇ ਮੋਢਿਆਂ 'ਤੇ ਪੰਜਾਲੀ ਪਾ ਰਹੇ ਹਨ ਤੇ ਅਸੀਂ ਉਸ ਪੰਜਾਲੀ ਨੂੰ ਉਤਾਰ ਵੀ ਨਹੀਂ ਸਕਦੇ। ਇਸ ਲਈ ਸਾਨੂੰ ਵੀ ਰਾਜਨੀਤੀ 'ਚ ਆਉਣਾ ਪਵੇਗਾ। ਗੰਦੀ ਰਾਜਨੀਤੀ ਤੋਂ ਚਿੜਕੇ। ਗੈਰ -ਰਾਜਸੀ ਹੋ ਕੇ, ਸਾਨੂੰ ਉਨ੍ਹਾਂ ਦੇ ਵੰਸ਼ਵਾਦ ਲਈ ਮੈਦਾਨ ਖੁਲ੍ਹਾ ਨਹੀਂ ਛੱਡਣਾ ਚਾਹੀਦਾ। ਇਸ ਲਈ ਸਾਨੂੰ ਰਾਜ ਨੀਤੀ ਦੀ ਉਸ ਧਾਰਾ ਨੂੰ ਮਜ਼ਬੂਤ ਬਣਾਉਣਾ ਪਵੇਗਾ ਜੋ ਭਗਤ ਸਿੰਘ ਤੇ ਚੰਦਰ ਸ਼ੇਖਰ ਅਜ਼ਾਦ ਦੀ ਧਾਰਾ ਹੈ। ਇਹੀ ਅੱਜ ਸਮੇਂ ਦੀ ਮੰਗ ਹੈ।

# ਵਧਦੇ ਅਪਰਾਧਾਂ ਦਾ ਦੇਸ਼-ਐਨ. ਸੀ. ਆਰ. ਬੀ.

ਉਨੀ ਸਾਲ ਦੀ ਆਸ਼ਾ ਮਾਂਡਿਆ ਜਿਲਾ ਹਸਪਤਾਲ (ਕਰਨਾਟਕਾ) 'ਚ ਮੌਤ ਨਾਲ ਸੰਘਰਸ਼ ਕਰ ਰਹੀ ਹੈ। ਉਸ ਦੀ ਰੀੜ ਦੀ ਹੱਡੀ ਦੇ ਕਈ ਟੁਕੜੇ ਹੋ ਗਏ ਹਨ। ਆਸ਼ਾ ਨੂੰ 23 ਜੁਲਾਈ ਨੂੰ ਚਾਰ ਮਨਚਲਿਆਂ ਨੇ ਚਲਦੀ ਟ੍ਰੇਨ ਤੋਂ 40 ਮੀਟਰ ਹੇਠਾਂ ਸੁੱਟ ਦਿੱਤਾ ਸੀ ਕਿਉਂਕਿ ਉਸ ਨੇ ਛੇੜਛਾੜ ਦਾ ਵਿਰੋਧ ਕੀਤਾ ਸੀ। ਇਹ ਘਟਨਾ 'ਗੁਹਾਟੀ ਦੇ ਜਖਮ' 'ਤੇ ਨਮਕ ਛਿੜਕਣ ਵਰਗੀ ਸੀ। ਇਸ ਦੌਰਾਨ ਧਨਬਾਦ (ਝਾਰਖੰਡ) ਦੀ ਸੋਨਾਲੀ ਮੁਖਰਜੀ ਦੇ ਨਾਲ ਹੋਈ ਗੈਰ ਮਨੁਖੀ ਘਟਨਾ ਦੀ ਖਬਰ ਨੇ ਵੀ ਪੂਰੇ ਦੇਸ਼ ਨੂੰ ਝੰਜੋੜ ਦਿੱਤਾ, ਜਿਸ ਦੇ ਚਿਹਰੇ ਨੂੰ ਕੁਝ ਸਾਲ ਪਹਿਲਾਂ ਕੁਝ ਹੈਵਾਨਾ ਨੇ ਤੇਜਾਬ ਨਾਲ ਬੁਰੀ ਤਰ੍ਹਾਂ ਸਾੜ ਦਿੱਤਾ ਸੀ। ਔਰਤਾਂ 'ਤੇ ਹੋ ਰਹੇ ਜੁਲਮ 'ਚ ਹੁਣ ਇਲੈਕਟ੍ਰਾਨਿਕ ਮੀਡੀਆ ਦੀ ਵੀ ਭੂਮਿਕਾ 'ਤੇ ਸੁਆਲ ਉਠਣ ਲੱਗੇ ਹਨ। ਇਸ ਦਾ ਸਬੂਤ 9 ਜੁਲਾਈ ਦੀ ਰਾਜ ਗੁਬਹਾਈ 'ਚ ਦਿਸਿਆ ਜਿਥੇ 30 ਸ਼ੋਹਦੇ 45 ਮਿੰਟ ਤਕ ਇਕ ਮੁਟਿਆਰ ਨੂੰ ਦੁਰ-ਵਿਹਾਰ ਕਰਦੇ ਰਹੇ ਤੇ ਇਕ ਸਥਾਨਕ ਚੈਨਲ ਦਾ ਪੱਤਰਕਾਰ ਵੀਡਿਓ ਬਣਾਉਂਦਾ ਰਿਹਾ ਅਤੇ ਉਸ ਨੂੰ ਅਗਲੇ ਦਿਨ ਪ੍ਰਸਾਰਿਤ ਕਰ ਦਿੱਤਾ। ਗੁਹਾਟੀ 'ਚ ਇਸ ਤੋਂ ਪਹਿਲਾਂ ਵੀ ਸੰਨ 2007 ਵਿਚ ਇਕ ਆਦੀਵਾਸੀ ਔਰਤ ਦੇ ਨਾਲ ਵੀ ਅਜੇਹਾ ਹੀ ਅਤਿਆਚਾਰ ਹੋਇਆ ਸੀ, ਜਿਸ ਨੂੰ ਅੱਜ ਤਕ ਨਿਆਂ ਨਹੀਂ ਮਿਲਿਆ ਹੈ। ਗੁਹਾਟੀ, ਕਰਨਾਟਕ ਧਨਬਾਦ ਦੀ ਘਟਨਾ ਨਾਲ ਭਾਵੇਂ ਹੀ ਪੂਰੀ ਦੁਨੀਆ 'ਚ ਦੇਸ਼ ਦੀ ਛਵੀ ਦਾਗਦਾਰ ਹੋ ਰਹੀ ਹੋਵੇ ਪਰ ਅਜੇਹੀਆ ਪਾਸ਼ਵਿਕ ਕਰਤੂਤਾਂ ਨੂੰ ਅੰਜਾਮ ਦੇਣ ਵਾਲੇ ਤੇ ਉਹਨਾਂ ਨੂੰ ਰੋਕਣ ਵਾਲੀ ਪ੍ਰਸ਼ਾਸ਼ਨਿਕ ਮਸ਼ਨਿਰੀ ਨੂੰ ਸ਼ਾਇਦ ਕੋਈ ਫਰਕ ਨਹੀਂ ਪੈ ਰਿਹਾ ਹੈ। ਇੱਕਲੇ ਜੁਲਾਈ ਮਹੀਨੇ ਵਿਚ ਦੇਸ਼ ਭਰ ਵਿਚ ਛੇੜਖਾਨੀ, ਬਲਾਤਕਾਰ ਆਦਿ ਦੀਆਂ ਦੋ ਦਰਜਨ ਗੰਭੀਰ ਘਟਨਾਵਾਂ ਇਸ ਦੀ ਪੁਸ਼ਟੀ ਕਰਦੀਆਂ ਹਨ। ਪਿਛੇਂ ਜਿਹੇ ਆਈ ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਦੀ ਰੀਪੋਟ ਵੀ ਇਸ ਦੀ ਗਵਾਹੀ ਦਿੰਦੀ ਹੈ ਕਿ ਦੇਸ਼ ਵਿਚ ਔਰਤਾਂ ਖਿਲਾਫ ਹਿੰਸਾ ਘਟ ਹੋਣ ਦਾ ਨਾਂ ਹੀ ਨਹੀਂ ਲੈ ਰਹੀ ਹੈ। ਗ੍ਰਹਿ ਮੰਤਰਾਲੇ ਤਹਿਤ ਕੰਮ ਕਰਨ ਵਾਲੀ ਐਨ ਸੀ ਆਰ ਬੀ ਨੇ ਪਿਛਲੇ ਦਿਨੀਂ, ਸਲਾਨਾ ਰੀਪੋਟ ਜਾਰੀ ਕੀਤੀ 'ਕਰਾਈਮ ਇਨ ਇੰਡੀਆ-2011' ਨਾਂ ਦੀ 642 ਸਫਿਆਂ ਦੀ ਇਸ ਰੀਪੋਟ ਵਿਚ ਬੀਤੇ ਸਾਲ ਦੇ ਵੱਖ-ਵੱਖ ਅਪਰਾਧਾਂ ਦਾ ਵਿਸਥਾਰਿਤ ਬਿਊਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਅਨੁਸਾਰ ਪਿਛਲੇ 40 ਸਾਲਾਂ ਵਿਚ ਦੇਸ਼ 'ਚ ਬਲਾਤਕਾਰਾਂ ਦੀ ਗਿਣਤੀ ਲਗਭਗ 12 ਗੁਣਾ ਵੱਧ ਹੋਈ ਹੈ। ਸੰਨ 1971 'ਚ ਬਲਾਤਕਾਰ ਦੇ ਕੁਲ 2043 ਕੇਸ ਦਰਜ ਹੋਏ ਜੋ 2011 'ਚ ਵਧ ਕੇ 24206 ਹੋ ਗਏ। ਦੇਸ਼ ਦੇ ਸਾਰੇ ਵੱਡੇ ਸ਼ਹਿਰ ਔਰਤ ਲਈ ਅਸ਼ੁਰੱਖਿਅਤ ਹੁੰਦੇ ਜਾ ਰਹੇ ਹਨ। ਸੰਨ 2011 'ਚ ਔਰਤਾਂ ਖਿਲਾਫ ਹਿੰਸਾ ਦੀਆਂ ਕੁਝ 2 ਲੱਖ 28 ਹਜ਼ਾਰ 650 ਘਟਨਾਵਾਂ ਦਰਜ ਹੋਈਆ ਜਿਸ ਵਿੱਚੋਂ 33 ਹਜ਼ਾਰ 789 ਘਟਨਾਵਾਂ ਸ਼ਹਿਰੀ ਇਲਾਕਿਆਂ 'ਚ ਹੋਈਆਂ। ਕੌਮੀ ਰਾਜਧਾਨੀ ਦਿੱਲੀ ਵਿਚ ਸਭ ਤੋਂ ਵੱਧ 4489 ਮਾਮਲੇ ਦਰਜ ਹੋਏ। ਆਈ ਟੀ ਰਾਜਧਾਨੀ ਕਹੀ ਜਾਣ ਵਾਲੀ ਬੰਗਲੁਰੂ ਔਰਤ ਲੁਟ-ਜਬਰ ਸਬੰਧੀ ਦੂਜੇ ਨੰਬਰ 'ਤੇ ਹੈ ਜਿਥੇ ਬੀਤੇ ਸਾਲ 1890 ਔਰਤਾਂ ਨੂੰ

ਬਲਾਤਕਾਰ, ਅਗਵਾਅ, ਹੱਤਿਆ, ਦਹੇਜ ਲੁਟਘਸੁੱਟ ਆਦਿ ਦਾ ਸ਼ਿਕਾਰ ਬਣਾਇਆ ਗਿਆ। ਨਾਗਰਿਕ ਸਹੂਲਤ ਦੀ ਨਜ਼ਰ ਤੋਂ ਸ਼ਹਿਰਾਂ ਨੂੰ ਪਿੰਡਾਂ ਤੋਂ ਬੇਹਤਰ ਮੰਨਿਆ ਜਾਂਦਾ ਹੈ ਪਰ ਸੱਚ ਇਹ ਹੈ ਕਿ ਦੇਸ਼ ਦੇ ਸਾਰੇ ਵੱਡੇ ਸਹਿਰ ਨਿਰੰਤਰ ਅਸੁਰਖਿਅਤ ਹੁੰਦੇ ਜਾ ਰਹੇ ਹਨ। ਅਲਮ ਇਹ ਹੈ ਕਿ ਪਿਛਲੇ ਇਕ ਸਾਲ ਵਿਚ ਦਿਲੀ 'ਚ ਪੁਲਸ ਕਰਮੀਆਂ ਖਿਲਾਫ ਲੋਕਾਂ ਦੀਆਂ ਸ਼ਕਾਇਤਾਂ ਦੋ ਗੁਣੀਆਂ ਤੋਂ ਵੱਧ ਹੋਈਆਂ ਹਨ। ਅਪਰਾਧਾਂ ਨੂੰ ਘੱਟ ਕਰਨ ਵਿਚ ਸਿੱਖਿਅਕ ਤੇ ਆਰਥਕ ਵਿਕਾਸ 'ਚ ਕੋਈ ਖਾਸ ਯੋਗਦਾਨ ਨਹੀਂ ਦੇ ਸਕਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਕੇਰਲਾ ਵਰਗਾ ਸਤ-ਪ੍ਰਤੀਸ਼ਤ ਸਿੱਖਿਅਤ ਰਾਜ ਅਸ਼ਲੀਲਤਾ ਪਰੋਸਣ ਸਬੰਧੀ ਸਭ ਤੋਂ ਉਪਰ ਆ ਗਿਆ ਹੈ। ਬੀਤੇ ਸਾਲ ਇਸ ਸੂਬੇ ਵਿਚ ਇੰਨਰਨੈਟ ਰਾਹੀਂ ਸਭ ਤੋਂ ਵੱਧ ਅਸਲੀਲ ਸਾਮਗਰੀਦਾ ਵਟਾਂਦਰਾ ਹੋਇਆ ਸੰਗੀਨ ਅਪਰਾਧਾਂ ਦੀ ਸਭ ਤੋਂ ਵੱਧ ਦਰ (515) ਦੇ ਨਾਲ ਕੇਰਲ ਸਭ ਤੋਂ ਖਤਰਨਾਕ ਸੂਬਾ ਬਣ ਗਿਆ ਹੈ। ਕਿਸਾਨ ਆਤਮ ਹੱਤਿਆਵਾਂ ਦੇ ਅੰਕੜੇ ਵੀ ਹਜ਼ਾਰਾਂ ਵਿਚ ਹਨ। ਮਹਾਂਰਾਸ਼ਟਰ 'ਚ ਬੀਤੇ ਸਾਲ 3337 ਕਿਸਾਨਾਂ ਨੇ ਆਤਮ ਹੱਤਿਆ ਕੀਤੀ। ਸਾਈਬਰ ਅਪਰਾਧ ਬੀਤੇ ਇਕ ਸਾਲ 'ਚ ਦੋ ਗੁਣਾ ਜ਼ਿਆਦਾ ਹੋ ਗਿਆ ਹੈ। ਹੱਤਿਆ, ਅਗਵਾਅ, ਦੰਗਿਆ ਦੀ ਗਿਣਤੀ ਵੀ ਘਟ ਨਹੀਂ ਹੋ ਰਹੀ ਹੈ। ਪਰ ਹਰ ਤਰ੍ਹਾਂ ਦੇ ਜੁਰਮਾ ਨੂੰ ਇੱਕਠਿਆ ਵੇਖੀਏ ਤਾਂ ਪਿਛਲੇ ਇਕ ਸਾਲ ਵਿਚ 2.5 ਫੀਸਦੀ ਦਾ ਵਾਧਾ ਹੋਇਆ ਹੈ। ਰੀਪੋਰਟ 'ਚ ਹਿੰਸਾ ਦੇ ਸੂਖਮ ਅਯਾਮਾਦੀ ਵਿਸਥਾਰ ਨਾਲ ਚਰਚਾ ਹੋਈ ਹੈ। ਜਿਸ ਤੋਂ ਦੇਸ਼ 'ਚ ਅਪਰਾਧਾਂ ਦੇ ਪੈਟਰਨ ਤੇ ਰੁਝਾਣ ਦਾ ਪਤਾ ਲਗਦਾ ਹੈ। ਨਾਲ ਹੀ ਅਪਰਾਧ ਕੰਟਰੋਲ ਲਈ ਬਣੇ ਕਨੂੰਨ ਸਰਕਾਰੀ ਪ੍ਰੋਗ੍ਰਾਮਾਂ, ਯੋਜਨਾਵਾਂ-ਪ੍ਰੋਜੈਕਟਾਂ ਦੇ ਅਸਰ ਦਾ ਵੀ ਅੰਦਾਜਾ ਲਗਦਾ ਹੈ। ਸੂਬਿਆਂ ਮੁਤਾਬਕ ਵੇਖੀਏ ਤਾਂ ਮੱਧ ਪ੍ਰਦੇਸ਼ ਸਭ ਤੋਂ ਉਪਰ ਹੈ, ਜਿਥੇ ਬੀਤੇ ਸਾਲ ਸੰਗੀਨ ਅਪਰਾਧਾਂ ਦੇ ਕੁਲ 2 ਲੱਖ 17 ਹਜ਼ਾਰ ਮਾਮਲੇ ਦਰਜ ਹੋਏ ਕੁਲ 2 ਲੱਖ 4 ਹਜ਼ਾਰ ਮਾਮਲਿਆਂ ਦੇ ਨਾਲ ਤਾਮਿਲਨਾਡੂ ਚੌਥੇ ਇਕ ਲੱਖ 89 ਹਜ਼ਾਰ ਦੇ ਨਾਲ ਆਂਧਰਾ ਪ੍ਰਦੇਸ਼ ਪੰਜਵੇਂ, ਇਕ ਲੱਖ 72 ਹਜ਼ਾਰ ਦੇ ਨਾਲ ਕੇਰਲਾ ਛੇਵੇਂ ਤੇ ਇਕ ਲੱਖ 95 ਹਜ਼ਾਰ ਦੇ ਨਾਲ ਰਾਜਸਥਾਨ 7 ਵੇਂ ਸਥਾਨ 'ਤੇ ਹੈ। ਬਿਹਾਰ ਦੀ ਹਾਲਤ 'ਚ ਕੁਝ ਹੀ ਸੁਧਾਰ ਹੈ। ਔਰਤਾਂ ਖਿਲਾਫ ਹੋਣ ਵਾਲੇ ਅਪਰਾਧਾਂ ਦੇ ਮਾਮਲਿਆ 'ਚ ਪੱਛਮੀ ਬੰਗਾਲ 29,133 ਘਟਨਾਵਾਂ ਦੇ ਨਾਲ ਸਭ ਤੋਂ ਉਪਰ ਹੈ। ਕੁਲ 28 ਹਜ਼ਾਰ 246 ਮਾਮਲਿਆਂ ਤੇ ਨਾਲ ਆਂਧਰਾ ਪ੍ਰਦੇਸ਼ ਦੂਜੇ ਨੰਬਰ 'ਤੇ ਹੈ। ਬੀਤੇ ਸਾਲ ਬਲਾਤਕਾਰ ਦੀਆਂ ਸਭ ਤੋਂ ਵਧ ਘਟਨਾਵਾਂ (3406) ਮੱਧ ਪ੍ਰਦੇਸ਼ 'ਚ ਹੋਈਆਂ ਐਨ ਸੀ ਆਰ ਬੀ ਦੇ ਅੰਕੜਿਆਂ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਦੇਸ਼ ਵਿਚ ਬੱਚਿਆਂ ਖਿਲਾਫ ਹਿੰਸਾ ਦੀਆਂ ਵਾਰਦਾਤਾਂ 'ਚ ਕਮੀ ਨਹੀਂ ਹੋ ਰਹੀ ਰੀਪੋਟ ਮੁਤਾਬਕ ਬੀਤੇ ਇਕ ਸਾਲ 'ਚ ਬੱਚੀਆਂ ਦੇ ਖਿਲਾਫ ਹਿੰਸਾ ਦੀਆਂ ਵਾਰਦਾਤਾਂ 'ਚ 24 ਫੀਸਦੀ ਵਾਧਾ ਹੋਇਆ ਹੈ। ਸਾਲ 2010 'ਚ ਦੇਸ਼ ਭਰ 'ਚ ਬਾਲ ਹਿੰਸਾ ਦੇ 26 ਹਜ਼ਾਰ 699 ਮਾਮਲੇ ਦਰਜ ਹੋਏ ਸਨ ਜੋ 2011 'ਚ ਵਧ ਕੇ 33 ਹਜ਼ਾਰ 98 ਹੋ ਗਏ। ਬੱਚਿਆਂ ਦੇ ਅਗਵਾਹ ਦੇ ਕੇਸਾਂ 'ਚ ਤੇਜੀ ਨਾਲ ਹੋ ਰਹੇ ਵਾਧੇ ਰੌਂਗਟੇ ਖੜੇ ਕਰ ਦਿੰਦੇ ਹਨ। ਰੀਪੋਟ ਅਨੁਸਾਰ ਬੀਤੇ ਇਕ ਸਾਲ 'ਚ ਅਗਵਾਅ ਦੇ ਮਾਮਲੇ 43.2 ਫੀਸਦੀ ਦੀ ਦਰ ਨਾਲ ਵਧੇ ਸੰਨ 2011 'ਚ ਕੁਲ 7 ਹਜ਼ਾਰ ਬੱਚਿਆਂ ਨਾਲ ਬਲਾਤਕਾਰ ਕੀਤਾ ਗਿਆ, ਜੋ ਕਿ 2010 ਦੀ

ਤੁਲਨਾ 'ਚ 29.7 ਫੀਸਦੀ ਜ਼ਿਆਦਾ ਹੈ। ਇਸ ਦੌਰਾਨ ਵੱਖ ਵੱਖ ਰਾਜਾਂ 'ਚ ਕੁਲ 1514 ਬੱਚਿਆਂ ਦੀ ਹੱਤਿਆ ਹੋਈ। ਭਰੂਣ ਹੱਤਿਆ, ਬਾਲ ਆਤਮ ਹੱਤਿਆ, ਬੱਚਿਆਂ ਦੀ ਤਸਕਰੀ ਬਾਲ ਵੇਸ਼ਵਾਬਿਰਤੀ, ਦੀਆਂ ਘਟਨਾਵਾਂ 'ਚ ਵੀ ਲਗਾਤਾਰ ਵਾਧਾ ਹੋਇਆ ਹੈ। ਸੰਨ 2007 ਵਿਚ ਬੱਚਿਆਂ ਖਿਲਾਫ ਕੁਲ 20 ਹਜ਼ਾਰ ਅਪਰਾਧਿਕ ਵਾਰਦਾਤਾਂ ਤਾਂ ਹੋਈਆਂ ਜੋ 2011 'ਚ ਵੱਧ ਕੇ 34000 ਹੋ ਗਈਆਂ ਬਾਲ ਅਪਰਧਾ ਦੇ ਜ਼ਿਆਦਾ ਮਾਮਲਿਆਂ  ਵਿਚ ਉਤਰ ਪ੍ਰਦੇਸ਼ ਸਭ ਤੋਂ ਉਪਰ ਹੈ, ਮੱਧ ਪ੍ਰਦੇਸ਼ ਦੂਸਰੇ, ਦਿਲੀ ਤੀਸਰੇ, ਮਹਾਂਰਾਸ਼ਟਰ ਚੋਥੇ, ਤੇ ਬਿਹਾਰ ਪੰਜਵੇਂ ਸਥਾਨ 'ਤੇ ਹੈ।

# ਕੀ ਪੈਨਸ਼ਨ ਬਜ਼ੁਰਗਾਂ ਦਾ ਹੱਕ ਨਹੀਂ?

ਸੰਨ 2050 ਤਕ ਭਾਰਤ ਦੀ ਅਬਾਦੀ 'ਚ ਕਰੀਬ ਇਕ ਤਿਹਾਈ ਬਜ਼ੁਰਗ ਹੋਣਗੇ। ਦੇਸ਼ 'ਚ ਉਮਰ ਦੀ ਹੱਦ ਵਧੀ ਹੈ। ਜਨਮ ਦਰ ਘਟੀ ਹੈ, ਇਸ ਲਈ ਬਜ਼ੁਰਗਾਂ ਦੀ ਤੈਦਾਦ ਵਧੀ ਹੈ। ਸੰਨ 2050 'ਚ ਦੁਨੀਆਂ ਦੀ ਆਬਾਦੀ ਦਾ 20 ਫੀਸਦੀ 60 ਸਾਲ ਤੋਂ ਵੱਧ ਉਮਰ ਦਾ ਹੈ। ਭਾਰਤ ਤੇ ਚੀਨ 'ਚ ਇਹ ਲਗਭਗ 24 ਫੀਸਦੀ ਹੋਵੇਗਾ। ਸਾਰੀ ਦੁਨੀਆਂ 'ਚ ਪ੍ਰਗਤੀਸ਼ੀਲ ਤਾਕਤਾਂ ਇਹ ਮੰਗ ਕਰ ਰਹੀਆਂ ਹਨ ਕਿ ਜਨਤਕ ਤੌਰ 'ਤੇ ਅੰਸੁਦਾਨ ਲੈਂਦੇ ਹੋਇਆਂ ਸੰਸਥਾਗਤ ਤੌਰ 'ਤੇ ਵਿਆਪੀ ਤੇ ਪੈਸੇ ਲਏ ਸਭ ਬਜ਼ੁਰਗਾਂ ਲਈ ਪੈਨਸ਼ਨ ਯੋਜਨਾ ਅਮਲ 'ਚ ਆਏ ਤੇ ਇਹ ਉਨ੍ਹਾਂ ਨੂੰ ਅਧਿਕਾਰ ਵਜੋਂ ਹਾਸਲ ਹੋਵੇ। ਹਿੰਦੁਸਤਾਨ 'ਚ ਇਹ ਮੰਗ ਇਸੇ ਸਾਲ 7 ਤੋਂ 11 ਮਈ ਦੇ ਦੌਰਾਨ ਜੰਤਰ-ਮੰਤਰ ਦੇ ਧਰਨੇ-ਮੁਜਾਹਰੇ ਰਾਹੀਂ ਉਠੀ। ਕੁਝ ਰਾਜ ਸਰਕਾਰਾਂ ਨੇ ਬੁਢਾਪਾ ਪੈਨਸ਼ਨ ਮੁਹਈਆ ਕਰਾਉਣ 'ਚ ਰੁਚੀ ਲਈ ਹੈ। ਪਰ ਨਾਕਾਫੀ ਵਸੀਲਿਆਂ ਕਾਰਨ ਉਹ ਪਹਿਲ ਨਹੀਂ ਕਰ ਸਕੀਆਂ। ਕੇਂਦਰ ਸਰਕਾਰ ਦੀ ਇੰਦਰਾ ਗਾਂਧੀ ਬੁਢਾਪਾ ਰਾਸ਼ਟਰੀ ਪੈਨਸ਼ਨ ਯੋਜਨਾ (IGOANES) ਗਰੀਬੀ ਦੀ ਰੇਖਾ ਤੋਂ ਹੇਠਾਂ (BPL) ਰਹਿਣ ਵਾਲਿਆਂ ਲਈ ਹੈ ਜਿਹਨਾਂ ਦੀ ਉਮਰ 65 ਸਾਲਾਂ ਤੋਂ ਵੱਧ ਹੈ। ਪਰ ਉਨ੍ਹਾਂ ਨੂੰ ਪੈਨਸ਼ਨ ਸਿਰਫ ਦੋ ਸੌ ਰੁਪਏ ਮਾਸਕ ਮਿਲਦੀ ਹੈ। ਇਸ ਦੇ ਤਹਿਤ 1.65 ਕਰੋੜ ਲੋਕਾਂ ਨੂੰ ਫਾਇਦਾ ਹੋਇਆ ਹੈ।

ਯਾਨੀ ਬੇਸ਼ਹਾਰਾ ਲੋਕਾਂ ਨੂੰ ਮਦਦ ਘੱਟ ਰਾਹਤ ਮਿਲ ਰਹੀ ਹੈ। ਜੇ ਸਾਰੀਆਂ ਚਾਲੂ ਪੈਨਸ਼ਨ ਯੋਜਨਾਵਾਂ ਜੋੜ ਦਿੱਤੀਆਂ ਜਾਣ ਤਾਂ ਵੀ ਸਮਸਿਆ ਦਾ ਉਪਰੀ ਹੱਲ ਹੀ ਹੁੰਦਾ ਦਿਸਦਾ ਹੈ। ਇਹ ਨਿਰਾਸ਼ਾ ਜਨਕ ਹੈ ਕਿ ਦੇਸ਼ ਦਾ ਮੀਡੀਆਂ ਇਸ ਮੰਗ ਦੀ ਤਰਕਸ਼ੀਲ ਲੋੜ ਮਹਿਸੂਸ ਨਹੀਂ ਕਰਦਾ। ਉਸ ਦਾ ਖਿਆਲ ਹੈ ਕਿ ਪੈਨਸ਼ਨ ਯੋਜਨਾ ਜਨਤਕ ਗਰਾਂਟ 'ਤੇ ਅਧਾਰਤ ਨਹੀਂ ਹੋਣੀ ਚਾਹੀਦੀ ਕਿਉਂਕਿ ਜਿਹਨਾਂ ਲੋਕਾਂ ਨੂੰ ਪਹਿਲਾਂ ਤੋਂ ਮਿਲ ਰਹੀ ਹੈ ਉਹ ਨਿਜੀ ਨਿਯੋਕਤਾ ਦੇ ਕਰਮਚਾਰੀ ਸਨ। ਜਿਨ੍ਹਾਂ ਨੇ ਪੈਨਸ਼ਨ ਯੋਜਨਾ ਲਈ ਪੈਸੇ ਨਹੀਂ ਦਿਤੇ ਉਨ੍ਹਾਂ ਨੂੰ ਪੈਨਸ਼ਨ ਦੀ ਸਹੂਲਤ ਨਹੀਂ ਮਿਲਣੀ ਚਾਹੀਦੀ। ਇਨ੍ਹਾਂ ਗੱਲਾਂ ਦਾ ਜੁਆਬ ਇਸ ਸਮਾਜਕ-ਦਰਸ਼ਨਿਕ ਅਧਾਰ 'ਤੇ ਹੀ ਸੰਭਵ ਹੈ ਕਿ ਰਾਜਾਂ ਨੂੰ ਕਲਿਆਣਕਾਰੀ ਹੋਣਾ ਚਾਹੀਦਾ ਹੈ। ਇਸਦੇ ਪਿਛੇ ਤਰਕ ਹੈ ਕਿ ਭੌਤਿਕ ਘਾਟਾਂ ਦੀ ਵਜਾਹ ਨਿਜੀ ਨਾਕਾਮੀ ਨਹੀਂ ਮੰਨੀ ਜਾਣੀ ਚਾਹੀਦੀ। ਬਲਕਿ ਸਮਾਜਿਕ ਵਿਵਸਥਾ 'ਚ ਹੀ ਇਹ ਤਾਕਤ ਹੋਣੀ ਚਾਹੀਦੀ ਹੈ ਜੋ ਉਨ੍ਹਾਂ ਨੂੰ ਤਾਕਤ ਦੇਣਾ ਪੈਨਸ਼ਨ ਤੋ ਲਾਭ ਲੈਣ ਵਾਲਿਆਂ ਲਈ ਅੰਸ਼ਦਾਨ ਲੈਣਾ ਰਾਜ ਵਲੋਂ ਚਲ ਰਹੀ ਪੈਨਸ਼ਨ ਯੋਜਨਾ 'ਚ ਇਕ ਰਾਹ ਜਰੂਰ ਹੈ। ਪਰ ਬੇਹਤਰ ਇਹੀ ਹੈ ਕਿ ਰਾਜ ਖੁਦ ਐਸੀ ਕਿਸੇ ਯੋਜਨਾ ਲਈ ਵਸੀਲੇ ਜੁਟਾਵੇ। ਪੈਨਸ਼ਨ ਦੇਣ ਲਈ ਅੰਸ਼ਦਾਨ ਦੀ ਸ਼ਰਤ ਲਾਗੂ ਕਰਨਾ ਨਾ ਸਿਰਫ ਅਨਿਆ ਹੋਵੇਗਾ ਬਲਕਿ ਪੈਨਸ਼ਨ ਦੇ ਅਧਿਕਾਰ ਨੂੰ ਹੀ ਨੁਕਸਾਨ ਪਹੁੰਚਾਏਗਾ। ਇਹ ਪੁਛਿਆ ਜਾ ਸਕਦਾ ਹੈ ਕਿ ਸੁਮਚੇ ਪਾਲਣ-ਪੋਸ਼ਣ ਦਾ ਸਹੀ

ਅਧਾਰ ਕੀ ਹੈ। ਇਸ ਵੱਖ-ਵੱਖ ਦੋ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾ ਉਹ ਜੋ ਅਕਸਰ ਕੌਮਾਂਤਰੀ ਬਹਿਸਾਂ 'ਚ ਉਠਦਾ ਹੈ ਕਿ ਗਰੀਬੀ ਦੂਰ ਕਰਨ ਦੇ ਲਿਹਾਜ ਨਾਲ 'ਸਮੁਚਿਤ' ਦਾ ਪੈਮਾਨਾ ਸਪਸ਼ਟ ਹੋਵੇ। ਅਪਰਾਧਿਕ ਤੌਰ 'ਤੇ ਭਾਰਤ ਦੇ ਸ਼ਹਿਰੀ ਇਲਾਕਿਆ 'ਚ ਪ੍ਰਤੀ ਵਿਅਕਤੀ 2100 ਕੈਲਰੀ ਮੰਨਿਆਂ ਗਿਆ। ਸੰਨ 2009-10 'ਚ ਪ੍ਰਤੀ ਵਿਅਕਤੀ ਦੈਨਿਕ ਖਰਚ 36 ਰੁਪਏ। ਪੇਂਡੂ ਇਲਾਕਿਆਂ 'ਚ ਅਤੇ 65 ਰੁਪਏ ਸ਼ਹਿਰੀ ਇਲਾਕਿਆਂ 'ਚ ਸੀ। ਇਸ ਦੀ ਔਸਤ ਕੱਢੀ ਏ ਤਾਂ ਇਹ 46 ਰੁਪਏ ਬੈਠੇਗੀ। ਅੱਜ ਦੀਆਂ ਕੀਮਤਾਂ ਦੇ ਅਧਾਰ 'ਤੇ ਇਹ ਲਗਭਗ 60 ਰੁਪਏ ਦੇ ਬਰਾਬਰ ਹੋਵੇਗੀ ਅਤੇ ਇਸ ਦੇ ਅਧਾਰ 'ਤੇ ਮਾਸਕ ਪੈਨਸ਼ਨ ਲਗਭਗ 1800 ਰੁਪਏ ਹੋਵੇਗੀ। ਦੂਜਾ ਤਰੀਕਾ ਪੈਨਸ਼ਨ ਪ੍ਰੀਸ਼ਦ ਨਾਲੋਂ ਸੁਝਾਇਆ ਗਿਆ ਹੈ। ਜਿਸ ਨੇ ਜੰਤਰ-ਮੰਤਰ 'ਤੇ ਧਰਨਾ ਆਯੋਜਿਤ ਕੀਤਾ ਸੀ। ਉਸ ਦਾ ਮੰਨਣਾ ਹੈ ਕਿ ਪੈਨਸ਼ਨ ਪਾਉਣ ਵਾਲੇ ਮਜ਼ਦੂਰ ਹਨ ਇਸ ਲਈ ਉਨ੍ਹਾਂ ਨੂੰ ਤਨਖਾਹ ਤੋਂ ਹੋਣ ਵਾਲੀ ਆਮਦਨ ਦੇ ਬਰਾਬਰ ਪੈਨਸ਼ਨ ਮਿਲਣੀ ਚਾਹੀਦੀ ਹੈ। ਵੱਖ ਵੱਖ ਰਾਜਾਂ ਵਿਚ ਘਟੋ ਘੱਟ ਤਨਖਾਹ ਦੀਆਂ ਵੱਖ ਵੱਖ ਦਰਾਂ ਹਨ। ਉਨ੍ਹਾਂ ਨੂੰ ਜੇ ਮਿਲਾ ਲਿਆ ਜਾਵੇ ਤਾਂ ਮੋਟੇ ਤੌਰ 'ਤੇ ਪੈਨਸ਼ਨ ਬਣਦੀ ਹੈ, ਉਹ ਅੱਜ ਦੀਆਂ ਕੀਮਤਾਂ ਅਨੁਸਾਰ 2000 ਰੁਪਏ ਹੋਵੇਗੀ। ਇਹ ਤਰੀਕਾ ਵੀ ਮੱਹਤਵਪੂਰਨ ਹੈ।

ਮੁੱਦਾ ਇਹ ਨਹੀਂ ਕਿ ਦੋਨਾ ਤਰੀਕਿਆਂ 'ਚੋਂ ਕਿਸ ਨੂੰ ਮਾਨਤਾ ਦਿਤੀ ਜਾਵੇ ਪਰ ਮਾਸਕ ਪੈਨਸ਼ਨ ਫਿਲਹਾਲ ਦਿਤੇ ਜਾ ਰਹੇ 200 ਰੁਪਏ ਦੀ ਮੁਲ ਤੋਂ ਵੱਧ ਤਾਂ ਹੋਣੀ ਹੀ ਚਾਹੀਦੀ ਹੈ। ਪੈਨਸ਼ਨ ਪ੍ਰੀਸ਼ਦ ਅਨੁਸਾਰ ਪੈਨਸ਼ਨ ਲਈ ਮਰਦਾਂ ਦੀ ਉਮਰ 55 ਸਾਲਾ ਔਰਤਾਂ ਦੀ 50 ਸਾਲ ਤੇ ਦੂਜੇ ਘਾਟੇ ਦੇ ਸ਼ਿਕਾਰ ਵਰਗਾਂ ਲਈ 45 ਸਾਲ ਹੋਣੀ ਚਾਹੀਦੀ ਹੈ। ਕੌਮਾਤਰੀ ਤੌਰ 'ਤੇ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਇਸ ਨੂੰ 60 ਸਾਲ ਹੀ ਮੰਨਿਆ ਗਿਆ ਹੈ। ਪ੍ਰੀਸ਼ਦ ਦਾ ਅਨੁਮਾਨ ਹੈ ਕਿ ਇਸ ਉਮਰ ਦੇ ਦਾਇਰੇ 'ਚ ਦਸ ਕਰੋੜ ਲੋਕ ਹਨ। ਜੇ ਉਮਰ ਵਧਾ ਕੇ 60 ਸਾਲ ਕਰ ਦਿਤੀ ਜਾਂਦੀ ਹੈ ਤਾਂ 8 ਕਰੋੜ ਲੋਕਾਂ ਦਾ ਫਿਕਰ ਕਰਨਾ ਹੋਵੇਗਾ-ਇਹ ਵੀ ਪ੍ਰਤੀ ਵਿਅਕਤੀ ਮਾਸਕ ਦੋ ਹਜ਼ਾਰ ਰੁਪਏ ਦੇ ਅਧਾਰ 'ਤੇ ਹੁਣ ਸੁਆਲ ਇਹ ਹੈ ਕਿ ਇਸ ਲਈ ਵਸੀਲੇ ਕਿਵੇਂ ਇਕਠੇ ਕੀਤੇ ਜਾਣ। ਇਨ੍ਹਾਂ ਨੂੰ ਪੈਦਾ ਕੀਤਾ ਜਾ ਸਕਦਾ ਹੈ ਬਸ਼ਰਤੇ ਆਰਥਕ ਵਿਕਾਸ ਦੀ ਦਰ ਨੂੰ ਧਿਆਨ 'ਚ ਰੱਖਿਆ ਜਾਵੇ। ਕੇਂਦਰ ਸਰਕਾਰ ਇਹ ਕਹਿੰਦਿਆਂ ਨਹੀਂ ਥਕਦੀ ਕਿ ਦਰ ਲਗਭਗ 8 ਫੀਸਦੀ ਹੈ। ਪ੍ਰਤੀ ਵਿਅਕਤੀ ਦਰ ਨਾਲ ਵੇਖੀਏ ਤਾਂ ਇਹ ਛੇ ਫੀਸਦੀ ਤੋਂ ਵੱਧ ਹੈ।

ਵਸੀਲਿਆ ਨੂੰ ਪੈਦਾ ਕਰਨ ਲਈ ਪ੍ਰਤੀ ਵਿਅਕਤੀ ਆਮਦਨਾ 'ਚ ਇਕ ਤਿਹਾਈ ਵਾਧਾ ਕਰਨ ਦੀ ਲੋੜ ਹੈ। ਯਾਨੀ ਇਕ ਔਸਤ ਭਾਰਤੀ ਪ੍ਰਤੀ ਵਿਆਕਤੀ ਆਮਦਨ 'ਚ ਇਕ ਸਾਲ ਦਾ ਵਾਧਾ ਕਰਨ ਨਾਲ ਸਰਭਵਿਆਪੀ ਪੈਨਸ਼ਨ ਯੋਜਨਾ ਅਮਲ 'ਚ ਆ ਸਕਦੀ ਹੈ। ਬਸ਼ਰਤੇ ਕੇਂਦਰ ਹਰ ਸਾਲ ਪੰਜ ਲੱਖ ਕਰੋੜ ਰੁਪਏ ਦੇਵੇ ਇਨ੍ਹਾਂ ਵਸੀਲਿਆਂ ਨੂੰ ਪੈਦਾ ਕਰਨ ਲਈ ਨੈਸ਼ਨਲ ਕਮਿਸ਼ਨ ਫਾਰ ਇੰਟਫਪ੍ਰਾਈਜੇਜ਼ ਇਨ ਦ ਅਨਆਰਗੇਨਾਈਜਡ ਸੈਕਟਰ (NCEUS) ਨੇ ਸਲਾਹ ਦਿੱਤੀ ਸੀ ਕਿ ਬੇਹਤਰ ਸਮਾਜਕ ਸੁਰਖਿਆ ਯੋਜਨਾ ਦੀ ਲਾਗਤ ਕੁਲ ਘਰੇਲੂ ਪੈਦਾਵਾਰ ਦਾ ਸਿਰਫ 0.5 ਫੀਸਦੀ ਹੋਵੇਗੀ। ਉਸ ਦੇ ਲਈ ਕਈ ਤਰ੍ਹਾਂ ਨਾਲ ਲੇਵੀ ਲਾਈ ਜਾ ਸਕਦੀ ਹੈ।

ਕੌਮਾਂਤਰੀ ਸੰਮੇਲਨਾ 'ਚ ਇਸ ਗੱਲ 'ਤੇ ਜ਼ੋਰ ਰਿਹਾ ਹੈ ਕਿ ਇਕ ਤਰ੍ਹਾਂ ਦਾ ਟੋਬਿਨ ਟੈਕਸ (ਇਕ ਫੀਸਦੀ) ਤੇ ਆਮਦਨ ਟੈਕਸ (ਕਮਾਈ ਤੇ ਦੋ ਫੀਸਦੀ) ਲਾਇਆ ਜਾਵੇ ਜਿਸ ਨਾਲ ਕੁਲ 250 ਬਿਲੀਅਨ ਡਾਲਰ ਇੱਕਠੇ ਹੋਣਗੇ। ਉਹਨਾਂ ਵਿਕਸਤ ਦੇਸ਼ਾਂ ਵਿਚ ਇਹ ਹਾਸਲ ਹੋਵੇਗਾ ਜਿਥੇ ਵਿਰੁਧ ਅਵਸਥਾ 65 ਸਾਲ ਦੀ ਉਮਰ ਹੈ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਵੀ ਜਿਥੇ 60 ਦੀ ਉਮਰ ਹੈ। ਅੱਜ ਲੋੜ ਹੈ ਸਰਕਾਰ 'ਤੇ ਇਸ ਗੱਲ ਲਈ ਦਬਾਅ ਪਾਇਆ ਜਾਵੇ ਕਿ ਸਰਬ ਵਿਆਪੀ ਬਿਰਧ ਅਵਸਥਾ ਪੈਨਸ਼ਨ ਯੋਜਨਾ ਜਲਦੀ ਤੋਂ ਜਲਦੀ ਅਮਲ 'ਚ ਲਿਆਦੀ ਜਾਵੇ।

# ਕੀ ਹੈ ਡੂੰਘਾ ਹੁੰਦਾ ਆਰਥਿਕ ਸੰਕਟ ਤੇ ਵਧਦਾ ਹੋਇਆ ਰਾਜਸੀ ਸੰਕਟ?

ਜਿਵੇਂ ਜਿਵੇਂ ਵਿਸ਼ਵ ਵਿਆਪੀ ਆਰਥਿਕ ਸੰਕਟ ਵੱਧਦਾ ਜਾ ਰਿਹਾ ਹੈ ਅਤੇ ਆਪਣੇ ਆਪ ਨੂੰ ਨਵੇਂ ਨਵੇਂ ਰੂਪਾਂ ਤੇ ਖੇਤਰਾਂ 'ਚ ਉਜਾਗਰ ਕਰ ਰਿਹਾ ਹੈ, ਤਿਵੇਂ ਤਿਵੇਂ ਪੂੰਜੀਵਾਦ ਬਾਰੇ ਪਿਛਲੇ ਚਾਰ-ਪੰਜ ਦਹਾਕਿਆਂ ਵਿੱਚ ਘਟੀਆਂ ਮਿੱਥਾਂ ਇੱਕ ਇੱਕ ਕਰਕੇ ਟੁੱਟ ਰਹੀਆਂ ਹਨ। ਢਹਿੰਦਾ ਹੋਇਆ ਪੂੰਜੀਵਾਦੀ ਸਮਾਜ ਪੂਰੀ ਮਾਨਵ ਜਾਤੀ ਲਈ ਕਿੰਨੇ ਵੱਡੇ ਸੰਕਟ ਪੈਦਾ ਕਰ ਸਕਦਾ ਹੈ ਇਸ ਦੀ ਗਵਾਹ ਵੀਹਵੀ ਸਦੀ ਬਹੁਤ ਅੱਛੇ ਢੰਗ ਨਾਲ ਰਹੀ ਹੈ। ਵੀਹਵੀ ਸਦੀ 'ਚ ਹੋਈਆਂ ਦੋਨੋਂ ਸੰਸਾਰ ਜੰਗਾਂ ਨੇ ਮਾਨਵ ਸਮਾਜ ਦੇ ਸਾਹਮਣੇ ਇਸ ਗੱਲ ਨੂੰ ਪੇਸ਼ ਕਰ ਦਿੱਤਾ ਸੀ ਕਿ ਸੜਦਾ ਹੋਇਆ, ਗਲਦਾ ਹੋਇਆ ਪੂੰਜੀਵਾਦ ਕਰ ਕੀ ਸਕਦਾ ਹੈ ਅਤੇ ਕਿੱਥੋਂ ਤੱਕ ਜਾ ਸਕਦਾ ਹੈ। ਅਜਿਹੇ 'ਚ ਮੌਜੂਦਾ ਡੂੰਘਾ ਹੁੰਦਾ ਆਰਥਿਕ ਸੰਕਟ ਨਿਕਟ ਭਵਿੱਖ 'ਚ ਕਿੱਥੇ ਲੈ ਜਾ ਸਕਦਾ ਅਨੁਮਾਨ ਲਾਉਣਾ ਮੁਸ਼ਕਲ ਨਹੀਂ ਹੈ। ਹਾਲ ਦੇ ਸਾਲਾਂ 'ਚ ਸਾਮਰਾਜੀ ਦੇਸ਼ਾਂ ਵਿਚਕਾਰ ਮੁੱਖ ਤੌਰ 'ਤੇ ਮਿਲੀਭੁਗਤ, ਸੁਲਾਹ ਦਾ ਪੱਖ ਹਾਵੀ ਰਿਹਾ ਹੈ ਤੇ ਕੋਈ ਇਹ ਨਹੀਂ ਕਹਿ ਸਕਦਾ ਕਿ ਇਹ ਪੜਾਅ ਕਦੋਂ ਕਲੇਸ਼ ਤੇ ਖੁੱਲ੍ਹੀ ਨੰਗੀ ਚਿੱਟੀ ਹੋੜ 'ਚ ਨਹੀਂ ਤਬਦੀਲ ਹੋ ਜਾਵੇਗਾ ਜਾਂ ਦੂਜੇ ਸ਼ਬਦਾਂ 'ਚ ਵੀਹਵੀਂ ਸਦੀ ਤੋਂ ਪਹਿਲਾਂ ਤੇ ਦੂਜੀ ਸੰਸਾਰ ਜੰਗ ਮੁੜ ਸੁਰਜੀਤੀ ਨਹੀਂ ਹੋ ਸਕਦੀ। ਕੋਈ ਕਹਿ ਨਹੀਂ ਸਕਦਾ ਹੈ ਕਿ ਕਦੋਂ ਲੁਟੇਰਿਆਂ ਦੀ ਏਕਤਾ ਭੰਗ ਹੋ ਜਾਵੇ ਤੇ ਕਦੋਂ ਉਹ ਲੁੱਟ ਦੇ ਮਾਲ ਦੇ ਬਟਵਾਰੇ ਸਬੰਧੀ ਲੜਨਾ ਸ਼ੁਰੂ ਕਰ ਦੇਣ। ਡੂੰਘਾ ਹੁੰਦਾ ਵਿਸ਼ਵੀ ਆਰਥਿਕ ਸੰਕਟ ਤੇ ਉਸ ਦੇ ਨਾਲ ਨਾਲ ਵਧਦਾ ਜਾ ਰਿਹਾ ਰਾਜਸੀ ਸੰਕਟ ਜਿੱਥੇ ਇਸ ਦੀ ਜ਼ਮੀਨ ਤਿਆਰ ਕਰ ਰਿਹਾ ਹੈ ਉਥੇ ਅਮਰੀਕਾ, ਰੂਸ, ਫ੍ਰਾਂਸ, ਬ੍ਰਿਟੇਨ ਵਰਗੀਆਂ ਮੁੱਖ ਸਾਮਰਾਜੀ ਸ਼ਕਤੀਆਂ ਦਿਨੋਂ ਦਿਨ ਆਪਣੇ ਆਪ ਨੂੰ ਅਤੀ ਆਧੁਨਿਕ ਹਥਿਆਰਾਂ ਨਾਲ ਲੈਸ ਕਰਦੀ ਜਾ ਰਹੀ ਹੈ। ਦੂਜੀ ਸੰਸਾਰ ਜੰਗ 'ਚ ਜਿਸ 'ਚ ਪੰਜ ਕਰੋੜ ਤੋਂ ਵੱਧ ਲੋਕ ਮਾਰੇ ਗਏ ਸਨ, ਉਸ ਸਮੇਂ ਦੇ ਹਤਿਆਰਿਆਂ ਅਤੇ ਜੰਗ ਦੀ ਸਥਿਤੀ ਦੇ ਮੁਕਾਬਲੇ ਅੱਜ ਦੁਨੀਆ ਹੋਰ ਭਿਆਨਕ ਮੋੜ 'ਤੇ ਖੜ੍ਹੀ ਹੈ। ਅਮਰੀਕਾ, ਫ੍ਰਾਂਸ, ਬ੍ਰਿਟੇਨ ਵਰਗੇ ਦੇਸ਼ਾਂ ਦੀ ਗੱਲ ਛੱਡ ਦੇਈਏ ਤਾਂ ਚੀਨ, ਭਾਰਤ, ਇਜ਼ਰਾਇਲ ਵਰਗੇ ਦੇਸ਼ਾਂ ਦੀ ਭਾਰੀ ਤਬਾਹੀ ਫੈਲਾਉਣ ਵਾਲੇ ਹਥਿਆਰਾਂ ਨਾਲ ਲੈਸ ਹੈ। ਚੀਨ, ਭਾਰਤ, ਇਜ਼ਰਾਇਲ ਦਾ ਹਥਿਆਰ ਉਦਯੋਗ ਖਤਰਨਾਕ ਢੰਗ ਨਾਲ ਵਿਕਸਤ ਹੋ ਰਿਹਾ ਹੈ ਤੇ ਜੰਗ ਦੀਆਂ ਤਿਆਰੀਆਂ 'ਚ ਲੱਗੇ ਇਹ ਦੇਸ਼ ਕਦੋਂ ਖੁੱਲ੍ਹੇ ਤੇ ਵਿਨਾਸ਼ਕਾਰੀ ਯੁੱਧ 'ਚ ਕੁਦ ਪੈਣਗੇ ਇਸ ਦਾ ਅਨੁਮਾਨ ਇਹ ਵੀ ਨਹੀਂ ਲਾ ਸਕਦੇ। ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਵਾਲੀ ਇਕੋ ਇੱਕ ਤਾਕਤ ਦੁਨੀਆਂ ਦੇ ਮੇਹਨਤਕਸ਼ ਲੋਕ ਹਨ ਤੇ ਭਵਿੱਖ 'ਚ ਵੀ ਹਮੇਸ਼ਾ ਰਹੇਗੀ ਤੇ

ਇਹ ਲੋਕਾਂ ਦਾ ਦਬਾਅ ਹੈ ਕਿ ਅਮਰੀਕਾ ਵਰਗੀ ਖਤਰਨਾਕ ਮੰਸੂਬਿਆਂ ਨਾਲ ਲੈਸ ਸਾਮਰਾਜੀ ਤਾਕਤ ਨੂੰ ਇਰਾਕ, ਅਫ਼ਗਾਨਿਸਤਾਨ ਤੋਂ ਕਿਸੇ ਨਾ ਕਿਸੇ ਰੂਪ 'ਚ ਪਿੱਛੇ ਹਟਣਾ ਪੈ ਰਿਹਾ ਹੈ। ਹਾਲਾਂਕਿ ਦਿਉ ਕਦ ਅਮਰੀਕੀ ਹਾਕਮਾਂ ਨੇ ਇਨ੍ਹਾਂ ਦੇਸ਼ਾਂ ਵਿੱਚ ਆਪਣੇ ਸਥਾਈ ਤੇ ਵਿਸ਼ਾਲ ਫੌਜੀ ਅੱਡੇ ਹੀ ਕਾਇਮ ਨਹੀਂ ਕੀਤੇ ਬਲਕਿ ਉਥੋਂ ਦੇ ਕੁਦਰਤੀ ਵਸੀਲਿਆਂ ਤੇ ਕਬਜ਼ੇ ਸਮੇਤ ਪੂਰੀ ਵਿਵਸਥਾ ਨੂੰ ਆਪਣੀਆਂ ਇੱਛਾਵਾਂ ਦੇ ਅਨੁਕੂਲ ਢਾਲਣ 'ਚ ਲੱਗੇ ਹੋਏ ਹਨ। ਪੂਰੀ ਦੁਨੀਆ ਦੀ ਮੇਹਨਤਕਸ਼ ਜਨਤਾ ਹੀ ਉਹ ਮੁਖ ਸ਼ਕਤੀ ਨਹੀਂ ਹੈ ਜਿਸ ਨੇ ਵਾਰ ਵਾਰ ਜੰਗ ਦੇ ਕੰਢੇ ਪੁੱਜੀ ਦੁਨੀਆ ਨੂੰ ਬਚਾਇਆ ਹੈ ਅਤੇ ਅਜਿਹਾ ਅਸੀਂ ਦੂਜੀ ਸੰਸਾਰ ਜੰਗ ਤੋਂ ਫੌਰੀ ਪਿੱਛੇ ਪੈਦਾ ਹੋਏ ਕੋਰੀਆਈ ਸੰਕਟ, ਕਿਊਬਾ, ਵਿਅਤਨਾਮ ਦੇ ਸਮੇਂ ਵੇਖ ਸਕਦੇ ਹਾਂ ਅਤੇ ਅੱਜ ਵੀ ਉਹ ਲੋਕ ਮੁਖ ਸ਼ਕਤੀ ਹਨ ਜੋ ਡੂੰਘੇ ਹੁੰਦੇ ਆਰਥਿਕ ਸੰਕਟ ਤੇ ਵਧਦੇ ਰਾਜਸੀ ਸੰਕਟ ਵਿੱਚ 'ਚ ਹਵਾ ਦੇ ਰੁਖ ਨੂੰ ਮੋੜ ਸਕਦੀ ਹੈ। ਜ਼ਾਹਿਰ ਹੈ ਕਿ ਅੱਜ ਹਵਾ ਦੇ ਰੁਖ ਨੂੰ ਸਿਰਫ਼ ਕੁਝ ਜੰਗ ਵਿਰੋਧੀ ਮੁਜਾਹਰਿਆਂ ਵੱਡੀਆਂ ਵੱਡੀਆਂ ਸ਼ਾਂਤੀ ਰੈਲੀਆਂ ਜਾਂ ਚੋਣਾਂ 'ਚ ਕਿਸ ਪਾਰਟੀ ਨੂੰ ਹਰਾਉਣ ਜਾਂ ਜਿਤਾਉਣ ਨਾਲ ਨਹੀਂ ਬਦਲਿਆ ਜਾ ਸਕਦਾ ਹੈ ਡੂੰਘੇ ਆਰਥਿਕ ਤੇ ਵਧਦੇ ਰਾਜਸੀ ਸੰਕਟ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਦੁਨੀਆਂ ਦੇ ਮਜ਼ਦੂਰ, ਮੇਹਨਤਕਸ਼ ਤੇ ਅਨਿਸ਼ਚਿਤ ਤੇ ਅਸੁਰੱਖਿਅਤ ਭਵਿੱਖ ਦੀ ਸ਼ਿਕਾਰ ਨੌਜਵਾਨ ਪੀੜ੍ਹੀ ਹੋ ਰਹੀ ਹੈ। ਸਮੁੱਚੀ ਪੂੰਜੀਵਾਦੀ ਵਿਵਸਥਾ ਦਾ ਸੰਕਟ ਦਾ ਸ਼ਿਕਾਰ ਹੁੰਦੇ ਜਾਣਾ ਦਰਸਾਉਂਦਾ ਹੈ ਕਿ ਹੁਣ ਧਰਤੀ ਦਾ ਕੋਈ ਅਜਿਹਾ ਕੋਨਾ ਨਹੀਂ ਬਚਿਆ ਹੈ ਜੋ ਇਸ ਦੀ ਜਦ ਵਿੱਚ ਨਹੀਂ ਹੈ। ਚੀਨ, ਬ੍ਰਾਜੀਲ, ਰੂਸ, ਭਾਰਤ ਤੇ ਦੱਖਣੀ ਅਫਰੀਕਾ ਜਿਨ੍ਹਾਂ ਨੂੰ ਉਭਰਦੇ ਅਰਥਚਾਰੇ 'ਵਿਸ਼ਵ ਅਰਥਚਾਰੇ ਦੇ ਇੰਜਣ' ਜਿਸੇ ਨਾਵਾਂ ਨਾਲ ਨਿਵਾਜਿਆ ਜਾ ਸਕਦਾ ਸੀ। ਉਹ ਹਫ਼ਨ ਲੱਗੇ ਹਨ, ਇਨ੍ਹਾਂ ਦਾ ਸਾਹ ਉਖੜ ਰਿਹਾ ਹੈ। ਇਨ੍ਹਾਂ ਦੇਸ਼ਾਂ ਦਾ ਸੰਕਟ ਦੀ ਮਾਰ ਹੇਠ ਆਉਣਾ ਪੂੰਜੀਵਾਦੀ ਦੁਨੀਆਂ 'ਚ ਭਾਰੀ ਉਥਲ ਪੁਥਲ ਨੂੰ ਜਨਮ ਦੇ ਸਕਦਾ ਹੈ। ਵਿਸ਼ਾਲ ਆਬਾਦੀ ਵਾਲੇ ਦੇਸ਼ਾਂ 'ਚ 2011-12 ਦਾ ਅਰਬ ਤੇ ਦੱਖਣੀ ਯੂਰਪ ਦਾ ਜਿਹੋ ਜਿਹਾ ਸੰਕਟ ਉਨ੍ਹਾਂ ਚਾਲਬਾਜੀਆਂ, ਤਿਕੜਮਾ, ਨੀਮ-ਹਕੀਮੀ ਨੁਸਖਿਆਂ ਨਾਲ ਸੰਭਾਲਿਆਂ ਵੀ ਨਹੀਂ ਸੰਭਲੇਗਾ ਜਿਸ ਨਾਲ ਅੱਜ ਅਮਰੀਕਾ ਦੀ ਅਗਵਾਈ 'ਚ ਸਾਮਰਾਜੀ ਤਾਕਤਾਂ ਤੇ ਸੰਸਥਾਵਾਂ ਅਰਬ ਤੇ ਯੂਰਪ 'ਚ ਕੋਸ਼ਿਸ਼ਾਂ ਕਰ ਰਹੀਆਂ ਹਨ। ਯਾਨੀ ਮੌਜੂਦਾ ਡੂੰਘਾ ਹੁੰਦਾ ਆਰਥਿਕ ਸੰਕਟ ਤੇ ਵਧਦਾ ਰਾਜਸੀ ਸੰਕਟ ਪੂੰਜੀਵਾਦੀ ਦੁਨੀਆਂ ਦੇ ਹਾਕਮਾਂ ਤੇ ਚਿੰਤਕਾਂ ਦੇ ਦਿਵਾਲੀਆਪਣ ਨੂੰ ਹੋਰ ਵੱਧ ਉਜਾਗਰ ਕਰੇਗਾ। ਮੂਰਖ ਤੇ ਜਾਲਮ ਹਾਕਮਾਂ ਨੂੰ ਬੇਪੜਦ ਕਰਨ ਵਾਲੀਆਂ ਕਈ ਘਟਨਾਵਾਂ ਨੇੜ ਭਵਿੱਖ 'ਚ ਸਾਹਮਣੇ ਆਉਣ ਵਾਲੀਆਂ ਹਨ। ਗ੍ਰੀਸ ਦਾ ਸਿਰਫ਼ ਇੱਕ ਵੰਨਗੀ ਹੈ। ਡੂੰਘਾ ਹੁੰਦਾ ਵਿਸ਼ਵ ਵਿਆਪੀ ਆਰਥਿਕ ਸੰਕਟ ਤੇ ਵਧਦਾ ਰਾਜਸੀ ਸੰਕਟ ਦੁਨੀਆਂ ਦੇ ਮਜ਼ਦੂਰਾਂ ਤੇ ਮੇਹਨਤਕਸ਼ਾਂ ਨੂੰ ਜਿਥੇ ਇੱਕ ਪਾਸੇ ਕਸ਼ਟ, ਦੁੱਖ ਤੇ ਜਹਾਲਤ ਵਿੱਚ ਧੱਕ ਰਿਹਾ ਹੈ ਉਥੇ ਦੂਜੇ ਪਾਸੇ ਉਨ੍ਹਾਂ ਨੂੰ ਪ੍ਰਤੀਰੋਧ, ਸੰਘਰਸ਼ ਤੇ ਉਸ ਤੋਂ ਅੱਗੇ ਵਧ ਕੇ ਨਵਾਂ ਇਤਿਹਾਸ ਸਿਰਜਣ ਵੱਲ ਵੀ ਲਿਜਾ ਰਿਹਾ ਹੈ। ਵੀਹਵੀਂ ਸਦੀ ਸਿਰਫ਼ ਸੰਸਾਰ ਜੰਗਾਂ ਦੀ ਹੀ ਸਦੀ ਨਹੀਂ ਹੈ। ਇਹ ਮਹਾਨ ਸਮਾਜਵਾਦੀ ਇਨਕਲਾਬਾਂ ਦੀ ਵੀ ਸਦੀ ਹੈ। ਰੂਸ ਦੀ ਅਕਤੂਬਰ ਇਨਕਲਾਬ ਤੇ ਉਸ ਪਿੱਛੋਂ ਸਮਾਜਵਾਦੀ ਸਮਾਜ ਦੀ ਉਸਾਰੀ 'ਚ ਮਨੁੱਖ ਜਾਤੀ ਨੂੰ

ਨਿਸ਼ਚਿਤ ਤੌਰ ’ਤੇ ਭਵਿੱਖ ਦਾ ਰਾਹ ਵਿਖਾਇਆ ਸੀ। ਰੂਸ ਤੇ ਚੀਨ ਦੇ ਸਮਾਜਵਾਦੀ ਸਮਾਜ ਦੀ ਤੁਲਨਾ ਉਸਦੇ ਮੌਜੂਦਾ ਤੇ ਬਾਕੀ ਦੇ ਪੂੰਜੀਵਾਦ ਸਮਾਜ ਨਾਲ ਕੀਤੀ ਜਾਵੇ ਤਾਂ ਅਸੀਂ ਵੇਖਾਂਗੇ ਕਿ ਉਹ ਹਰ ਨਜ਼ਰੀਏ ਤੋਂ ਹਰ ਖੇਤਰ ’ਚ ਉਤਮ ਸਨ। ਕਿਸੇ ਵੀ ਮਹਾਨ ਵਿਗਿਆਨਕ ਤਜ਼ਰਬੇ ਵਾਂਗੂੰ ਉਸ ’ਚ ਵੀ ਇਸ ਗੱਲ ਦੀ ਸੰਭਾਵਨਾ ਛੁਪੀ ਸੀ ਕਿ ਉਸ ਨੂੰ ਹੋਰ ਬੇਹਤਰ, ਮਨੁੱਖੀ ਸਮਾਜ ਵੱਲ ਅੱਗੇ ਵਧਾਇਆ ਜਾ ਸਕਦਾ ਸੀ ਪਰ ਖੁਦ ਇਨ੍ਹਾਂ ਦੇਸ਼ਾਂ ’ਚ ਘਾਤਕ ਤੇ ਛਿਪੇ ਪੂੰਜੀਵਾਦੀ ਤੱਤਾਂ ਤੇ ਬਾਕੀ ਦੇ ਪੂੰਜੀਵਾਦੀ ਖਾਸ ਕਰਕੇ ਸਾਮਰਾਜੀ ਸਾਜ਼ਿਸ਼ਾਂ ਨੇ ਇਨ੍ਹਾ ਸਮਾਜਵਾਦੀ ਸਮਾਜਾਂ ਦੇ ਸਾਹਮਣੇ ਚੁਣੌਤੀਆਂ ਪੇਸ਼ ਕੀਤੀਆਂ। ਭਾਵੇਂ ਇਨ੍ਹਾਂ ਦਾ ਬੇਹਤਰ ਢੰਗ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। ਇਨ੍ਹਾਂ ਸਮਾਜਾਂ ਦੀ ਮਹਾਨ ਵਿਰਾਸਤ, ਅਨੁਭਵ ਤੇ ਸਬਕ ਸਾਡੇ ਸਾਹਮਣੇ ਹਨ। ਮਜ਼ਦੂਰ ਜਮਾਤ ਨੂੰ ਇਸ ਨਵੇਂ ਅਧਾਰ ’ਤੇ ਖੜ੍ਹੇ ਹੋ ਕੇ ਭਾਵੀ ਸਮਾਜਵਾਦੀ ਇਨਕਲਾਬਾਂ ਦੀਆਂ ਤਿਆਰੀਆਂ ਕਰਨੀਆਂ ਚਾਹੀਦੀਆਂ ਹਨ। ਪੂੰਜੀਵਾਦੀ ਸਮਾਜ ਜਿਸ ਦਾ ਕੋਈ ਭਵਿੱਖ ਨਹੀਂ ਹੈ ਉਨ੍ਹਾਂ ਨੂੰ ਜਿਨ੍ਹਾਂ ਮਰਜ਼ੀ ਤਰੀਕਿਆਂ ਸੁਧਾਰਾਂ ਨਾਲ ਵੀ ਮਨੁੱਖ ਜਾਤੀ ਲਈ ਬਰਦਾਸ਼ਤ ਨਹੀਂ ਹੋ ਸਕਦਾ। ਇਤਿਹਾਸ ਪੂੰਜੀਵਾਦੀ ਦੁਨੀਆਂ ਦੇ ਹਾਕਮਾਂ ਲਈ ਉਹ ਫੈਸਲਾ ਸੁਣਾ ਰਿਹਾ ਹੈ ਜੋ ਉਸ ਨੇ ਕਦੀ ਜਾਗੀਰੂ ਹਾਕਮਾਂ ਜਾਂ ਦਾਸ ਮਾਲਕਾਂ ਨੂੰ ਸੁਣਾਇਆ ਸੀ।

# ਕੀ ਹੈ ਭਾਰਤ ਦੀ ਰਾਜਨੀਤੀ ’ਤੇ ਵਿਦੇਸ਼ੀ ਕੰਪਨੀਆਂ ਦਾ ਅਸਰ?

ਭਾਰਤ ਦੇ ਸਨਅਤੀ ਘਰਾਣਿਆਂ ਦੀ ਹਮੇਸ਼ਾ ਇਹ ਚਿੰਤਾ ਰਹਿੰਦੀ ਹੈ ਕਿ ਵਿਦੇਸ਼ੀ ਕਾਰਪੋਰੇਟ ਸੈਂਕਟਰ ਕੀ ਸੋਚਦਾ ਹੈ। ਇਹ ਹਾਲਤ ਸਾਡੇ ਦੇਸ਼ ਦੇ ਰਾਜਸੀ ਨੇਤਾਵਾਂ ਦੀ ਵੀ ਹੈ। ਵੋਡਾਫੋਨ ਦੇ ਮਾਮਲੇ ’ਚ ਬ੍ਰਿਟੇਨ ਤੇ ਹਾਲੈਂਡ ’ਚ ਜਬਰਦਸਤ ਪ੍ਰਭਾਵ ਦੀ ਵਰਤੋਂ ਕੀਤੀ ਗਈ। ਸੁਆਲ ਹੈ ਸਾਡੀ ਰਾਜਨੀਤੀ ਇਸ ਤਰ੍ਹਾਂ ਦੇ ਦਬਾਵਾਂ ਹੇਠ ਕਿਸ ਹੱਦ ਤੱਕ ਨਿਰਧਾਰਿਤ ਹੁੰਦੀ ਹੈ? ਹਾਲ ਦੀਆਂ ਅਨੇਕਾਂ ਘਟਨਾਵਾਂ ਇਸ ਗੱਲ ਦੀਆਂ ਗਵਾਹ ਹਨ ਕਿ ਰਾਜਨੀਤੀ ’ਤੇ ਨਿਸਚੇ ਹੀ ਦਬਾਅ ਪਾਇਆ ਜਾਂਦਾ ਹੈ। ਇਰਾਨ ਦੇ ਨਾਲ ਵਪਾਰ ਤੇ ਪ੍ਰਚੂਨ ਕਾਰੋਬਾਰ ਵਿੱਚ ਪ੍ਰਤੱਖ ਵਿਦੇਸ਼ੀ ਨਿਵੇਸ਼ (ਐਫ ਡੀ ਆਈ) ਨਾਲ ਸਬੰਧਤ ਸਰਕਾਰਾਂ ਦੀਆਂ ਨੀਤੀਆਂ ਨੂੰ ਅਸਰ ਅੰਦਾਜ਼ ਕਰਨ ਲਈ ਹਿਲੇਰੀ ਕਲਿੰਟਨ ਦੀ ਭਾਰਤ ਫੇਰੀ (ਅਮਰੀਕਾ ਦੀ ਕ੍ਰੇਡਿਟ ਰੇਟਿੰਗ ਸੰਸਥਾ) ਸਟੈਂਡਰਡ ਐਂਡ ਪਿਉਰ ਵੱਲੋਂ ਭਾਰਤ ਦੀ ਸ਼ਾਖ ਨੂੰ ਘਟਾਇਆ ਜਾਣਾ ਅਤੇ ਏਅਰ ਸੇਲ-ਮੈਕਿਸਸ ਇਕਰਾਰ ਇਸ ਦੀ ਉਦਾਹਰਣਾਂ ਹਨ। ਵਿਦੇਸ਼ੀ ਦਬਾਅ ਦੇ ਅਜਿਹੇ ਹੀ ਮਾਮਲੇ ਹਨ ਜੋ ਸਿੱਧੇ ਤੌਰ ’ਤੇ ਨਜ਼ਰ ਨਹੀਂ ਆਉਂਦੇ ਜਿਵੇਂ ਕਿ ਰੱਖਿਆ ਸੌਦਿਆਂ ਬਾਰੇ (ਯੂਰੋ ਫਾਈਟਰ ਜਹਾਜਾਂ ਦੀ ਖਰੀਦ ਨੂੰ ਨਾਕਾਰ ਦੇਣ ਨਾਲ ਬ੍ਰਿਟੇਨ ਗੁੱਸੇ ਹੋ ਗਿਆ ਸੀ) ਊਰਜਾ ਖੇਤਰ (ਗੈਸ, ਪੈਟਰੋਲਿਅਮ ਤੇਲ ਤੇ ਪ੍ਰਮਾਣੂ ਖੇਤਰ) ’ਚ ਨਿਵੇਸ਼, ਬਾਜ਼ਾਰ ਨੂੰ ਖੋਹਲਣ ਆਦਿ। ਬੋਫਰਸ ਘਟਾਲੇ ਦਾ 1987 ਤੋਂ ਹੁਣ ਤੱਕ ਰਾਜਨੀਤੀ ’ਤੇ ਅਸਰ ਬਣਿਆ ਹੋਇਆ ਹੈ। ਸਵੀਡਨ ਦੀ ਪੁਲਸ ਦੇ ਸਾਬਕਾ ਮੁਖੀ ਸਟੇਨ ਲਿੰਡਸਟ੍ਰਾਮ ਨੇ ਜਿਨ੍ਹਾਂ ਨੇ ਬੋਫਰਸ ਭਾਰਤ ਹਾਵਿਸਜਰ ਤੋਪ ਸੌਦੇ ਦੀ ਜਾਂਚ ਕੀਤੀ ਸੀ, ਪਿੱਛੇ ਜਿਹੇ ਜ਼ੋਰ ਦੇ ਕੇ ਕਿਹਾ ਕਿ ਇਸ ਗੱਲ ਦੇ ਠੋਸ ਸਬੂਤ ਸਨ ਕਿ ਨਹਿਰੂ-ਗਾਂਧੀ ਪਰਿਵਾਰ ਦੇ ਨਜ਼ਦੀਕੀ ਮਿੱਤਰ, ਉਟਾਵਿਓ ਕਵੋਤਰਚੀ ਰਿਸ਼ਵਤ ਹਾਸਲ ਕਰਨ ਵਾਲਿਆਂ ਵਿੱਚੋਂ ਇੱਕ ਸਨ। ਅੰਤਿਮ ਸਮੇਂ ਬੋਫਰਸ ਸੌਦੇ ਨੂੰ ਮੋੜ ਦੇਣ ਵਿੱਚ ਉਨ੍ਹਾਂ ਦੀ ਭੂਮਿਕਾ ਜਗ ਜਾਹਿਰ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਰਕਮ ਦਾ ਭੁਗਤਾਨ ਕੀਤਾ ਗਿਆ ਹੈ ਜਾਂ ਇਹ ਕਿ ਬੋਫਰਸ ਤੋਪਾਂ ਅੱਛੀਆਂ ਹਨ। ਇੱਕੋ ਇੱਕ ਅਣਸੁਲਝਿਆ ਮੁੱਦਾ ਇਹ ਹੈ ਕਿ ਪੈਸੇ ਮਿਲੇ ਕਿਸ ਨੂੰ। ਮਿਸਟਰ ਕਵੋਤਰਾਚੀ ਦੇ ਤਾਕਤਵਰ ਦੋਸਤ ਸਨ, ਇਹ ਗੱਲ ਉਦੋਂ ਹੀ ਪੁਖਤਾ ਹੋ ਗਈ ਸੀ ਜਦ ਉਨ੍ਹਾਂ ਨੇ ਕਾਂਗਰਸ ਦੀ ਹਕੂਮਤ ਸਮੇਂ ਦੇਸ਼ ’ਚੋਂ ਕੱਢ ਕੇ ਭਜਾ ਦਿੱਤਾ ਗਿਆ ਸੀ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਜਾਂਚ ਏਜੰਸੀਆਂ ਵੱਲੋਂ ਕੇਸ ਨੂੰ ਜਾਣ ਬੁੱਝ ਕੇ ਖਰਾਬ ਕੀਤਾ ਗਿਆ ਜਿਸ ਸੀ. ਬੀ. ਆਈ. ਵੀ ਸ਼ਾਮਲ ਰਹੀ ਹੈ ਅਤੇ ਇਸ ਲਈ ਮਲੇਸ਼ੀਆ, ਬ੍ਰਿਟੇਨ ਤੇ ਅਰਜਨਟਾਇਨਾ ਦੀਆਂ ਅਦਾਲਤਾਂ ’ਚ ਹਾਰਨਾ ਪਿਆ। ਉਸ ਖਿਲਾਫ਼ ਜਾਰੀ ਰੈਡ ਕਾਰਨਰ ਨੋਟਿਸ ’ਤੇ ‘ਅਮਲ ਨਹੀਂ ਕੀਤਾ ਜਾ ਸਕਿਆ’ ਕਿਉਂਕਿ ਸਾਡੀਆਂ ਪੁਲਸ ਏਜੰਸੀਆਂ ਉਸ ਨੂੰ ‘ਖੋਜ’ ਨਹੀਂ ਸਕੀਆਂ ਹਾਲਾਂਕਿ ਪੱਤਰਕਾਰਾਂ ਵੱਲੋਂ ਉਨ੍ਹਾਂ ਦੀ ਇੰਟਰਵਿਊ ਕੀਤੀ ਜਾਂਦੀ ਰਹੀ। ਗਵਾਹ ਤੇ ਸਬੂਤ ਉਚੇ ਪੱਧਰ ਦੀ ਲਿਪਾਪੋਚੀ ਵੱਲ ਸੰਕੇਤ ਕਰਦੇ ਹਨ। ਐਮ. ਐਸ.

ਸੋਲੰਕੀ ਨੇ ਉਸ ਸਮੇਂ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਸਨ ਆਣੇ ਕੈਬਨਿਟ ਅਹੁਦੇ ਦੀ ਬਲੀ ਚੜ੍ਹਾ ਦਿੱਤੀ ਪਰ ਇਹ ਉਜਾਗਰ ਨਹੀਂ ਕੀਤਾ ਕਿ ਸਿਵਸ ਵਿਦੇਸ਼ ਮੰਤਰੀ ਦੇ ਨਾਲ ਬੈਠਕ 'ਚ ਸੌਂਪੇ ਗਏ ਕਾਗਜਾਂ 'ਚ ਉਨ੍ਹਾਂ ਕੀ ਲਿਖਿਆ ਸੀ। ਉਸ ਸਮੇਂ ਭਾਰਤੀ ਏਜੰਸੀਆਂ ਵੱਲੋਂ ਬੋਫਰਜ਼ ਭੁਗਤਾਨ ਦੀ ਰਕਮ ਲੱਭਣ ਲਈ ਸਿਵਸ ਬੈਂਕ ਖਾਤਿਆਂ ਦੀ ਜਾਂਚ ਕੀਤੀ ਸੀ। ਕੀ ਕਿਸੇ ਆਮ ਜਨਤਾ ਲਈ ਰਾਜਸੀ ਕੈਰੀਅਰ ਨੂੰ ਇਸ ਤਰ੍ਹਾਂ ਦਾਅ 'ਤੇ ਲਾਇਆ ਜਾ ਸਕਦਾ ਹੈ। ਜੇ ਰਜੀਵ ਗਾਂਧੀ ਨੇ ਪੈਸਾ ਨਹੀਂ ਲਿਆ ਸੀ ਤਾਂ ਕਿਸ ਨੇ ਲਿਆ ਸੀ ਅਤੇ ਜਾਂਚ ਏਜੰਸੀਆਂ ਨੇ ਮਾਮਲੇ ਨੂੰ ਖਰਾਬ ਕਿਉਂ ਕੀਤਾ। ਇਸ ਸੁਆਲ ਦਾ ਜੁਆਬ ਸਾਫ਼ ਕਰਨ ਲਈ ਜਾਂਚ ਜ਼ਰੂਰੀ ਹੈ। ਪ੍ਰਧਾਨ ਮੰਤਰੀ ਦਫ਼ਤਰ ਦੇ ਇੱਕ ਸਾਬਕਾ ਮੰਤਰੀ ਨੇ ਕਾਲੇ ਅਰਥਚਾਰੇ ਬਾਰੇ ਇੱਕ ਇੰਟਰਵਿਊ 'ਚ ਇਸ ਦਾ ਜ਼ਿਕਰ ਕੀਤਾ ਸੀ ਕਿ ਜਦ ਉਹ ਬੋਫਰਜ਼ ਦੀ ਫਾਇਲ ਲੈ ਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਕੋਲ ਗਏ ਤਾਂ ਉਨ੍ਹਾਂ ਨੂੰ ਫਾਇਲ ਬੰਦ ਕਰਨ ਲਈ ਕਿਹਾ ਗਿਆ ਸੀ ਕਿਉਂਕਿ ਇਸ ਨਾਲ ਉਨ੍ਹਾਂ ਦਾ ਜੀਵਨ ਖਤਰੇ 'ਚ ਪੈ ਸਕਦਾ ਸੀ। ਇਸ 'ਚ ਕੋਈ ਹੈਰਾਨੀ ਨਹੀਂ ਕਿ ਕਿਸੇ ਵੀ ਗੈਰ ਕਾਂਗਰਸੀ ਪ੍ਰਧਾਨ ਮੰਤਰੀ ਨੇ ਜਾਂਚ ਨੂੰ ਲੀਹ 'ਤੇ ਲਿਆਉਣ ਲਈ ਜਾਂਚ ਦੀ ਦਿਸ਼ਾ ਨੂੰ ਬਦਲਿਆ ਨਹੀਂ ਤੇ ਕਿਸੇ ਵੀ ਪ੍ਰਧਾਨ ਮੰਤਰੀ ਨੇ ਇਹ ਨਹੀਂ ਚਾਹਿਆ ਕਿ ਸੱਚ ਸਾਹਮਣੇ ਆਵੇ। ਰਿਸ਼ਵਤ ਦੁਨੀਆ ਭਰ 'ਚ ਆਮ ਹੈ। ਸਵੀਡਨ ਦੀ ਗਿਣਤੀ ਦੁਨੀਆਂ ਦੇ ਸਭ ਤੋਂ ਘੱਟ ਭਰਿਸ਼ਟ ਦੇਸ਼ਾਂ 'ਚ ਹੁੰਦੀ ਹੈ। ਪਰ ਉਥੋਂ ਦੇ ਕਾਰਪੋਰੇਟਾਂ ਨੇ ਵੀ ਠੇਕਾ ਹਾਸਲ ਕਰਨ ਲਈ ਰਿਸ਼ਵਤ ਦਿੱਤੀ ਹੈ ਜਿਵੇਂ ਕਿ ਬੋਫਰਜ਼ ਕੇਸ ਦਿਖਾਉਂਦਾ ਹੈ। ਅਮਰੀਕਾ ਸਥਿਤ ਬਹੁਕੌਮੀ ਕੰਪਨੀਆਂ ਵੱਲੋਂ ਰਿਸ਼ਵਤ ਦਾ ਸਹਾਰਾ ਲਿਆ ਜਾਂਦਾ ਹੈ। ਬਾਵਜੂਦ ਇਸਦੇ ਉਸ ਦੇਸ਼ ਦੇ ਕਾਨੂੰਨ ਦੇ ਤਹਿਤ ਅਜਿਹਾ ਕਰਨਾ ਗੈਰ ਕਾਨੂੰਨੀ ਹੈ। ਹਾਲ ਹੀ ਵਿੱਚ, ਵਾਲਮਾਰਟ ਨੇ ਮੰਨਿਆ ਹੈ ਕਿ ਉਸ ਨੇ ਰਿਸ਼ਵਤ ਰਾਹੀਂ ਮੈਕਸਿਕੋ 'ਚ ਆਪਣਾ ਰਾਹ ਬਣਾਇਆ ਹੈ। ਜਦ ਇਸ ਦੇ ਉਚ ਪੱਧਰੀ ਪ੍ਰਬੰਧਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੋਈ ਤਾਂ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ ਦੀ ਬਜਾਏ ਅੰਦਰੂਨੀ ਜਾਂਚ ਨੂੰ ਹੀ ਬੰਦ ਕਰ ਦਿੱਤਾ। ਉਥੇ ਵਾਲਮਾਰਟ ਹੁਣ ਭਾਰਤ 'ਚ ਘੁਸਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਰਤ ਫੇਰੀ ਦੌਰਾਨ ਮਿਸੇਸ ਕਲਿੰਟਨ ਦੇ ਏਜੰਡੇ 'ਚ ਵਿਦੇਸ਼ੀ ਮੁਦਰਾ ਵਪਾਰ ਲਈ ਆਪਣੇ ਦਰਵਾਜ਼ੇ ਨੂੰ ਖੋਹਲਣ ਲਈ ਭਾਰਤ ਨੂੰ 'ਮਨਾਉਣਾ' ਵੀ ਸ਼ਾਮਲ ਸੀ। ਇੱਕੋ ਇੱਕ ਮੁੱਖ ਮੰਤਰੀ ਜਿਸ ਨਾਲ ਉਨ੍ਹਾਂ ਭੇਂਟ ਕੀਤੀ ਉਹ ਪ੍ਰਚੂਨ ਵਪਾਰ ਦੇ ਸਿੱਧੇ ਵਿਦੇਸ਼ੀ ਨਿਵੇਸ਼ ਦਾ ਵਿਰੋਧ ਕਰਨ ਵਾਲੀ ਯੂ. ਪੀ. ਏ. ਸਰਕਾਰ ਦੀ ਅਹਿਮ ਪਾਰਟਨਰ ਮਮਤਾ ਬੈਨਰਜੀ ਸੀ। ਇਹ ਉਸ ਸਮੇਂ ਦੀ ਯਾਦ ਦਿਵਾਉਂਦਾ ਹੈ ਜਦ ਹੇਨਰੀ ਕਿਸਿੰਜਰ ਅਤੇ ਊਰਜਾ ਤੇ ਰੱਖਿਆ ਮੰਤਰੀਆਂ ਵੱਲੋਂ 1990 ਦੇ ਦਹਾਕੇ ਦੇ ਮੱਧ ਵਿੱਚ ਏਨਰਾਨ ਕੰਪਨੀ ਲਈ ਲਾਬਿੰਗ ਕਰਨ ਲਈ ਭਾਰਤ ਦੀ ਉਡਾਨ ਭਰੀ ਜਾਂਦੀ ਸੀ। ਏਨਰਾਨ ਨੇ ਇਹ ਮੰਨਿਆ ਹੈ ਕਿ ਉਸ ਨੇ ਨੀਤੀ ਘਾੜਿਆਂ ਨੂੰ "ਸਿੱਖਿਅਤ" ਕਰਨ ਲਈ 60 ਅਰਬ ਡਾਲਰ ਖਰਚ ਕੀਤੇ ਸਨ। ਇਹ ਸਿਰਫ਼ ਕੁਝ ਬਹੁਕੌਮੀ ਕੰਪਨੀਆਂ ਦੀ ਗੱਲ ਨਹੀਂ ਹੈ ਜੋ ਭ੍ਰਿਸ਼ਟਾਚਾਰ 'ਚ ਡੁਬੀਆਂ ਹਨ ਜਾਂ ਨੀਤੀਆਂ 'ਤੇ ਦਬਾਅ ਪਾਉਣ ਲਈ ਆਪਣੇ ਦੇਸ਼ ਦੀਆਂ ਸਰਕਾਰਾਂ ਦੀ ਵਰਤੋਂ ਕਰਦੀਆਂ ਹਨ। ਬਹੁਕੌਮੀ ਬੈਂਕ ਭਾਰਤ ਤੋਂ ਬਾਹਰ ਆਪਣੀ ਪੂੰਜੀ ਲੈ ਜਾਣ ਵਿੱਚ ਭਾਰਤੀਆਂ ਦੀ ਮਦਦ ਕਰਨ ਲਈ ਜਾਣੇ ਜਾਂਦੇ ਹਨ। ਯੂ. ਬੀ. ਐਸ.

ਬੈਂਕ ਜੋ ਸਵਿਜ਼ਰਲੈਂਡ ਦਾ ਸਭ ਤੋਂ ਵੱਡਾ ਬੈਂਕ ਹੈ ਉਸ ਤੇ ਆਪਣੇ ਨਾਗਰਿਕਾਂ ਵੱਲੋਂ ਗੁਪਤ ਬੈਂਕ ਖਾਤੇ ਰੱਖਣ 'ਚ ਮਦਦ ਕਰਨ ਲਈ ਅਮਰੀਕਾ ਨੇ 750 ਅਰਬ ਡਾਲਰ ਦਾ ਜੁਰਮਾਨਾ ਲਾਇਆ ਸੀ। ਉਸੇ ਯੂ ਬੀ ਐਸ ਬੈਂਕ ਨੂੰ ਉਸ ਦੀ ਅਣਪਛਾਤੀ ਭੂਮਿਕਾ ਦੇ ਬਾਵਜੂਦ ਭਾਰਤ 'ਚ ਦਾਖਲ ਹੋਣ ਦਿੱਤਾ ਗਿਆ। ਕੀ ਇਹ ਕੁਝ ਤਾਕਤਵਰ ਲੋਕਾਂ ਦੀ ਮਦਦ ਬਦਲੇ ਦਿੱਤਾ ਗਿਆ ਤੋਹਫ਼ਾ ਹੈ? ਸਿਮੇਨਸ ਕੰਪਨੀ ਨੂੰ 'ਇਮਾਨਦਾਰ ਬਹੁਕੌਮੀ ਕਾਰਪੋਰੇਸ਼ਨ ਵਜੋਂ ਮੰਨਿਆ ਜਾਂਦਾ ਹੈ ਅਤੇ ਇਹ ਭਾਰਤ 'ਚ ਇੱਕ ਮੁੱਖ ਖਿਡਾਰੀ ਹੈ। ਇਸ ਦੇ ਅਧਿਕਾਰੀਆਂ ਨੂੰ ਅਰਜਨਟਾਈਨਾ 'ਚ ਰਿਸ਼ਵਤ ਦੇਣ ਲਈ ਦਸੰਬਰ 2011 'ਚ ਅਮਰੀਕਾ 'ਚ ਦੋਸ਼ੀ ਠਹਿਰਾਇਆ ਗਿਆ ਸੀ। ਜਾਂਚ ਪਿੱਛੋਂ ਉਜਾਗਰ ਹੋਇਆ ਕਿ ਇਸ ਕੰਪਨੀ ਨੇ ਸਾਲ 2001 ਤੋਂ 2007 ਵਿਚਕਾਰ ਬੰਗਲਾਦੇਸ਼, ਚੀਨ, ਰੂਸ, ਵੈਨਜ਼ੁਵੇਲਾ ਤੇ ਹੋਰ ਦੇਸ਼ਾਂ ਵਿੱਚ 1.4 ਖਰਬ ਡਾਲਰ ਦਾ ਗੈਰ ਕਾਨੂੰਨੀ ਭੁਗਤਾਨ ਕੀਤਾ ਸੀ। ਇਹ ਭੁਗਤਾਨ ਅਕਸਰ ਸਲਾਹਕਾਰਾਂ ਦੇ ਮਾਰਫਤ ਕੀਤੇ ਗਏ ਸਨ। ਇਸ ਕੰਪਨੀ ਨੇ ਦੁਨੀਆ ਭਰ 'ਚ ਜੋ ਰਿਸ਼ਵਤ ਦਿੱਤੀ ਸੀ, ਉਸ ਦੇ ਜੁਰਮਾਨੇ ਤੇ ਫੀਸ ਵਜੋਂ ਅਮਰੀਕੀ ਤੇ ਜਰਮਨ ਸਰਕਾਰਾਂ ਨੂੰ 1.6 ਅਰਬ ਡਾਲਰ ਅਦਾ ਕੀਤਾ। ਦੂਜੀ ਸੰਸਾਰ ਜੰਗ ਦੇ ਖਾਤਮੇ ਦੇ ਠੀਕ ਪਿੱਛੋਂ ਤੋਂ ਹੀ ਸਿਮੇਂਸ ਨੇ ਮਾਰਸ਼ਲ ਪਲਾਨ ਦੇ ਤਹਿਤ ਠੇਕਾ ਹਾਸਲ ਕਰਨ ਲਈ ਰਿਸ਼ਵਤ ਦੇਣੀ ਸ਼ੁਰੂ ਕਰ ਦਿੱਤੀ ਸੀ, ਜੋ ਜ਼ਿਆਦਾਤਰ ਅਮਰੀਕੀਆਂ ਨੂੰ ਮਿਲ ਰਹੇ ਸਨ। ਦੰਡ ਸੁਣਾਏ ਜਾਣ ਪਿੱਛੋਂ ਸਿਮੇਨਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਨੇ ਰਿਸ਼ਵਤ ਰੋਕਣ ਲਈ ਅਨੁਪਾਲਨ ਅਫਸਰਾਂ ਨੂੰ ਨਿਯੁਕਤ ਕੀਤਾ ਹੈ ਪਰ ਕੌਮਾਂਤਰੀ ਪੱਧਰ 'ਤੇ ਵੱਡੇ ਪੈਮਾਨੇ 'ਤੇ ਵਿਆਪਕ ਗੈਰਕਨੂੰਨੀ ਆਚਰਣ ਦੇ ਮਹੌਲ 'ਚ ਕੀ ਇੱਕ ਕੰਪਨੀ ਇਮਾਨਦਾਰ ਹੋ ਸਕਦੀ ਹੈ, ਜਦੋਂ ਕਿ ਹੋਰ ਇਮਾਨਦਾਰ ਨਾ ਹੋਣ? ਉਸ ਨੂੰ ਠੇਕਾ ਮਿਲੂ ਕਿਵੇਂ ਜਦ ਕਿ ਉਸ ਲਈ ਪ੍ਰਭਾਰੀ ਲੋਕ ਰਿਸ਼ਵਤ ਮਿਲਣ ਦੀ ਉਮੀਦ ਕਰਦੇ ਹਨ? ਕਿਉਂਕਿ ਅਪਾਰਦਰਸ਼ੀ ਪ੍ਰੀਕ੍ਰਿਆਵਾਂ ਤਿਆਰ ਕੀਤੀਆਂ ਗਈਆਂ ਹਨ ਇਸ ਹਰੇਕ ਪੱਧਰ 'ਤੇ ਫੈਸਲਿਆਂ ਨੂੰ ਅਸਰ ਅੰਦਾਜ਼ ਕਰਨ ਦੀ ਲੋੜ ਹੈ ਜਿਵੇਂ ਕਿ ਬੋਫੋਰਸ ਕੇਸ ਅਤੇ 2-ਜੀ ਸਪੈਕਟਰਮ ਅਲਾਟਮੈਂਟ ਮਾਮਲੇ 'ਚ ਵੇਖਿਆ ਗਿਆ ਹੈ। ਵੋਡਾਫੋਨ ਦਾ ਕੇਸ ਵੀ ਮਹੱਤਵਪੂਰਨ ਹੈ। (ਭਾਰਤੀ ਤੇ ਵਿਦੇਸ਼ੀ) ਬਹੁਕੌਮੀ ਕੰਪਨੀਆਂ ਭਾਰਤ ਵਿੱਚ ਟੈਕਸਾਂ ਦਾ ਭੁਗਤਾਨ ਕਰਨ ਤੋਂ ਬਚਣ ਲਈ ਟੈਕਸ ਦੇ ਸਵਰਗਾਂ (ਅਜਿਹੇ ਦੇਸ਼ ਜਿੱਥੇ ਕੰਪਨੀ ਰਜਿਸਟਰ ਹੋਣ ਪਿੱਛੋਂ ਟੈਕਸ ਰੇਟ ਬਹੁਤ ਘੱਟ ਹੈ ਜਾਂ ਬਿਲਕੁਲ ਹੀ ਟੈਕਸ ਨਹੀਂ ਲਿਆ ਜਾਂਦਾ) ਤੇ ਟੈਕਸ ਪਲਾਨਿੰਗ ਦੀ ਵਰਤੋਂ ਕਰਦੀਆਂ ਹਨ। ਕਿਸੇ ਕੰਪਨੀ ਦੇ ਅਸਲੀ ਮਾਲਕ ਦੀ ਪਹਿਚਾਣ ਨੂੰ ਜਾਂ ਇਸ ਨੂੰ ਕਿੱਥੇ ਸ਼ਿਫਟ ਕੀਤਾ ਜਾ ਰਿਹਾ ਹੈ। ਇਹ ਛੁਪਾਉਣ ਲਈ ਉਹ ਅੰਸ਼ਧਾਰਕਾਂ ਦਾ ਜਾਲ ਬੁਣਦੇ ਹਨ। 1985 ਵਿੱਚ ਮੈਕਡਾਵੇਲ ਮਾਮਲੇ 'ਚ ਸੁਪਰੀਮ ਕੋਰਟ ਦੇ ਬੈਂਚ ਨੇ ਇਹ ਘਿਣੀ ਕੀਤੀ ਸੀ, ਤਰ੍ਹਾਂ ਤਰ੍ਹਾਂ ਦੀ ਯੁਕਤੀਆਂ ਟੈਕਸ ਪਲਾਨਿੰਗ ਦਾ ਹਿੱਸਾ ਨਹੀਂ ਹੋ ਸਕਦੀਆਂ ਅਤੇ ਇਸ ਵਿਸ਼ਵਾਸ ਨੂੰ ਹੱਲਾਸ਼ੇਰੀ ਦੇਣੀ ਜਾਂ ਮੰਨ ਲੈਣਾ ਗਲਤ ਹੈ ਕਿ ਸ਼ਕੀ ਤਰੀਕਿਆਂ ਦਾ ਸਹਾਰਾ ਲੈ ਕੇ ਟੈਕਸ ਅਦਾ ਕਰਨ ਤੋਂ ਬਚਣਾ ਸਨਮਾਨਜਨਕ ਹੈ।" ਭਾਰਤ 'ਚ ਟੈਕਸ ਦੇ ਭੁਗਤਾਨ ਤੋਂ ਬਚਣ ਲਈ ਮਾਰਿਸ਼ਿਸ ਦੇ ਰਾਹ ਦੀ ਵਰਤੋਂ ਕਰਨ ਨਾਲ ਸਬੰਧਿਤ 'ਭਾਰਤੀ ਸੰਘ ਬਨਾਮ ਅਜ਼ਾਦੀ ਬਚਾਓ ਅੰਦੋਲਨ' ਦੇ ਕੇਸ ਵਿੱਚ 2003 ਵਿੱਚ ਇਸ ਫੈਸਲੇ ਨੂੰ ਪਲਟ ਦਿੱਤਾ

ਗਿਆ। ਵੋਡਾਫੋਨ ਦੇ ਇਸ ਹੁਕਮ ਦਾ ਫਾਇਦਾ ਉਠਾਉਂਦੇ ਹੋਇਆ ਭਾਰਤੀ ਦੌਲਤ ਦੇ ਮਾਲਕ ਵੱਲੋਂ ਟੈਕਸ ਸਵਰਗ ਵਿੱਚ ਕੰਪਨੀ ਬਦਲਣ 'ਤੇ ਭਾਰਤ 'ਚ ਪੂੰਜੀਗਤ ਲਾਭ ਟੈਕਸ ਅਦਾ ਕਰਨ ਵਿਰੁੱਧ ਸਫਲ ਤਰਕ ਦਿੱਤਾ।

ਭਾਰੂ ਸੁਆਰਥ : 1950 ਦੇ ਦਹਾਕੇ ਦੇ ਸ਼ੀਤ ਯੁੱਧ ਦੇ ਸਮੇਂ ਤੋਂ ਹੀ ਨੀਤੀਆਂ ਵਿਦੇਸ਼ੀ ਦਬਾਅ ਦਾ ਸ਼ਿਕਾਰ ਹੁੰਦੀਆਂ ਰਹੀਆਂ ਹਨ। ਪਰ 1980 ਦੇ ਦਹਾਕੇ ਦੇ ਮੱਧ ਤੱਕ ਇਹ ਮੰਨ ਲਿਆ ਜਾਂਦਾ ਸੀ ਕਿ ਫੈਸਲੇ 'ਲੰਮੇ ਸਮੇਂ ਦੇ ਕੌਮੀ ਹਿੱਤ' 'ਚ ਲਏ ਗਏ ਹਨ। ਜਗੂਆਰ ਏਅਰਕਰਾਫਟ ਦੀ ਖਰੀਦ 'ਚ ਵੀ ਦੋਸ਼ ਲੱਗੇ ਸਨ ਪਰ ਇਨ੍ਹਾਂ ਤੋਂ ਅਜਿਹਾ ਹੰਗਾਮਾ ਖੜ੍ਹਾ ਨਹੀਂ ਹੋਇਆ ਸੀ ਜਿਹੋ ਜਿਹਾ ਬੋਫਰਜ਼ ਘਪਲੇ 'ਚ ਹੋਇਆ 1980 ਦੇ ਦਹਾਕੇ ਦੇ ਅੰਤ ਤੋਂ, ਇੱਕ ਤਬਕੇ ਦਾ ਜਾਂ ਨਿੱਜੀ ਹਿੱਤ ਹਾਵੀ ਹੋਣ ਲੱਗਿਆ ਜਿਹੋ ਜਿਹਾ ਕਿ ਬੋਫੋਰਸ ਜਾਂ 1991 ਦੀਆਂ ਨਵੀਆਂ ਆਰਥਿਕ ਨੀਤੀਆਂ ਜਾਂ ਭਾਰਤ-ਅਮਰੀਕਾ ਪ੍ਰਮਾਣੂ ਇਕਰਾਰ ਦੇ ਮਾਮਲੇ 'ਚ ਹੋਇਆ। ਇਸ ਨੇ ਕੌਮੀ ਰਾਜਨੀਤੀ ਵਿੱਚ ਉਥਲ ਪੁਥਲ ਮਚਾ ਦਿੱਤੀ ਹੈ। ਰਾਜਸੀ ਪਾਰਟੀਆਂ, ਉਨ੍ਹਾਂ ਦੇ ਨੇਤਾਵਾਂ ਦੇ ਵੱਡੇ ਬਿਜਨਸ ਘਰਾਣਿਆਂ ਰਾਹੀਂ ਦਬਾਅ ਤੇ ਜਵਾਬੀ ਦਬਾਅ ਵਧਦਾ ਗਿਆ ਹੈ।

ਸਬਕ ਇਹ ਹੈ ਕਿ ਵਿਦੇਸ਼ੀ ਦਬਾਅ ਅਮਲਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਿਸ ਨੂੰ ਕੌਮ ਦੀ ਰਾਜਨੀਤੀ ਦਰੁਸਤ ਨਹੀਂ ਕਰ ਸਕਦੀ। ਜਨਤਾ ਉਲਝਣ 'ਚ ਰਹਿੰਦੀ ਹੈ ਕਿ ਹੋ ਕੀ ਰਿਹਾ ਹੈ ਜਿਵੇਂ ਕਿ ਮੌਜੂਦਾ ਰਾਸ਼ਟਰਪਤੀ ਦੇ ਉਮੀਦਵਾਰ ਦੀ ਚੋਣ ਸਮੇਂ ਹੋਇਆ।

# ਪੈਟਰੋਲ ਕੀਮਤਾਂ 'ਚ ਵਾਧਾ ਸਰਾਸਰ ਧੱਕਾ ਕਿਵੇਂ?

ਪੈਟਰਲੌਾਅਮ ਕੀਮਤਾਂ 'ਚ 8 ਰੁਪਏ ਪ੍ਰਤੀ ਲਿਟਰ ਦਾ ਵਾਧਾ ਕਰਕੇ ਪ੍ਰਧਾਨ ਮੰਤਰੀ ਦਾ ਕਹਿਣਾ ਹੈ "ਪੈਟ੍ਰੋਲੀਅਮ-ਪਦਾਰਥਾਂ 'ਚ ਦਿਤੀ ਜਾ ਰਹੀ ਸਬਸਿਡੀ ਉਸ ਹੱਦ ਤਕ ਪਹੁੰਚ ਗਈ ਹੈ ਕਿ ਸਾਡਾ ਅਰਥਚਾਰਾ ਹੁਣ ਇਸ ਦਾ ਭਾਰ ਨਹੀਂ ਸੀ ਝੱਲ ਸਕਦਾ। ਇਸ ਲਈ ਕੀਮਤਾਂ ਤੋਂ ਸਰਕਾਰ ਨੇ ਆਪਣਾ ਕੰਟਰੋਲ ਖਤਮ ਕੀਤਾ ਹੈ, ਹੁਣ ਇਹ ਬੇਲਾਗ ਹਨ। ਪੈਟਰੋਲ ਦੀਆਂ ਕੀਮਤਾਂ ਸਰਕਾਰ ਨਹੀਂ ਤਹਿ ਕਰਦੀ ਬਲਕਿ ਤੇਲ ਕੰਪਨੀਆਂ ਕਰਦੀਆਂ ਹਨ। ਇਹ ਹੁਣ ਬੋਝ ਆਮ ਆਦਮੀ ਨੂੰ ਝੱਲਣਾ ਹੀ ਪੈਣਾ ਹੈ।" 1991 'ਚ ਵਿੱਤ ਮੰਤਰੀ ਵਜੋਂ ਨਵੀਂ ਆਰਥਕ ਨੀਤੀ ਪੇਸ਼ ਕਰਦਿਆਂ ਮਨਮੋਹਨ ਸਿੰਘ ਨੇ ਲੋਕਾਂ ਨੂੰ 'ਬੈਲਟ ਟਾਈਟ' (ਢਿੱਡ ਨੂੰ ਗੰਢ ਮਾਰਨ) ਦੀ ਅਪੀਲ ਕੀਤੀ ਸੀ। ਇਹਨਾਂ 22 ਸਾਲਾਂ 'ਚ ਲੋਕ ਇਕ ਪਾਸੇ ਆਪਣਾ ਪੇਟ ਸੰਗੋੜਦੇ ਨਜ਼ਰ ਆ ਰਹੇ ਹਨ ਤਾਂ ਦੂਜੇ ਪਾਸੇ ਦੇਸੀ ਵਿਦੇਸ਼ੀ ਥੈਲੀਸ਼ਾਹਾਂ ਤੇ ਧਨਾਢਾਂ ਦੀ ਚਰਬੀ ਪਰਤ ਦਰ ਪਰਤ ਵਧਦੀ ਜਾ ਰਹੀ ਹੈ। ਅਜੇਹੇ 'ਚ ਸਰਕਾਰ ਦੀ ਹਰ ਅਪੀਲ ਜਨਤਾ ਦੇ ਜ਼ਖਮਾਂ 'ਤੇ ਨਮਕ ਰਗੜਣ ਵਰਗੀ ਹੈ। ਪੈਟਰੋਲ, ਡੀਜ਼ਲ, ਰਸੋਈ ਗੈਸ ਤੇ ਮਿੱਟੀ ਦਾ ਤੇਲ ਦੀ ਕੀਮਤ ਕਈ ਵਾਰੀ ਵਧਾਉਣ ਨੂੰ ਜਾਇਜ਼ ਠਹਿਰਾਉਂਦਿਆਂ ਭਾਰਤ ਸਰਕਾਰ ਦੇ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲੇ ਨੇ ਅਖਬਾਰਾਂ 'ਚ ਇਕ ਇਸ਼ਤਿਹਾਰ ਦਿੱਤਾ ਹੈ। ਲੋਕਾਂ ਦੇ ਪੈਸੇ ਨਾਲ ਹੀ ਲੋਕਾਂ ਨੂੰ ਭਰਮਾਉਣ ਲਈ ਪ੍ਰਕਾਸ਼ਿਤ ਇਹ ਇਸ਼ਤਿਹਾਰ ਝੂਠ-ਫਰੇਬ ਦਾ ਪੁਲੰਦਾ ਹੈ। ਇਸ 'ਚ ਕੀਮਤ ਵਧਣ ਲਈ ਜੋ ਤਰਕ ਜਾਂ ਕਾਰਨ ਦਿਤੇ ਗਏ ਹਨ, ਉਸ ਤੋਂ ਲੋਕਾਂ ਵਿਰੋਧੀ ਨੀਤੀ ਸਾਫ ਹੋ ਜਾਂਦੀ ਹੈ। ਦੁਨੀਆਂ ਦੇ ਬਾਜ਼ਾਰਾਂ 'ਚ ਵਧਦੀਆਂ ਕੀਮਤਾਂ ਦਾ ਪ੍ਰਭਾਵ ਇਸ ਬਾਰੇ ਸਰਕਾਰ ਕਹਿੰਦੀ ਹੈ ਕਿ ਪੈਟ੍ਰੋਲੀਅਮ ਪਦਾਰਥਾਂ ਦੀ ਘਰੇਲੂ ਮੰਗ ਦਾ 80 ਫੀ ਸਦੀ ਹਿੱਸਾ ਦਰਾਮਦ ਨਾਲ ਪੂਰਾ ਹੁੰਦਾ ਹੈ। ਕੌਮਾਂਤਰੀ ਬਾਜ਼ਾਰਾਂ 'ਚ ਕੀਮਤਾਂ ਵਧਦੀਆਂ ਘਟਦੀਆਂ ਰਹਿੰਦੀਆਂ ਹਨ, ਜਿਸ ਦਾ ਸਿੱਧਾ ਅਸਰ ਭਾਰਤ ਦੇ ਲੋਕਾਂ 'ਤੇ ਪੈਂਦਾ ਹੈ। ਯਾਨੀ ਪੈਟਰੋਲ ਦੀ ਕੀਮਤ ਵਿਸ਼ਵ ਬਾਜ਼ਾਰ 'ਚ ਮੁੱਲ ਵਾਧੇ ਕਾਰਨ ਵਧਾਈ ਹੈ।

ਮਈ 2009 'ਚ ਦੂਜੀ ਵਾਰੀ ਦੀ ਯੂ.ਪੀ.ਏ ਸਰਕਾਰ ਬਣਨ ਨਾਲ ਹੁਣ ਤਕ ਵਿਸ਼ਵ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ 'ਚ ਸਿਰਫ 70 ਪੈਸੇ ਪ੍ਰਤੀ ਲੀਟਰ ਵਾਧਾ ਹੋਇਆ ਸੀ। ਉਦੋਂ ਕੱਚੇ ਤੇਲ ਦੀ ਕੀਮਤ ਕੌਮਾਂਤਰੀ ਮੰਡੀ 'ਚ 70 ਡਾਲਰ ਪ੍ਰਤੀ ਬੈਰਲ ਸੀ ਤੇ ਇਕ ਡਾਲਰ ਦਾ ਮੁੱਲ 49 ਰੁਪਏ ਸੀ, ਯਾਨੀ ਉਸ ਵੇਲੇ ਕੱਚੇ ਤੇਲ ਦੀ ਕੀਮਤ 21.43 ਰੁਪਏ ਪ੍ਰਤੀ ਲਿਟਰ ਸੀ। ਇਕ ਬੈਰਲ 160 ਲਿਟਰ ਦੇ ਬਰਾਬਰ ਹੁੰਦਾ ਹੈ। ਉਦੋਂ ਬਾਜ਼ਾਰ 'ਚ ਕੱਚੇ ਤੇਲ ਦੀ ਕੀਮਤ 77 ਡਾਲਰ ਪ੍ਰਤੀ ਬੈਰਲ ਯਾਨੀ 22.13 ਰੁਪਏ ਪ੍ਰਤੀ ਲਿਟਰ ਸੀ। ਇਸ ਹਿਸਾਬ ਨਾਲ ਕੱਚੇ ਤੇਲ ਦੀ ਕੀਮਤ 'ਚ ਕੌਮਾਂਤਰੀ ਪੱਧਰ 'ਤੇ ਸਿਰ 70 ਪੈਸੇ ਦਾ ਵਾਧਾ ਹੋਇਆ ਪਰ ਸਰਕਾਰ ਨੇ ਪੈਟ੍ਰੋਲ 6.44 ਰੁਪਏ ਫੀ ਲਿਟਰ ਵਧਾਇਆ ਸੀ। ਕੌਮਾਂਤਰੀ ਕੀਮਤਾਂ ਦਾ ਬਹਾਨਾ ਬਣਾ ਕੇ ਸਰਕਾਰ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਉਹਨਾਂ ਨੂੰ ਕੀਮਤਾਂ ਵਧਾਉਣ ਦੀ ਛੋਟ ਦਿੰਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਭਾਰਤ ਆਪਣੀ ਲੋੜ ਦਾ 75

ਤੋਂ 80 ਫੀ ਸਦੀ ਪ੍ਰੈਟ੍ਰੋਲੀਅਮ ਪਦਾਰਥ ਦੀ ਦਰਾਮਦ ਕਰਦਾ ਹੈ। ਸਚਾਈ ਇਹ ਹੈ ਕਿ ਭਾਰਤ ਪੈਟ੍ਰੋਲੀਅਮ ਪਦਾਰਥਾਂ ਦਾ ਨਹੀਂ ਬਲਕਿ ਕੱਚੇ ਤੇਲ ਦੀ ਦਰਾਮਦ ਕਰਦਾ ਹੈ ਜਿਸ ਨੂੰ ਇਥੋਂ ਦੇ ਤੇਲ ਸੋਧਕ ਕਾਰਖਾਨਿਆਂ 'ਚ ਸੋਧਿਆ ਜਾਂਦਾ ਹੈ ਅਤੇ ਪੈਟਰੋਲ, ਡੀਜ਼ਲ, ਕੈਰੋਸੀਨ ਤੇਲ ਤੇ ਰਸੋਈ ਗੈਸ ਦੀ ਪੈਦਾਵਾਰ ਕਰਦਾ ਹੈ। ਤੇਲ ਸੋਧਣ ਬਾਰੇ ਦੇਸ਼ ਪੂਰੀ ਤਰ੍ਹਾਂ ਆਤਮ ਨਿਰਭਰ ਹੈ ਅਤੇ ਆਪਣੀਆਂ ਘਰੇਲੂ ਲੋੜਾਂ ਤੋਂ ਵੱਧ ਪੈਟਰੋਲੀਅਮ ਪਦਾਰਥ ਦੀ ਪੈਦਾਵਾਰ ਕਰਦਾ ਹੈ। 2009-10 'ਚ 1 ਕਰੋੜ ਟਨ ਪੈਟਰੋਲੀਅਮ ਦਰਾਮਦ ਕੀਤਾ ਸੀ ਜਦਕਿ ਇਸ ਤੋਂ ਦੋ ਗੁਣਾਂ ਤੋਂ ਵੱਧ (2-8 ਕਰੋੜ ਟਨ ਦਰਾਮਦ) ਕੀਤਾ ਗਿਆ। ਜਾਹਿਰ ਹੈ ਕਿ ਸਰਕਾਰ ਦੀ ਦਰਾਮਦ ਤੇ ਨਿਰਭਰਤਾ ਦਾ ਤਰਕ ਵੀ ਬੇ-ਬੁਨਿਆਦ ਹੀ ਹੈ। ਘੱਟ ਵਸੂਲੀ ਤੇ ਰਿਕਵਰੀ ਦਾ ਝੂਠਾ ਬਹਾਨਾ ਲਾਇਆ ਜਾਂਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਜੇ ਪੈਟਰੋਲੀਅਮ ਪਦਾਰਥਾਂ ਦੀਆਂ ਪ੍ਰਚੂਨ ਕੀਮਤਾਂ ਨਾ ਵਧਾਈਆਂ ਗਈਆਂ ਤਾਂ ਤੇਲ ਕੰਪਨੀਆਂ ਨੂੰ ਮੌਜੂਦਾ ਵਿੱਤੀ ਸਾਲ 'ਚ 7 ਹਜ਼ਾਰ ਦੀ ਭਾਰੀ ਅੰਡਰ ਰਿਕਵਰੀ (ਘੱਟ ਵਸੂਲੀ) ਝਲਣੀ ਪੈਣੀ ਹੈ। ਪਿਛਲੇ ਕੁਝ ਸਾਲਾਂ ਤੋਂ ਸਰਕਾਰ ਅੰਡਰ ਰਿਕਵਰੀ ਵਰਗੇ ਅਜੂਬੇ ਦਾ ਰਾਗ ਅਲਾਪ ਰਹੀ ਹੈ। ਪਰ ਕਿਸੇ ਵੀ ਕੰਪਨੀ ਦੀ ਬੈਲੈਂਸ ਸ਼ੀਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਪੂੰਜੀਵਾਦੀ ਮੰਡੀਆਂ ਰਾਹੀਂ ਇਹ ਦੱਸਿਆ ਜਾ ਰਿਹਾ ਹੈ ਕਿ ਅੰਡਰ ਰਿਕਰਵੀ ਇਸ਼ਤਿਹਾਰੀ ਕੰਪਨੀਆਂ ਵੱਲੋਂ ਉਠਾਇਆ ਜਾਣ ਵਾਲਾ ਘਾਟਾ ਹੈ। ਯਾਨੀ ਦਰਾਮਦ ਕਰਨ ਵਾਲੀਆਂ ਕੰਪਨੀਆਂ ਦੇ ਮੁੱਲ ਵਧ ਰਹੇ ਹੋਣ ਤੇ ਘਰੇਲੂ ਮੁੱਲ ਸਥਿਰ ਕਰ ਦਿਤੇ ਜਾਣ ਤਾਂ ਤੇਲ ਵੇਚਣ ਵਾਲੀਆਂ ਕੰਪਨੀਆਂ ਵੱਲੋਂ ਲੋਕਾਂ ਤੋਂ ਹੀ ਕੀਤੀ ਗਈ ਵਸੂਲੀ ਉਹਨਾਂ ਦੀ ਲਾਗਤ ਤੋਂ ਵੀ ਘੱਟ ਹੋਵੇਗੀ। ਇਹੀ ਨੁਕਸਾਨ ਅੰਡਰ ਰਿਕਵਰੀ ਹੈ। ਇੰਦਰਾ ਗਾਂਧੀ ਦੀ ਹਕੂਮਤੀ ਅਰਸੇ 'ਚ 1976 'ਚ ਬ੍ਰਮਾਸੇਲ, ਕੈਲਟੇਕਸ ਵਰਗੀਆਂ ਵੱਡੀਆਂ-ਵੱਡੀਆਂ ਵਿਦੇਸ਼ੀ ਕੰਪਨੀਆਂ ਦਾ ਕੌਮੀਕਰਨ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਇਹ ਲੁਟੇਰੀਆਂ ਵਿਦੇਸ਼ੀ ਕੰਪਨੀਆਂ ਭਾਰਤੀ ਖਪਤਕਾਰ ਤੋਂ ਪੈਟਰੋਲੀਅਮ ਪਦਾਰਥਾਂ ਦੀ ਵਿਸ਼ਵ ਕੀਮਤ ਵਸੂਲ ਕਰਕੇ ਮੋਟਾ ਮੁਨਾਫ਼ਾ ਕਮਾਉਂਦੀਆਂ ਸਨ। ਕੌਮਾਂਤਰੀ ਕੀਮਤ ਵਸੂਲਣ ਦੀ ਇਹ ਵਿਵਸਥਾ 'ਇਮਪੋਰਟ ਪੈਰਿਟੀ ਪ੍ਰਾਈਸਿੰਗ ਸਿਸਟਮ' (ਦਰਾਮਦ ਦੇ ਬਰਾਬਰ ਮੁੱਲ ਵਿਵਸਥਾ) ਅਖਵਾਉਂਦੀ ਹੈ। ਇਹ ਬਹੁਕੌਮੀ ਤੇਲ ਕੰਪਨੀਆਂ ਤੇ ਇਹਨਾਂ ਦੀਆਂ ਜਥੇਬੰਦੀਆਂ ਮਿਲ ਕੇ ਦੁਨੀਆਂ ਦੇ ਤੇਲ ਬਾਜ਼ਾਰ ਨੂੰ ਕੰਟਰੋਲ ਕਰਦੀਆਂ ਹਨ ਅਤੇ ਜੋੜ-ਤੋੜ ਕਰਕੇ ਮੁੱਲ ਤਹਿ ਕਰਦੀਆਂ ਹਨ। 1976 'ਚ ਸਰਕਾਰ ਨੇ ਬਰਾਬਰ ਦੇ ਮੁੱਲ ਦੀ ਦਰਾਮਦ ਪ੍ਰਣਾਲੀ ਨੂੰ ਖਤਮ ਕਰਕੇ ਏਡਮਿਨਿਸਟ੍ਰੇਟਿਵ ਪ੍ਰਾਈਸਿੰਗ ਮੈਕੇਨਿਜ਼ਮ (ਪ੍ਰਸ਼ਾਸਨਿਕ ਮੁੱਲ ਕ੍ਰਿਆ ਢੰਡ) ਨਾਮਕ ਇਕ ਨਵੀਂ ਵਿਵਸਥਾ ਸ਼ੁਰੂ ਕੀਤੀ। ਆਤਮ ਨਿਰਭਰ ਵਿਕਾਸ ਦੀ ਕੋਸ਼ਿਸ਼ ਦੇ ਉਸ ਦੌਰ ਵਿਚ ਸਰਕਾਰ ਦੀ ਮੰਸ਼ਾ ਸੀ ਵਿਦੇਸ਼ਾਂ ਤੋਂ ਪੈਟਰੋਲਅੀਮ ਵਸਤਾਂ ਦੀ ਦਰਾਮਦ 'ਤੇ ਨਿਰਭਰਤਾ ਨੂੰ ਖਤਮ ਕਰਕੇ ਘਰੇਲੂ ਰੀਫਾਇਨਿੰਗ ਯੋਗਤਾ ਨੂੰ ਹੱਲਾਸ਼ੇਰੀ ਦੇਣੀ। ਇਸ ਵਿਵਸਥਾ ਦੇ ਤਹਿਤ ਪੈਟਰੋਲੀਅਮ ਵਸਤਾਂ ਦੀਆਂ ਕੌਮਾਂਤਰੀ ਕੀਮਤਾਂ ਨੂੰ ਅਧਾਰ ਨਹੀਂ ਬਣਾਇਆ ਜਾਂਦਾ ਸੀ। ਇਸ ਦੀ ਥਾਂ ਸਰਕਾਰ ਕੀਮਤ ਤੇ ਉਸ ਦੇ ਸਿੱਧੇ ਖਰਚੇ ਦਾ ਅੰਦਾਜ਼ਾ ਲਾ ਕੇ ਵਸਤਾਂ ਦਾ ਰੇਟ ਤਹਿ ਕਰਦੀ ਸੀ ਜਿਸ 'ਚ ਕੰਪਨੀਆਂ ਦਾ ਠੀਕ-ਠਾਕ ਮੁਨਾਫ਼ਾ ਵੀ ਸ਼ਾਮਲ

ਹੁੰਦਾ ਸੀ। ਦਿਲਚਸਪ ਗੱਲ ਇਹ ਹੈ ਕਿ ਜਿਸ ਸਮੇਂ ਤੇਲ ਕੰਪਨੀਆਂ ਦਾ ਕੌਮੀਕਰਨ ਕੀਤਾ ਜਾ ਰਿਹਾ ਸੀ, ਉਸ ਸਮੇਂ ਮਨਮੋਹਨ ਸਿੰਘ ਵਿੱਤ ਮੰਤਰੀ ਦੇ ਮੁੱਖ ਆਰਥਕ ਸਲਾਹਕਾਰ ਸਨ। ਇਸ ਪਿਛੋਂ 1991 ਦੀ ਨਵੀਂ ਆਰਥਕ ਨੀਤੀ ਮਨਮੋਹਨ ਸਿੰਘ ਦੀ ਦੇਖ-ਰੇਖ ਵਿਚ ਹੀ ਲਾਗੂ ਕੀਤੀ ਗਈ, ਜਿਸ ਦਾ ਮਕਸਦ ਕੌਮੀਕਰਨ ਦੀਆਂ ਨੀਤੀਆਂ ਦਾ ਤਿਆਗ ਕਰਕੇ ਦੇਸ਼ੀ-ਵਿਦੇਸ਼ੀ ਨਿਜੀ ਕੰਪਨੀਆਂ ਦੇ ਭਾਰੀ ਦਬਾਅ ਕਾਰਨ 2002 'ਚ ਭਾਜਪਾ ਸਰਕਾਰ ਨੇ ਪ੍ਰਸ਼ਾਸਨਿਕ ਮੁੱਲ ਕ੍ਰਿਆ ਵਿਧੀ ਨੂੰ ਖਤਮ ਕਰ ਦਿੱਤਾ ਅਤੇ ਇਸ ਦੀ ਥਾਂ ਲੁਟੇਰੀ ਵਿਵਸਥਾ ਦਰਾਮਦ ਦੇ ਬਰਾਬਰ ਮੁੱਲ ਵਿਵਸਥਾ ਨੂੰ ਲਾਗੂ ਕਰ ਦਿੱਤਾ ਗਿਆ। ਖੋਜ ਤੇ ਸੋਧ ਦੇ ਖੇਤਰ 'ਚ ਆਤਮ ਨਿਰਭਰਤਾ ਹਾਸਲ ਕਰ ਲੈਣ ਦੇ ਬਾਵਜੂਦ ਪੁਰਾਣੀ ਲੁਟੇਰੀ ਵਿਵਸਥਾ ਨੂੰ ਦੁਬਾਰਾ ਸ਼ੁਰੂ ਕਰਨਾ ਸਾਮਰਾਜਵਾਦ ਦੇ ਨਾਲ ਹਾਕਮ ਜਮਾਤ ਦੀ ਮਿਲੀ ਭੁਗਤ ਦਾ ਸਿੱਟਾ ਹੈ। ਦਰਾਮਦ-ਬਰਾਬਰ ਮੁੱਲ ਵਿਵਸਥਾ ਲਾਗੂ ਹੋਣ ਕਰਕੇ ਹੁਣ ਕੌਮਾਂਤਰੀ ਕੀਮਤਾਂ ਦੇ ਅਧਾਰ 'ਤੇ ਭੁਗਤਾਨ ਕਰਨਾ ਸਾਡੀ ਮਜ਼ਬੂਰੀ ਹੈ। ਤੇਲ ਤੇ ਕੁਦਰਤੀ ਗੈਸ ਕਾਰਪੋਰੇਸ਼ਨ (ONGC) ਤੇ ਆਲ ਇੰਡੀਆ ਅੱਜ ਵੀ ਕਾਫੀ ਸਸਤਾ ਤੇਲ ਪੈਦਾ ਕਰ ਰਹੇ ਹਨ ਤੇ ਆਪਣੀਆਂ ਜਨਤਕ ਖੇਤਰ ਦੀਆਂ ਰਿਫਾਇਨਰੀਆਂ 'ਚ ਵਿਸ਼ਵੀ ਬਾਜ਼ਾਰ ਦੇ ਮੁਕਾਬਲੇ ਬਹੁਤ ਘੱਟ ਕੀਮਤਾਂ 'ਤੇ ਤੇਲ ਸੋਧ ਦੀਆਂ ਹਨ। ਇਸ ਦੇ ਬਾਵਜੂਦ ਸਰਕਾਰ ਕੌਮਾਂਤਰੀ ਕੀਮਤ ਦੇ ਅਧਾਰ 'ਤੇ ਵਸੂਲੀ ਦੀ ਹਮਾਇਤ ਕਰ ਰਹੀ ਹੈ। ਸਰਕਾਰ 'ਘੱਟ ਵਸੂਲੀ' ਜਾਂ 'ਅੰਡਰ ਰਿਕਵਰੀ' ਦੇ ਇਸ ਕਲਪਨਿਕ ਨੁਕਸਾਨ ਦਾ ਹਊਆ ਖੜ੍ਹਾ ਕਰ ਰਹੀ ਹੈ, ਜਿਸ ਦਾ ਅਸਲ ਵਿਚ ਕੋਈ ਲੈਣਾ ਦੇਣਾ ਨਹੀਂ ਹੈ। ਇਹ ਕੁਝ ਇਸ ਤਰ੍ਹਾਂ ਦੀ ਗੱਲ ਹੋਈ ਕਿ ਮੰਨ ਲਓ ਅਮਰੀਕਾ 'ਚ ਕਿਸੇ ਵਸਤੂ ਦੀ ਕੀਮਤ 1000 ਰੁਪਏ ਹੈ ਅਤੇ ਭਾਰਤ ਵਿਚ ਅਸੀਂ ਉਸ ਨੂੰ 600 ਰੁਪਏ 'ਚ ਹੀ ਤਿਆਰ ਕਰ ਲਈਏ। ਹੁਣ ਸਾਡੇ ਲਈ ਦਰਾਮਦ ਦੇ ਬਰਾਬਰ ਮੁਲ ਵਿਵਸਥਾ ਦੀ ਲਾਜ਼ਮੀ ਸ਼ਰਤ ਹੈ ਕਿ ਅਸੀਂ ਵੀ ਇਹ ਵਸਤੂ ਹਜ਼ਾਰ ਵਿਚ ਹੀ ਵੇਚਣੀ ਹੈ। 600 ਰੁਪਏ 'ਚ ਦੇਣ 'ਤੇ ਕੰਪਨੀ ਨੂੰ 400 ਰੁਪਏ ਦੀ 'ਅੰਡਰ ਰਿਕਵਰੀ' ਝਲਣੀ ਪਵੇਗੀ। ਸਰਕਾਰ ਉਸ ਘਾਟੇ ਦਾ ਬਹਾਨਾ ਬਣਾ ਰਹੀ ਹੈ। ਜਿਸ ਦੀ ਹੋਂਦ ਹੀ ਨਹੀਂ ਹੈ। ਦੇਸ਼ ਦੀ ਜਨਤਾ ਨੂੰ ਬਾਜ਼ਾਰ ਦੇ ਆਸਰੇ ਛੱਡਣਾ ਹੁਣ ਕਿਰੀਟ ਪਾਰੇਖ ਕਮੇਟੀ ਦੀਆਂ ਸਿਫਾਰਸਾਂ ਨੂੰ ਮੰਨਿਆ ਜਾ ਰਿਹਾ ਹੈ। 2002 ਤੋਂ ਪਿਛੋਂ ਤੋਂ ਹੀ ਰਿਲਾਇੰਸ ਤੇ ਇਸਾਰ ਵਰਗੀਆਂ ਨਿਜੀ ਖੇਤਰ ਦੀਆਂ ਘਰੇਲੂ ਕੰਪਨੀਆਂ ਭਾਜਪਾ ਸਰਕਾਰ ਵੱਲੋਂ ਉਠਾਏ ਗਏ ਕਦਮਾਂ ਤੋਂ ਸੰਤੁਸ਼ਟ ਨਹੀਂ ਸੀ ਤੇ ਕੰਟਰੋਲ ਘਟਾਉਣ ਦੀ ਮੰਗ ਕਰ ਰਹੀ ਸੀ, ਨਿਜੀ ਖੇਤਰ ਦੀਆਂ ਮੰਗਾਂ 'ਤੇ ਧਿਆਨ ਦੇਣ ਲਈ ਬਣੀ ਕਿਰੀਟ ਪਾਰੇਖ ਕਮੇਟੀ ਨੇ ਪੈਟਰੋਲ ਵਸਤਾਂ ਤੋਂ ਕੰਟਰੋਲ ਪੂਰੀ ਤਰ੍ਹਾਂ ਖਤਮ ਕਰਨ ਦੀ ਮੰਗ ਕੀਤੀ ਸੀ।

ਸਰਕਾਰ ਦੇ ਇਸ ਲੋਕ ਵਿਰੋਧੀ ਕਦਮ ਦੇ ਨਾਲ-ਨਾਲ ਅੱਜ ਦੇਸ਼ 'ਚ ਦੁਬਾਰਾ ਵਿਦੇਸ਼ੀ ਤੇਲ ਕੰਪਨੀਆਂ ਆ ਗਈਆਂ ਹਨ। ਜ਼ਾਹਿਰ ਹੈ ਕਿ ਸਰਕਾਰ ਨੂੰ ਦੇਸ਼ ਦੇ ਲੋਕਾਂ ਦਾ ਨਹੀਂ ਦੇਸੀ-ਵਿਦੇਸ਼ੀ ਤੇਲ ਕੰਪਨੀਆਂ ਦੀ ਚਿੰਤਾ ਵੱਧ ਹੈ। ਤੇਲ ਕੰਪਨੀਆਂ ਦਾ ਮੁਨਾਫ਼ਾ ਵਧਾਉਣ ਲਈ ਦਾਅ ਪੇਚ ਅਪਣਾਏ ਜਾ ਰਹੇ ਹਨ। ਮੁੱਲ ਵਾਧੇ ਨੂੰ ਸਹੀ ਸਾਬਤ ਕਰਨ 'ਤੇ ਤੁਲੀ ਸਰਕਾਰ ਤੱਥਾਂ ਤੇ ਤਰਕਾਂ ਦਾ ਗਲਾ ਘੋਟਣ ਲਈ ਬਜ਼ਿੱਦ ਹੈ। ਪ੍ਰਧਾਨ ਮੰਤਰੀ ਤੇ ਪੈਟਰੋਲੀਅਮ ਮੰਤਰੀ ਇਹ ਦਾਅਵਾ ਕਰਦੇ ਹਨ

ਕਿ ਕੀਮਤਾਂ 'ਚ ਪਿਛੇ ਜਿਹੇ ਕੀਤਾ ਗਿਆ ਵਾਧਾ ਜਨਤਕ ਖੇਤਰ ਦੀਆਂ ਤੇਲ ਕੰਪਨੀਆਂ ਨੂੰ ਦਿਵਾਲੀਆ ਹੋਣ ਤੋਂ ਬਚਾਉਣ ਤੇ ਖਪਤਕਾਰ ਦੇ ਹਿੱਤਾਂ ਦੀ ਰਾਖੀ ਲਈ ਵਿਆਪਕ ਕੌਮੀ ਹਿੱਤ 'ਚ ਕੀਤਾ ਗਿਆ ਹੈ।

ਜਨਤਕ ਖੇਤਰ ਦੀ ਮੁੱਖ ਤੇਲ ਕੰਪਨੀ ਇੰਡੀਅਨ ਆਇਲ ਕਾਰਪੋਰੇਸ਼ਨ ਬਾਰੇ 2009-10 ਦੀ ਸਲਾਨਾ ਰੀਪੋਟ ਵਿਚ ਪੈਟਰੋਲੀਅਮ ਮੰਤਰੀ ਨੇ ਖੁਦ ਦੱਸਿਆ ਸੀ ਕਿ 2008-09 ਦੌਰਾਨ ਇੰਡੀਅਨ ਆਇਲ ਕਾਰਪੋਰੇਸ਼ਨ (IOC) ਦਾ ਸਲਾਨਾ ਕਾਰੋਬਾਰ 285373 ਕਰੋੜ ਰੁਪਏ ਦਾ ਸੀ। ਪੈਟਰੋਲੀਅਮ ਦੇ ਚਾਰ ਮੁੱਖ ਉਤਪਾਦ ਪੈਟਰੋਲ, ਡੀਜ਼ਲ, ਜਨਤਕ ਵੰਡ ਪ੍ਰਣਾਲੀ ਦਾ ਮਿੱਟੀ ਦਾ ਤੇਲ ਤੇ ਘਰੇਲੂ ਗੈਸ ਦੀਆਂ ਕੀਮਤਾਂ ਸਥਿਰ ਰਖਣ ਦੇ ਬਾਵਜੂਦ ਇਸ ਦਾ ਮੁਨਾਫਾ 2950 ਕਰੋੜ ਰੁਪਏ ਦਾ ਸੀ, ਫਾਰਚੂਨ ਗਲੋਬਲ 500 ਦੀ ਸੂਚੀ ਵਿਚ (IOC) ਪਹਿਲਾਂ ਤੇ ਸਭ ਤੋਂ ਵੱਡੀ ਭਾਰਤੀ ਕੰਪਨੀ ਹੈ। ਸਾਲ 2009-10 ਵਿਚ (ਦਸੰਬਰ 2009 ਤਕ) ਟੈਕਸ ਤੋਂ ਪਿਛੋਂ ਇਸ ਦਾ ਸਲਾਨਾ ਕਾਰੋਬਾਰ 208289.46 ਕਰੋੜ ਰੁਪਏ ਤੇ ਮੁਨਾਫਾ 4663.78 ਕਰੋੜ ਰੁਪਏ ਸੀ। ਇਹ ਦੁਨੀਆਂ ਦੀ 18ਵੀਂ ਸਭ ਤੋਂ ਵੱਡੀ ਪੈਟਰੋਲੀਅਮ ਕੰਪਨੀ ਹੈ। 31 ਮਾਰਚ ਨੂੰ ਖਤਮ ਹੋਇਆ ਸਾਲ ਦੇ ਵਿਤੀ ਸਿਟਿਆਂ ਮੁਤਾਬਕ (IOC) ਦਾ ਸ਼ੁੱਧ ਮੁਨਾਫ਼ਾ 10998 ਕਰੋੜ ਰੁਪਏ ਹੈ ਅਤੇ ਇਸ ਤੋਂ ਬਾਅਦ ਵੀ 49,472 ਦਾ ਰਿਜ਼ਵ ਤੇ ਬਾਕੀ ਬਚਾ ਹੈ। ਅਪ੍ਰੈਲ-ਦਸੰਬਰ 2009 ਦੇ ਵਿਚਕਾਰ ਦੇ ਹੋਰ ਮੁੱਖ ਕੰਪਨੀਆਂ (HPCL) ਤੇ (BPCL) ਦਾ ਸ਼ੁੱਧ ਮੁਨਾਫਾ ਕ੍ਰਮਵਾਰ 544 ਕਰੋੜ ਤੇ 834 ਕਰੋੜ ਰੁਪਏ ਸੀ। ਏਨਾ ਮੁਨਾਫ਼ਾ ਕਮਾਉਣ ਦੇ ਬਾਵਜੂਦ ਆਖਰ ਕਿਉਂ ਸਰਕਾਰ ਨੂੰ ਇਹ ਕੰਪਨੀਆਂ ਦੀਵਾਲੀਆ ਹੁੰਦੀਆਂ ਨਜ਼ਰ ਆ ਰਹੀਆਂ ਹਨ। ਕੀ ਤੇਲ ਦੇ ਰੇਟ ਵਧਾਉਣਾ ਹੀ ਇਸ ਦਾ ਇਕੋ ਇਕ ਬਦਲ ਹੈ? (IOC) ਨੇ 2009-10 ਵਿਚ ਇਸ ਸਰਕਾਰ ਨੂੰ 26,050 ਕਰੋੜ ਰੁਪਏ ਐਕਸਾਈਜ ਡਿਊਟੀ ਵਜੋਂ ਅਤੇ 4049 ਕਰੋੜ ਰੁਪਏ ਦੂਜੇ ਟੈਕਸਾਂ ਵਜੋਂ ਦਿੱਤੇ ਹਨ। ਇਸ ਤੋਂ ਇਲਾਵਾ ਇਸ ਨੇ 2007-08 ਵਿਚ 656 ਕਰੋੜ ਰੁਪਏ ਤੇ 2008-09 ਵਿਚ 910 ਕਰੋੜ ਰੁਪਏ ਦਾ ਫਾਇਦਾ ਵੀ ਸਰਕਾਰ ਨੂੰ ਦਿੱਤਾ ਹੈ ਅਤੇ 2009-10 'ਚ ਘੱਟੋ-ਘੱਟ 3000 ਕਰੋੜ ਰੁਪਏ ਅਜੇ ਹੋਰ ਫਾਇਦੇ ਵਜੋਂ ਦੇਣਾ ਹੈ। ਜੇ ਸਰਕਾਰ ਤੇਲ ਕੰਪਨੀਆਂ ਨੂੰ ਦਿਵਾਲੀਆ ਹੋਣ ਤੋਂ ਬਚਾਉਣ ਪ੍ਰਤੀ ਭੋਰਾਭਰ ਵੀ ਚਿੰਤਤ ਹੁੰਦੀ ਤਾਂ ਸਭ ਤੋਂ ਪਹਿਲਾਂ ਐਕਸਾਈਜ਼ ਡਿਊਟੀ ਦਾ ਖਾਤਮਾ ਕਰਦੀ। ਪਰ ਬੇਸ਼ਰਮੀ ਦੀ ਹੱਦ ਹੈ ਕਿ ਸਰਕਾਰ ਨੇ ਇਹਨਾਂ ਦਿਵਾਲੀਆ ਹੁੰਦੀਆਂ ਕੰਪਨੀਆਂ ਨੂੰ ਰਾਏਬਰੇਲੀ ਦੇ ਰਾਜੀਵ ਗਾਂਧੀ ਪੈਟਰੋਲੀਅਮ ਅਦਾਰੇ ਲਈ 250 ਕਰੋੜ ਰੁਪਏ ਦੀ ਗ੍ਰਾਂਟ ਦੇਣ ਨੂੰ ਕਿਹਾ ਹੈ। (IOC) ਦੀ ਸਲਾਨਾ ਰੀਪੋਟ ਅਨੁਸਾਰ ਉਹਨਾਂ ਪਾਸ ਇਸ ਸਮੇਂ 65000 ਕਰੋੜ ਦੇ ਚਾਲੂ ਪ੍ਰੋਜ਼ੈਕਟ ਹਨ। ਇਸ ਦੌਰਾਨ ਆਪਣੀ ਨਿਊਕਲੀਅਰ ਪਾਵਰ ਕਾਰਪੋਰੇਸ਼ਨ ਇੰਡੀਆ ਦੇ ਨਾਲ ਇਕ ਸਾਂਝਾ ਕਾਰਖਾਨਾ ਲਾਉਣ ਲਈ ਸਮਝੌਤੇ 'ਤੇ ਵੀ ਦਸਤਖ਼ਤ ਕੀਤੇ ਹਨ। ਇਕ ਇਹ ਵਿਰਾਟ ਪੂੰਜੀ ਵਾਲੀ ਸਨਅਤ ਹੈ। ਜਿਸ 'ਚ ਬੱਝਵੀਂ ਆਮਦਨੀ ਘੱਟ ਹੈ। ਜ਼ਾਹਿਰ ਹੈ ਕਿ ਜਨਤਕ ਖੇਤਰ ਦੀਆਂ ਕੰਪਨੀਆਂ ਦੇ ਦਿਵਾਲੀਆ ਹੋਣ ਦਾ ਜੋ ਬਖੇੜਾ ਸਰਕਾਰ ਨੇ ਖੜ੍ਹਾ ਕੀਤਾ ਹੈ ਉਸ ਨੂੰ ਸਮਝਣ ਲਈ ਇਹ ਤੱਥ ਹੀ ਕਾਫੀ ਹਨ।

ਅਸੀਂ ਵੀ ਦੂਜੇ ਦੇਸ਼ਾਂ ਵਾਗੂੰ ਹੀ ਹਾਂ- ਸਰਕਾਰ ਕੀਮਤਾਂ ਦੀ ਤੁਲਨਾ ਬੰਗਲਾ

ਦੇਸ਼ ਨਾਲ ਕਰਦੀ ਹੈ ਜਿਥੇ ਕੀਮਤਾਂ ਵੱਧ ਹਨ। ਉਹਨਾਂ ਦੇ ਦੇਸ਼ਾਂ 'ਚ ਨਾ ਤਾਂ ਬੇਹਤਰ ਤੇਲ ਸੋਧਕ ਕਾਰਖਾਨੇ ਹਨ ਤੇ ਨਾ ਹੀ (ONGC) ਵਰਗੀਆਂ ਵਿਸ਼ਾਲ ਤੇਲ ਕੰਪਨੀਆਂ। ਅਜੇਹੇ 'ਚ ਇਹਨਾਂ ਨਾਲ ਤੁਲਨਾ ਕਰਕੇ ਸਰਕਾਰ ਕੀਮਤਾਂ ਵਧਾਉਣ ਦੀ ਆਪਣੀ ਕਾਰਗੁਜ਼ਾਰੀ ਨੂੰ ਸਹੀ ਠਹਿਰਾਉਂਦੀ ਹੈ। ਦੂਜੇ ਪਾਸੇ ਪੈਟਰੋਲ 'ਤੇ ਭਾਰੀ ਟੈਕਸ ਲਾ ਕੇ ਦੂਜੇ ਦੇਸ਼ਾਂ ਦੇ ਮੁਕਾਬਲੇ ਪੈਟਰੋਲੀਅਮ ਪਦਾਰਥਾਂ ਨੂੰ ਮਹਿੰਗਾ ਕਰ ਰਹੀ ਹੈ। ਸਰਕਾਰ ਚਾਹੇ ਤਾਂ ਆਪਣੀ ਕਰ ਪ੍ਰਣਾਲੀ 'ਚ ਫੇਰਬਦਲ ਕਰਕੇ ਪੈਟਰੋਲ ਦੀ ਕੀਮਤ ਘਟਾ ਸਕਦੀ ਹੈ ਤੇ ਲੋਕਾਂ ਨੂੰ ਰਾਹਤ ਪਹੁੰਚਾ ਸਕਦੀ ਹੈ।

ਐਨਰਜੀ ਐਡਮਿਨਸਟਰੇਸ਼ਨ ਦੀ ਰੀਪੋਟ ਮੁਤਾਬਕ ਅਜੇਹੇ 54 ਦੇਸ਼ ਹਨ ਜਿਹਨਾਂ ਦੀ ਸੋਧ ਸਮਰਥਾ ਉਸ ਦੇ ਉਪਯੋਗ ਤੋਂ ਵੱਧ ਹੈ। ਭਾਰਤ ਵੀ ਇਹਨਾਂ ਵਿਚੋਂ ਇਕ ਹੈ। ਇਹਨਾਂ 'ਚੋਂ ਸਿਰਫ ਕੁਝ ਦੇਸ਼ (ਕ੍ਰੋਇਸ਼ੀਆ, ਫਿਲੀਪੀਨਜ਼, ਦੱਖਣੀ ਅਫਰੀਕਾ) ਨੇ ਹੀ ਦਰਾਮਦ ਦੇ ਬਰਾਬਰ ਮੁੱਲ ਪ੍ਰਣਾਲੀ ਅਪਣਾਈ ਹੈ। ਮਲੇਸ਼ੀਆ ਤੇ ਤੁਰਕੀ ਵਿਚ ਵੀ ਪ੍ਰਚੂਨ ਕੀਮਤਾਂ ਕੌਮਾਂਤਰੀ ਬਜ਼ਾਰ ਤੋਂ ਤਹਿ ਹੁੰਦੀਆਂ ਹਨ। ਤੇਲ ਸੋਧਣ 'ਚ ਆਤਮ ਨਿਰਭਰ ਹੋਣ ਦੇ ਬਾਵਜੂਦ ਸਰਕਾਰ ਐਸੀ ਮੁਲ ਵਿਵਸਥਾ ਕਿਉਂ ਅਪਣਾ ਰਹੀ ਹੈ ਜੋ ਪੈਟਰੋਲੀਅਮ ਪਦਾਰਥਾਂ ਦੀਆਂ ਵਿਸ਼ਵ ਵਿਆਪੀ ਕੀਮਤਾਂ ਤੋਂ ਤਹਿ ਹੁੰਦੀ ਹੈ। ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਦੇਸ਼ ਦੀ ਬਹੁਤੀ ਅਬਾਦੀ ਦੀ ਆਮਦਨ ਬਹੁਤ ਹੀ ਘੱਟ ਤੇ ਅਨਿਸ਼ਚਤ ਹੈ ਪਰ ਇਸ ਦੀ ਰੱਤੀ ਭਰ ਵੀ ਪ੍ਰਵਾਹ ਕੀਤੇ ਗਏ ਸਰਕਾਰ ਉਹਨਾਂ ਤੇ ਨਵੇਂ-ਨਵੇਂ ਬੋਝ ਪਾਉਂਦੀ ਆ ਰਹੀ ਹੈ। ਭਾਅ ਵਧਣ ਨਾਲ ਸਰਕਾਰ 'ਤੇ ਸਲਾਨਾ 53000 ਕਰੋੜ ਰੁਪਏ ਦਾ ਬੋਝ ਝੱਲੇਗੀ। ਮੰਤਰਾਲੇ ਦੇ ਬਜਟ 'ਚ ਇਸ ਰਕਮ ਦਾ ਜ਼ਿਕਰ ਤਕ ਨਹੀਂ ਹੈ। 53000 ਕਰੋੜ ਰੁਪਏ ਸਲਾਨਾ ਦੇ ਬੋਝ ਦੀ ਇਹ ਕਹਾਣੀ ਵੀ ਕਲਪਿਤ ਹੈ। ਸਚਾਈ ਉਲਟ ਹੈ। 2009-10 ਦੌਰਾਨ ਪੈਟਰੋਲੀਅਮ ਖੇਤਰ ਨੇ ਕਰ, ਡਿਊਟੀ, ਲਾਂਭਾਂਸ਼ ਆਦਿ ਦੀ ਸ਼ਕਲ 'ਚ ਕੇਂਦਰ ਸਰਕਾਰ ਦੇ ਖਜਾਨੇ 'ਚ 90000 ਕਰੋੜ ਰੁਪਏ ਦਾ ਯੋਗਦਾਨ ਦਿੱਤਾ। 2010-11 ਦੌਰਾਨ ਇਹ ਯੋਗਦਾਨ 120000 ਕਰੋੜ ਤੋਂ ਵੱਧ ਹੋਣ ਦੀ ਸੰਭਾਵਨਾ ਰਹੀ। ਅਜੇਹੇ 'ਚ ਇਹ ਸੁਆਲ ਉਠਣਾ ਲਾਜ਼ਮੀ ਹੈ ਕਿ ਸਰਕਾਰ ਜਨਤਾ ਦਾ ਬੋਝ ਉਠਾ ਰਹੀ ਹੈ ਜਾਂ ਜਨਤਾ ਦੀ ਖ਼ੂਨ ਪਸੀਨੇ ਦੀ ਕਮਾਈ ਨਾਲ ਤਿਆਰ ਜਨਤਕ ਖੇਤਰ ਦੀਆਂ ਤੇਲ ਕੰਪਨੀਆਂ ਦਾ ਬੋਝ ਉਠਾ ਰਹੀ ਹੈ। ਕਿੰਨੀ ਹੈਰਾਨੀ ਹੈ ਕਿ ਲੋਕਾਂ ਵੱਲੋਂ ਚੁਣੀ ਸਰਕਾਰ ਉਹਨਾਂ ਹੀ ਲੋਕਾਂ ਦਾ ਖੂਨ ਚੂਸਣ 'ਤੇ ਉਤਾਰੂ ਹੈ ਤੇ ਇਸ ਨੂੰ ਜਾਇਜ਼ ਠਹਿਰਾਉਣ ਲਈ ਝੂਠਾਂ-ਫਰੇਬਾਂ ਦਾ ਸਹਾਰਾ ਲੈਂਦੀ ਹੈ।

ਪੈਟਰੋਲੀਅਮ ਮੰਤਰੀ ਅਨੁਸਾਰ "ਮੁਕਤ ਬਾਜ਼ਾਰ ਤੋਂ ਜਨਤਕ ਤੇ ਨਿਜੀ ਖੇਤਰ ਵਿਚਾਲੇ ਮੁਕਾਬਲਾ ਪੈਦਾ ਹੋਵੇਗਾ। ਇਸ ਨਾਲ ਸੇਵਾ 'ਚ ਵਾਧਾ ਹੋਵੇਗਾ ਅਤੇ ਇਹ ਪ੍ਰਾਈਮ ਵਾਰ ਵੱਲ ਵੀ ਲੈ ਜਾ ਸਕਦਾ ਹੈ।" ਜ਼ਾਹਿਰ ਹੈ ਸਰਕਾਰ ਪ੍ਰਾਈਮ ਵਾਰ ਦੀ ਹਮਾਇਤ ਕਰਦੀ ਹੈ। ਜਨਤਕ ਖੇਤਰ ਦੀਆਂ ਤੇਲ ਕੰਪਨੀਆਂ ਇਸ ਕਾਰਨ ਸਭ ਤੋਂ ਵੱਧ ਨੁਕਸਾਨ ਵਿਚ ਰਹਿਣਗੀਆਂ। ਮੇਸ਼ਰਸ ਰਿਲਾਇੰਸ ਤੇ ਇਸਾਰ ਵਰਗੀਆਂ ਦਿਉ ਕੱਦ ਦੇਸੀ-ਵਿਦੇਸ਼ੀ ਕੰਪਨੀਆਂ ਪਾਸ ਜਨਤਕ ਖੇਤਰ ਦੀਆਂ ਕੰਪਨੀਆਂ ਦੇ ਮੁਕਾਬਲੇ ਅਤਿ ਅਧੁਨਿਕ, ਉੱਚ ਸਮਰੱਥਾ ਵਾਲੇ ਤੇਲ ਸੋਧਕ ਕਾਰਖਾਨੇ ਹਨ ਜਦਕਿ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਇਹਨਾਂ ਨਿਜੀ ਰਿਫਾਇਨਰੀਆਂ ਦੇ ਪੱਧਰ ਤਕ

ਆਪਣੀ ਤਕਨੀਕ ਨੂੰ ਵਧਾਉਣ ਤੇ ਅਧੁਨਿਕ ਬਣਾਉਣ ਦੀ ਇਜਾਜ਼ਤ ਹੀ ਨਹੀਂ ਦਿਤੀ ਗਈ ਹੈ। ਨਾਲ ਹੀ ਨਿਜੀ ਕਾਰਪੋਰੇਟਸ ਨੂੰ ਟੈਕਸ ਮੁਆਫੀ ਤੋਂ ਛੋਟ ਹੋਰ ਵੀ ਅਨੇਕਾਂ ਰਿਆਇਤਾਂ ਦੇਣ ਲਈ ਸਰਕਾਰ ਤਿਆਰ ਹੈ। ਸਰਕਾਰ ਦੀ 'ਪ੍ਰਾਈਮ ਵਾਰ' ਦਾ ਸਿਧਾਂਤ ਕੁਝ ਇਸ ਤਰ੍ਹਾਂ ਹੈ ਜਿਵੇਂ ਈਸਟ ਇੰਡੀਆ ਕੰਪਨੀ ਦੇ ਦੌਰ ਵਿਚ ਸੀ। ਪ੍ਰਾਈਮ ਵਾਰ ਨੇ ਪਹਿਲਾਂ ਤਾਂ ਘਰੇਲੂ ਬਾਜ਼ਾਰ ਨੂੰ ਤਹਿਸ-ਨਹਿਸ ਕਰ ਦਿੱਤਾ, ਪਿਛੋਂ ਸਾਰੇ ਦੇਸ਼ ਨੂੰ ਆਪਣੀ ਗ੍ਰਿਫ਼ਤ 'ਚ ਲੈ ਲਿਆ। ਅਸੀਂ ਹਾਏ (ਆਹ!) ਵੀ ਕਰਦੇ ਹਾਂ ਤਾਂ, ਬਦਨਾਮ ਹੋ ਜਾਂਦੇ ਹਾਂ। ਦੇਸ਼ ਦੇ 80 ਕਰੋੜ ਲੋਕ ਜੋ 20 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰ ਰਹੇ ਹਨ ਅਤੇ ਉਪਰੋਂ ਜ਼ਰੂਰੀ ਚੀਜ਼ਾਂ ਦੀਆਂ ਬੇਲਗਾਮ ਕੀਮਤਾਂ ਤਾਂ ਦੂਰ, ਉਲਟਾ ਸਰਕਾਰ ਸਾਥੋਂ ਸਹਿਣ ਯੋਗ ਹੋਣ ਦੀ ਮੰਗ ਕਰ ਰਹੀਆਂ ਹਨ। ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਤਹਿਸ-ਨਹਿਸ ਕਰਕੇ ਦੇਸੀ-ਵਿਦੇਸ਼ੀ ਨਿਜੀ ਪੂੰਜੀ ਲਈ ਲੁੱਟ ਦੀ ਖੁੱਲ੍ਹੀ ਛੁੱਟੀ ਦੇ ਕੇ ਸਰਕਾਰ ਨੇ ਇਕ ਵਾਰ ਫੇਰ ਇਹ ਸਾਬਤ ਕੀਤਾ ਹੈ ਕਿ ਇਹ ਸ਼ਰਮਾਏਦਾਰਾਂ ਵੱਲੋਂ, ਸ਼ਰਮਾਏਦਾਰਾਂ ਲਈ, ਸ਼ਰਮਾਏਦਾਰਾਂ ਦੀ ਸਰਕਾਰ ਹੈ।

# ਬਹਾਨਾ ਮਦਦ ਦਾ, ਕੰਟਰੋਲ ਵਧੇ ਅਮਰੀਕਾ ਦਾ
## (ਪਾਕਿਸਤਾਨ 'ਚ ਆਈ ਹੜਾ ਦੀ ਆਫਤ)

ਸਦੀਆਂ ਦੇ ਸਭ ਤੋਂ ਭਿਅੰਕਰ ਹੜ ਦੀ ਮਾਰ ਝੱਲ ਰਹੇ ਪਾਕਿਸਤਾਨ 'ਚ ਜਕੋਬਾਬਾਦ ਇਲਾਕੇ 'ਚ ਰਾਹਤਤ ਸਾਮਗਰੀ ਪਹੁੰਚਾਉਣ ਲਈ ਕੋਈ ਹਵਾਈ ਪੱਟੀ ਨਸੀਬ ਨਹੀਂ ਹੋਈ। ਇਸ ਦੀ ਵਜਾਹ ਇਹ ਸੀ ਕਿ ਉਥੇ ਪਹੁੰਚਣ ਲਈ ਸ਼ਾਹਬਾਦ ਏਅਰ ਬੱਸ ਦੀ ਵਰਤੋਂ ਕਰਨੀ ਜਰੂਰੀ ਸੀ। ਪਰ ਉਸ 'ਤੇ ਅਮਰੀਕਾ ਦਾ ਕਬਜਾ ਹੈ ਜਿਥੋਂ ਇਹ ਨਾਰਥ-ਵੇਸਟ ਫ੍ਰੰਟੀਅਰ ਪ੍ਰਾਂਵਿੰਸ 'ਤੇ ਡ੍ਰੋਨ ਨਾਲ ਹਮਲਾ ਕਰਦਾ ਹੈ। ਜਦ ਪਾਕਿਸਤਾਨ ਦੇ ਸਿਹਤ ਸਕੱਤਰ ਖੁਸਨੂੰਦ ਲਸ਼ਾਰੀ ਦੇ ਮੂੰਹੋ ਅਚਾਨਕ ਇਹ ਗੱਲ ਨਿਕਲੀ ਿ ਜਦੋਬਾਬਾਦ 'ਚ ਰਾਹਤ ਕੰਮ ਨਹੀਂ ਚਲਾਏ ਜਾ ਸਕਦੇ ਤਾਂ ਮੀਡੀਆ 'ਚ ਕਾਫੀ ਹਲਚਲ ਮਚ ਗਈ। ਇਸ ਮਾਮਲੇ ਸਬੰਧੀ ਪਾਕਿਸਤਾਨੀ ਐਮ. ਪੀ. ਸੇਮੀਨ ਕਹਿੰਦੀ ਹੈ, "ਇਸ ਤੋਂ ਵੱਧ ਮਾੜੀ ਕਿਸਮਤ ਕੀ ਹੋ ਸਕਦੀ ਹੈ ਕਿ ਅਮਰੀਕਾ ਸਾਡੇ ਹੀ ਮੁਲਕ ਦੀ ਹਵਾਈ ਪੱਟੀ ਤੋਂ ਸਾਡੇ ਮੁਲਕ 'ਚ ਹਮਲੇ ਕਰ ਸਕਦਾ ਹੈ ਪਰ ਸਾਡੀ ਸਰਕਾਰ ਉਸੇ ਹਵਾਈ ਪੱਟੀ ਨੂੰ ਰਾਹਤ ਕਾਰਜ ਚਲਾਉਣ ਲਈ ਨਹੀਂ ਵਰਤ ਸਕਦੀ। ਇਸ ਬਾਰੇ ਸਰਕਾਰ ਫੈਸਲਾ ਕਰਨ 'ਚ ਅਸਮਰਥ ਹੈ। ਪਾਕਿਸਤਾਨ 'ਚ ਹੜ੍ਹਾਂ ਦੀ ਮਾਰ ਰੋਜਾਨਾ ਸੈਂਕੜੇ ਲੋਕਾਂ ਨੂੰ ਲੀਲ ਰਹੀ ਹੈ। ਲੋਕ ਸਰਕਾਰ ਤੋਂ ਉਮੀਦ ਛੱਡ ਚੁਕੇ ਹਨ ਅਤੇ ਕੌਮਾਂਤਰੀ ਸਮੂਹ ਦੀ ਮਦਦ ਤੇ ਘਰੇਲੂ ਜਕਾਤ ਦੀ ਆਰਸ 'ਚ ਜਿਉਂ ਰਹੀ ਹੈ। ਇਸ ਦੇ ਬਾਵਜੂਦ ਮਦਦ ਪਹੁੰਚਾਉਣ 'ਚ ਦੇਰੀ ਨੇ ਪਾਕਿਸਤਾਨ ਦੀ ਪੁਰਾਨੀ ਦਿੱਖ ਨੂੰ ਬੇਪਰਦ ਕਰਦਿਆਂ ਮਜਲੂਮਾਂ ਨੂੰ ਹੀ ਆਪਣਾ ਸ਼ਿਕਾਰ ਬਣਾ ਲਿਆ। ਹੜ੍ਹ ਨੇ ਦੋ ਹਫਤਿਆਂ 'ਚ ਕਰੀਬ ਦੋ ਹਜ਼ਾਰ ਲੋਕਾਂ ਦੀਆਂ ਜਾਨਾ ਲੈ ਲਈਆਂ ਹਨ ਹਜ਼ਾਰਾਂ ਲੋਕ ਲਾਪਤਾ ਹਨ ਅਤੇ ਦੋ ਕਰੋੜ ਤੋਂ ਵੀ ਵੱਧ ਲੋਕਾਂ ਨੇ ਆਪਣਾ ਸਭ ਕੁਝ ਗੁਆ ਲਿਆ ਹੈ। ਇਹ 2005 'ਚ ਪਾਕਿਸਤਾਨ 'ਚ ਆਏ ਭੂਚਾਲ, ਭਾਰਤ 'ਚ ਆਈ ਸੁਨਾਮੀ ਤੇ ਹੈਅਤੀ ਦੇ ਭੁਚਾਲ ਤੋਂ ਵੀ ਵੱਧ ਤਬਾਹੀ ਵਾਲੀ ਤਰਾਸਦੀ ਹੈ। ਹੜ ਦੀ ਮਾਰ 'ਚ ਆਏ 35 ਲੱਖ ਬੱਚਿਆਂ ਦੀ ਜ਼ਿੰਦਗੀ ਦਾਅ 'ਤੇ ਹੈ। ਹੜ ਦੇ ਪਾਣੀ ਨਾਲ ਮਹਾਮਾਰੀ ਹੈਜਾ, ਦਸਤ, ਮਲੇਰੀਆਂ ਵਰਗੀਆਂ ਬੀਮਾਰੀਆਂ ਦਾ ਖਤਰਾ ਹੈ। ਕਿਉਂਕਿ ਨਾ ਤਾਂ ਲੋੜੀਦੀ ਮਾਤਰਾ 'ਚ ਪੀਣ ਵਾਲਾ ਸ਼ੁਧ ਪਾਣੀ ਮੁਹਈਆ ਕਰਵਾਇਆ ਜਾ ਸਕਿਆ ਹੈ। ਅਤੇ ਨਾ ਹੀ ਇਲਾਜ ਦਾ ਕੋਈ ਪ੍ਰਬੰਧ ਹੈ। ਸੁਆਲ ਉਠਦਾ ਹੈ ਕਿ ਆਖਰ ਏਨੀ ਵੱਡੀ ਤਬਾਹੀ ਦੇ ਬਾਵਜੂਦ ਪਾਕਿਸਤਾਨ ਸਰਕਾਰ ਨੇ ਇਤਮਿਨਾਨੀ ਦਾ ਰਵੱਈਆ ਕਿਉਂ ਅਖਤਿਆਰ ਕੀਤਾ ਅਤੇ ਕੀ ਪਾਕਿਸਤਾਨ ਪ੍ਰਤੀ ਵਿਸ਼ਵ ਭਾਈਚਾਰੇ ਦੇ ਰਵਈਏ ਨੇ ਉਸ ਨੂੰ ਆਪਣੀ ਛਵੀ 'ਚ ਸੁਧਾਰ ਲਿਆਉਣ ਲਈ ਸੋਚਣ ਨੂੰ ਮਜ਼ਬੂਰ ਕੀਤਾ ਹੈ? ਹੜ ਪੀੜਤਾਂ ਸਬੰਧੀ ਦੁਨੀਆਂ ਦੀ ਸੰਵੇਦਨਸ਼ੀਲਤਾ 'ਚ ਕਮੀਦੀ ਇਕ ਵਜਾਹ ਇਹ ਹੈ ਕਿ ਇਸ ਦੇਸ਼ ਅਤੇ ਉਸ ਦੀ ਸਰਕਾਰ ਨੇ ਹਰ ਮੋਰਚੇ 'ਤੇ ਆਪਣੀ ਭਰੋਸੇਯੋਗਤਾ ਗੁਆ ਲਈ ਹੈ। ਨਾ ਸਿਰਫ ਦੂਜੇ ਦੇਸਾਂ ਦੀ ਨਜ਼ਰ 'ਚ ਜਿਰਦਾਰੀ-ਗਿਲਾਨੀ ਦੀ ਸਰਕਾਰ ਗੈਰ ਪ੍ਰਸੰਗਿਕ ਹੁੰਦੀ ਜਾ ਰਹੀ ਹੈ, ਬਲਕਿ ਪਾਕਿਸਤਾਨ ਦੇ

ਆਮ ਲੋਕ ਵੀ ਹੁਣ ਉਸ 'ਤੇ ਭਰੋਸਾ ਕਰਨਾ ਛੱਡ ਚੁਕੇ ਹਨ। ਇਹੀ ਵਜਾਹ ਹੈ ਕਿ ਆਮ ਲੋਕ ਹੜ ਪੀੜਤਾਂ ਨੂੰ ਪ੍ਰਧਾਨ ਮੰਤਰੀ ਰਾਹਤ ਫੰਡ ਰਾਹੀਂ ਸਹਾਇਤਾ ਨਾ ਭੇਜ ਕੇ ਸਵੈ ਸੇਵੀ ਸੰਗਠਨਾਂ () ਨੂੰ ਪੈਸੇ ਤੇ ਰਾਹਤ ਸਮਗਰਰੀ ਦੇ ਰਹੇ ਹਨ। ਹੜ-ਪੀੜਤ ਇਲਾਕਿਆਂ 'ਚ ਵੱਡੀ ਗਿਣਤੀ 'ਚ ਅਲ-ਕਾਇਦਾ ਨਾਲ ਜੁੜੇ ਛੋਟੇ ਛੋਟੇ ਸੰਗਠਨਾਂ ਦੇ ਵਰਕਰ ਵੀ ਰਾਹਤ ਕੰਮ ਚਲਾ ਰਹੇ ਹਨ ਆਈ. ਐਸ. ਆਈ. ਬਾਹਰੀ ਤੌਰ 'ਤੇ ਕਹਿ ਤਾਂ ਰਹੀ ਹੈ ਕਿ ਪਾਕਿ ਦੇ ਅਸਲੀ ਦੁਸ਼ਮਣ ਪਾਕਿ ਦਹਿਸ਼ਤਗਦ ਹਨ। ਭਾਰਤ ਨਹੀਂ ਪਰ ਚਾਹੁੰਦੇ ਹੋਇਆਂ ਵੀ ਇਹ ਦਹਿਸ਼ਤਗਰਦਾਂ ਨੂੰ ਰਾਹਤ ਕੰਮ ਤੋਂ ਵੱਖ ਨਹੀਂ ਕਰ ਸਕਦੀ। ਪਾਕਿਸਤਾਨ ਦਰਅਸਲ ਕਈ ਤਰ੍ਹਾਂ ਦੀਆਂ ਬੁਰਾਈਆਂ ਦਾ ਇਕ ਘਾਲ ਮੇਲ (ਮਿਲਗੋਭਾ) ਬਣ ਚੁਕਿਆ ਹੈ। ਅੱਤਵਾਦ ਨਾਲ ਤਾਂ ਉਹ ਪਹਿਲਾਂ ਹੀ ਤਬਾਹ ਸੀ, ਰਹੀ ਕਸਰ ਭਰਿਸ਼ਟਾਚਾਰ ਨੇ ਪੁਰੀ ਕਰ ਦਿੱਤੀ। ਪਾਕਿਸਤਾਨ ਬਾਰੇ ਕਸਰ ਧਾਰਣਾਂ ਇਹ ਬਣ ਚੁੱਕੀ ਹੈ ਕਿ ਜਿਥੇ ਜਿਸ ਕੰਮ ਲਈ ਪੈਸੇ ਦਿੱਤੇ ਜਾਣਗੇ, ਘੱਟੋ ਘੱਟ ਉਸ ਕੰਮ 'ਚ ਉਹ ਨਹੀਂ ਲਗਣਗੇ। ਬਲਕਿ ਉਹਨਾਂ ਪੈਸਿਆਂ ਦੀ ਵਰਤੋਂ ਦਹਿਸ਼ਤ ਫੈਲਾਉਣ ਲਈ ਜ਼ਰੂਰ ਹੋ ਜਾਵੇਗੀ। ਇਸ ਨੂੰ ਪਾਕਿਸਤਾਨ ਦੀ ਦੁਰਗਤੀ ਕਿਹਾ ਜਾਵੇ ਜਾਂ ਹੜ੍ਹ ਪੀੜਤਾ ਦੀ, ਪਰ ਹਕੀਕਤ ਇਹੀ ਹੈ ਕਿ ਮੁਲਕ ਦੇ ਹੁਕਮਰਾਨਾ ਦੀਆਂ ਨੀਤੀਆਂ ਕਾਰਨ ਬਾਹਰ ਤੋਂ ਖੁਲ ਕੇ ਲੋਕ ਮਦਦ ਲਈ ਨਹੀਂ ਆ ਰਹੇ ਹਨ। ਦਹਿਸ਼ਤਗਰਦੀ ਨਾਲ ਲੜਾਈ ਦੇ ਨਾਂ 'ਤੇ ਪਾਕਿਸਤਾਨ ਨੂੰ ਅਮਰੀਕਾ ਤੇ ਬ੍ਰਿਟੇਨ ਤੋਂ ਲਗਾਤਾਰ ਆਰਥਿਕ ਮਦਦ ਮਿਲਦੀ ਰਹੀ ਪਰ ਉਸ ਦੀ ਵਰਤੋਂ ਗਲਤ ਕੰਮਾਂ 'ਚ ਹੁੰਦੀ ਰਹੀ। ਵਰਲਡ ਬੈਕ, ਆਈ. ਐਸ. ਐਫ ਆਦਿ ਤੋਂ ਵੀ ਵੱਖ ਵੱਖ ਵਿਕਾਸ ਮੁਖੀ ਪ੍ਰੋਜੈਕਟਾਂ ਲਈ ਕਰਜਾ ਮਿਲਦਾ ਸੀ ਪਰ ਵਿਕਾਸ ਦੀ ਥਾਂ ਵਿਨਾਸ 'ਤੇ ਖਰਚ ਕਰ ਦਿੱਤਾ ਜਾਂਦਾ ਸੀ। ਪੈਸੇ ਆਉਂਦਿਆਂ ਹੀ ਉਸ ਦਾ ਪੰਜਾਹ ਫੀਸਦੀ ਹਿੱਸਾ ਰਾਜਸੀ ਨੇਤਾਵਾਂ ਤੋਂ ਲੈ ਕੇ ਅਫਸਰਸ਼ਾਹੀ ਦੀ ਭੇਂਟ ਚੜ ਜਾਂਦਾ ਰਿਹਾ ਹੈ। ਪੈਸੇ ਦੀ ਸਹੀ ਵਰਤੋਂ ਹੋਣ ਕਰਕੇ ਹੀ ਆਰਥਕ ਤੇ ਸਮਾਜਕ ਸਥਿਤੀ ਖੋਪਲੀ ਹੁੰਦੀ ਗਈ। ਹੁਣ ਜਦ ਹੜਾਂ ਨਾਲ ਨਿਪਟਣ ਲਈ ਪੈਸੇ ਦੀ ਲੋੜ ਪਈ ਤਾਂ ਪਾਕਿਸਤਾਨ ਦੀ ਝੋਲੀ ਖਾਲੀ ਮਿਲੀ। ਕੌਮਾਂਤਰੀ ਮੁਦਰਾ ਕੋਸ਼ ਪਾਕਿਸਤਾਨ ਲਈ ਤਹਿ ਬਜਟ ਤੇ ਉਸ ਦੀ ਵਿਤੀ ਸਥਿਤੀ ਦੀ ਸਮੀਵਿਆ ਤਾਂ ਕਰ ਰਿਹਾ ਹੈ ਪਰ ਉਸ ਕੋਲ ਵੀ ਦੇਸ਼ ਨੂੰ ਭਾਰੀ ਮਦਦ ਪਹੁੰਚਾਉਣ ਦਾ ਕੋਈ ਰਾਹ ਨਹੀਂ ਹੈ। ਯੂਨੀਸੈਫ ਦੇ ਪ੍ਰਮੁੱਖ ਲਈ ਜਾਰਜ ਆਰਸੇਨਾਲਟ ਨੇ ਮਨੁਖੀ ਸੰਵੇਦਨਾਵਾਂ ਦੀ ਇਸ ਕਮੀ 'ਤੇ ਹੈਰਾਨੀ ਜਾਹਰ ਕੀਤੀ ਹੈ। ਸੰਯੁਕਤ ਰਾਸ਼ਟਰ ਵੀ ਚਾਹੁੰਦਾ ਹੈ ਕਿ ਪਾਕਿਸਤਾਨ ਦੀ ਛਵੀ ਨੂੰ ਭੁਲਾ ਕੇ ਬੁਰੀ ਦੁਨੀਆਂ ਬੇਰੁਖੀ ਛੱਡੇ ਤੇ ਦਿਲ ਖੋਹਲ ਕੇ ਮਦਦ ਮਿਲਣ ਦਾ ਭਰੋਸਾ ਮਿਲ ਚੁਕਿਆ ਹੈ। ਪਰ ਇਸ ਰਾਸ਼ੀ 'ਚ ਕਈ ਗੁਣਾ ਵਧ ਰਕਮ ਦੀ ਲੋੜ ਪੂਰੇ ਮੁਲਕ ਦੇ ਪੰਜਵੇਂ ਹਿੱਸੇ ਨੂੰ ਬਚਾਉਣ ਲਈ ਚਾਹੀਦੀ ਹੈ। ਭਾਰਤ ਨੇ ਵੀ 50 ਲੱਖ ਡਾਲਰ ਦੀ ਮਦਦ ਦੀ ਪੇਸ਼ਕਸ ਕੀਤੀ ਜਿਸ 'ਤੇ ਉਥੇ ਰਾਜਨੀਤੀ ਸ਼ੁਰੂ ਹੋ ਗਈ। ਫੌਜ ਦਾ ਕਹਿਣਾ ਸੀ ਕਿ ਭਾਰਤ ਤੋਂ ਮਦਦ ਨਹੀਂ ਲਈ ਜਾਣੀ ਚਾਹੀਦੀ ਜਦਕਿ ਪਾਕਿਸਤਾਨ ਦਾ ਤਰਕ ਸੀ ਕਿ ਦੋ ਨੋ ਮੁਲਕ ਇਕ ਦੂਜੇ ਦੀ ਹਮੇਸ਼ਾਂ ਮਦਦ ਕਰਦੇ ਆਏ ਹਨ ਪਾਕਿ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਹਾਇਤਾ ਨੂੰ ਲੈਣ 'ਚ ਕੋਈ ਇਤਰਾਜ ਨਹੀਂ ਹੈ। ਬਸ ਇਹ ਸੰਯੁਕਤ ਰਾਸ਼ਟਰ ਰਾਹੀਂ ਆਉਣੀ ਚਾਹੀਦੀ ਹੈ ਕਈ ਵਿਸਲੇਸਕਾਂ ਦਾ ਮੰਨਣਾ

ਹੈ ਕਿ ਪਾਕਿਸਤਾਨੀ ਰਾਜਸੱਤਾ ਆਪਣੇ ਸ਼ਹਿਰੀਆਂ ਤੋਂ ਵੱਧ ਆਪਣੀ ਮੈਂ ਦੀ ਸ਼ੰਤੁਸ਼ਟੀ ਕਰਨ 'ਚ ਲੱਗੀ ਹੋਈ ਹੈ। ਇਹੀ ਵਜਾਹ ਹੈ ਕਿ ਬਾਹਰੀ ਮਦਦ ਨੂੰ ਤਰਾਸਦੀ ਦੇ ਇਸ ਦੌਰ ਵਿਚ ਵੀ ਸਤਿਕਾਰ ਕਰਨ 'ਚ ਰਫਤਿਆਂ ਦਾ ਸਮਾਂ ਲਾਇਆ ਜਾ ਰਿਹਾ ਹੈ। ਦੂਜੇ ਪਾਸੇ ਰਾਹਤ ਰਾਸ਼ੀ ਦੇਣ 'ਚ ਅੱਗੇ ਰਹੀ ਅਮਰੀਕਾ ਸਰਕਾਰ ਦੀ ਦਰਿਆ ਦਿਲੀ ਦੇ ਵੀ ਕਈ ਅਰਥ ਹਨ। ਉਹ ਪੈਸੇ ਨਾਲ ਪਾਕਿ ਨੂੰ ਉਂਗਲੀਆਂ 'ਤੇ ਨਚਾਉਣ ਦੀ ਨੀਤੀ ਅਪਣਾ ਰਿਹਾ ਹੈ। ਸ਼ਾਹਬਾਦ ਹਵਾਈ ਪੱਟੀ ਤੋਂ ਰਾਹਤ ਪਹੁੰਚਾਉਣ ਦੀ ਇਜਾਜਤ ਨਹੀਂ ਮਿਲੀ। ਪਰ ਇਸ ਬਹਾਨੇ ਤਾਲਿਬਾਨ ਦੇ ਸਫਾਏ ਦੇ ਨਾਂ 'ਤੇ ਉਹ ਆਪਣਾ ਕੰਟਰੋਲ ਵਧਾਉਣਾ ਦੀ ਤਾਕ 'ਚ ਹੈ। ਇਸੇ ਏ ਅਰਬਸ ਨਾਲ ਅਮਰੀਕਾ ਨੇ ਹੜਾਂ ਦੇ ਹੀ ਦੌਰਾਨ ਉਤਰੀ ਤੇ ਦੱਖਣੀ ਵਜਰਿਸਤਾਨ 'ਚ ਤਿੰਨ ਹਮਲੇ ਕੀਤੇ ਜਿਨ੍ਹਾਂ 'ਚ 24 ਲੋਕ ਮਾਰੇ ਗਏ। ਹਾਲਾਂ ਕਿ ਪਾਕਿਸਤਾਨੀ 'ਚ ਅਮਰੀਕੀ ਉਚ ਕਮਿਸ਼ਨ ਨੇ ਇਸ ਖਬਰ ਤੋਂ ਇਨਕਾਰ ਕੀਤਾ ਹੈ ਕਿ ਸ਼ਾਹਬਾਦ ਏਅਰਬਸ ਅਮਰੀਕਾ ਦੇ ਕਬਜੇ 'ਚ ਹੈ ਪਰ ਸੱਚ ਇਹ ਹੈ ਕਿ ਪਾਕਿਸਤਾਨੀ ਹਵਾਈ ਫੌਜ ਨੂੰ ਇਸ ਹਵਾਈ ਪੱਟੀ ਦੀ ਵਰਤੋਂ ਦੀ ਮਨਾਹੀ ਹੈ। ਅਜੇ ਪਿਛੇ ਜਿਹੇ ਹੀ ਅਮਰੀਕਾ ਦੇ 52 ਐਫ-16 ਜਹਾਜ ਪਾਕਿ ਨੂੰ ਮਿਲੇ। ਸਾਰੇ ਲੜਾਕੂ ਜਹਾਜ ਇਸੇ ਹਵਾਈ ਪੱਟੀ 'ਤੇ ਰਖੇ ਗਏ ਹਨ। ਕਿਉਂਕਿ ਪਾਕਿ ਹਵਾਈ ਸੈਨਾ ਦੇ ਜਵਾਨਾ ਨੂੰ 'ਸਿਖਲਾਈ' ਦੇਣੀ ਹੈ ਅਤੇ ਜਹਾਜਾਂ ਦੀ 'ਨਿਗਰਾਨੀ' ਵੀ ਕਰਨੀ ਹੈ, ਇਸ ਲਈ ਅਮਰੀਕੀ ਫੌਜੀ ਉਥੇ ਹਨ। ਸਰਕਾਰ ਮਜਬੂਰ ਹੈ ਕਿ ਉਸ ਨੇ ਆਪਣੇ ਉਥੇ ਆਤਮ ਨਿਰਭਰ ਹੋਣ ਲਾਇਕ ਸਾਧਨ ਹੀ ਵਿਕਸਤ ਨਹੀਂ ਕੀਤੇ, ਜਿਹਨਾਂ ਕਾਰਨ ਉਸ ਨੂੰ ਅਮਰੀਕੀ ਭੀਖ ਨਾਲ ਦਿਨ ਕਟੀ ਕਰਨੀ ਪੈ ਰਹੀ ਹੈ। ਇਸ ਦਾ ਖਮਿਆਜਾ ਨਾਂ ਤਾਂ ਆਸਿਫਅਲੀ ਜਿਰਦਾਰੀ ਭੁਗਤ ਰਹੇ ਹਨ ਨਾ ਯੂਸਵ ਰਜਾ ਗਿਲਾਨੀ, ਪਰ ਇਹ ਤਾਂ ਉਹਨਾਂ ਦੋ ਕਰੋੜ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ਜੋ ਹੜਾਂ ਦੀ ਇਸ ਰਾਜਨੀਤੀ ਨੂੰ ਨਹੀਂ ਸਮਝਦੇ। ਕੁਝ ਮਿਲਾ ਕੇ ਪਾਕਿਸਤਾਨ ਇਕ ਪਾਸੇ ਅਮਰੀਕੀ ਖੈਰਾਤ ਦੂਜੇ ਪਾਸੇ ਤਾਲਿਬਾਨੀ ਖੁਰਾਫਾਤ ਵਿਚਕਾਰ ਝੂਲ ਰਿਹਾ ਹੈ।

# ਸਾਡੀ ਨਿਆਂ ਪ੍ਰਣਾਲੀ ਕਿੰਨੀ ਕੁ ਭਲੀ ਮਾਣਸ?

ਕੁਝ ਸਾਲਾਂ ਤੋਂ ਨਿਆਂ ਪ੍ਰਣਾਲੀ 'ਚ ਕੁਝ ਵੀ ਅੱਛਾ ਨਹੀਂ ਵਾਪਰ ਰਿਹਾ ਹੈ। ਪਹਿਲਾਂ ਤਾਂ ਭਰਿਸ਼ਟਾਚਾਰ ਦੇ ਅਣਗਿਣਤ ਮਾਮਲੇ ਉਭਰੇ, ਉਸ ਪਿਛੋਂ ਨਿਆਂਇਕ ਪਾਰਦਰਸ਼ਤਾ ਤੇ ਲਟਕਦੇ ਕੇਸਾਂ ਸਬੰਧੀ ਬਹਿਸ ਛਿੜੀ। ਇਸ ਪਿਛੋਂ ਜੱਜਾਂ ਦੀ ਜੁਆਬਦੇਹੀ ਤੇ ਜਾਇਦਾਦ ਦੀ ਜਾਣਕਾਰੀ ਨੂੰ ਜਨਤਕ ਕਰਨ ਦੇ ਕੇਸਾਂ ਨੇ ਤੂਲ ਫੜਿਆ। ਇਹਨਾਂ ਸਾਰਿਆਂ ਤੋਂ ਖਹਿੜਾ ਛੁਟਣ ਤੋਂ ਪਹਿਲਾਂ ਹੀ ਜਸਟਿਸ ਪੀ. ਡੀ. ਦਿਨਾਕਰਨ ਦਾ ਕੇਸ ਸਾਹਮਣੇ ਆਇਆ। ਹਾਲਾਂਕਿ ਸੰਨ 2010 ਦਾ ਪਹਿਲਾਂ ਅੱਧ ਇਸ ਮਾਮਲੇ 'ਚ ਘੱਟ ਝਮੇਲੇ ਵਾਲਾ ਰਿਹਾ। ਪਰ ਹੁਣ ਤਾਂ ਵਾੜ ਹੀ ਖਤ ਨੂੰ ਖਾਣ ਲੱਗ ਪਈ ਹੈ। 1947 ਪਿਛੋਂ ਲੰਮੇ ਸਮੇਂ ਤਕ ਲੋਕਾਂ ਦਾ ਆਪਣੇ ਦੇਸ਼ ਦੀਆਂ ਅਦਾਲਤਾਂ 'ਚ ਵਿਸ਼ਵਾਸ ਬਣਿਆ ਰਿਹਾ ਪਰ ਅੱਜ ਇਹਨਾਂ 'ਚ ਆ ਰਿਹਾ ਨਿਘਾਰ ਫਿਕਰ ਦੀ ਗੱਲ ਹੈ। ਜੱਜਾਂ ਦਾ ਕਿਰਦਾਰ ਹੀ ਜੇਕਰ ਸ਼ਕੀ ਹੋ ਜਾਵੇਗਾ ਤਾਂ ਸਾਰਾ ਤਾਣਾ ਬਾਣਾ ਹੀ ਉਲਝ ਜਾਣਾ ਹੈ। ਪਿਛਲੇ ਦਿਨੀ ਸਾਬਕਾ ਕਨੂੰਨ ਮੰਤਰੀ ਤੇ ਪ੍ਰਸਿੱਧ ਵਕੀਲ ਸ਼ਾਂਤੀ ਭੂਸ਼ਣ ਨੇ ਸੁਪ੍ਰੀਮ ਕੋਰਟ ਦੇ ਜੱਜਾਂ ਬਾਰੇ ਜੋ ਟਿਪਣੀਆਂ ਕੀਤੀਆਂ ਹਨ ਉਹ ਬੇਹਾਦ ਪ੍ਰੇਸ਼ਾਨ ਕਰਨ ਵਾਲੀਆਂ ਹਨ। ਸ਼ਾਂਤੀ ਭੂਸ਼ਣ ਨੇ ਸੁਪਰੀਮ ਕੋਰਟ ਨੂੰ ਲਿਖਤੀ ਰੂਪ 'ਚ ਦਿੱਤਾ ਹੈ ਕਿ ਦੇਸ਼ ਦੇ 16 ਮੁੱਖ ਜੱਜਾਂ 'ਚੋ ਘੱਟੋ ਘੱਟ 8 ਲਾਜਮੀ ਭਰਿਸ਼ਟ ਹਨ। 16 ਵਿਚੋਂ ਸਿਰਫ 6 ਜੱਜ ਹੀ ਇਮਾਨਦਾਰ ਹਨ ਤੇ ਬਾਕੀ ਦੋ ਜੱਜਾਂ ਬਾਰੇ ਉਹ ਟਿਪਣੀ ਨਹੀਂ ਕਰ ਸਕਦੇ। ਸ਼ਾਂਤੀ ਭੂਸ਼ਣ ਨੇ ਸੁਪਰੀਮ ਕੋਰਟ ਨੂੰ ਅਜਿਹੇ ਜੱਜਾਂ ਦੇ ਨਾਂ ਵੀ ਕਿੱਤੇ ਹਨ। ਉਹਨਾਂ ਇਹ ਵੀ ਕਿਹਾ ਹੈ ਕਿ ਕੱਲ ਨੂੰ ਇਸ ਕਰਕੇ ਉਹਨਾਂ 'ਤੇ ਹਰਫ ਵੀ ਆ ਸਕਦਾ ਹੈ, ਪਰ ਉਹ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਹਨ। ਇਕ ਅਜੇਹਾ ਵੇਲਾ ਸੀ ਜਦੋਂ ਸੁਪਰੀਮ ਕੋਰਟ ਦੇ ਜੱਜਾਂ ਦੇ ਭਰਿਸ਼ਟ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ ਪਰ ਹੁਣ ਤਾਂ ਮੁੱਖ ਜੱਜ ਨੇ ਆਪ ਇਹ ਗੱਲ ਮੰਨੀ ਹੈ ਕਿ 20 ਫੀਸਦੀ ਜੱਜ ਭਰਿਸ਼ਟ ਹੋ ਚੁਕੇ ਹਨ। ਮੁਜਰਾਤ ਹਾਈ ਕੋਰਟ ਦੇ ਮੁੱਖ ਜੱਜ ਐਸ. ਜੇ. ਮੁਖੋਪਾਧਿਆ ਨੇ ਇਹ ਵੀ ਕਿਹਾ ਸੀ ਕਿ ਸਾਡੇ ਨਿਆਂ ਤੰਤਰ 'ਚ ਕਿਸੇ ਨੂੰ ਵੀ ਖਰੀਦਿਆ ਜਾ ਸਕਦਾ ਹੈ। ਹੁਣ ਤਾਂ ਜੱਜ ਨਕਲਚੀ ਵੀ ਹੋ ਗਏ ਹਨ। ਇਹਨਾਂ ਜੱਜਾਂ ਬਾਰੇ ਏਨਾ ਤਾਂ ਸਾਫ ਹੋ ਜਾਂਦਾ ਹੈ ਕਿ ਨਿਆਂਇਕ ਤਾਣੇ ਬਾਣੇ ਦੀ ਬੁਨਿਆਦੀ ਸੋਚ 'ਚ ਵੀ ਕਿਧਰੇ ਕੋਈ ਖਾਮੀ ਹੈ। ਇਸ ਤੰਤਰ ਦੀ ਖਾਸੀਅਤ ਹੋਣੀ ਚਾਹੀਦੀ ਹੈ ਕਿ ਦੇਸ਼ 'ਚ ਨਿਆਂ ਦਾ ਪਰਚਮ ਲਹਿਰਾਵੇ। ਇਹਨਾ ਦਾ ਕੰਮ ਸੀ। ਆਪਣੇ ਫੈਸਲੇ, ਆਪਣੇ ਦਿਸ਼ਾ ਨਿਰਦੇਸ਼ਾਂ ਅਤੇ ਟਿਪਣੀਆਂ ਨਾਲ ਲੋਕਾਂ ਦੀਆਂ ਉਮੀਦਾਂ ਤੇ ਵਿਸਵਾਸ਼ਾਂ ਨੂੰ ਯਕੀਨੀ ਬਣਾਉਣਾ ਪਰ ਹੁਣ ਇਥੇ ਤਰੱਕੀ ਹਾਸਲ ਕਰਨ ਲਈ ਗਲਤ-ਮਲਤ ਤਰੀਕੇ ਅਪਣਾਏ ਜਾ ਰਹੇ ਹਨ। ਆਂਧਰਾ ਪ੍ਰਦੇਸ਼ ਹਾਈਕੋਰਟ 'ਚ ਵਾਰਗੰਲ ਜਿਲੇ 'ਚ ਕਾਕਤਿਆ ਯੂਨੀਵਰਸਿਟੀ ਦੇ ਆਰਟਸ ਕਾਲਜ 'ਚ ਐਲ. ਐਲ. ਐਮ. ਪ੍ਰੀਖਿਆ 'ਚ ਨਕਲ ਮਾਰਨ ਦੇ ਕੇਸ 'ਚ ਪੰਜ ਜੱਜਾਂ ਨੂੰ ਮੁਲਤਵੀ ਕਰਨ ਦਾ ਫੈਸਲਾ ਮਾਮਲਾ ਇਸ ਦੀ ਤਾਜੀ ਤੇ ਸ਼ਰਮਨਾਕ ਮਿਸਾਲ ਹੈ। ਮੁਲਤਵੀ ਕਰਨ ਦੇ ਕੇਸ ਨੂੰ ਜੇ ਵੱਖ ਕਰ ਦੇਈਏ ਤਾਂ ਪੂਰਾ ਤਾਣਾ ਬਾਣਾ ਘਟੀਆ ਕਿਰਦਾਰ ਦਾ ਨਿਰਮਾਣ ਕਰਦਾ ਨਜ਼ਰ ਆਉਂਦਾ

ਹੈ। ਮਿਲੀਆਂ ਖਬਰਾਂ ਮੁਤਾਬਕ ਇਕ ਜੱਜ ਉਤਰ ਪੁਸਤਿਕਾ ਦੇ ਹੇਠਾਂ ਲਕੋ ਕੇ ਰਖੀ ਨਿਆਂ ਦੀ ਕਿਤਾਬ 'ਚੋ ਨਕਲ ਕਰਦਾ ਫੜਿਆ ਗਿਆ। ਉਥੇ ਬਾਕੀ ਦਿਆਂ ਕੋਲੋਂ ਨਕਲ ਦੀਆਂ ਪਰਚੀਆਂ ਤੇ ਕਿਤਾਬਾਂ ਦੇ ਫਟੇ ਹੋਏ ਪੰਨੇ ਮਿਲੇ। ਸੀਸੀ ਦੀ ਵੀ ਫੁਟੇਜ ਇਸ ਦੇ ਸਬੂਤ ਹਨ।

ਇਹਨਾਂ ਮਾਮਲਾ ਕਿੰਨਾ ਬਦਕਿਸਮਤੀ ਵਾਲਾ ਹੈ, ਉਨ੍ਹਾਂ ਸ਼ਰਮਸ਼ਾਰ ਕਰ ਦੇਣ ਵਾਲਾ ਵੀ ਹੈ। ਨਿਆਂ ਦੀ ਚੌਖਟ 'ਤੇ ਨਕਲ ਦੀ ਖੁਲੀ ਖੇਡ ਸਾਡੀ ਨਿਆਂ ਪ੍ਰਣਾਲੀ, ਸਿਖਿਆ ਪ੍ਰਣਾਲੀ ਤੇ ਪ੍ਰੀਖਿਆ ਪ੍ਰਣਾਲੀ ਅਤੇ ਸਾਰੇ ਚਾਲ ਚਲਣ 'ਤੇ ਵੀ ਸਵਾਲੀਆ ਚਿੰਨ ਲਾਉਂਦੇ ਹਨ। ਸੁਆਲ ਇਸ ਮਾਮਲੇ 'ਚ ਵੀ ਕਾਫੀ ਵੱਡਾ ਹੈ ਕਿ ਜਿਹਨਾਂ ਤੋਂ ਸਾਨੂੰ ਉਮੀਦਾਂ ਜ਼ਿਆਦਾ ਹੁੰਦੀਆਂ ਹਨ, ਉਹਨਾਂ ਦੀ ਥੋੜੀ ਜਿਹੀ ਵੀ ਗਲਤੀ ਵੱਧ ਠੇਸ ਪਹੁੰਚਾਉਂਦੀ ਹੈ। ਮੰਨਿਆ ਕਿ ਐਲ ਐਲ ਐਮ ਦੇ ਇਮਤਿਹਾਨ 'ਚ ਪਾਸ ਹੋਣ ਨਾਲ ਉਹਨਾਂ ਜੱਜਾਂ ਨੂੰ ਤਰੱਕੀ ਮਿਲਦੀ ਹੈ ਤੇ ਉਹ ਵੱਧ ਉਚੇ ਅਹੁਦਿਆਂ 'ਤੇ ਪੁਜਦੇ ਹਨ। ਪਰ ਇਸ ਨੂੰ ਹਾਸਲ ਕਰਨ ਲਈ ਉਹਨਾਂ ਨੂੰ ਆਪਣੀ ਮਰਿਆਦਾ ਤੇ 63 ਸਾਲਾਂ ਦੇ ਨਿਆਂਇਕ ਤੰਤਰ ਦੀ ਇਜਤ ਨੂੰ ਮਿੱਟੀ 'ਚ ਮਿਲਾ ਦਿੱਤਾ। ਜਰਾ ਸੋਚੋ ਹੁਣ ਕੌਣ ਜੱਜਾਂ ਦੇ ਚੋਣ ਅਮਲ 'ਚ ਐਬ ਨਹੀਂ ਲੱਭੇਗਾ ਤੇ ਕਿਹੜਾ ਜੱਜ ਕਿਸੇ ਨਕਲਚੀ ਵਿਦਿਆਰਥੀ ਨੂੰ ਸਖਤ ਸਜਾ ਸੁਣਾ ਸਕੇਗਾ? ਇਹਨਾਂ ਹਾਲਤਾਂ 'ਚ ਤਾਂ ਨਕਲਚੀ ਵਿਦਿਆਰਥੀਆਂ ਦੀ ਜੱਜਾਂ ਨੂੰ ਤੁਲਨਾ ਹੋਣ ਲੱਗੇਗੀ। ਵਿਦਿਆਰਥੀਆਂ ਦੀ ਨਕਲ ਤਾਂ ਮੁਆਫ ਵੀ ਕੀਤੀ ਜਾ ਸਕਦੀ ਹੈ ਕਿਉਂਕਿ ਉਸ ਜੁੰਮੇਵਾਰ ਸ਼ਹਿਰੀ ਬਣਨ ਦੇ ਰਾਹ 'ਤੇ ਹੁੰਦੇ ਹਨ। ਪਰ ਇਕ ਜਿੰਮੇਵਾਰ ਅਤੇ ਨਿਆਂ ਦੀ ਚੌਖਟ 'ਤੇ ਬੈਠੇ ਆਦਮੀ ਦਾ ਨਕਲ ਕਰਨਾ ਮੁਆਫੀ ਦੇ ਯੋਗ ਨਹੀਂ ਹੁੰਦਾ ਹੈ। ਕਦੀ-ਕਦੀ ਸੁਨਣ 'ਚ ਇਹ ਵੀ ਆਉਂਦਾ ਰਿਹਾ ਹੈ ਕਿ ਬਿਹਾਰ ਤੇ ਪੂਰਬੀ-ਉਤਰ ਪ੍ਰਦੇਸ਼ ਦੇ ਕਾਲਜਾਂ 'ਚ ਨਕਲ ਨਾਲ ਪ੍ਰੀਖਿਆ ਦੇਣਾ ਆਮ ਗੱਲ ਹੈ। ਵਿਦਿਆਰਥੀ ਬਿਨਾਂ ਪੜੇ ਲਿਖੇ ਡਿਗਰੀ ਹਾਸਲ ਕਰ ਲੈਂਦੇ ਹਨ। ਫਰਜੀ ਡਿਗਰੀ ਦੀਆਂ ਵੀ ਕਹਾਣੀਆਂ ਅਖਬਾਰਾਂ 'ਚ ਪੜੀਆਂ ਹਨ ਅਤੇ ਇਹਨਾਂ ਪ੍ਰਤੀ ਸਰਕਾਰ ਨੂੰ ਝਿੜਕਦਿਆਂ ਅਦਾਲਤ ਦੇ ਬਿਆਨ ਵੀ। ਪਰ ਇਹ ਪਹਿਲਾ ਕੇਸ ਹੈ ਕਿ ਜੱਦ ਪੰਜ ਜੱਜ ਇਕੋ ਵੇਲੇ ਨਕਲ ਕਰਦੇ ਫੜੇ ਗਏ। ਇਸ ਨਵੀਂ ਪੀੜੀ 'ਚ ਨੈਤਿਕ ਮੁੱਲਾਂ ਦੀ ਗਿਰਾਵਟ ਵਜੋਂ ਵੇਖਿਆ ਜਾ ਸਕਦਾ ਹੈ। ਲਗਦਾ ਹੈ ਕਿ ਨਿਆਂ ਪ੍ਰਣਾਲੀ ਵਿਸੇਸ਼ ਫਰਜਾਂ ਦੀ ਸ੍ਰੇਣੀ 'ਚੋਂ ਬਾਹਰ ਨਿਕਲ ਕੇ ਸਿਰਫ ਪੈਸਾ ਕਮਾਉਣ ਦਾ ਜ਼ਰੀਆ ਰਹਿ ਗਈ ਹੈ। ਅਤੇ ਇਸ ਲਈ ਸਭ ਖੇਤਰਾਂ ਦੀ ਤਰ੍ਹਾਂ ਹੀ ਸਫਲਤਾ ਲਈ ਕੱਟ ਅਪਣਾਏ ਜਾ ਰਹੇ ਹਨ। ਇਹ ਠੀਕ ਹੈ ਕਿ ਨਿਆਂਇਕ ਪ੍ਰਣਾਲੀ ਸਮਾਜ ਤੋਂ ਪਾਸੇ ਨਹੀਂ ਹੈ। ਇਸ ਲਈ ਸਮਾਜਕ ਕੁਰੀਤੀਆਂ ਦਾ ਅਸਰ ਉਹਨਾਂ 'ਤੇ ਵੀ ਪੈਂਦਾ ਹੈ। ਪਰ ਇਸ ਨਾਲ ਨਿਆਂਇਕ ਪ੍ਰਣਾਲੀ 'ਚ ਅਯੋਗ ਲੋਕਾਂ ਦੀ ਭਰਮਾਰ ਹੁੰਦੀ ਜਾਵੇਗੀ। ਘੱਟ ਪ੍ਰਤੀਸ਼ਤ ਲੋਕ ਗਲਤ ਚੋਣ ਅਮਲ ਨਾਲ ਫਾਇਦਾ ਉਠਾਉਣਗੇ। ਨਕਲ ਦੇ ਭਰੋਸੇ ਨਿਆਂ ਦੀ ਸਰਭ-ਉਚ ਸੱਤਾ 'ਤੇ ਕਾਬਜ ਹੋਣਗੇ। ਲਾਜਮੀ ਹੀ ਸਿਖ ਲਾਈ ਦੀ ਪੱਧਰ 'ਤੇ ਕੋਈ ਕਮੀ ਰਹਿ ਗਈ ਹੈ ਜਿਸ ਨੂੰ ਦਰੁਸਤ ਕਰਨ ਦੀ ਲੋੜ ਹੈ। ਦੂਜਿਆਂ ਲਈ ਪੈਮਾਨੇ ਤਹਿ ਕਰਨ ਵਾਲੀ ਨਿਆਂ ਪ੍ਰਣਾਲੀ ਨੂੰ ਅੱਜ ਆਪਣੇ ਲਈ ਸਟੈਂਡਰਡ ਘੜਨੇ ਪੈਣਗੇ। ਜੱਜਾਂ ਦੀ ਨਿਯੁਕਤੀ ਤੋਂ ਲੈ ਕੇ ਫੈਸਲੇ ਤਕ 'ਚ ਪਾਰਦਰਸਿਤਾ ਲਿਆਉਣ ਦੀ ਗੱਲ ਇਹਨੀ ਦਿਨੀ ਜੋਰਾਂ 'ਤੇ ਹੈ। ਅਜੇ ਹੇ 'ਚ ਕਿਉਂ

ਨਾ ਕਨੂੰਨ ਖੇਤਰ ’ਚ ਦਾਖਲੇ ਤੋਂ ਲੈ ਕੇ ਐਲ. ਐਲ. ਬੀ. ਤੇ ਐਲ ਐਲ ਐਮ ਤਕ ਦੇ ਇਮਤਿਹਾਨਾ ਲਈ ਪੂਰੇ ਦੇਸ਼ ’ਚ ਸਾਂਝੀ ਪ੍ਰੀਖਿਆ ਦੀ ਵਿਵਸਥਾ ਕੀਤੀ ਜਾਵੇ। ਹਰ ਪੱਧਰ ’ਤੇ ਇਸ ਤੰਤਰ ਦੇ ਮੁਲਅੰਕਣ ਅਤੇ ਵਿਸਲੇਸ਼ਣ ’ਤੇ ਜੋਰ ਦਿੱਤਾ ਜਾਵੇ? ਇਸ ਤਰ੍ਹਾਂ ਦੇ ਵਿਸਲੇਸ਼ਣ ਦੌਰਾਨ ਨੈਤਿਕ ਮੁੱਲਾਂ ਨੂੰ ਵੀ ਪ੍ਰਖਣ ਦੀ ਵਿਵਸਥਾ ਹੋਵੇ। ਕਿਉਂ ਨਾ ਜੱਜ ਨੂੰ ਵੀ ਨਿਯਮ, ਕਾਇਦੇ ਤੇ ਨੈਤਿਕ ਮੁੱਲਾਂ ਦੇ ਆਧਾਰ ’ਤੇ ਕਸਿਆ ਜਾਵੇ।

# ਕਿਉਂ ਹੈ ਵਾਲੀਵਾਲ ਖਿਡਾਰਣ ਸੋਨੂੰ (ਅਰੂਣਿਆਂ) ਨਾਲ ਬੇਇਨਸਾਫੀ?

ਤਿੰਨ ਸਾਲ ਪਹਿਲਾਂ ਨੋਇਡਾ 'ਚ ਅਰੂਸ਼ੀ ਹੱਤਿਅਕਾਂਡ ਹੋਇਆ ਸੀ। ਦੋਸ਼ੀ ਅਜੇ ਤਕ ਵੀ ਫੜੇ ਨਹੀਂ ਜਾ ਸਕੇ। ਪਰ ਦੇਸ਼ ਦੀਆਂ ਜ਼ੁੰਮੇਵਾਰ ਜਾਂਚ ਏਜੰਸੀਆਂ ਛੋਟੀ ਤੋਂ ਲੈ ਕੇ ਵੱਡੀ ਤਕ ਅਰੂਸ਼ੀ ਤੇ ਉਸ ਦੇ ਪਿਤਾ ਦੇ ਸਬੰਧਾ ਦਾ ਮਨੁਘੜਤ ਚਿਠਾ ਸਾਹਮਣੇ ਲਿਆ ਰਹੀ ਹੈ। ਇਹਨਾਂ ਤੋਂ ਵੀ ਚਾਰ ਕਦਮ ਅੱਗੇ ਜਾ ਕੇ ਮੀਡੀਆ 14 ਸਾਲਾ ਅਰੂਸ਼ੀ ਦੇ ਘਰੇਲੂ ਨੌਕਰ ਹੇਮਰਾਜ (ਜੋ ਉਸ ਦਿਨ ਮਾਰਿਆ ਗਿਆ ਸੀ) ਨਾਲ ਅੰਦਰੂਨੀ ਸਬੰਧ ਜੋੜਨ 'ਚ ਲੱਗਿਆ ਰਿਹਾ। ਕੁਲ ਮਿਲਾ ਕੇ ਇਹੀ ਹਾਲਤ ਵਾਲੀ ਬਾਲ ਖਿਡਾਰੀ ਅਰੁਣਿਆ ਸਿਨਹਾ ਉਰਫ ਸੋਨੂੰ ਦੇ ਕੇਸ 'ਚ ਦੇਖਣ ਨੂੰ ਮਿਲ ਰਹੇ ਹਨ। ਯਾਦ ਹੋਵੇ ਤਾਂ ਉਤਰ ਪ੍ਰਦੇਸ਼ ਦੇ ਸ਼ਹਿਰ ਬਰੇਲੀ ਦੇ ਨੇੜੇ ਚਨੇਹਈ ਸਟੇਸ਼ਨ ਦੇ ਨੇੜੇ ਟ੍ਰੇਨ ਵਿਚ ਅੱਧੀ ਦਰਜਨ ਲੁਟੇਰਿਆਂ ਨਾਲ ਭਿੜਣ ਵਾਲੀ ਅਰੁਣਿਆਂ ਨੂੰ ਲੁਟੇਰਿਆਂ ਨੇ ਟ੍ਰੇਨ ਤੋਂ ਬਾਹਰ ਸੁੱਟ ਦਿੱਤਾ ਸੀ। ਸੋਨੂੰ ਦਾ ਇਕ ਪੈਰ ਟ੍ਰੇਨ 'ਚ ਕੱਟਿਆ ਗਿਆ, ਦੂਜਾ ਟੁੱਟ ਗਿਆ। ਪਲਕ ਝਪਕਦਿਆਂ ਹੀ ਘਟੀ ਇਸ ਘਟਨਾ ਨੇ ਉਸ ਦੇ ਭਵਿਖ ਦੇ ਸੁਪਨੇ ਚਕਨਾਚੂਰ ਕਰ ਦਿਤੇ। ਮੀਡੀਆਂ ਦੀਆਂ ਨਜ਼ਰਾਂ ਇਨਾਇਤ ਹੋਈਆਂ ਹਨ ਤਾਂ ਕੇਂਦਰੀ ਖੇਡ ਮੰਤਰੀ ਨੇ 25 ਹਜ਼ਾਰ ਦੀ ਮਦਦ ਦਾ ਐਲਾਨ ਕੀਤਾ। ਖੇਡ ਮੰਤਰੀ ਦਾ ਇਹ ਇਕ ਖਿਡਾਰੀ ਨਾਲ ਭੱਦਾ ਮਜ਼ਾਕ ਸੀ। ਇਕ ਖਿਡਾਰੀ ਆਪਣਾ ਪੂਰਾ ਜੀਵਨ ਦੇਸ਼ ਦੀ ਸੇਵਾ 'ਚ ਲਾ ਦਿੰਦਾ ਹੈ। ਮੈਡਲ ਜਿੱਤ ਕੇ ਦੁਨੀਆਂ 'ਚ ਨਾਂ ਰੋਸ਼ਨ ਕਰਦਾ ਹੈ। ਉਸ 'ਤੇ ਮੁਸੀਬਤ ਆ ਜਾਣ ਪਿਛੋਂ ਮਦਦ ਵਜੋਂ 25 ਹਜ਼ਾਰ ਰੁਪਏ ਕਿਥੋਂ ਤਕ ਜਾਇਜ਼ ਹਨ? ਏਨੀ ਰਕਮ ਤਾਂ ਇਕ ਦਰਜਾ ਚਾਰ ਮੁਲਾਜਮ ਦੀ ਮਹੀਨੇ ਦੀ ਤਨਖਾਹ ਹੁੰਦੀ ਹੈ। ਤਾਂ ਹੀ ਤਾਂ ਦ੍ਰਿੜ ਇਰਾਦੇ ਵਾਲੀ ਅਰੁਣਿਆ ਨੇ ਖੇਡ ਮੰਤਰੀ ਦੀ ਇਸ ਇਮਦਾਦ ਨੂੰ ਠੋਕਰ ਮਾਰ ਦਿੱਤੀ ਕਿਹਾ ਕਿ "ਮੇਰੇ ਸਾਹਮਣੇ ਲੰਬਾ ਜੀਵਨ ਪਿਆ ਹੈ ਅਤੇ ਮੇਰੇ ਸਪਨੇ ਚਕਨਾਚੂਰ ਹੋ ਗਏ ਹਨ। ਮੈਨੂੰ ਇਹ ਮਦਦ ਨਹੀਂ ਚਾਹੀਦੀ।" ਅਰੁਣਿਆ ਦੀ ਇਸ ਲਾਈਨ ਨੇ ਕੇਂਦਰ ਤੋਂ ਲੈ ਕੇ ਰਾਜ ਤਕ ਨੂੰ ਆਪਣੀ ਪੀੜੀ ਹੇਠ ਸੋਟਾ ਫੇਰਨ ਲਈ ਮਜਬੂਰ ਕਰ ਦਿੱਤਾ। ਆਰਥਕ ਮਦਦ, ਨੌਕਰੀ ਦੀ ਪੇਸ਼ਕਸ ਤੇ ਇਲਾਜ ਖਰਚੇ ਦੀ ਜੁੰਮੇਵਾਰੀ ਉਠਾਉਣ ਦੀ ਗੱਲ ਕਰਨ ਲੱਗੇ। ਬ੍ਰਿਕਸ ਸੰਮੇਲਨ 'ਚ ਹਿੱਸਾ ਲੈਣ ਚੀਨ ਗਏ ਪ੍ਰਧਾਨ ਮੰਤਰੀ ਦਫਤਰ ਨੇ ਰੇਲ ਮੰਤਰਾਲੇ ਤੋਂ ਰਿਪੋਟ ਤਲਬ ਕੀਤੀ ਤਾਂ ਰਾਸ਼ਟਰ ਮੰਡਲ ਕਮਿਸ਼ਨ ਨੇ ਉਤਰ ਪ੍ਰਦੇਸ਼ ਸਰਕਾਰ ਫੇਰ ਕੀ ਸੀ ਮਾਮਲੇ ਤੇ ਰਾਜਨੀਤੀ ਹੋਣ ਲੱਗੇ। ਅਰੁਣਿਆ ਨੂੰ ਬਰੇਲੀ ਤੋਂ ਲਖਨਊ ਦੇ ਛਤਰਪੱਤੀ ਸ਼ਾਹੂ ਜੀ ਮਹਾਰਾਜਾ ਮੈਡੀਕਲ ਕਾਲਜ ਲਿਆਂ ਦਾ ਗਿਆ। ਇਸ ਦਾ ਸਿਹਰਾ ਲੈਣ ਦੀ ਰਾਜ ਤੇ ਕੇਂਦਰ ਸਰਕਾਰ 'ਚ ਦੌੜ ਲੱਗ ਗਈ। ਕੇਂਦਰੀ ਖੇਡ ਮੰਤਰੀ ਅਜੈ ਮਾਕਨ ਦਿਲੀ ਤੋਂ ਡਾਕਟਰ ਦੀ ਟੀਮ ਲੈ ਕੇ ਲਖਨਊ ਪਹੁੰਚ ਗਏ ਤਾਂ ਰਾਜ ਸਰਕਾਰ ਦੇ ਮੰਤਰੀਆਂ ਤੇ ਆਲਾ ਅਫਸਰਾਂ ਦੀ ਲਾਈਨ ਲੱਗ ਗਈ। ਇਨਫੈਕਸ਼ਨ ਤੋਂ ਬੇਪ੍ਰਵਾਹ ਤੇ ਡਾਕਟਰ ਹਦਾਇਤ ਦੇ ਬਾਵਜੂਦ ਰਾਜਸੀ ਨੇਤਾ ਤੇ ਉਹਨਾ ਦੇ ਸ਼ੁਭ ਚਿੰਤਕਾਂ ਦੀ

ਲਾਇਨ ਲੱਗ ਪਈ। ਹਸਪਤਾਲ ਕਿਸੇ ਰਾਜਸੀ ਪਾਰਟੀ ਦਾ ਦਫਤਰ ਲਗਣ ਲੱਗਿਆ। ਅਰੁਣਿਆ ਕੇਸ ਨੂੰ ਰਾਜ ਨੇਤਾ ਆਪਣੇ ਰਾਜਸੀ ਨਫਾ-ਨੁਕਸਾਨ ਦੇ ਸੀਸ਼ੇ ਨਾਲ ਵੇਖਣ ਲਗੇ। ਇਸ ਚੱਕਰ 'ਚ ਹਾਲਾਤ ਏਨੇ ਖਰਾਬ ਹੋ ਗਏ ਕਿ ਅਰੁਣਿਆ ਦੇ ਰਿਸ਼ਤੇਦਾਰਾਂ ਨੂੰ ਕਹਿਣਾ ਪਿਆ ਕਿ "ਪਲੀਜ ਆਪ ਲੋਕ ਇਥੋਂ ਚਲੇ ਜਾਉ" ਇਸ ਸਿਧਾਂਤਹੀਣ ਰਾਜਨੀਤੀ 'ਚ ਹੀ ਅਰੁਣਿਆ ਦੀ ਯੂ ਪੀ ਸਰਕਾਰ ਦੇ ਸਰਕਾਰੀ ਜਹਾਜ ਰਾਹੀਂ ਏਮਜ਼ ਤੇ ਜਣ ਦਾ ਹੁਕਮਜਾਰੀ ਹੋ ਗਿਆ। ਸਿਆਸਤ ਦੀ ਖਿਚੋਤਾਣ 'ਚ ਕਈ ਉਜਲੇ ਪੱਖ ਵੀ ਵੇਖਣ ਨੂੰ ਮਿਲੇ। ਰਾਜਸੀ ਪਾਰਟੀਆਂ ਜਿਥੇ ਵਾਲੀਵਾਲ ਖਿਡਾਰੀ ਨੂੰ ਮਦਦ ਦੇਣ ਦੇ ਨਾਲ ਸਿਹਰਾ ਲੁਟਣ 'ਚ ਜੁਟੇ ਰਹੇ। ਉਥੇ ਕੁਝ ਖੇਡ ਸੰਗਠਨਾ ਨੇ ਬਿਨਾ ਸ਼ੋਰ ਮਚਾਇਆ ਅਰੁਣਿਆ ਨੂੰ ਆਰਥਕ ਮਦਦ ਦਿੱਤੀ। ਕਿਰਕਟਰ ਹਰਭਜਨ ਸਿੰਘ ਤੇ ਯੁਵਰਾਜ ਸਿੰਘ ਨੇ ਇਕ ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ। (ਹਾਲਾਂਕਿ ਏਨੇ ਰੁਪਏ ਇਹ ਕਿਰਕਟਰ ਭਾਨ ਦੀ ਤਰ੍ਹਾਂ ਜੇਬ 'ਚ ਰਖ ਕੇ ਘੁੰਮਦੇ ਹਨ) ਯੁਵਰਾਜ ਨੇ ਪੀੜਤ ਖਿਡਾਰੀ ਦੀ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ "ਅਰੁਣਿਆ ਨਾਲ ਜੋ ਕੁਝ ਵੀ ਹੋਇਆ ਅਫਜਾਈ ਕਰਦਿਆਂ ਕਿਹਾ ਕਿ "ਅਰੁਣਿਆ ਨਾਲ ਜੋ ਕੁਝ ਵੀ ਹੋਇਆ ਉਹ ਮੰਦਭਾਗਾ ਹੈ। ਬਹਾਦਰ ਖਿਡਾਰੀ ਵਾਂਗ ਉਸ ਨੇ ਲੁਟੇਰਿਆਂ ਦਾ ਮੁਕਾਬਲਾ ਕੀਤਾ। ਉਸ ਨੂੰ ਹੋਏ ਨੁਕਸਾਨ ਦੀ ਪੂਰਤੀ ਬੇਹੱਦ ਮੁਸ਼ਕਲ ਹੈ ਪਰ ਮੈਂ ਇਹ ਛੋਟਾ ਜਿਹਾ ਯੋਗਦਾਨ (ਇਕ ਲਖ) ਦਿੰਦਾ ਹਾਂ।" ਕਾਸ਼ ਰਾਜਸੀ ਲੋਕ ਵੀ ਕਿਲੋਂ ਹਮਦਰਦੀ ਜਾਹਰ ਕਰਦੇ। ਉਸ 'ਤੇ ਰਾਜਨੀਤੀ ਕਰਨੋ ਬਾਜ ਆਉਂਦੇ। ਜਾਂਚ ਏਜੰਸੀਆਂ ਦੋਸ਼ੀਆਂ ਨੂੰ ਫੜਨ ਲਈ ਦਿਨ ਰਾਤ ਇਕ ਕਰ ਦਿੰਦੀਆਂ ਨਾ ਕਿ ਅਰੁਣਾ ਤੇ ਉਸ ਦੇ ਪਰਿਵਾਰ ਦਾ ਪਿਛੋਕੜ ਵਾਚਣ 'ਚ ਸਮਾਂ ਬਰਬਾਦ ਕਰ ਦਿੰਦੀਆਂ। ਏ. ਡੀ. ਜੀ ਜੀਆਰਪੀ ਨੇ ਇਥੋ ਤਕ ਕਿਹਾ ਕਿ ਅਰੁਣਿਆ ਨੂੰ ਟ੍ਰੇਨ 'ਚੋਂ ਬਾਹਰ ਸੁਟਣ ਦਾ ਸਬੂਤ ਨਹੀਂ ਹੈ। ਉਸ ਦੇ ਕੌਮੀ ਪੱਧਰ ਦੇ ਖਿਡਾਰੀ ਹੋਣ ਦੀ ਪੁਸ਼ਟੀ ਨਹੀਂ ਹੈ। ਲੁੱਟ ਦਾ ਨਹੀਂ ਮਾਮਲਾ ਆਤਮ ਹੱਤਿਆਂ ਦੀ ਕੋਸ਼ਿਸ਼ ਦਾ ਲਗਦਾ ਹੈ। ਦੇਸ਼ ਦੇ ਖੇਡ ਸੰਗਠਨ ਉਸ ਨੂੰ ਨਹੀਂ ਜਾਣਦੇ। ਸੀ ਆਈ ਐਸ ਐਫ ਦੀ ਪ੍ਰਖਿਲਾ 7 ਮਈ ਨੂੰ ਸੀ, ਚੇਨ ਪਰਸ 'ਚ ਮਿਲੀ ਆਦਿ" ਸਪੋਰਟਸ ਅਥਾਰਟੀ ਆਫ ਇੰਡੀਆ ਦੇ ਖਿਡਾਰੀ ਖੇਡ ਦੇ ਉਸ ਦੇ ਸਰਟੀਫਿਕੇਟ ਜਾਂਚਣ ਅੰਬੇਦਕਰ ਨਗਰ ਪਹੁੰਚੇ। ਕੁਝ ਸਰਟੀਫੀਕੇਟ ਮਿਲੇ ਤਾਂ ਉਸ ਦੀ ਜਨਮ ਮਿਤੀ ਗਲਤ ਦਸਣ ਕੁਚੱਕਰ ਅਖਬਾਰਾਂ ਰਾਹੀਂ ਰਚਿਆ ਜਾਣ ਲਗਿਆ। ਏ. ਡੀ. ਜੀ. ਨੇ ਜੋ ਗੱਲ ਕਹੀ ਉਸ ਦੀ ਪੜਤਾਲ ਜਰੂਰ ਹੋਣੀ ਚਾਹੀਦੀ ਹੈ ਪਰ ਉਸ ਦੇ ਲਈ ਇਹ ਸਮਾਂ ਸਹੀ ਨਹੀਂ ਸੀ। ਅਜੇ ਅਰੁਣਿਆ ਤੇ ਉਸ ਦੇ ਪਰਿਵਾਰ ਨੂੰ ਸੰਭਾਲ ਦੀ ਲੋੜ ਹੈ। ਅਜੇਹੇ 'ਚ ਜ਼ੁੰਮੇਵਾਰ ਅਫਸਰ ਦੀਆਂ ਗੱਲਾਂ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਨਿਰਾਸ਼ਾ ਵੱਲ ਲੈ ਜਾ ਸਕਦੀਆਂ ਹਨ। ਵੈਸੇ ਜੀ ਆਰ ਪੀ ਦੇ ਕੁਝ ਤਰਕਾਂ ਦਾ ਭੇਦ ਅਰੁਣਿਆ ਤੇ ਉਸ ਦੇ ਪਰਿਵਾਰ ਵਾਲੇ ਖੋਹਲ ਦਿੰਦੇ ਹਨ। ਪਹਿਲਾਂ ਜੀ ਨੇ ਕਿਹਾ-ਅਰੁਣਿਆ-ਬਿਨਾ ਟਿਕਟ ਸਫਰ ਕਰ ਰਹੀ ਸੀ। ਟਿਕਟ ਮਿਲਣ 'ਤੇ ਕਿਹਾ ਟਿਕਟ ਦੂਜੀ ਟ੍ਰੇਨ ਦਾ ਸੀ। ਮਾਪੇ ਸ਼ੁਰੂ ਤੋਂ ਚੀਕਦੇ ਰਹੇ ਕਿ ਸੀ ਆਈ ਐਸ ਐਫ ਪ੍ਰੀਖਿਆ ਦਾ ਅਰੁਣਿਆ ਦਾ ਰੋਲ ਨੰਬਰ ਤੇ ਆਡਮਿਟ ਕਾਰਡ ਨੋਇਡਾ ਪਤਾ ਕਰਨ ਜਾ ਰਹੀ ਸੀ। ਵੈਸੇ ਜਾਂਚ ਏਜੰਸੀਆਂ ਦਾ ਇਹ ਫਾਰਮੂਲਾ ਨਵਾਂ ਨਹੀਂ ਹੈ। ਮਾਮਲੇ ਦਾ ਸਹੀ ਏਜੰਸੀਆਂ ਦਾ ਇਹ ਫਾਰਮੂਲਾ ਨਵਾਂ ਨਹੀਂ ਹੈ। ਮਾਮਲੇ ਦਾ ਸਹੀ ਮੁਲਅੰਕਣ

ਨਾ ਹੁੰਦਾ ਦਿਸੇ ਤਾਂ ਜਾਂਚ ਦੀ ਦਿਸ਼ਾ ਹੀ ਮੋੜ ਦਿਉ ਜਿਵੇਂ ਆਰੂਸ਼ੀ-ਹੇਮਰਾਜ ਹੱਤਿਆ ਕਾਂਡ 'ਚ ਕੀਤਾ ਗਿਆ ਸੀ।

ਏ. ਡੀ. ਜੀ. ਦੀ ਗੱਲ ਸੁਣ ਕੇ ਅਰੁਣਿਆ ਨੇ ਕਿਹਾ ਸੀ" ਰੇਲਵੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰ ਰਿਹਾ ਹੈ। ਜੀ ਆਰ ਪੀ ਨੂੰ ਬਚਾਉਣ ਲਈ ਰੇਲਵੇ ਉਲਟਾ ਮੇਰੇ ਉਪਰ ਦੋਸ਼ ਲਾ ਰਿਹਾ ਹੈ" ਮੀਡੀਆ ਦੀ ਭੂਮਿਕਾ ਸ਼ੁਰੂ ਤੋਂ ਸਕਾਰਤਮਕ ਰਹੀ। ਉਸ ਨੇ ਇਸ ਨੂੰ ਮੁੱਦਾ ਬਣਾਇਆ ਪਰ ਪਿੱਛੋਂ ਉਹ ਜਾਚ ਏਜੰਸੀ ਦੀ ਭਾਸ਼ਾ ਬੋਲਣ ਲੱਗਿਆ। ਏਨਾ ਹੀ ਨਹੀਂ ਉਹ ਉਸ ਤੋਂ ਵੀ ਅੱਗੇ ਨਿਕਲ ਗਿਆ। ਉਸ ਦਾ ਫੋਕਸ ਅਰੁਣਿਆ ਤੇ ਉਸ ਦੇ ਪਰਿਵਾਰ ਦੇ ਕਿਰਦਾਰ 'ਤੇ ਫੋਕਸ ਹੋ ਗਿਆ। ਪਰ ਪਿੱਛੋਂ ਇਹ ਜਾਂਚ ਏਜੰਸੀ ਦੀ ਭਾਸ਼ਾ ਬੋਲਣ ਲੱਗਿਆ। ਏਨਾ ਹੀ ਨਹੀਂ ਉਹ ਇਸ ਤੋਂ ਵੀ ਅੱਗੇ ਨਿਕਲ ਗਿਆ ਦੱਸਿਆ ਗਿਆ-ਅਰੁਣਿਆ ਦਾ ਭਾਈ ਲੁਟ ਕੇ ਕੇਸ 'ਚ ਜੇਹਲ ਜਾ ਚੁਕਿਆ ਹੈ। ਮਾਂ ਖਿਲਾਫ ਮਾਮਲਾ ਦਰਜ ਹੋ ਚੁਕਿਆ ਹੈ। ਘਟਨਾ ਸਮੇਂ ਅਰੁਣਿਆ ਆਪਣੇ ਜੀਜੇ ਦੇ ਨਾਲ ਸੀ। ਛੇੜਖਾਨੀ ਦੇ ਵਿਰੋਧ ਕਾਰਨ ਜੀਜੇ ਨੇ ਹੀ ਧੱਕਾ ਦਤੱਤਾ। ਉਹ ਘਰੋਂ ਲੜ ਕੇ ਆਈ ਸੀ ਜਿਵੇਂ ਕਿ ਹਮੇਸ਼ਾ ਹੁੰਦਾ ਹੈ। ਆਖਰ ਮੀਡੀਆ ਹਕੂਮਤ ਤੇ ਪ੍ਰਸ਼ਾਸਨ ਦੀ ਭਾਸ਼ਾ ਬੋਲਣ ਲੱਗਿਆ ਬਲਕਿ ਇਕ ਅੱਛੇ ਚਮਚੇ ਵਾਗੂੰ ਉਸ ਤੋਂ ਵੀ ਵਧ ਚੜ ਕੇ ਬੋਲਣ ਲੱਗਿਆ। ਹਾਲਾਂਕਿ ਉਹ ਹਰ ਘਟਨਾ ਖਾਸ ਕਰਕੇ ਅਪਰਾਧਾਂ ਦੀਆਂ ਘਟਨਾਵਾਂ 'ਚ ਅਜੇਹਾ ਕਰਦਾ ਹੈ। ਉਸ ਦੀ ਇਹੀ ਭੂਮਿਕਾ ਅਰੂਸ਼ੀ ਤੇ ਕਵਿਤਰੀ ਮਧੂ ਮਿਤਾ ਹੱਤਿਆਕਾਂਡ 'ਚ ਵੇਖੀ ਜਾ ਚੁਕੀ ਹੈ ਜਿਸ 'ਚ ਪੀੜਤ ਦੇ ਕਿਰਦਾਰ ਨੂੰ ਬਦਨਾਮ ਕਰਨ ਦਾ ਠੇਕਾ ਉਸ ਨੇ ਸਾਲਾਂ ਬੱਧੀ ਉਠਾਈ ਰਖਿਆ। ਰਹੀ ਗੱਲ ਟ੍ਰੇਨਾ 'ਚ ਘਟਨਾਵਾਂ ਦੀ ਤਾਂ ਇਹ ਕੋਈ ਪਹਿਲੀ ਤੇ ਆਖਰੀ ਨਹੀਂ ਹੈ। ਕੁਝ ਦਿਨ ਪਹਿਲਾਂ ਹੀ ਝਾਰਖੰਡ ਨੈਸ਼ਨਲ ਖੇਡਾਂ 'ਚ ਹਿੱਸਾ ਲੈਣ ਗਈ ਉਤਰ ਪ੍ਰਦੇਸ਼ ਦੀ ਵੁਸ਼ੂ ਟੀਮ ਦੀਆਂ ਖਿਡਾਰਣਾਂ ਨਾਲ ਕਾਨਪੁਰ ਸਟੇਸ਼ਨ 'ਤੇ ਸੀ ਆਰ ਪੀ ਐਫ ਦੇ ਜਵਾਨਾਂ ਨੇ ਭੱਦੀ ਛੇੜਛਾੜ ਕੀਤੀ ਸੀ। ਛੇੜਖਾਨੀ, ਜੇਬਕਤਰੀ ਚੋਰੀ ਤੇ ਲੁੱਟ ਦੀਆਂ ਘਟਨਾਵਾਂ ਤਾਂ ਆਮ ਹਨ। ਕਦੇ ਨਾ ਕਦੇ ਡਕੈਤੀ ਵੀ ਪੈ ਜਾਂਦੀ ਹੈ। ਪਰ ਜੀ ਆਰ ਪੀ ਇਸ ਨੂੰ ਰੋਕਣ ਦੀ ਬਜਾਏ ਹੋਣ ਵਾਲੇ ਹਾਦਸਿਆਂ 'ਤੇ ਪਰਦਾ ਪਾਉਣ 'ਚ ਵੱਧ ਸਮਾਂ ਬਰਬਾਦ ਕਰਦੀ ਹੈ।

✪✪✪